

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਓਂਕਾਰ ਸਿੰਘ ਬੌਬੀ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

Address: 1st Park Ave., 2FL, Manhasset, NY 11030










ਸੁਪਰ ਸਟਾਰ ਧਰਮ ਭਾ ਜੀ ਅਤੇ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ ਅਮਨਟੈਲ

AMANTEL.COM

$100 'ਚ 126 ਘੰਟੇ (7560 ਮਿੰਟ)

Talk One Minute, Pay For One Minute

Customer Service 24/7 ਟੌਲ ਫਰੀ ਨੰਬਰ 'ਤੇ ਕਾਲ ਕਰੋ

1-888-652-6268, 732-983-4332/4333



Twelfth Year in Publication

ਨਿਊ ਯਾਰਕ ਐਡੀਸ਼ਨ

Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 2, January 8, 2011 | 20451 N Plum Grove Rd. Palatine, IL 60074 | Ph:847-359-0746, Fax:847-705-9388


# ਡੇਰਾ ਸਿਰਸਾ ਅਤੇ ਸਿੱਖਾਂ 'ਚ ਮੁੜ ਟਕਰਾਅ

## ਪੁਲਿਸ ਵੱਲੋਂ ਸਿੱਖ ਸੰਗਤ 'ਤੇ ਲਾਠੀਚਾਰਜ, 750 ਵਿਅਕਤੀਆਂ ਖ਼ਿਲਾਫ਼ ਕੇਸ ਦਰਜ

**ਬਠਿੰਡਾ (ਪੰਜਾਬ ਟਾਈਮਜ਼ ਬਿਊਰੋ):** ਡੇਰਾ ਸਿਰਸਾ ਅਤੇ ਸਿੱਖ ਸੰਗਤ ਵਿਚਾਲੇ ਇਕ ਵਾਰ ਫਿਰ ਟਕਰਾਅ ਹੋ ਗਿਆ ਜਿਸ ਦੌਰਾਨ ਪੁਲਿਸ ਨੇ ਡੇਰਾ ਸਿਰਸਾ ਦੇ ਹੱਕ ਵਿਚ ਭੁਗਤਦਿਆਂ ਜਿੱਥੇ ਭੀਖੀ ਕਸਬੇ ਵਿਚ ਸਿੱਖਾਂ ਦੇ ਧਾਰਮਿਕ ਸਮਾਗਮ ਨੂੰ ਵਿਚਾਲੇ ਹੀ ਰੋਕ ਦਿੱਤਾ, ਉਥੇ ਰੋਸ ਪ੍ਰਦਰਸ਼ਨ ਕਰ ਰਹੀਆਂ ਸੰਗਤਾਂ 'ਤੇ ਲਾਠੀਚਾਰਜ ਕਰਕੇ ਕਈਆਂ ਨੂੰ ਜ਼ਖ਼ਮੀ ਕਰ ਦਿੱਤਾ। ਪੁਲਿਸ ਨੇ ਰੋਸ ਪ੍ਰਗਟ ਕਰ ਰਹੀ ਸਿੱਖ ਸੰਗਤ ਵਿਚੋਂ ਤਕਰੀਬਨ 750 ਜਣਿਆਂ ਵਿਰੁਧ ਪਰਚਾ ਦਰਜ ਕਰਕੇ ਸੰਤ ਬਲਜੀਤ ਸਿੰਘ ਦਾਦੂਵਾਲ ਸਣੇ 57 ਨੂੰ ਗ੍ਰਿਫ਼ਤਾਰ ਕਰ ਲਿਆ। ਬਾਅਦ ਵਿਚ ਹਾਲਾਤ ਵਿਗੜਨ ਦੇ ਡਰੋਂ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਤ ਦਾਦੂਵਾਲ ਨੇ ਦੋਸ਼ ਲਾਇਆ ਕਿ ਸਰਕਾਰ ਵੋਟਾਂ ਖਾਤਰ ਡੇਰੇ ਦੇ ਹੱਕ ਵਿਚ ਭੁਗਤ ਰਹੀ ਹੈ।



*ਪੁਲਿਸ ਮੁਲਾਜ਼ਮ ਇਕ ਸਿੱਖ ਸ਼ਰਧਾਲੂ ਨੂੰ ਮਾਰਦੇ ਹੋਏ*

ਯਾਦ ਰਹੇ ਕਿ ਸੰਤ ਦਾਦੂਵਾਲ ਨੂੰ ਅਦਾਲਤ ਨੇ 14 ਦਿਨ ਲਈ ਫਿਰੋਜ਼ਪੁਰ ਜੇਲ੍ਹ ਭੇਜ ਦਿੱਤਾ ਸੀ ਪਰ ਸਰਕਾਰ ਦੇ ਸਿੱਧੇ ਦਖ਼ਲ ਤੋਂ ਬਆਦ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਖੁਫ਼ੀਆ ਏਜੰਸੀਆਂ ਨੇ ਸਰਕਾਰ ਨੂੰ ਚੌਕਸ ਕੀਤਾ ਸੀ ਕਿ ਸਿੱਖ ਸੰਗਤ ਵਿਚ ਵੱਡੇ ਪੱਧਰ 'ਤੇ ਰੋਸ ਹੈ ਜਿਸ ਕਾਰਨ ਹਾਲਾਤ ਵਿਗੜ ਸਕਦੇ ਹਨ। ਸਿੱਟੇ ਵਜੋਂ ਉਨ੍ਹਾਂ ਨੂੰ 4 ਦਸੰਬਰ ਨੂੰ ਹੀ ਰਿਹਾਅ ਕਰ ਦਿੱਤਾ ਗਿਆ।


ਉਧਰ ਸ਼੍ਰੋਮਣੀ ਅਕਾਲੀ ਦਲ (ਅ), ਅਕਾਲੀ ਦਲ (ਪੰਚ ਪ੍ਰਧਾਨੀ), ਦਲ ਖਾਲਸਾ ਤੇ ਖਾਲਸਾ ਪੰਚਾਇਤ ਦੇ ਆਗੂਆਂ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਇਸ ਘਟਨਾ ਲਈ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਮਿਲੀ ਰਿਪੋਰਟ ਮੁਤਾਬਕ ਜ਼ਿਲ੍ਹਾ ਮਾਨਸਾ ਦੇ ਕਸਬਾ ਭੀਖੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਦਿਹਾੜੇ ਮੌਕੇ 31 ਦਸੰਬਰ ਤੋਂ 3 ਜਨਵਰੀ ਤੱਕ ਸੰਤ ਬਲਜੀਤ ਸਿੰਘ ਦਾਦੂਵਾਲ ਦਾ ਧਾਰਮਿਕ ਸਮਾਗਮ ਸੀ। ਪਹਿਲੇ ਦਿਨ ਤਾਂ ਇਹ ਸਮਾਗਮ ਸਹੀ ਚੱਲਦਾ ਰਿਹਾ ਪਰ ਦੂਜੇ ਦਿਨ ਪਹਿਲੀ ਜਨਵਰੀ ਨੂੰ ਜਦੋਂ ਸੰਤ ਦਾਦੂਵਾਲ ਨੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਬਾਰੇ ਕੁਝ ਬੋਲਣ ਦੀ ਕੋਸ਼ਿਸ਼ ਕੀਤੀ ਤਾਂ ਪੁਲਿਸ ਦੀ ਨਿਗਰਾਨੀ ਹੇਠਲੇ ਕਿਸੇ ਅਹਿਮ ਵਿਅਕਤੀ ਨੇ ਬਿਜਲੀ ਪ੍ਰਬੰਧ ਦੀਆਂ ਤਾਰਾਂ ਕੱਟ ਦਿੱਤੀਆਂ ਤੇ ਇਹ ਸਮਾਗਮ ਪੂਰੇ ਸਮੇਂ ਤੋਂ ਪਹਿਲਾਂ ਹੀ ਅਰਦਾਸ ਕਰਕੇ ਸਮਾਪਤ ਕਰ ਦਿੱਤਾ ਗਿਆ। ਇਸ ਤੋਂ ਅਗਲੇ ਦਿਨ ਦੋ ਜਨਵਰੀ ਨੂੰ ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੁਲਿਸ ਨੇ ਸੰਤ ਦਾਦੂਵਾਲ ਨੂੰ ਹਿਰਾਸਤ ਵਿਚ ਲੈ ਲਿਆ ਜਿਸ ਵਿਰੁਧ ਸਿੱਖ ਸੰਗਤਾਂ ਨੇ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ। ਪੁਲਿਸ ਨੇ ਸ਼ਾਂਤਮਈ ਤਰੀਕੇ ਨਾਲ ਰੋਸ ਪ੍ਰਦਰਸ਼ਨ ਕਰ ਰਹੀ ਸਿੱਖ ਸੰਗਤ 'ਤੇ ਅੱਥਰੂ ਗੈਸ ਅਤੇ ਪਾਣੀ ਦੀਆਂ ਬੁਛਾੜਾਂ ਸੁੱਟਣ ਪਿਛੋਂ ਲਾਠੀਚਾਰਜ ਕੀਤਾ ਜਿਸ ਦੇ ਵਿਰੋਧ ਵਿਚ ਸੰਗਤ ਨੇ ਵੀ ਪੁਲਿਸ 'ਤੇ ਪਥਰਾਉ ਕੀਤਾ ਤੇ ਦੋਵਾਂ ਧਿਰਾਂ ਦੇ ਭੇੜ ਵਿਚ ਪੁਲਿਸ ਤੇ ਸੰਗਤ ਦੇ ਬਹੁਤ ਸਾਰੇ ਲੋਕ ਜ਼ਖ਼ਮੀ ਹੋ ਗਏ। ਇਸ ਟੱਕਰ

(ਬਾਕੀ ਸਫਾ 6 'ਤੇ)

# ਕਾਂਗਰਸ ਸਰਕਾਰ ਨੂੰ ਬੋਫੋਰਜ਼ ਦੇ ਭੂਤ ਨੇ ਮੁੜ ਘੇਰਿਆ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਪਹਿਲਾਂ ਕਈ ਵਿਵਾਦਾਂ 'ਚ ਘਿਰੀ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਦੀਆਂ ਮੁਸ਼ਕਲਾਂ 'ਚ ਉਸ ਵੇਲੇ ਹੋਰ ਵਾਧਾ ਹੋ ਗਿਆ ਜਦੋਂ ਆਮਦਨ ਕਰ ਟ੍ਰਿਬਿਊਨਲ ਨੇ ਬੋਫੋਰਜ਼ ਦੇ ਦੱਬੇ ਜਿਨ ਨੂੰ ਮੁੜ ਜਿਊਂਦਾ ਕਰ ਧਰਿਆ।



*ਕੁਆਤਰੋਚੀ*

ਆਮਦਨ ਕਰ ਟ੍ਰਿਬਿਊਨਲ ਨੇ ਦਾਅਵਾ ਕੀਤਾ ਹੈ ਕਿ ਹੌਵਿਟਜ਼ਰ ਤੋਪਾਂ ਦੇ ਸੌਦੇ ਵਿਚ ਮਰਹੂਮ ਵਿਨ ਚੱਢਾ ਤੇ ਇਟਲੀ ਦੇ ਵਪਾਰੀ ਓਟਾਵੀਓ ਕੁਆਤਰੋਚੀ ਨੂੰ 41 ਕਰੋੜ ਰੁਪਏ ਕਮਿਸ਼ਨ ਰੂਪੀ 'ਰਿਸ਼ਵਤ' ਵਜੋਂ ਦਿੱਤੇ ਗਏ ਸਨ ਤੇ ਉਨ੍ਹਾਂ ਨੂੰ ਅਜਿਹੀ ਆਮਦਨ 'ਤੇ ਭਾਰਤ ਵਿਚ ਟੈਕਸ ਅਦਾ ਕਰਨਾ ਬਣਦਾ ਸੀ। ਟ੍ਰਿਬਿਊਨਲ ਨੇ ਸਖ਼ਤੀ ਨਾਲ ਕੇਂਦਰ ਸਰਕਾਰ ਨੂੰ ਟੈਕਸ ਦੀ ਇਹ ਰਕਮ ਉਗਰਾਹੁਣ ਲਈ ਕਾਰਵਾਈ ਸ਼ੁਰੂ ਕਰਨ ਲਈ ਕਿਹਾ ਹੈ।

ਟ੍ਰਿਬਿਊਨਲ ਨੇ ਇਹ ਹੁਕਮ ਵਿਨ ਚੱਢਾ ਦੇ ਪੁੱਤਰ ਦੀ ਅਪੀਲ ਖਾਰਜ ਕਰਦਿਆਂ ਦਿੱਤਾ ਹੈ। ਚੱਢਾ ਦੇ ਪੁੱਤਰ ਨੇ ਸਾਲ 1987-88 ਤੇ 1988-89 ਲਈ ਆਪਣੇ ਪਿਤਾ 'ਤੇ ਕੀਤੇ 52 ਕਰੋੜ ਤੇ 85 ਲੱਖ ਰੁਪਏ ਦੇ ਆਮਦਨ ਕਰ ਦੇ ਦਾਅਵੇ ਖ਼ਿਲਾਫ਼ ਇਹ ਅਪੀਲ ਕੀਤੀ ਸੀ। ਆਪਣੇ ਹੁਕਮਾਂ 'ਚ ਟ੍ਰਿਬਿਊਨਲ ਨੇ ਤੋਪਾਂ ਬਣਾਉਣ ਵਾਲੀ ਸਵੀਡਨ ਦੀ ਕੰਪਨੀ ਏ.ਬੀ. ਬੋਫੋਰਜ਼ ਦੇ ਉਸ ਦਾਅਵੇ ਦਾ ਵੀ ਤਫਸੀਲ ਨਾਲ ਜ਼ਿਕਰ ਕੀਤਾ ਹੈ

(ਬਾਕੀ ਸਫਾ 4 'ਤੇ)

# ਲਹਿੰਦੇ ਪੰਜਾਬ ਦੇ ਰਾਜਪਾਲ ਦੀ ਗੋਲੀਆਂ ਮਾਰ ਕੇ ਹੱਤਿਆ

**ਇਸਲਾਮਾਬਾਦ:** ਪਾਕਿਸਤਾਨ ਦੇ ਪੰਜਾਬ ਸੂਬੇ ਦੇ ਗਵਰਨਰ ਸਲਮਾਨ ਤਾਸੀਰ ਦੀ 4 ਦਸੰਬਰ ਨੂੰ ਉਸ ਦੇ ਇਕ ਸੁਰੱਖਿਆ ਗਾਰਡ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਹੁਕਮਰਾਨ ਪਾਕਿਸਤਾਨ ਪੀਪਲਜ਼ ਪਾਰਟੀ ਦਾ ਇਹ

66 ਸਾਲਾ ਗਵਰਨਰ ਇਸਲਾਮਾਬਾਦ ਦੇ



*ਸਲਮਾਨ ਤਾਸੀਰ*

ਪੌਸ਼ ਇਲਾਕੇ ਸੈਕਟਰ ਐਫ 6/3 'ਚ ਕੋਹਸਾਰ ਮਾਰਕੀਟ ਵਿਚ ਆਪਣੀ ਕਾਰ 'ਚ ਬੈਠਣ ਹੀ ਲੱਗਿਆ ਸੀ ਕਿ ਉਸ ਦੇ ਇਕ ਸੁਰੱਖਿਆ ਗਾਰਡ ਨੇ ਗੋਲੀਆਂ ਚਲਾ ਦਿੱਤੀਆਂ। ਇਲੀਟ ਫੋਰਸ ਆਫ ਪੰਜਾਬ ਪੁਲਿਸ ਦੇ ਇਸ ਜਵਾਨ ਨੇ ਮਗਰੋਂ ਹਥਿਆਰ ਸੁੱਟ ਕੇ ਦੋਵੇਂ ਹੱਥ ਖੜ੍ਹੇ ਕਰ ਲਏ। ਗਵਰਨਰ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਹ ਦਮ ਤੋੜ ਗਿਆ। ਤਾਸੀਰ ਨੇ ਕਿਸੇ ਸਮੇਂ

(ਬਾਕੀ ਸਫਾ 6 'ਤੇ)

ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ


Dhillon Truck Stop
Dhillon Road Service

Interstate 40, exit 356, San Jon, NM

Gill Manj Gurdaspur Wale

ਡੀਜ਼ਲ ਅਤੇ ਰੋਡ ਸਰਵਿਸ

ਪੰਜਾਬੀ ਢਾਬਾ



New & Used Tires Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776



Sonu Insurance Company



ਇੰਸ਼ੋਰੈਂਸ ਅਤੇ ਟੈਕਸ ਸੇਵਾਵਾਂ



Auto, Home, Business, Construction liability and Worker's comp.

Ask for Master Mohinder Singh

Ph: 718-847-1878, 718-847-1885
Fax:718-847-1879, Cell: 646-523-5092
e-mail:sonuinsurance@yahoo.com
116-19 101st Avenue (Above Sabzi Mandi)
S. Richmond Hill, NY 11419

# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਚ ਨਵੇਂ ਸਾਲ 'ਜੀ ਆਇਆਂ ਨੂੰ'

**ਨਿਊ ਯਾਰਕ:** ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਨਵੇਂ ਸਾਲ ਦੀ ਆਮਦ 'ਤੇ ਸਿੱਖ ਧਰਮ ਦੀਆਂ ਵਿਲੱਖਣ ਕਦਰਾਂ-ਕੀਮਤਾਂ ਤੋਂ ਪ੍ਰਭਾਵਤ ਹੋ ਕੇ ਦੂਸਰੇ ਧਰਮਾਂ ਦੀਆਂ ਮੁਟਿਆਰਾਂ ਗੁਰੂ ਮਹਾਰਾਜ ਅੱਗੇ ਨਤ-ਮਸਤਕ ਹੋ ਕੇ ਗੁਰੂ ਦੀਆਂ ਅਸੀਸਾਂ ਲੈਣ ਆਈਆਂ। ਗੁਰਦੁਆਰਾ ਸਾਹਿਬ ਪਹੁੰਚਣ 'ਤੇ ਪ੍ਰਧਾਨ ਸ. ਜਰਨੈਲ ਸਿੰਘ ਗਿਲਜੀਆਂ ਅਤੇ ਜਨਰਲ ਸਕੱਤਰ ਕੁਲਬੀਰ ਸਿੰਘ ਆਲਮਪੁਰ ਨੇ ਉਨ੍ਹਾਂ ਨੂੰ ਗੁਰੂ ਸਾਹਿਬ ਦੀ ਬਖ਼ਸ਼ਿਸ਼ ਸਿਰੋਪਾਓ ਨਾਲ ਸਨਮਾਨਤ ਕੀਤਾ ਗਿਆ।

ਭਾਈ ਦੇਵਿੰਦਰ ਸਿੰਘ ਸੋਢੀ ਅਤੇ ਉਨ੍ਹਾਂ ਦੇ ਸਾਥੀਆਂ ਦੇ ਰਾਗੀ ਜਥੇ ਨੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਮਨੋਹਰ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਭਾਈ ਦੇਵਿੰਦਰ ਸਿੰਘ ਸੋਢੀ ਤੇ ਸਾਥੀਆਂ ਨੂੰ ਸਿਰੋਪਾਓ ਨਾਲ ਸਨਮਾਨਤ ਕੀਤਾ ਗਿਆ।

ਸਰਦਾਰਨੀ ਸਵਰਨ ਕੌਰ ਤੇ ਸ. ਸੁੱਚਾ ਸਿੰਘ ਮੁਲਤਾਨੀ ਨੇ ਆਪਣੇ ਪੁੱਤਰਾਂ ਦਾ ਜਨਮ ਦਿਨ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਮਨਾਇਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕਥਾ-ਕੀਰਤਨ ਅਤੇ ਲੈਕਚਰਾਂ ਰਾਹੀਂ ਕਾਕਾ ਰਾਜਵੀਰ ਸਿੰਘ ਤੇ ਕਾਕਾ ਅਸਵੀਰ ਸਿੰਘ ਪੁੱਤਰ ਸ. ਸੁਖਵਿੰਦਰ ਸਿੰਘ ਤੇ ਬੀਬੀ ਪਰਵਿੰਦਰ ਕੌਰ ਤੇ ਸਮੂਹ ਪਰਿਵਾਰ ਨੂੰ ਆਸ਼ੀਰਵਾਦ ਦਿੱਤਾ ਗਿਆ। ਇਸ ਮੌਕੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਜਰਨੈਲ ਸਿੰਘ ਗਿਲਜੀਆਂ ਨੇ ਬੱਚਿਆਂ ਨੂੰ ਸ਼ੁਭ ਕਾਮਨਾਵਾਂ ਦੇਣ ਦੇ ਨਾਲ-ਨਾਲ ਇਹ ਵੀ ਕਿਹਾ ਕਿ ਸ. ਸੁੱਚਾ ਸਿੰਘ ਮੁਲਤਾਨੀ ਵਾਂਗ, ਸਾਨੂੰ ਸਾਰਿਆਂ ਨੂੰ ਹੀ ਆਪਣੇ ਬੱਚਿਆਂ ਦੇ ਜਨਮ ਦਿਨ ਹੋਟਲਾਂ ਦੀ ਬਜਾਏ ਗੁਰਦੁਆਰਾ ਸਾਹਿਬ ਵਿਖੇ ਮਨਾਉਣੇ ਚਾਹੀਦੇ ਹਨ।





# ਪੰਜਾਬ ਦੇ ਨਿਘਾਰ ਲਈ ਸਭ ਤੋਂ ਵੱਧ ਬਾਦਲ ਜ਼ਿੰਮੇਵਾਰ:ਸੁਖਪਾਲ ਸਿੰਘ ਖਹਿਰਾ

**ਫਰੀਮਾਂਟ:** ਪੰਜਾਬ ਦੇ ਮੌਜੂਦਾ ਸਮਾਜਕ ਅਤੇ ਆਰਥਕ ਨਿਘਾਰ ਲਈ ਘੱਟ ਜਾਂ ਵੱਧ ਸਭ ਸਿਆਸੀ ਪਾਰਟੀਆਂ ਤੇ ਧਿਰਾਂ ਜ਼ਿੰਮੇਵਾਰ ਹਨ ਪਰ ਇਸ ਮਾਮਲੇ ਵਿਚ ਸਭ ਤੋਂ ਵੱਧ ਜ਼ਿੰਮੇਵਾਰ ਅਕਾਲੀ ਦਲ (ਬਾਦਲ) ਅਤੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਹਨ। ਇਸ ਤੋਂ ਪਹਿਲਾਂ ਸ. ਪ੍ਰਤਾਪ ਸਿੰਘ ਕੈਰੋਂ ਤੋਂ ਬਿਨਾਂ ਕੋਈ ਵੀ ਵਿਅਕਤੀ ਦੂਜੀ ਵਾਰ ਮੁੱਖ ਮੰਤਰੀ ਨਹੀਂ ਬਣਿਆ ਅਤੇ ਸ. ਕੈਰੋਂ ਵਲੋਂ ਪੰਜਾਬ ਦੀ ਤਰੱਕੀ ਲਈ ਕੀਤੇ ਗਏ ਕੰਮਾਂ ਨੂੰ ਅੱਜ ਤੱਕ ਵੀ ਲੋਕ ਯਾਦ ਕਰਦੇ ਹਨ, ਜਦੋਂਕਿ ਸ. ਬਾਦਲ ਚੌਥੀ ਵਾਰ ਮੁੱਖ ਮੰਤਰੀ ਬਣ ਚੁਕੇ ਹਨ ਅਤੇ ਲੋਕ ਉਨ੍ਹਾਂ ਨੂੰ ਪੰਜਾਬ ਦੇ ਸਭ ਤੋਂ ਵੱਧ ਨਿਘਾਰ ਲਈ ਚੇਤੇ ਰੱਖਣਗੇ। ਇਹ ਸ਼ਬਦ ਇਥੇ ਰਾਜਾ ਸਵੀਟਸ, ਹੇਵਰਡ ਵਿਚ ਪਹਿਲੀ ਜਨਵਰੀ ਨੂੰ ਕੈਲੀਫੋਰਨੀਆ ਦੀਆਂ ਵੱਖ ਵੱਖ ਸਮਾਜਕ, ਧਾਰਮਕ ਅਤੇ ਸਭਿਆਚਾਰਕ ਸੰਸਥਾਵਾਂ ਦੇ ਨੁਮਾਇੰਦਿਆਂ ਦੇ ਇਕ ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਹਲਕਾ ਭੁਲੱਥ ਤੋਂ ਵਿਧਾਇਕ ਸ. ਸੁਖਪਾਲ ਸਿੰਘ ਖਹਿਰਾ ਨੇ ਆਖੇ।

ਆਪਣੀ ਗੱਲ ਨੂੰ ਵਿਸਥਾਰ ਦਿੰਦਿਆਂ ਸ. ਖਹਿਰਾ ਨੇ ਆਖਿਆ ਕਿ ਇਸ ਸਮੇਂ ਪੰਜਾਬ ਵਿਚ ਅਮਨ ਕਾਨੂੰਨ ਦੀ ਹਾਲਤ ਬੇਹੱਦ ਨਿੱਘਰ ਚੁਕੀ ਹੈ, ਜਦੋਂਕਿ ਗ੍ਰਹਿ ਵਿਭਾਗ ਖੁਦ ਮੁੱਖ ਮੰਤਰੀ ਦੇ ਪੁੱਤਰ ਅਤੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦੇ ਕੋਲ ਹੈ। ਸਰਕਾਰੀ ਸਰਪ੍ਰਸਤੀ ਕਰਕੇ ਲੈਂਡ ਮਾਫੀਆ ਪੂਰੀ ਤਰ੍ਹਾਂ ਸਰਗਰਮ ਹੈ, ਜਿਸ ਦਾ ਖਮਿਆਜ਼ਾ ਪਰਵਾਸੀ ਪੰਜਾਬੀਆਂ ਨੂੰ ਵੀ ਬਹੁਤ ਜ਼ਿਆਦਾ ਭੁਗਤਣਾ ਪੈ ਰਿਹਾ ਹੈ। ਇਹ ਮੰਨਦਿਆਂ ਕਿ ਸੜਕਾਂ ਵਿਚ ਕੁਝ ਸੁਧਾਰ ਹੋਇਆ ਹੈ, ਸ. ਖਹਿਰਾ ਨੇ ਆਖਿਆ ਕਿ ਟਰੈਫਿਕ ਦੀ ਹਾਲਤ ਇੰਨੀ ਭੈੜੀ ਹੈ ਕਿ ਕੋਈ ਵੀ ਬੰਦਾ ਸੜਕਾਂ ਉਤੇ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦਾ। ਬਿਜਲੀ ਦਾ ਭੈੜਾ ਹਾਲ ਹੈ ਅਤੇ ਰਾਜ ਦਾ ਵਿਕਾਸ ਇਕ ਤਰ੍ਹਾਂ ਰੁਕਿਆ ਹੋਇਆ ਹੈ। ਪੰਜਾਬ ਦੇ ਲੋਕਾਂ ਦੇ ਸਿਰ ਕੋਈ 70 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ, ਜਿਸ ਨੂੰ ਲਾਹੁੰਦਿਆਂ ਸ਼ਾਇਦ ਸਾਡੀਆਂ ਕਈ ਪੀੜੀਆਂ ਲੰਘ ਜਾਣਗੀਆਂ। 35 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਥੱਲੇ ਆਇਆ ਕਿਸਾਨ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੈ ਜਦੋਂਕਿ ਮੁੱਖ ਮੰਤਰੀ ਅਤੇ ਉਨ੍ਹਾਂ ਦਾ ਫਰਜੰਦ ਸੰਗਤ ਦਰਸ਼ਨਾਂ ਦੇ ਢਕਵੰਜ ਰਚ ਕੇ ਲੋਕਾਂ ਨੂੰ ਪਲੋਸਣ ਦੀ ਕੋਸ਼ਿਸ਼ ਕਰ ਰਹੇ ਹਨ।

ਇਹ ਮੰਨਦਿਆਂ ਕਿ ਰਿਸ਼ਵਤਖੋਰੀ ਅਤੇ ਨਸ਼ਿਆਂ ਦਾ ਕਾਰੋਬਾਰ ਜਿਸ ਪੱਧਰ ਉਤੇ ਇਸ ਵੇਲੇ ਪਹੁੰਚ ਚੁਕਾ ਹੈ ਉਸ ਨੂੰ ਪੂਰੀ ਤਰ੍ਹਾਂ ਕੰਟਰੋਲ ਕਰਨਾ ਅਸੰਭਵ ਵਰਗੀ ਗੱਲ ਹੈ, ਸ. ਖਹਿਰਾ ਨੇ ਕਿਹਾ ਕਿ ਜੇ ਕੋਈ ਮੁੱਖ ਮੰਤਰੀ ਦ੍ਰਿੜ ਇਰਾਦਾ ਦਿਖਾਵੇ ਤਾਂ ਇਸ ਉਪਰ 70-80% ਤੱਕ ਕਾਬੂ ਪਾਇਆ ਜਾ ਸਕਦਾ ਹੈ। ਉਨ੍ਹਾਂ ਨਾਲ ਹੀ ਆਸ ਪ੍ਰਗਟਾਈ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਅਗਲੀਆਂ ਚੋਣਾਂ ਵਿਚ ਬਣਨ ਵਾਲੀ ਸਰਕਾਰ ਇਸ ਵਬਾਅ ਉਤੇ ਕਾਫੀ ਹੱਦ ਤੱਕ ਕਾਬੂ ਪਾਉਣ ਵਿਚ ਕਾਮਯਾਬ ਹੋਵੇਗੀ। ਉਨ੍ਹਾਂ ਭਰੋਸਾ ਦਿਵਾਇਆ ਕਿ ਕੈਪਟਨ ਅਮਰਿੰਦਰ ਸਿੰਘ ਇਸ ਮਾਮਲੇ ਪ੍ਰਤੀ ਬਹੁਤ ਦ੍ਰਿੜ ਹਨ।



ਪਰਵਾਸੀ ਪੰਜਾਬੀਆਂ ਦੀਆਂ ਵੀਜ਼ੇ, ਪਾਸਪੋਰਟ, ਜ਼ਮੀਨ-ਜਾਇਦਾਦਾਂ ਉਤੇ ਨਾਜਾਇਜ਼ ਕਬਜ਼ਿਆਂ ਅਤੇ ਪਰਵਾਸੀਆਂ ਵਿਰੁਧ ਝੂਠੇ ਮੁਕੱਦਮਿਆਂ ਦੀ ਗੱਲ ਕਰਦਿਆਂ ਸ. ਖਹਿਰਾ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਸਬੰਧੀ ਸਾਰੀਆਂ ਸ਼ਿਕਾਇਤਾਂ ਲਿਖਤੀ ਰੂਪ ਵਿਚ ਦਿੱਤੀਆਂ ਜਾਣ ਤਾਂ ਜੋ ਉਹ ਵਾਪਸ ਜਾ ਕੇ ਵਿਦੇਸ਼ ਰਾਜ ਮੰਤਰੀ ਮਹਾਰਾਣੀ ਪ੍ਰਨੀਤ ਕੌਰ ਅਤੇ ਪੰਜਾਬ ਸਰਕਾਰ ਪਾਸ ਇਹ ਮਾਮਲੇ ਉਠਾ ਸਕਣ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਵਿਚ ਪਰਵਾਸੀਆਂ ਦੇ ਵੱਡੇ ਨਿਵੇਸ਼ ਲਈ ਉਥੇ ਮਾਹੌਲ ਨੂੰ ਸਾਜਗਾਰ ਬਣਾਉਣਾ ਲਾਜ਼ਮੀ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਇਸ ਪ੍ਰਤੀ ਕਾਫੀ ਗੰਭੀਰ ਹਨ। ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀ ਵਧਾਈ ਦਿੰਦਿਆਂ ਸ. ਖਹਿਰਾ ਨੇ ਯੂਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਅਤੇ ਬਿਜਨਸਮੈਨ ਸ. ਮੰਗਲ ਸਿੰਘ ਭੰਡਾਲ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਦੇ ਉਪਰਾਲੇ ਸਦਕਾ ਉਹ ਇਥੇ ਪੰਜਾਬੀਆਂ ਦੇ ਸਨਮੁਖ ਹੋ ਸਕੇ।

ਇਸ ਤੋਂ ਪਹਿਲਾਂ ਸ. ਖਹਿਰਾ ਅਤੇ ਉਨ੍ਹਾਂ ਦੇ ਸਵਾਗਤ ਲਈ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਮੰਚ ਸੰਚਾਲਕ ਅਤੇ ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਸਕੱਤਰ ਸ. ਗੁਰਦਾਵਰ ਸਿੰਘ ਮਹੇੜੂ ਨੇ ਪਰਵਾਸੀ ਪੰਜਾਬੀਆਂ ਦੀਆਂ ਪਾਸਪੋਰਟਾਂ ਤੇ ਵੀਜ਼ੇ ਸਬੰਧੀ, ਜ਼ਮੀਨ ਜਾਇਦਾਦ ਉਤੇ ਨਾਜਾਇਜ਼ ਕਬਜ਼ਿਆਂ ਅਤੇ ਗਲਤ ਮੁਕੱਦਮਿਆਂ ਆਦਿ ਵੱਖ ਵੱਖ ਮਸਲਿਆਂ ਦਾ ਜ਼ਿਕਰ ਕੀਤਾ।






# ਦੁਬਈ ਦੀ ਅਦਾਲਤ ਵੱਲੋਂ 17 ਪੰਜਾਬੀਆਂ ਦੀ ਫਾਂਸੀ ਦੀ ਸਜ਼ਾ ਰੱਦ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਨਵਾਂ ਵਰ੍ਹਾ 2011 ਕਈ ਪੰਜਾਬੀਆਂ ਦੇ ਘਰਾਂ 'ਚ ਉਸ ਵੇਲੇ ਖੁਸ਼ੀ ਲੈ ਕੇ ਆਇਆ ਜਦੋਂ ਦੁਬਈ ਦੀ ਇਕ ਅਦਾਲਤ ਨੇ 17 ਭਾਰਤੀਆਂ ਦੀ ਮੌਤ ਦੀ ਸਜ਼ਾ ਰੱਦ ਕਰ ਦਿੱਤੀ। ਅਦਾਲਤ ਨੇ ਕਿਹਾ ਹੈ ਕਿ ਸਬੂਤਾਂ ਦੀ ਅਣਹੋਂਦ ਕਾਰਨ ਉਨ੍ਹਾਂ ਦੀ ਮੌਤ ਦੀ ਸਜ਼ਾ ਨੂੰ ਬਰਕਰਾਰ ਰੱਖਣਾ ਸੰਭਵ ਨਹੀਂ ਹੈ। ਜੱਜ ਅਬਦੁਲ੍ਹਾ ਯੂਸਫ ਅਲ ਸ਼ਾਮਸੀ ਨੇ ਫੈਸਲੇ ਵਿਚ ਕਿਹਾ ਹੈ ਕਿ ਦਿੱਤੇ ਗਏ ਸਬੂਤ ਦੇ ਆਧਾਰ 'ਤੇ ਕਿਸੇ ਵੀ ਸ਼ੱਕੀ ਦੀ ਮੌਤ ਦੀ ਸਜ਼ਾ ਬਹਾਲ ਰੱਖਣਾ ਅਦਾਲਤ ਲਈ ਬਹੁਤ ਮੁਸ਼ਕਲ ਹੈ।

ਜੱਜ ਨੇ ਇਹ ਫੈਸਲਾ ਦੋ ਪੁਲਿਸ ਅਧਿਕਾਰੀਆਂ ਵੱਲੋਂ ਦਿੱਤੇ ਸਬੂਤ ਦੀ ਸੁਣਵਾਈ ਤੋਂ ਬਾਅਦ ਸੁਣਾਇਆ। ਜੱਜ ਨੇ ਪੁਲਿਸ ਅਧਿਕਾਰੀਆਂ ਨੂੰ ਕਿਹਾ ਕਿ ਵਕੀਲ ਨੇ ਹਰੇਕ ਸਵਾਲ ਦਾ ਜਵਾਬ 'ਅਸੀਂ ਨਹੀਂ ਜਾਣਦੇ ਜਾਂ ਸਾਡੇ ਕੋਲ ਨਹੀਂ ਹੈ' ਦੇ ਰੂਪ 'ਚ ਦਿੱਤਾ ਹੈ। ਜੱਜ ਨੇ ਭਾਰਤੀਆਂ ਨੂੰ ਇਕ ਪਾਕਿਸਤਾਨੀ ਦੇ ਕਤਲ ਦੇ ਦੋਸ਼ ਵਿਚ ਦਿੱਤੀ ਮੌਤ ਦੀ ਸਜ਼ਾ ਰੱਦ ਕਰਨ ਦਾ ਹੁਕਮ ਉਸ ਵੇਲੇ ਸੁਣਾਇਆ ਜਦੋਂ ਮ੍ਰਿਤਕ ਦੇ ਇਕ ਪਰਿਵਾਰ ਨੇ ਕਿਹਾ ਕਿ ਭਾਰਤੀਆਂ ਨੂੰ ਮੁਆਫ਼ ਕਰ ਦੇਣ ਬਦਲੇ ਵਿੱਤੀ ਮੁਆਵਜ਼ੇ ਦਾ ਸਮਝੌਤਾ ਉਨ੍ਹਾਂ ਨੂੰ ਪ੍ਰਵਾਨ ਹੈ। ਜਦੋਂ ਇਕ ਅਨੁਵਾਦਕ ਨੇ ਭਾਰਤੀਆਂ ਨੂੰ ਜੱਜ ਦੇ ਫੈਸਲੇ ਬਾਰੇ ਅਨੁਵਾਦ ਕਰਕੇ ਦੱਸਿਆ ਤਾਂ ਉਨ੍ਹਾਂ ਵਿਚ ਜਸ਼ਨ ਵਰਗਾ ਮਾਹੌਲ ਬਣ ਗਿਆ। ਇਸ 'ਤੇ ਜੱਜ ਨੇ ਸੁਰੱਖਿਆ ਗਾਰਡਾਂ ਨੂੰ ਕਿਹਾ ਕਿ ਇਨ੍ਹਾਂ ਨੂੰ ਲੈ ਜਾਓ ਤੇ ਜੇਲ੍ਹ ਵਿਚ ਜਸ਼ਨ ਮਨਾਉਣ ਦਿਓ।

ਜ਼ਿਕਰਯੋਗ ਹੈ ਕਿ ਮਾਰਚ 2010 ਵਿਚ ਇਨ੍ਹਾਂ 17 ਭਾਰਤੀਆਂ ਨੂੰ ਸ਼ਾਰਜਾਹ ਦੇ ਸਾਜਾ ਸਨਅਤੀ ਖੇਤਰ ਵਿਚ ਜਨਵਰੀ 2009 ਵਿਚ ਮਿਸਰੀ ਨਾਜ਼ੀਰ ਖਾਨ ਨਾਮੀ ਇਕ ਪਾਕਿਸਤਾਨੀ ਨੂੰ ਨਾਜਾਇਜ਼ ਸ਼ਰਾਬ ਦੀ ਵਿਕਰੀ ਦੇ ਮਾਮਲੇ ਵਿਚ ਕੁੱਟ-ਕੁੱਟ ਕੇ ਮਾਰ ਦੇਣ ਤੇ ਤਿੰਨ ਹੋਰਾਂ ਨੂੰ ਜ਼ਖ਼ਮੀ ਕਰ ਦੇਣ ਦਾ ਦੋਸ਼ੀ ਪਾਇਆ ਗਿਆ ਸੀ। ਵਕੀਲਾਂ ਨੇ ਅਦਾਲਤ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਬਿਨਾਂ ਕਾਫੀ ਸਬੂਤਾਂ ਦੇ 17 ਵਿਅਕਤੀਆਂ ਨੂੰ ਮੌਤ ਦੀ ਸਜ਼ਾ ਬਹੁਤ ਜ਼ਿਆਦਾ ਸੀ। ਉਨ੍ਹਾਂ ਕਿਹਾ ਕਿ ਜੇਕਰ ਇਹ ਸਜ਼ਾ ਰੱਦ ਨਾ ਕੀਤੀ ਜਾਂਦੀ ਤਾਂ ਇਸ ਨਾਲ ਨਿਆਇਕ ਪ੍ਰਣਾਲੀ ਦਾ ਬੁਰਾ ਅਕਸ ਬਣਨਾ ਸੀ।

ਇਸ ਤੋਂ ਪਹਿਲਾਂ 17 ਭਾਰਤੀਆਂ ਜਿਨ੍ਹਾਂ ਵਿਚ 16 ਪੰਜਾਬ ਤੇ 1 ਹਰਿਆਣਾ ਤੋਂ ਸ਼ਾਮਲ ਹੈ, ਨੇ ਫਾਂਸੀ ਤੋਂ ਬਚਣ ਲਈ ਪ੍ਰਸਤਾਵਿਤ ਸਮਝੌਤੇ ਤਹਿਤ 'ਬਲੱਡ ਮਨੀ' ਦੇਣ ਦੀ ਪੇਸ਼ਕਸ਼ ਪ੍ਰਵਾਨ ਨਹੀਂ ਸੀ ਕੀਤੀ। ਉਨ੍ਹਾਂ ਦੀ ਦਲੀਲ ਸੀ ਕਿ ਜਦ ਉਹ ਨਿਰਦੋਸ਼ ਹਨ ਤਾਂ ਉਹ ਇਹ ਪੈਸਾ ਕਿਉਂ ਦੇਣ। ਇਸ ਤੋਂ ਪਹਿਲਾਂ 17 ਭਾਰਤੀਆਂ ਦੇ ਬਰੀ ਹੋ ਜਾਣ ਦਾ ਭਰੋਸਾ ਹੋਣ ਦੇ ਕਾਰਨ ਸਫ਼ਾਈ ਪੱਖ ਦੇ ਵਕੀਲਾਂ ਦੀ ਟੀਮ ਨੇ ਇਸ ਕੇਸ ਦੇ ਨਿਬੇੜੇ ਦੀ ਪੇਸ਼ਕਸ਼ ਨੂੰ ਨਕਾਰਦਿਆਂ ਮ੍ਰਿਤਕ ਦੇ ਵਾਰਸਾਂ ਨੂੰ 'ਦੀਆ' (ਬਲੱਡ ਮਨੀ) ਅਦਾ ਕਰਨ ਤੋਂ ਨਾਂਹ ਕਰ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਭਾਰਤੀ 'ਬੇਕਸੂਰ' ਹਨ ਤੇ ਇਸ ਲਈ ਉਨ੍ਹਾਂ ਨੂੰ ਦੀਆ ਅਦਾ ਕਰਨ ਦੀ ਲੋੜ ਨਹੀਂ ਹੈ।

## ਅਕਾਲੀ ਦਲ (ਬ) ਦੀ ਨਿਊ ਯਾਰਕ ਇਕਾਈ ਵਿਚ ਫੁੱਟ ਉਭਰ ਕੇ ਸਾਹਮਣੇ ਆਈ

**ਨਿਊ ਯਾਰਕ:** ਅਕਾਲੀ ਦਲ (ਬਾਦਲ) ਦੀ ਨਿਊ ਯਾਰਕ ਇਕਾਈ ਵਿਚ ਸਭ ਅੱਛਾ ਨਹੀਂ ਹੈ ਅਤੇ ਫੁੱਟ ਉਭਰ ਕੇ ਸਾਹਮਣੇ ਆਉਂਦੀ ਜਾਪਦੀ ਹੈ। ਪਿਛਲੇ ਹਫਤੇ ਦੇ ਇਕ ਅਖਬਾਰ ਵਿਚ ਇਸ ਫੁੱਟ ਸਬੰਧੀ ਖਬਰਾਂ ਛਪਣ ਤੋਂ ਬਾਅਦ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਚ ਸੀਨੀਅਰ ਅਕਾਲੀ ਆਗੂ ਸ. ਹਰਬੰਸ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਤੋਂ ਪਿਛੋਂ ਇਸ ਸਬੰਧੀ ਸਪਸ਼ਟ ਸੰਕੇਤ ਸਾਹਮਣੇ ਆਏ।

ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਚ ਹੋਈ ਇਸ ਮੀਟਿੰਗ ਦੌਰਾਨ ਵੱਖ ਵੱਖ ਆਗੂਆਂ ਨੇ ਇਸ ਗੱਲ ਦੀ ਸਖਤ ਨਿਖੇਧੀ ਕੀਤੀ ਕਿ ਪਾਰਟੀ ਇਕਾਈ ਦੀ ਲੀਡਰਸ਼ਿਪ ਵਲੋਂ ਭਾਈਚਾਰੇ ਦੇ ਇਕ ਹਿੱਸੇ ਨੂੰ ਜਾਣ ਬੁੱਝ ਕੇ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਮੀਟਿੰਗ ਵਿਚ ਇਸ ਗੱਲ ਉਤੇ ਇਕਸੁਰਤਾ ਸੀ ਕਿ ਲੀਡਰਸ਼ਿਪ ਵਲੋਂ ਆਪਹੁਦਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਸਾਰੇ ਪਾਰਟੀ ਆਗੂਆਂ ਨੂੰ ਭਰੋਸੇ ਵਿਚ ਨਹੀਂ ਲਿਆ ਜਾਂਦਾ।

ਇਥੇ ਜਾਰੀ ਇਕ ਪ੍ਰੈਸ ਬਿਆਨ ਵਿਚ ਸ. ਕਰਨੈਲ ਸਿੰਘ ਬਾਠ ਅਤੇ ਸ. ਮਲਕੀਤ ਸਿੰਘ ਸਰੀਂਹ ਨੇ ਆਖਿਆ ਕਿ ਪਾਰਟੀ ਇਕਾਈ ਦੀ ਲੀਡਰਸ਼ਿਪ ਵਲੋਂ ਨਜ਼ਰਅੰਦਾਜ਼ ਕੀਤੇ ਜਾਣ ਕਾਰਨ ਹੀ ਬਹੁਤ ਸਾਰੇ ਆਗੂਆਂ ਨੇ ਪਾਰਟੀ ਮੀਟਿੰਗਾਂ ਵਿਚ ਹਿੱਸਾ ਲੈਣਾ ਹੀ ਛੱਡ ਦਿੱਤਾ ਹੈ। ਉਨ੍ਹਾਂ ਆਖਿਆ ਕਿ ਇਨ੍ਹਾਂ ਹਾਲਾਤ ਨੂੰ ਮੁੱਖ ਰੱਖਦਿਆਂ ਮੀਟਿੰਗ ਵਿਚ ਪਾਰਟੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੂੰ ਸਾਰੇ ਹਾਲਾਤ ਤੋਂ ਜਾਣੂ ਕਰਾਉਣ ਦਾ ਫੈਸਲਾ ਲਿਆ ਗਿਆ। ਬਿਆਨ ਅਨੁਸਾਰ ਇਸ ਮੀਟਿੰਗ ਵਿਚ ਖੁਦ ਕਰਨੈਲ ਸਿੰਘ ਬਾਠ ਅਤੇ ਮਲਕੀਤ ਸਿੰਘ ਸਰੀਂਹ ਤੋਂ ਇਲਾਵਾ ਸੁਰਜੀਤ ਸਿੰਘ ਮੁੱਧਲ, ਅਜੈਬ ਸਿੰਘ ਲੁਧਿਆਣਾ, ਪੁਸ਼ਪਿੰਦਰ ਸਿੰਘ ਲਾਲੀ, ਗੁਰਦੇਵ ਸਿੰਘ ਖਤੱਪਾ, ਹਾਕਮ ਸਿੰਘ ਗਰੇਵਾਲ, ਡਾ. ਸੁਬੇਗ ਸਿੰਘ ਵਿਰਕ, ਅਵਤਾਰ ਸਿੰਘ ਸੈਣੀ, ਬਲਵਿੰਦਰ ਸਿੰਘ ਸਰਪੰਚ, ਕੁਲਦੀਪ ਸਿੰਘ ਢਿੱਲੋਂ, ਹਰਭਜਨ ਸਿੰਘ ਵਿਰਕ, ਦਲਜੀਤ ਸਿੰਘ ਠੇਕੇਦਾਰ, ਐਮ ਐਸ ਸੰਧੂ, ਸੰਤੋਖ ਸਿੰਘ ਤ੍ਰਿਪੜੀ, ਕਸ਼ਮੀਰ ਸਿੰਘ ਢਿੱਲੋਂ, ਗੁਰਭੇਜ ਸਿੰਘ ਗਗੜੇਵਾਲ, ਗੁਰਦੇਵ ਸਿੰਘ ਉਮਰਾਨੰਗਲ, ਇਕਬਾਲ ਸਿੰਘ ਬਮਰਾਹ, ਪਾਲ ਸਿੰਘ ਢਿੱਲੋਂ, ਬਲਕਾਰ ਸਿੰਘ, ਕਸ਼ਮੀਰ ਸਿੰਘ ਬਾਠ, ਗੁਰਪਾਲ ਸਿੰਘ ਵਦਾਦਪੁਰ, ਬਖਸ਼ੀਸ਼ ਸਿੰਘ ਬਰਾੜ, ਜਰਮਨਜੀਤ ਸਿੰਘ ਫੱਤੂਵਾਲ, ਗੁਰਮੀਤ ਸਿੰਘ ਛੀਨਾ ਅਤੇ ਮੀਤਾ ਸਿੰਘ ਪਟਿਆਲਾ ਸ਼ਾਮਲ ਸਨ।

ਇਸ ਮੀਟਿੰਗ ਵਿਚ ਪਾਰਟੀ ਸੁਪਰੀਮੋ ਸ. ਪ੍ਰਕਾਸ਼ ਸਿੰਘ ਬਾਦਲ ਦੀ ਧਰਮਪਤਨੀ ਬੀਬੀ ਸੁਰਿੰਦਰ ਕੌਰ ਬਾਦਲ, ਜੋ ਕਿ ਨਿਊ ਯਾਰਕ ਦੇ ਇਕ ਹਸਪਤਾਲ ਵਿਚ ਦਾਖਲ ਹਨ, ਦੀ ਸਿਹਤਯਾਬੀ ਲਈ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਕੀਤੀ ਗਈ।

ਇਕ ਵੱਖਰੇ ਬਿਆਨ ਵਿਚ ਪਾਰਟੀ ਦੇ ਇਕ ਹੋਰ ਆਗੂ ਸੁਰਜੀਤ ਸਿੰਘ ਮੁੱਧਲ ਨੇ ਕਿਹਾ ਹੈ ਕਿ ਪਾਰਟੀ ਲੀਡਰਸ਼ਿਪ ਵਲੋਂ ਕਦੀ ਵੀ ਹੋਰ ਪਾਰਟੀ ਆਗੂਆਂ ਨੂੰ ਭਰੋਸੇ ਵਿਚ ਨਹੀਂ ਲਿਆ ਗਿਆ। ਜਦੋਂ ਕੋਈ ਇੰਡੀਆ ਤੋਂ ਆਗੂ ਆਉਂਦਾ ਹੈ ਜਾਂ ਕੋਈ ਪ੍ਰੋਗਰਾਮ ਉਲੀਕਿਆ ਜਾਂਦਾ ਹੈ ਤਾਂ ਉਨ੍ਹਾਂ ਦੀ ਕੋਈ ਸਲਾਹ ਨਹੀਂ ਲਈ ਜਾਂਦੀ।

## ਬਰਤਾਨਵੀ ਫ਼ੌਜ 'ਚ ਪਹਿਲੀ ਸਿੱਖ ਔਰਤ ਭਰਤੀ


**ਚੰਡੀਗੜ੍ਹ:** ਹਰਪ੍ਰੀਤ ਕੌਰ ਬਰਤਾਨਵੀ ਫ਼ੌਜ ਵਿਚ ਭਰਤੀ ਹੋਣ ਵਾਲੀ ਪਹਿਲੀ ਸਿੱਖ ਔਰਤ ਬਣ ਗਈ ਹੈ। ਉਸ ਨੇ ਪਹਿਲੇ ਪੜਾਅ ਦੀ ਸਿਖਲਾਈ ਪੂਰੀ ਕਰ ਲਈ ਹੈ। ਇਸ 23 ਸਾਲ ਦੀ ਹਰਪ੍ਰੀਤ ਕੌਰ ਦੇ ਦਾਦੇ ਨੇ ਵੀ ਅੰਗਰੇਜ਼ਾਂ ਵਲੋਂ ਦੂਜੀ ਵਿਸ਼ਵ ਜੰਗ ਲੜੀ ਸੀ। ਬਰਤਾਨਵੀ ਫ਼ੌਜ ਵਿਚ ਸ਼ਾਮਲ ਹੋਣ ਬਾਰੇ ਹਰਪ੍ਰੀਤ ਕੌਰ ਨੇ ਕਿਹਾ ਕਿ ਉਹ ਮੈਡੀਕਲ ਖੇਤਰ ਵਿਚ ਕੈਰੀਅਰ ਬਣਾਉਣਾ ਚਾਹੁੰਦੀ ਸੀ ਤੇ ਫ਼ੌਜ ਨੇ ਉਸ ਨੂੰ ਇਹ ਮੌਕਾ ਦਿਤਾ ਹੈ। ਭਾਰਤ ਵਿਚ ਉਹ ਇਕ ਕਾਲ ਸੈਂਟਰ ਵਿਚ ਕੰਮ ਕਰਦੀ ਸੀ।

ਦੱਸਣਯੋਗ ਹੈ ਕਿ ਬਰਤਾਨੀਆ ਦੀ ਫ਼ੌਜ ਨੇ ਸਿੱਖਾਂ ਨੂੰ ਭਰਤੀ ਕਰਨ ਲਈ ਉਨ੍ਹਾਂ ਨੂੰ ਭਰਤੀ ਕੇਂਦਰ ਵਿਚ ਸੱਦਣ ਦੀ ਥਾਂ ਖ਼ੁਦ ਸਾਊਥਾਲ ਦੇ ਗੁਰਦੁਆਰੇ ਵਿਚ ਜਾ ਕੇ ਸੰਪਰਕ ਸਥਾਪਤ ਕੀਤਾ ਜਿਥੇ ਸਿੱਖਾਂ ਦੇ ਬੱਚਿਆਂ ਨੇ ਫ਼ੌਜ ਵਿਚ ਭਰਤੀ ਹੋਣ ਦੀ ਦਿਲਚਸਪੀ ਦਿਖਾਈ। ਇਹ ਵੀ ਦੱਸਣਾ ਬਣਦਾ ਹੈ ਕਿ ਦੂਜੀ ਵਿਸ਼ਵ ਜੰਗ ਵਿਚ ਅੰਗਰੇਜ਼ਾਂ ਵੱਲੋਂ ਲੜਦਿਆਂ ਸਿੱਖਾਂ ਨੇ ਸਭ ਤੋਂ ਜ਼ਿਆਦਾ ਵਿਕਟੋਰੀਆ ਕਰਾਸ ਜਿੱਤੇ ਸਨ। ਫ਼ੌਜ ਮੁਤਾਬਕ ਗੁਰਦੁਆਰਾ ਪ੍ਰਾਜੈਕਟ ਰਾਹੀਂ ਸਿੱਖਾਂ ਨੂੰ ਹਰ ਤਰ੍ਹਾਂ ਦੀ ਜਾਣਕਾਰੀ ਮਿਲ ਰਹੀ ਹੈ ਤੇ ਉਹ ਫ਼ੌਜ ਦੇ ਕਿਸੇ ਵੀ ਖੇਤਰ ਵਿਚ ਜਾ ਸਕਦੇ ਹਨ।

## ਅਧਿਆਪਕਾ ਵੱਲੋਂ ਭਾਜਪਾ ਵਿਧਾਇਕ ਦੀ ਹੱਤਿਆ

**ਪੂਰਨੀਆਂ:** ਸੱਤਾਧਾਰੀ ਭਾਜਪਾ ਦੇ ਪੂਰਨੀਆਂ ਤੋਂ ਵਿਧਾਇਕ ਰਾਜ ਕਿਸ਼ੋਰ ਖਿਸ਼ਾਰੀ ਨੂੰ ਉਸ ਦੇ ਘਰ ਇਕ ਔਰਤ ਨੇ ਸਭ ਦੇ ਸਾਹਮਣੇ ਚਾਕੂ ਮਾਰ ਕੇ ਮਾਰ ਦਿੱਤਾ। ਪੇਸ਼ੇ ਵਜੋਂ ਇਸ ਅਧਿਆਪਕਾ ਨੇ ਪਹਿਲਾਂ ਵਿਧਾਇਕ 'ਤੇ ਜਿਨਸੀ ਤੰਗ-ਪ੍ਰੇਸ਼ਾਂ ਕਰਨ ਦੇ ਦੋਸ਼ ਲਾਏ ਸਨ।

ਚਾਰ ਵਾਰ ਵਿਧਾਇਕ ਰਹੇ 51 ਸਾਲਾ ਖਿਸ਼ਾਰੀ ਆਪਣੀ ਸਿਆਹੀ ਤੋਲਾ ਰਿਹਾਇਸ਼ ਵਿਖੇ ਆਪਣੇ ਹਲਕੇ ਤੋਂ ਆਏ ਲੋਕਾਂ ਨੂੰ ਮਿਲ ਰਹੇ ਸਨ ਕਿ ਰੂਪਮ ਪਾਠਕ ਨਾਂ ਦੀ ਔਰਤ ਨੇ ਵਿਧਾਇਕ ਦੇ ਢਿੱਡ 'ਚ ਚਾਕੂ ਨਾਲ ਕਈ ਵਾਰ ਕੀਤੇ। ਵਿਧਾਇਕ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਹ ਰਾਹ 'ਚ ਹੀ ਦਮ ਤੋੜ ਗਿਆ।




*ਵਿਧਾਇਕ ਰਾਜ ਕਿਸ਼ੋਰ ਖਿਸ਼ਾਰੀ ਅਤੇ ਰੂਪਮ ਪਾਠਕ*

ਵਿਧਾਇਕ ਨੂੰ ਮਿਲਣ ਆਏ ਲੋਕਾਂ ਨੇ 45 ਸਾਲਾ ਪਾਠਕ ਨੂੰ ਫੜ ਲਿਆ ਤੇ ਉਸ ਦੀ ਬਹੁਤ ਕੁੱਟਮਾਰ ਕੀਤੀ ਤੇ ਫਿਰ ਪੁਲਿਸ ਦੇ ਹਵਾਲੇ ਕਰ ਦਿੱਤਾ। ਪੁਲਿਸ ਨੇ ਉਸ ਨੂੰ ਸਰਕਾਰੀ ਹਸਪਤਾਲ ਦਾਖਲ ਕਰਾ ਦਿੱਤਾ। ਮੈਡੀਕਲ ਕਾਲਜ ਤੇ ਹਸਪਤਾਲ 'ਚ ਇਲਾਜ ਕਰਵਾ ਰਹੀ ਪਾਠਕ ਨੂੰ ਇਸ ਹੱਤਿਆ 'ਤੇ ਕੋਈ ਅਫਸੋਸ ਨਹੀਂ ਹੈ। ਉਸ ਨੇ ਦੋਸ਼ ਲਾਇਆ ਕਿ ਇਹ ਵਿਧਾਇਕ ਉਸ ਨੂੰ ਤੰਗ ਕਰ ਰਿਹਾ ਸੀ। ਉਸ ਨੇ ਕਿਹਾ ਕਿ ਚੰਗਾ ਹੋਵੇ ਜੇ ਉਸ ਨੂੰ ਫਾਹੇ ਲਾ ਦਿੱਤਾ ਜਾਵੇ। ਇਸ ਔਰਤ ਨੇ 6 ਮਹੀਨੇ ਪਹਿਲਾਂ ਵਿਧਾਇਕ 'ਤੇ ਜਿਨਸੀ ਤੰਗ-ਪ੍ਰੇਸ਼ਾਂ ਕੀਤੇ ਜਾਣ ਦੇ ਦੋਸ਼ ਲਾਏ ਸਨ। ਪੁਲਿਸ ਦਾ ਕਹਿਣਾ ਹੈ ਕਿ ਇਹ ਕਤਲ ਪਹਿਲਾਂ ਸੋਚੀ-ਸਮਝੀ ਕਾਰਵਾਈ ਸੀ। ਉਨ੍ਹਾਂ ਦੱਸਿਆ ਕਿ ਇਸ ਔਰਤ ਨੇ ਵਿਧਾਇਕ ਵਿਰੁੱਧ ਦਿੱਤੀ ਆਪਣੀ ਸ਼ਿਕਾਇਤ ਫਸਟ ਕਲਾਸ ਜੂਡੀਸ਼ਲ ਮੈਜਿਸਟਰੇਟ ਅੱਗੇ ਵਾਪਸ ਲਈ ਸੀ ਤੇ ਉਸ ਦੇ ਪਤੀ ਨੇ ਵੀ ਵਿਧਾਇਕ ਦੇ ਹੱਕ 'ਚ ਬਿਆਨ ਦਰਜ ਕਰਾਇਆ ਸੀ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਸਾਰੇ ਪੱਖਾਂ ਤੋਂ ਜਾਂਚ ਕੀਤੀ ਜਾ ਰਹੀ ਹੈ।

ਉਧਰ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਪੁਲਿਸ ਮੁਖੀ ਨੂੰ ਉਚ ਪੱਧਰੀ ਜਾਂਚ ਟੀਮ ਕਾਇਮ ਕਰਨ ਤੇ ਸਾਰੇ ਵਿਧਾਇਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਤੇ ਉਨ੍ਹਾਂ ਨੂੰ ਮਿਲਣ ਆਉਣ ਵਾਲਿਆਂ ਨੂੰ ਉਥੋਂ ਹਟਾਉਣ ਦੇ ਪ੍ਰਬੰਧ ਕਰਨ ਲਈ ਕਿਹਾ ਹੈ। ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਨੇ ਕਿਹਾ ਕਿ ਵਿਧਾਇਕ ਦੀ ਹੱਤਿਆ ਨੇ ਰਾਜ ਦਾ ਅਕਸ ਤਾਰ-ਤਾਰ ਕਰ ਦਿਤਾ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਦੇ ਨਾਲ-ਨਾਲ ਸ਼ਿਕਾਇਤਕਰਤਾ ਔਰਤ ਦੀ ਵਿਧਾਇਕ ਵਿਰੁੱਧ ਸ਼ਿਕਾਇਤ ਦੀ ਵੀ ਜਾਂਚ ਹੋਣੀ ਚਾਹੀਦੀ ਹੈ।

## ਦਾਦੂਵਾਲ ਵਿਰੁਧ ਕਾਰਵਾਈ ਲਈ ਬਾਦਲ ਨੂੰ ਅਕਾਲ ਤਖਤ 'ਤੇ ਤਲਬ ਕੀਤਾ ਜਾਵੇ-ਏ ਐਸ ਓ

**ਨਿਊ ਯਾਰਕ:** ਅਮੈਰੀਕਨ ਸਿੱਖ ਆਰਗੇਨਾਈਜ਼ੇਸ਼ਨ ਨੇ ਡੇਰਾ ਸੱਚਾ ਸੌਦਾ ਨਾਲ ਕਿਸੇ ਤਰ੍ਹਾਂ ਦਾ ਸਬੰਧ ਨਾ ਰਖਣ ਦੇ ਅਕਾਲ ਤਖਤ ਦੇ ਹੁਕਮਨਾਮੇ ਦੀ ਪਾਲਣਾ ਕਰਨ ਵਾਲੇ 'ਇੱਕ ਸੱਚੇ ਗੁਰਸਿੱਖ ਬਾਬਾ ਬਲਜੀਤ ਸਿੰਘ ਦਾਦੂਵਾਲ' ਨੂੰ ਗ੍ਰਿਫਤਾਰ ਕਰ ਕੇ ਫਿਰੋਜ਼ਪੁਰ ਜੇਲ ਭੇਜੇ ਜਾਣ ਅਤੇ 57 ਤੋਂ ਵੱਧ ਸਿੱਖਾਂ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਸਖਤ ਨਿਖੇਧੀ ਕਰਦਿਆਂ ਇਸ ਨੂੰ ਬਾਦਲ ਸਰਕਾਰ ਵਲੋਂ ਸਿੱਧੀ ਸਿਰਸੇ ਵਾਲੇ ਡੇਰੇ ਦੀ ਮਦਦ ਕਰਾਰ ਦਿਤਾ ਹੈ। ਜਥੇਬੰਦੀ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇੰਜ ਪ੍ਰਕਾਸ਼ ਸਿੰਘ ਬਾਦਲ ਨੇ ਅਕਾਲ ਤਖਤ ਦੇ ਹੁਕਮਨਾਮੇ ਦੀ ਉਲੰਘਣਾ ਕੀਤੀ ਹੈ, ਇਸ ਲਈ ਉਸ ਨੂੰ ਅਕਾਲ ਤਖਤ 'ਤੇ ਤਲਬ ਕਰਕੇ ਸਿੱਖ ਰਵਾਇਤਾਂ ਅਨੁਸਾਰ ਸਜ਼ਾ ਦਿਤੀ ਜਾਵੇ।

ਬਿਆਨ ਵਿਚ ਕਿਹਾ ਗਿਆ ਹੈ ਕਿ ਡੇਰਾ ਸੱਚਾ ਸੌਦਾ ਦੇ ਮੁਖੀ ਨੇ ਪਿਛਲੇ ਸਮੇਂ ਜਦੋਂ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚ ਕੇ ਸਿੱਖ ਕੌਮ ਨੂੰ ਵੰਗਾਰਿਆ ਤਾਂ ਕੌਮ ਦੇ ਰੋਸ ਨੂੰ ਮੁਖ ਰਖਦਿਆਂ ਮਈ 2007 ਵਿਚ ਅਕਾਲ ਤਖਤ ਤੋਂ ਕੌਮ ਦੇ ਨਾਂ ਹੁਕਮਨਾਮਾ ਜਾਰੀ ਹੋਇਆ ਕਿ ਸੌਦਾ ਸਾਧ ਖਾਲਸਾ ਪੰਥ ਦਾ ਦੁਸ਼ਮਣ ਹੈ, ਪੰਜਾਬ ਵਿਚ ਇਸਦੇ ਡੇਰੇ ਬੰਦ ਕਰਵਾਏ ਜਾਣਗੇ ਅਤੇ ਇਸਦੇ ਨਾਲ ਕੋਈ ਵੀ ਕਿਸੇ ਤਰ੍ਹਾਂ ਦੀ ਸਾਂਝ ਰੱਖਣ ਵਾਲੇ ਨੂੰ ਅਕਾਲ ਤਖਤ ਸਾਹਿਬ ਤੇ ਤਲਬ ਕੀਤਾ ਜਾਵੇਗਾ। ਸੱਚੇ ਸੁੱਚੇ ਮਰਜੀਵੜੇ ਗੁਰਸਿੱਖ ਅੱਜ ਵੀ ਉਸ ਹੁਕਮਨਾਮੇ ਤੇ ਡੱਟ ਕੇ ਪਹਿਰਾ ਦਿੰਦੇ ਹਨ। ਬਾਬਾ ਬਲਜੀਤ ਸਿੰਘ ਦਾਦੂਵਾਲ ਵਲੋਂ ਲਗਾਤਾਰ ਉਸ 'ਪਾਖੰਡੀ' ਵਿਰੁਧ ਪ੍ਰਚਾਰ ਕਰਨਾ ਜਾਂ ਉਸ ਦੀਆਂ ਕਰਤੂਤਾਂ ਨੂੰ ਨਸ਼ਰ ਕਰਦੀ ਇਕ ਟੈਲੀ ਫਿਲਮ ਬਣਾਉਣੀ ਅਕਾਲ ਤਖਤ ਤੋਂ ਜਾਰੀ ਨਿਰਦੇਸ਼ਾਂ ਦੀ ਪਾਲਣਾ ਹੈ ਜਿਸ ਤੋਂ ਬਾਬਾ ਬਲਜੀਤ ਸਿੰਘ ਸੱਚੇ ਸੌਦੇ ਵਾਲਿਆਂ ਦੀਆਂ ਅੱਖਾਂ ਵਿਚ ਲਗਾਤਾਰ ਰੜਕਦਾ ਆ ਰਿਹਾ ਹੈ।

ਜਥੇਬੰਦੀ ਨੇ ਇਸ ਗੱਲ 'ਤੇ ਦੁੱਖ ਪ੍ਰਗਟਾਇਆ ਹੈ ਕਿ ਪੰਥਕ ਕਹਾਉਂਦੀ ਸਰਕਾਰ ਵਲੋਂ ਹੁਕਮਨਾਮੇ ਦੀ ਉਲੰਘਣਾ ਕਰਕੇ ਡੇਰਾ ਪ੍ਰੇਮੀਆਂ ਦਾ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ ਪਰ ਜਦੋਂ ਸਿੱਖ ਉਸ ਪੰਥ ਦੋਖੀ ਖਿਲਾਫ ਬੋਲਦੇ ਹਨ ਤਾਂ ਸਿੱਖਾਂ ਤੇ ਗੋਲੀਆਂ ਚਲਾਈਆਂ ਜਾਂਦੀਆਂ ਹਨ ਅਤੇ ਡਾਂਗਾਂ ਵਰ੍ਹਾਈਆਂ ਜਾਂਦੀਆਂ ਹਨ।


ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

99% approved same day. We specialize in high risk businesses.

ATMs – TRANAX/TRITON/WRG, starting at $69/mo.*
(Perfect for retail stores, hotels, gas stations, etc.)

Need Money? We provide cash advance against credit card processing with NO collateral or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com




FREE CREDIT CARD TERMINAL!

www.GoldCoastATM.com

PANNUN THE LAW FIRM
ATTORNEYS & COUNSELLORS
ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ

ਇੰਮੀਗ੍ਰੇਸ਼ਨ ਲਾਅ
- ਸਿਟੀਜ਼ਨਸ਼ਿਪ ਅਪੀਲਜ਼
- ਰੀਲੀਜਿਅਸ ਵਰਕਰਜ਼
- ਬੋਨਾਫਾਇਡ ਅਸਾਇਲਮ ਪਟੀਸ਼ਨਜ਼

ਡੀਪੋਰਟੇਸ਼ਨ ਕੇਸਿਜ਼
- ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ਼
- 9th & 2nd ਸਰਕਿਟ ਅਪੀਲਜ਼
- ਕੈਨਸੇਲੇਸ਼ਨ ਆਫ ਡੀਪੋਰਟੇਸ਼ਨ



NEW YORK
T 718.672.8000
JACKSON HEIGHTS, NY 11370
• ADMITTED IN THE STATE OF NEW YORK ONLY

CALIFORNIA
T 510.796.9000
39300 CIVIC CENTER DR, SUITE 170 FREMONT, CA 94538
FREMONT, CA 94538

# 2-ਜੀ ਸਪੈਕਟ੍ਰਮ:ਸਰਕਾਰ ਵਿਰੋਧੀਆਂ ਨੂੰ ਮਨਾਉਣ 'ਚ ਅਸਫਲ

**ਚੇਨਈ/ਨਵੀਂ ਦਿਲੀ**: ਯੂ.ਪੀ.ਏ. ਸਰਕਾਰ 2-ਜੀ ਸਪੈਕਟ੍ਰਮ ਘੁਟਾਲੇ ਤੋਂ ਬਾਅਦ ਪੈਦਾ ਹੋਏ ਹਾਲਾਤ ਨੂੰ ਸੰਭਾਲਣ ਦੀ ਕੋਸ਼ਿਸ਼ 'ਚ ਲੱਗੀ ਹੋਈ ਹੈ ਪਰ ਅਜੇ ਤੱਕ ਗੱਲ ਨਿਬੜਦੀ ਨਜ਼ਰ ਨਹੀਂ ਆ ਰਹੀ। ਇਸ ਬਾਰੇ ਜਿਥੇ ਲੋਕ ਸਭਾ ਸਪੀਕਰ ਮੀਰਾ ਕੁਮਾਰ ਨੇ 30 ਦਸੰਬਰ ਨੂੰ ਭੋਜਨ ਦੇ ਬਹਾਨੇ ਸਰਕਾਰ ਤੇ ਮੁੱਖ ਵਿਰੋਧੀ ਧਿਰ ਦੇ ਆਗੂਆਂ ਨਾਲ ਮੀਟਿੰਗ ਕੀਤੀ ਤੇ ਬਜਟ ਇਜਲਾਸ ਦੇ ਠੀਕ-ਠਾਕ ਚੱਲਣ ਦਾ ਰਾਹ ਪੱਧਰਾ ਕਰਨ ਦੀ ਕੋਸ਼ਿਸ਼ ਕੀਤੀ ਉਥੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸਰਕਾਰ 'ਚ ਅਹਿਮ ਭਾਈਵਾਲ ਪਾਰਟੀ ਦੇ ਸਪਰੀਮੋ ਤੇ ਤਾਮਿਲਨਾਡੂ ਦੇ ਮੁੱਖ ਮੰਤਰੀ ਐਮ. ਕਰੁਨਾਨਿਧੀ ਨਾਲ ਚੇਨਈ ਪੁੱਜ ਕੇ ਮੀਟਿੰਗ ਕੀਤੀ। ਭਾਵੇਂ ਸ੍ਰੀ ਕਰੁਨਾਨਿਧੀ ਨੇ ਤਾਂ ਪੂਰਾ ਵਿਸ਼ਵਾਸ ਦਵਾਇਆ ਹੈ ਕਿ ਕਾਂਗਰਸ-ਡੀ.ਐਮ.ਕੇ. ਦਾ ਗੱਠਜੋੜ 'ਮਜ਼ਬੂਤ' ਹੈ ਪਰ ਮੀਰਾ ਕੁਮਾਰ ਵੱਲੋਂ ਕੀਤੀ ਮੀਟਿੰਗ ਕੋਈ ਰੰਗ ਨਹੀਂ ਲਿਆ ਸਕੀ।

ਮਿਲੀ ਰਿਪੋਰਟ ਮੁਤਾਬਕ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਡੀ.ਐਮ.ਕੇ. ਦੇ ਮੁਖੀ ਨਾਲ ਮੀਟਿੰਗ ਕਰਕੇ ਦੋਵੇਂ ਧਿਰਾਂ ਵਿਚ ਪਈ ਦਰਾੜ ਬਾਰੇ ਕਿਆਸਅਰਾਈਆਂ ਨੂੰ ਦੂਰ ਕਰਨ ਦਾ ਯਤਨ ਕੀਤਾ ਕਿਉਂਕਿ ਪਹਿਲਾਂ ਕਰੁਨਾਨਿਧੀ ਨੇ ਪ੍ਰਧਾਨ ਮੰਤਰੀ ਨਾਲ ਮੀਟਿੰਗ ਤੋਂ ਟਾਲ਼ਾ ਵੱਟ ਲਿਆ ਸੀ ਤੇ ਉਹ ਡਾ. ਸਿੰਘ ਨੂੰ ਏਅਰਪੋਰਟ 'ਤੇ ਲੈਣ ਵੀ ਨਹੀਂ ਗਏ ਸਨ। ਇਥੇ ਇਹ ਜ਼ਿਕਰਯੋਗ ਹੈ ਕਿ 2-ਜੀ ਸਪੈਕਟ੍ਰਮ ਘੁਟਾਲੇ ਦੇ ਰੌਲੇ ਕਾਰਨ 14 ਨਵੰਬਰ ਨੂੰ ਦੂਰਸੰਚਾਰ ਮੰਤਰੀ ਏ. ਰਾਜਾ ਦੇ ਯੂ.ਪੀ.ਏ. ਮੰਤਰੀ ਮੰਡਲ 'ਚੋਂ ਅਸਤੀਫ਼ੇ ਮਗਰੋਂ ਦੋਵਾਂ ਆਗੂਆਂ ਵਿਚਾਲੇ ਇਹ ਪਹਿਲੀ ਵਾਰ ਮੀਟਿੰਗ ਹੋਈ।

ਉਧਰ ਮੀਰਾ ਕੁਮਾਰ ਵੱਲੋਂ ਸੱਦੀ ਮੀਟਿੰਗ ਤੋਂ ਬਾਅਦ ਵਿਰੋਧੀ ਧਿਰਾਂ ਨੇ ਸਪਸ਼ਟ ਕੀਤਾ ਹੈ ਕਿ ਪਾਰਲੀਮੈਂਟ ਵਿਚ ਬਣੇ ਅੜਿੱਕੇ ਨੂੰ ਤੋੜਨ ਦਾ ਇਕੋ ਇਕ ਰਾਹ ਸਾਂਝੀ ਸੰਸਦੀ ਕਮੇਟੀ ਕਾਇਮ ਕਰਨਾ ਹੈ। ਇਸ ਮੀਟਿੰਗ ਵਿਚ ਤ੍ਰਿਣਮੂਲ ਕਾਂਗਰਸ, ਸ਼ਿਵ ਸੈਨਾ, ਸ਼੍ਰੋਮਣੀ ਅਕਾਲੀ ਦਲ, ਸਮਾਜਵਾਦੀ ਪਾਰਟੀ, ਰਾਸ਼ਟਰੀ ਜਨਤਾ ਦਲ ਤੇ ਨੈਸ਼ਨਲ ਕਾਨਫਰੰਸ ਸਣੇ ਕਈ ਪਾਰਟੀਆਂ ਦੇ ਆਗੂ ਸ਼ਾਮਲ ਨਾ ਹੋਏ। ਢਾਈ ਘੰਟੇ ਦੀ ਮੀਟਿੰਗ ਤੋਂ ਬਾਅਦ ਸਪੀਕਰ ਨੇ ਪੱਤਰਕਾਰਾਂ ਸਾਹਮਣੇ ਦਾਅਵਾ ਕੀਤਾ ਕਿ ਆਗੂ ਬਹੁਤ ਹੀ ਸੁਖਾਵੇਂ, ਦੋਸਤਾਨਾ ਤੇ ਗ਼ੈਰਰਸਮੀ ਮਾਹੌਲ ਵਿਚ ਮਿਲੇ ਤੇ ਅਗਲਾ ਸੈਸ਼ਨ ਬਿਨਾਂ ਕਿਸੇ ਵਿਘਨ ਤੋਂ ਚਲਾਉਣ ਦਾ ਫੈਸਲਾ ਕੀਤਾ।

ਦੂਜੇ ਪਾਸੇ ਭਾਜਪਾ ਨੇ ਜੇ.ਪੀ.ਸੀ. ਦੀ ਮੰਗ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਜਾਇਜ਼ ਕਰਾਰ ਦਿੰਦਿਆਂ ਕਿਹਾ ਕਿ ਸੰਸਦ 'ਚ ਮਹਿਜ਼ ਬਹਿਸਾਂ ਕਰਵਾ ਕੇ ਮਾਮਲਾ ਕਿਸੇ ਤਣ-ਪੱਤਣ ਨਹੀਂ ਲੱਗੇਗਾ ਤੇ ਉਹੀ ਕੁਝ ਹੋਏਗਾ ਜੋ ਕੁਝ ਕੀਮਤਾਂ 'ਤੇ ਵਾਧੇ ਸਬੰਧੀ ਬਹਿਸ ਮਗਰੋਂ ਹੋਇਆ ਸੀ। ਸੰਸਦ ਦੀ ਲੋਕ ਲੇਖਾ ਕਮੇਟੀ ਦੇ ਚੇਅਰਮੈਨ ਮੁਰਲੀ ਮਨੋਹਰ ਜੋਸ਼ੀ ਦਾ ਕਹਿਣਾ ਹੈ ਕਿ ਭਾਜਪਾ ਦਾ ਇਕ ਮੈਂਬਰ ਹੋਣ ਦੇ ਨਾਤੇ ਉਹ 2-ਜੀ ਘੁਟਾਲੇ ਦੀ ਜਾਂਚ ਲਈ ਸਾਂਝੀ ਸੰਸਦੀ ਕਮੇਟੀ ਦੀ ਮੰਗ ਦੇ ਹੱਕ ਵਿਚ ਹਨ ਪਰ ਉਨ੍ਹਾਂ ਸਪਸ਼ਟ ਕੀਤਾ ਕਿ ਸਰਕਾਰੀ ਖਰਚ ਬਾਰੇ ਵਧੇਰੇ ਜਵਾਬਦੇਹੀ ਲਿਆਉਣ ਲਈ ਲੋਕ ਲੇਖਾ ਕਮੇਟੀ ਕੋਲ ਵੀ ਵਧੇਰੇ ਅਧਿਕਾਰ ਹਨ। ਇਸ ਮਾਮਲੇ 'ਤੇ ਸ੍ਰੀ ਜੋਸ਼ੀ ਵੱਲੋਂ ਸਰਗਰਮੀ ਦਿਖਾਏ ਜਾਣ ਕਾਰਨ ਭਾਜਪਾ ਅੰਦਰ ਪ੍ਰੇਸ਼ਾਨੀ ਵਧ ਗਈ ਸੀ।

ਇਸ ਦੇ ਨਾਲ ਹੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਸਪਸ਼ਟ ਕੀਤਾ ਹੈ ਕਿ ਉਹ ਪ੍ਰਧਾਨ ਮੰਤਰੀ ਦੇ 2-ਜੀ ਸਪੈਕਟ੍ਰਮ ਘੁਟਾਲੇ 'ਚ ਲੋਕ ਲੇਖਾ ਕਮੇਟੀ ਅੱਗੇ ਪੇਸ਼ ਹੋਣ ਦੇ ਹੱਕ 'ਚ ਨਹੀਂ ਹਨ ਕਿਉਂਕਿ ਉਹ ਕਿਸੇ ਕਮੇਟੀ ਅੱਗੇ ਨਹੀਂ ਬਲਕਿ ਲੋਕ ਸਭਾ ਅੱਗੇ ਜਵਾਬਦੇਹ ਹਨ। ਉਨ੍ਹਾਂ ਰੋਸ ਪ੍ਰਗਟ ਕੀਤਾ ਹੈ ਕਿ ਪ੍ਰਧਾਨ ਮੰਤਰੀ ਨੇ ਪੀ.ਏ.ਸੀ. ਅੱਗੇ ਪੇਸ਼ ਹੋਣ ਦੀ ਪੇਸ਼ਕਸ਼ ਕਰਨ ਤੋਂ ਪਹਿਲਾਂ ਪਾਰਟੀ 'ਚ ਵਿਚਾਰ ਨਹੀਂ ਕੀਤਾ। ਇਸ ਦੇ ਨਾਲ ਹੀ ਲੋਕ ਲੇਖਾ ਕਮੇਟੀ ਦੇ ਮੁਖੀ ਮੁਰਲੀ ਮਨੋਹਰ ਜੋਸ਼ੀ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਕਮੇਟੀ ਸਾਹਮਣੇ ਪੇਸ਼ ਹੋਣ ਦੀ ਪੇਸ਼ਕਸ਼ ਬਾਰੇ ਕਾਨੂੰਨੀ ਮਾਹਰਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਫੈਸਲਾ ਕੀਤਾ ਜਾਵੇਗਾ।



*ਮੀਟਿੰਗ ਤੋਂ ਬਾਅਦ ਸ੍ਰੀ ਪ੍ਰਣਬ ਮੁਖਰਜੀ ਤੇ ਮੀਰਾ ਨਾਇਰ ਹੋਰ ਵਿਧਾਨਕਾਰਾਂ ਨਾਲ*

## ਕਾਂਗਰਸ ਸਰਕਾਰ ਨੂੰ ਬੋਫੋਰਜ਼ ਦੇ ਭੂਤ ਨੇ ਮੁੜ ਘੇਰਿਆ

ਜਿਸ ਵਿਚ ਕੰਪਨੀ ਨੇ 1986 ਵਿਚ ਹੋਏ 1,437 ਕਰੋੜ ਰੁਪਏ ਦੇ ਸੌਦੇ 'ਚ ਕਿਸੇ ਵਿਚੋਲੇ ਦੀ ਹੋਂਦ ਤੋਂ ਇਨਕਾਰ ਕੀਤਾ ਸੀ। ਫਿਰ ਕੁਆਰਫਰਡੈਕ ਨਾਮੀ ਇਕ ਫਰਮ ਵੱਲੋਂ ਗੈਰ-ਕਾਨੂੰਨੀ ਦਲਾਲੀ ਦੇ ਰੂਪ ਵਿਚ ਦਿੱਤੇ ਗਏ ਪੈਸੇ ਦਾ ਖ਼ੁਰਾ-ਖੋਜ ਮਿਟਾਉਣ ਲਈ ਖਾਤਿਆਂ ਦੀ ਲੜੀ ਖੋਲ੍ਹ ਕੇ ਉਨ੍ਹਾਂ ਵਿਚ ਧਨ ਪਾਉਣ ਦੀ ਕਵਾਇਦ ਦਾ ਖ਼ੁਲਾਸਾ ਵੀ ਟ੍ਰਿਬਿਊਨਲ ਨੇ ਕੀਤਾ ਹੈ। ਟ੍ਰਿਬਿਊਨਲ ਦਾ ਕਹਿਣਾ ਹੈ ਕਿ ਬੋਫੋਰਜ਼ ਨੂੰ ਇਨ੍ਹਾਂ ਕਮਿਸ਼ਨਾਂ ਦੀ ਰਕਮ ਭਾਰਤ ਸਰਕਾਰ ਵੱਲੋਂ ਕੀਤੀ ਗਈ ਅਦਾਇਗੀ ਵਿਚੋਂ ਘਟਾਉਣੀ ਚਾਹੀਦੀ ਸੀ। ਕਮਿਸ਼ਨ ਅਦਾ ਕੀਤੇ ਜਾਣ ਕਰਕੇ ਸਰਕਾਰ ਵੱਲੋਂ ਇਸ ਤੋਪ ਸੌਦੇ 'ਤੇ ਸਰਕਾਰ ਨੂੰ 41 ਕਰੋੜ ਰੁਪਏ ਵਧੀਕ ਖਰਚਣੇ ਪਏ ਸਨ ਤੇ ਇਹ ਰਕਮ ਇਕਰਾਰ ਦੀਆਂ ਸ਼ਰਤਾਂ ਦੇ ਉਲਟ ਚੱਢਾ ਤੇ ਕੁਆਤਰੋਚੀ ਨੂੰ ਦਿੱਤੀ ਗਈ ਸੀ।

ਕੁਆਤਰੋਚੀ ਗਾਂਧੀ ਪਰਿਵਾਰ ਦੇ ਨੇੜਲਾ ਸਮਝਿਆ ਜਾਂਦਾ ਹੈ ਤੇ ਟ੍ਰਿਬਿਊਨਲ ਨੇ ਇਹ ਚਰਚਾ ਉਸ ਸਮੇਂ ਛੇੜੀ ਹੈ ਜਦੋਂ ਕਾਂਗਰਸ ਦਾ ਪਹਿਲਾਂ ਹੀ ਮਾੜਾ ਸਮਾਂ ਚੱਲ ਰਿਹਾ ਹੈ। ਕੁਆਤਰੋਚੀ ਨੂੰ 1993 ਵਿਚ ਭਾਰਤ 'ਚੋਂ ਜਾਣ ਦਿੱਤਾ ਗਿਆ ਸੀ ਹਾਲਾਂਕਿ ਸੌਦੇ 'ਚ ਰਿਸ਼ਵਤ ਚੱਲਣ ਬਾਰੇ ਸੀ.ਬੀ.ਆਈ. ਵੱਲੋਂ ਉਸ ਵੇਲੇ ਤਕ ਕੇਸ ਦਾਇਰ ਕੀਤਾ ਜਾ ਚੁੱਕਿਆ ਸੀ। ਟ੍ਰਿਬਿਊਨਲ ਨੇ ਸਰਕਾਰ ਨੂੰ ਹੋਰ ਕਸੂਤੀ ਹਾਲਤ 'ਚ ਫਸਾਉਂਦਿਆਂ ਕਿਹਾ ਹੈ ਕਿ 41 ਕਰੋੜ ਰੁਪਏ ਦੀ ਇਸ ਰਾਸ਼ੀ ਉਤੇ ਅਦਾ ਕੀਤਾ ਜਾਣ ਵਾਲਾ ਆਮਦਨ ਕਰ ਹਾਸਲ ਕਰਨ ਲਈ ਕੇਂਦਰ ਸਰਕਾਰ ਕਾਰਵਾਈ ਸ਼ੁਰੂ ਕਰੇ।

ਉਧਰ ਭਾਜਪਾ ਨੇ ਮੋਰਚਾ ਸੰਭਾਲਦਿਆਂ ਕਾਂਗਰਸ ਪ੍ਰਧਾਨ ਸੋਨੀਆ 'ਤੇ ਨਿਸ਼ਾਨਾ ਸਾਧਿਆ ਹੈ। ਭਾਜਪਾ ਦੇ ਸੀਨੀਅਰ ਆਗੂ ਤੇ ਰਾਜ ਸਭਾ 'ਚ ਵਿਰੋਧੀ ਧਿਰ ਦੇ ਆਗੂ ਅਰੁਨ ਜੇਤਲੀ ਨੇ ਕਿਹਾ ਹੈ ਕਿ ਭ੍ਰਿਸ਼ਟਾਚਾਰ ਨਾਲ ਨਜਿੱਠਣ ਲਈ ਹੁਣ ਸੋਨੀਆ ਗਾਂਧੀ ਨੂੰ ਪੰਜ ਨੁਕਾਤੀ ਪ੍ਰੋਗਰਾਮ ਦੀ ਜ਼ਰੂਰਤ ਨਹੀਂ ਸਗੋਂ ਹੁਣ ਉਨ੍ਹਾਂ ਨੂੰ ਇਕੋ ਨੁਕਤੇ ਦੀ ਲੋੜ ਹੈ ਤੇ ਉਹ ਹੈ ਦੋਸ਼ੀਆਂ ਨੂੰ ਜੇਲ੍ਹਾਂ 'ਚ ਸੁੱਟਣਾ। ਸ੍ਰੀ ਜੇਤਲੀ ਨੇ ਸੀ.ਬੀ.ਆਈ. ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ ਇਸ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਉਣੀ ਚਾਹੀਦੀ ਹੈ। ਕੇਂਦਰੀ ਕਾਨੂੰਨ ਮੰਤਰੀ ਐਨ. ਵੀਰੱਪਾ ਮੋਇਲੀ ਨੇ ਕਿਹਾ ਹੈ ਕਿ ਆਮਦਨ ਕਰ ਟ੍ਰਿਬਿਊਨਲ ਵੱਲੋਂ ਸੁਣਾਏ ਗਏ ਫੈਸਲੇ 'ਤੇ ਵਿਚਾਰ ਕੀਤੀ ਜਾਵੇਗੀ। ਉਨ੍ਹਾਂ ਇਸ ਮੌਕੇ ਅਰੁਨ ਜੇਤਲੀ ਦੀ ਆਲੋਚਨਾ ਕਰਦਿਆਂ ਕਿਹਾ ਕਿ ਰਿਪੋਰਟ ਵਾਚਣ ਤੋਂ ਪਹਿਲਾਂ ਹੀ ਅਜਿਹੀ ਬਿਆਨਬਾਜ਼ੀ ਕਰਨਾ ਠੀਕ ਨਹੀਂ ਹੈ।

## ਸੀ.ਬੀ.ਆਈ. ਵੱਲੋਂ ਮੁਢਲੀ ਜਾਂਚ ਰਿਪੋਰਟ ਪੇਸ਼

**ਨਵੀਂ ਦਿੱਲੀ:** ਸੁਪਰੀਮ ਕੋਰਟ ਦੇ ਹੁਕਮਾਂ ਤਹਿਤ ਸੀ.ਬੀ.ਆਈ. ਨੇ ਟੈਲੀਕਾਮ ਨੀਤੀ ਦੇ ਮੁਜ਼ਰਮਾਨਾ ਪੱਖਾਂ ਦੀ 2001 ਤੋਂ ਘੋਖ ਕਰਨ ਲਈ ਮੁਢਲੀ ਜਾਂਚ (ਪੀ.ਈ.) ਦਰਜ ਕਰ ਲਈ। ਇਹ ਪੀ.ਈ. 'ਅਣਪਛਾਤੇ ਵਿਅਕਤੀਆਂ' ਖ਼ਿਲਾਫ਼ ਦਰਜ ਕੀਤੀ ਗਈ ਹੈ ਜਿਸ ਦਾ ਮਕਸਦ ਇਹ ਪਤਾ ਲਾਉਣਾ ਹੈ ਕਿ ਕੀ ਉਦੋਂ ਸ੍ਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਕੇਂਦਰੀ ਸਰਕਾਰ ਵੱਲੋਂ ਪਾਸ ਕੀਤੀ ਗਈ 'ਪਹਿਲਾਂ ਆਉ, ਪਹਿਲਾਂ ਪਾਉ' ਦੀ ਨੀਤੀ ਦਾ ਪਾਲਣ ਕੀਤਾ ਗਿਆ ਸੀ ਜਾਂ ਨਹੀਂ।

ਸੀ.ਬੀ.ਆਈ. ਵੱਲੋਂ ਇਸ ਦੌਰਾਨ ਵੱਖੋ-ਵੱਖ ਟੈਲੀਕਾਮ ਮੰਤਰੀਆਂ ਵੱਲੋਂ ਕੀਤੀਆਂ ਗਈਆਂ ਮੀਟਿੰਗਾਂ ਦੀ ਘੋਖ ਕੀਤੇ ਜਾਣ ਦੇ ਆਸਾਰ ਹਨ। ਇਨ੍ਹਾਂ ਦੂਰ ਸੰਚਾਰ ਮੰਤਰੀਆਂ ਵਿਚ ਮਰਹੂਮ ਪ੍ਰਮੋਦ ਮਹਾਜਨ ਤੋਂ ਇਲਾਵਾ ਅਰੁਣ ਸ਼ੋਰੀ ਤੇ ਦਿਆਨਿਧੀ ਮਾਰਨ ਵੀ ਸ਼ਾਮਲ ਹਨ। ਸੂਤਰਾਂ ਮੁਤਾਬਕ ਇਸ ਦੌਰਾਨ ਪਹਿਲਾਂ ਆਉ ਪਹਿਲਾਂ ਪਾਉ ਦੇ ਆਧਾਰ ਉਤੇ ਤਕਰੀਬਨ 50 ਲਾਇਸੈਂਸ ਜਾਰੀ ਕੀਤੇ ਗਏ ਸਨ ਤੇ ਲਾਭ ਪਾਤਰੀਆਂ ਵਿਚ ਭਾਰਤੀ (ਏਅਰਟੈਲ), ਵੋਡਾਫੋਨ ਤੇ ਆਈਡੀਆ ਆਦਿ ਨਿੱਜੀ ਦੂਰ ਸੰਚਾਰ ਕੰਪਨੀਆਂ ਸ਼ਾਮਲ ਸਨ।

ਗੌਰਤਲਬ ਹੈ ਕਿ ਸੁਪਰੀਮ ਕੋਰਟ ਨੇ ਬੀਤੀ 16 ਦਸੰਬਰ ਨੂੰ ਜਾਂਚ ਏਜੰਸੀ ਨੂੰ 2-ਜੀ ਸਪੈਕਟ੍ਰਮ ਘਪਲੇ ਸਬੰਧੀ ਆਪਣੀ ਜਾਂਚ ਦਾ ਘੇਰਾ ਵਧਾਉਣ ਦੀ ਹਦਾਇਤ ਦਿੱਤੀ ਸੀ। ਸੀ.ਬੀ.ਆਈ. ਨੂੰ 2001 ਤੋਂ 2007 ਦੌਰਾਨ ਦੋਵਾਂ ਐਨ.ਡੀ.ਏ. ਅਤੇ ਯੂ.ਪੀ.ਏ. ਸਰਕਾਰਾਂ ਦੀ ਹਕੂਮਤ ਦੌਰਾਨ ਦਿੱਤੇ ਗਏ ਲਾਇਸੈਂਸਾਂ ਦੀ ਜਾਂਚ ਕਰਨ ਲਈ ਕਿਹਾ ਗਿਆ ਸੀ। ਅਦਾਲਤ ਨੇ ਸੀ.ਬੀ.ਆਈ. ਨੂੰ ਆਪਣੀ ਰਿਪੋਰਟ 10 ਫਰਵਰੀ ਤਕ ਦਾਖ਼ਲ ਕਰਨ ਲਈ ਕਿਹਾ ਹੈ। ਅਦਾਲਤ ਨੇ ਕਿਹਾ ਸੀ ਕਿ ਇਨ੍ਹਾਂ ਜਾਰੀ ਕੀਤੇ ਗਏ 122 ਲਾਇਸੈਂਸਾਂ ਵਿਚ ਮੁੱਢਲੇ ਤੌਰ 'ਤੇ 'ਗੰਭੀਰ ਬੇਨੇਮੀਆਂ' ਹੋਈਆਂ ਹਨ।

## ਯੂਰਪੀ ਸੰਘ ਵੱਲੋਂ ਚੀਨ ਤੋਂ ਹਥਿਆਰਾਂ ਦੀ ਪਾਬੰਦੀ ਹਟਾਉਣ ਦੀ ਤਿਆਰੀ

**ਲੰਡਨ:** ਯੂਰਪੀ ਸੰਘ ਵੱਲੋਂ ਚੀਨ 'ਤੇ ਲੱਗੀ ਹਥਿਆਰਾਂ ਦੀ ਪਾਬੰਦੀ ਹਟਾਉਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਇਹ ਪਾਬੰਦੀਆਂ 2011 ਦੇ ਸ਼ੁਰੂ 'ਚ ਹਟਾਈਆਂ ਜਾ ਸਕਦੀਆਂ ਹਨ।

ਦੱਸਣਯੋਗ ਹੈ ਕਿ ਤਿਆਨਮਿਨ ਚੌਕ ਸਾਕੇ ਕਰਕੇ 1989 ਵਿਚ ਚੀਨ 'ਤੇ ਹਥਿਆਰਾਂ ਦੀ ਪਾਬੰਦੀ ਲਗਾ ਦਿੱਤੀ ਗਈ ਸੀ। ਇਸ ਪਾਬੰਦੀ ਦੇ ਹਟਣ ਨਾਲ ਚੀਨੀ ਫੌਜ ਨੂੰ ਵੱਡਾ ਹੁਲਾਰਾ ਮਿਲ ਸਕਦਾ ਹੈ ਜੋ ਇਸ ਵੇਲੇ ਪੰਜਵੀਂ ਪੀੜ੍ਹੀ ਦੀਆਂ ਲੜਾਕੂ ਤੇ ਲੰਮੀ ਦੂਰੀ ਦੀਆਂ ਕਰੂਜ਼ ਮਿਜ਼ਾਈਲਾਂ ਦਾ ਨਿਰਮਾਣ ਕਰ ਰਿਹਾ ਹੈ। ਫਰਾਂਸੀਸੀ ਅਖ਼ਬਾਰ 'ਲੀ ਫਿਗਾਰੋ' ਨੇ ਯੂਰਪੀ ਸੰਘ ਦੀ ਵਿਦੇਸ਼ ਨੀਤੀ ਦੇ ਮੁਖੀ ਕੈਥਰੀਨ ਐਸ਼ਟਨ ਦੇ ਕਰੀਬੀ ਸੂਤਰਾਂ ਦੇ ਹਵਾਲੇ ਨਾਲ ਰਿਪੋਰਟ ਛਪੀ ਹੈ ਕਿ ਹਰ ਪ੍ਰਕਾਰ ਦੇ ਘਾਤਕ ਹਥਿਆਰਾਂ ਦੀ ਤਕਨਾਲੋਜੀ ਦੇ ਤਬਾਦਲੇ 'ਤੇ ਲੱਗੀ ਰੋਕ ਛੇਤੀ ਹਟਾਈ ਜਾ ਸਕਦੀ ਹੈ।

## ਮੰਗਣੀ ਤੋੜਨ 'ਤੇ ਲੜਕੇ ਦੇ ਮਾਪਿਆਂ ਦਾ ਕਤਲ

**ਪੀਲੀਭੀਤ:** ਚਾਰ ਸਾਲਾਂ ਬਾਅਦ ਮੰਗਣੀ ਤੋੜਨ 'ਤੇ ਲੜਕੀ ਦੇ ਮਾਪਿਆਂ ਨੇ ਮੁੰਡੇ ਦੇ ਪਰਿਵਾਰ 'ਤੇ ਹਮਲਾ ਕਰਦਿਆਂ ਉਸ ਦੇ ਮਾਪਿਆਂ ਦਾ ਕਤਲ ਕਰ ਦਿੱਤਾ।

ਪੁਲਿਸ ਨੇ ਦੱਸਿਆ ਕਿ ਚਾਰ ਸਾਲ ਪਹਿਲਾਂ ਪਿੰਡ ਤੁਲਸੀਪੁਰ ਦੇ ਕਸ਼ਮੀਰ ਸਿੰਘ ਦੇ ਬੇਟੇ ਪਲਵਿੰਦਰ ਸਿੰਘ ਤੇ ਛਿੰਦਾ ਸਿੰਘ ਦੀ ਬੇਟੀ ਦੀ ਮੰਗਣੀ ਹੋਈ ਸੀ ਪਰ ਕਿਸੇ ਕਾਰਨ ਪਲਵਿੰਦਰ ਸਿੰਘ ਨੇ ਵਿਆਹ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਛਿੰਦਾ ਸਿੰਘ ਨੇ ਗੁੱਸੇ 'ਚ ਆ ਕੇ ਆਪਣੇ ਸਾਥੀਆਂ ਜਗਤਾਰ ਸਿੰਘ, ਬਚਿੱਤਰ ਸਿੰਘ, ਮੇਜਰ ਸਿੰਘ ਤੇ ਸਰਪੰਚ ਖੜਕ ਸਿੰਘ ਨੂੰ ਨਾਲ ਲੈ ਕੇ ਕਸ਼ਮੀਰ ਸਿੰਘ ਦੇ ਪਰਿਵਾਰ 'ਤੇ ਧਾਵਾ ਬੋਲ ਦਿੱਤਾ। ਹਮਲਾਵਰਾਂ ਨੇ ਲੜਕੇ ਦੇ ਘਰ ਪਹੁੰਚਦਿਆਂ ਹੀ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਜਿਸ 'ਚ ਮੁੰਡੇ ਦੇ ਪਿਤਾ ਕਸ਼ਮੀਰ ਸਿੰਘ (52) ਤੇ ਮਾਤਾ ਜੁਗਿੰਦਰ ਕੌਰ ਦੀ ਮੌਤ ਹੋ ਗਈ ਜਦੋਂਕਿ ਮੁੰਡਾ ਪਲਵਿੰਦਰ ਸਿੰਘ (27) ਤੇ ਉਸ ਦੀਆਂ ਭੈਣਾਂ ਵੀਰਪਾਲ ਕੌਰ (20) ਤੇ ਰਾਜਵਿੰਦਰ ਕੌਰ (17) ਜ਼ਖ਼ਮੀ ਹੋ ਗਈਆਂ। ਇਹ ਦੋਵੇਂ ਸਿੱਖ ਪਰਿਵਾਰ ਪੰਜਾਬ ਤੋਂ ਇਥੇ ਆ ਕੇ ਵੱਸੇ ਹੋਏ ਹਨ। ਉਧਰ ਪੁਲਿਸ ਨੇ ਪਲਵਿੰਦਰ ਸਿੰਘ ਦੇ ਬਿਆਨਾਂ 'ਤੇ ਪੰਜੇ ਹਮਲਾਵਰਾਂ ਖ਼ਿਲਾਫ਼ ਕੇਸ ਦਰਜ ਕਰ ਲਿਆ।

# ਨਿਤਿਸ਼ ਕੁਮਾਰ ਆਪਣੇ ਕਈ ਮੰਤਰੀਆਂ ਤੋਂ '.ਗਰੀਬ'

**ਪਟਨਾ:** ਭਾਵੇਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ 'ਗਰੀਬੜਾ' ਹੋਣ ਦੇ ਦਾਅਵੇ ਤਾਂ ਹਾਸੋ ਹੀਣੇ ਹੀ ਹਨ ਪਰ ਬਿਹਾਰ ਦਾ ਮੁੱਖ ਮੰਤਰੀ ਨਿਤਿਸ਼ ਕੁਮਾਰ ਆਪਣੇ ਕਈ ਮੰਤਰੀਆਂ ਤੋਂ ਵੀ ਗਰੀਬ ਹੈ।

ਨਿਤੀਸ਼ ਤੇ ਉਨ੍ਹਾਂ ਦੇ ਮੰਤਰੀਆਂ ਦੀ ਜਾਇਦਾਦ ਦੇ ਵੇਰਵੇ ਵੈਬਸਾਈਟ 'ਤੇ ਜਨਤਕ ਕਰ ਦਿੱਤੇ ਗਏ ਹਨ ਜਿਨ੍ਹਾਂ ਮੁਤਾਬਕ ਨਿਤਿਸ਼ ਕੁਮਾਰ ਪੈਸੇ-ਟਕੇ ਦੇ ਮਾਮਲੇ ਵਿਚ ਆਪਣੇ ਮੰਤਰੀਆਂ ਤੋਂ ਬਹੁਤ ਗ਼ਰੀਬ ਹਨ। ਮਨੁੱਖੀ ਸਰੋਤ ਵਿਕਾਸ ਮੰਤਰੀ ਪ੍ਰਸ਼ਾਂਤ ਕੁਮਾਰ ਸ਼ਾਹੀ ਸਭ ਤੋਂ ਅਮੀਰ ਹਨ ਜਿਨ੍ਹਾਂ ਕੋਲ 4.50 ਕਰੋੜ ਰੁਪਏ ਦੀ ਚਲ ਤੇ ਅਚਲ ਸੰਪਤੀ ਹੈ। ਮੁੱਖ ਮੰਤਰੀ ਨੇ ਆਪਣੇ ਬੇਟੇ ਨਿਸ਼ਾਂਤ ਦੀ ਜਾਇਦਾਦ ਦਾ ਵੇਰਵਾ ਵੀ ਵੈਬਸਾਈਟ ਰਾਹੀਂ ਜਾਰੀ ਕੀਤਾ ਹੈ। ਮੰਤਰੀਆਂ ਦੀ ਜਾਇਦਾਦ ਐਲਾਨਣ ਨੂੰ ਭ੍ਰਿਸ਼ਟਾਚਾਰ ਵਿਰੁਧ ਨਿਤਿਸ਼ ਸਰਕਾਰ ਦਾ ਅਹਿਮ ਕਦਮ ਆਖਿਆ ਜਾ ਰਿਹਾ ਹੈ। ਨਿਤਿਸ਼ ਕੁਮਾਰ ਕੋਲ 31,760 ਰੁਪਏ ਨਕਦ ਤੇ 57,770 ਰੁਪਏ ਬੈਂਕ ਵਿਚ ਜਮ੍ਹਾਂ ਹਨ। ਇਸ ਤੋਂ ਇਲਾਵਾ ਉਨ੍ਹਾਂ ਕੋਲ 2003 ਮਾਡਲ ਸੈਂਟਰੋ ਕਾਰ, ਇਕ ਪੁਰਾਣਾ ਟੈਲੀਵਿਜ਼ਨ, ਏਅਰ ਕੰਡੀਸ਼ਨਰ, ਫ਼ਰਿਜ, ਕੂਲਰ ਤੇ ਗਊਆਂ ਹਨ ਜਿਨ੍ਹਾਂ ਦੀ ਕੀਮਤ 1.67 ਲੱਖ ਰੁਪਏ ਬਣਦੀ ਹੈ। ਮੁੱਖ ਮੰਤਰੀ ਨੇ ਨਵੀਂ ਦਿੱਲੀ ਦੇ ਸੰਸਦ ਵਿਹਾਰ ਇਲਾਕੇ ਵਿਚ ਇਕ ਘਰ ਹੋਣ ਬਾਰੇ ਵੀ ਦੱਸਿਆ ਹੈ ਜਿਸ ਦੀ ਕੀਮਤ 40 ਲੱਖ ਰੁਪਏ ਹੈ ਜਿਸ ਵਿਚ 34,475 ਰੁਪਏ ਦਾ ਇਕ ਕੰਪਿਊਟਰ ਲੱਗਾ ਹੋਇਆ ਹੈ।

ਮੁੱਖ ਮੰਤਰੀ ਨੇ ਸਟੇਟ ਬੈਂਕ ਆਫ਼ ਇੰਡੀਆ ਦੀ ਸਕੱਤਰੇਤ ਸ਼ਾਖ਼ਾ ਤੋਂ 1.93 ਲੱਖ ਰੁਪਏ ਦਾ ਕਰਜ਼ਾ ਲਿਆ ਹੋਇਆ ਹੈ। ਨਿਤਿਸ਼ ਕੁਮਾਰ ਦੇ ਬੇਟੇ ਨਿਸ਼ਾਂਤ ਕੋਲ 1.76 ਲੱਖ ਰੁਪਏ ਨਕਦ, 41 ਲੱਖ ਰੁਪਏ ਬੈਂਕ ਵਿਚ ਜਮ੍ਹਾਂ ਤੇ 13.93 ਲੱਖ ਰੁਪਏ ਡਾਕਘਰ ਦੀਆਂ ਯੋਜਨਾਵਾਂ ਵਿਚ ਨਿਵੇਸ਼ ਕੀਤੇ ਹੋਏ ਹਨ। ਉਸ ਕੋਲ 31.34 ਲੱਖ ਰੁਪਏ ਦੀ ਖੇਤੀ ਯੋਗ ਜ਼ਮੀਨ ਤੇ 8.27 ਲੱਖ ਰੁਪਏ ਦੀ ਵਪਾਰਕ ਜ਼ਮੀਨ ਹੈ। ਉਪ ਮੁੱਖ ਮੰਤਰੀ ਸੁਸ਼ੀਲ ਮੋਦੀ ਕੋਲ 26 ਹਜ਼ਾਰ ਰੁਪਏ ਨਕਦ ਤੇ 10.56 ਲੱਖ ਰੁਪਏ ਬੈਂਕਾਂ ਵਿਚ ਜਮ੍ਹਾਂ ਹਨ। ਉਨ੍ਹਾਂ ਨੇ ਸ਼ੇਅਰਾਂ ਵਿਚ 1.83 ਲੱਖ ਰੁਪਏ ਤੇ ਐਲ.ਆਈ.ਸੀ. ਵਿਚ 1.89 ਲੱਖ ਰੁਪਏ ਨਿਵੇਸ਼ ਕੀਤੇ ਹੋਏ ਹਨ। ਮੋਦੀ ਤੇ ਉਨ੍ਹਾਂ ਦੀ ਪਤਨੀ ਦੇ ਨਾਂ ਸਾਂਝੇ ਤੌਰ 'ਤੇ ਉਤਰ ਪ੍ਰਦੇਸ਼ ਵਿਚ 51 ਲੱਖ ਰੁਪਏ ਦਾ ਮਕਾਨ ਹੈ। ਮੋਦੀ ਨੇ ਨਵੀਂ ਦਿੱਲੀ ਵਿਚ ਆਈ.ਸੀ.ਆਈ.ਸੀ.ਆਈ. ਬੈਂਕ ਤੋਂ 40 ਲੱਖ ਰੁਪਏ ਦਾ ਕਰਜ਼ਾ ਵੀ ਲਿਆ ਹੋਇਆ ਹੈ।


ਕੀ ਤੁਹਾਡੇ ਕੋਲ iPhone ਹੈ? ਹੁਣ ਤੁਸੀਂ ਆਪਣੇ iPhone ਤੇ ਹੀ iHues.com ਦਾ ਫ਼ਰੀ App ਐਡ ਕਰਕੇ ਪੰਜਾਬੀ ਵਿੱਚ ਤਾਜ਼ੀਆਂ ਖ਼ਬਰਾਂ ਪੜ੍ਹ ਸਕਦੇ ਹੋ




ਜਿਆਦਾ ਜਾਣਕਾਰੀ ਲਈ www.ihues.com ਤੇ ਜਾਵੋ

iHues.com ਦਾ ਫ਼ਰੀ App ਲੈਣ ਕਰਨ ਲਈ ਆਪਣੇ iPhone ਦੇ App Store ਵਿੱਚ ihues media ਸ਼ਬਦ ਟਾਈਪ ਕਰੋ



## ਜਾਇਦਾਦ ਦੀ ਖਰੀਦ-ਵੇਚ

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੂਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ
ਫੋਨ:209-992-7185

***ਪੰਜਾਬੀ ਸੰਗੀਤ ਲਈ ਮੰਦਾ ਹੀ ਰਿਹਾ ਸਾਲ 2010**
-ਜੈਸੀ ਕਰਨੀ, ਵੈਸੀ ਭਰਨੀ।

***ਹੋਰਨਾਂ ਪਾਰਟੀਆਂ ਵਾਂਗ ਭਾਜਪਾ ਵੀ ਭ੍ਰਿਸ਼ਟ-ਉਮਾ ਭਾਰਤੀ**
-ਲਗਦੈ ਮੈਡਮ ਦੀ ਡੀਲ ਸਿਰੇ ਨਹੀਂ ਚੜ੍ਹੀ ਭਾਜਪਾ ਨਾਲ।

***ਚਮਕੌਰ ਸਾਹਿਬ ਨੂੰ ਵੀ 'ਸ੍ਰੀ' ਦਾ ਦਰਜਾ ਦਿੱਤਾ ਜਾਵੇਗਾ-ਬਾਦਲ**
-ਇੱਦਾਂ ਹੀ ਲੋਕਾਂ ਦਾ ਧਾਰਮਿਕ ਸ਼ੋਸ਼ਣ ਕਰੀ ਜਾਇਓ, ਮੁੱਦੇ ਦੀ ਗੱਲ ਨਾ ਕਰਿਓ।

***ਅਕਾਲੀ-ਭਾਜਪਾ ਸਰਕਾਰ ਨੇ ਹਮੇਸ਼ਾ ਆਮ ਆਦਮੀ ਦੇ ਹਿੱਤਾਂ ਲਈ ਸਕੀਮਾਂ ਅਰੰਭੀਆਂ-ਸੁਖਬੀਰ ਸਿੰਘ ਬਾਦਲ**
-ਪਰ ਫਾਇਦਾ ਪਹੁੰਚਾਇਆ ਆਪਣੇ ਖਾਸ ਬੰਦਿਆਂ ਨੂੰ!

***ਚੱਪੜਚਿੜੀ ਵਿਖੇ ਬਣਨ ਵਾਲੀ ਯਾਦਗਾਰ ਦਾ ਨਾਂ ਖਾਲਸਾ ਰਾਜ ਬੁਰਜ ਰੱਖਿਆ ਜਾਵੇ-ਹਰਦੀਪ ਸਿੰਘ ਸ਼੍ਰੋਮਣੀ ਕਮੇਟੀ ਮੈਂਬਰ**
-ਹੁਣ ਤੁਹਾਡੇ ਆਖੇ ਲੱਗ ਕੇ ਅਗਲੇ ਮਾਲਕਾਂ ਨੂੰ ਨਾਰਾਜ਼ ਕਰ ਲੈਣ?

***ਦੇਸ਼ ਨੂੰ ਇਕ ਹੋਰ ਗਾਂਧੀ ਦੀ ਲੋੜ-ਮਨਪ੍ਰੀਤ ਬਾਦਲ**
-ਪਹਿਲਾਂ ਪਹਿਲੇ ਗਾਂਧੀ ਦੇ ਕੀਤੇ ਵਾਅਦੇ ਤਾਂ ਪੂਰੇ ਕਰਵਾ ਲਓ...ਜਨਾਬ!!

***ਅੰਮ੍ਰਿਤਸਰ ਦੇ ਮੁੱਖ ਮਾਰਗਾਂ 'ਤੇ ਬਣਨਗੇ 4 ਸੁੰਦਰ ਗੇਟ-ਖਬਰ**
-ਤਾਂ ਕਿ ਆਉਣ ਵਾਲੇ ਇਨ੍ਹਾਂ ਗੇਟਾਂ ਥਾਣੀਂ ਅੰਦਰ ਆ ਕੇ ਸ਼ਹਿਰ ਦੀ ਗੰਦਗੀ ਦਾ ਨਜ਼ਾਰਾ ਮਾਣ ਸਕਣ।

*To Advertise with us call: 847-359-0746*

# ਪੰਜਾਬ ਦੇ ਤਿੰਨ ਇਤਿਹਾਸਕ ਸ਼ਹਿਰਾਂ ਦੇ ਨਾਂਵਾਂ 'ਚ ਸੋਧ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਤਿੰਨ ਇਤਿਹਾਸਕ ਸ਼ਹਿਰਾਂ ਦੇ ਨਾਂ ਦੀ ਸੋਧ ਕੀਤੀ ਗਈ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਚਮਕੌਰ ਸਾਹਿਬ, ਬਾਬਾ ਬਕਾਲਾ ਤੇ ਮਾਛੀਵਾੜਾ ਦੀ ਇਤਿਹਾਸਕ ਤੇ ਧਾਰਮਿਕ ਮਹੱਤਤਾ ਨੂੰ ਦੇਖਦੇ ਹੋਏ ਇਨ੍ਹਾਂ ਦਾ ਨਾਂ ਕ੍ਰਮਵਾਰ ਸ੍ਰੀ ਚਮਕੌਰ ਸਾਹਿਬ, ਬਾਬਾ ਬਕਾਲਾ ਸਾਹਿਬ ਤੇ ਮਾਛੀਵਾੜਾ ਸਾਹਿਬ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਤੋਂ ਇਲਾਵਾ ਸਰਕਾਰ ਨੇ ਜਨਤਾ 'ਤੇ ਹੋਰ ਬੋਝ ਪਾਉਂਦਿਆਂ ਦਾਲਾਂ 'ਤੇ ਇਕ ਫੀਸਦੀ ਦਾਖ਼ਲਾ ਟੈਕਸ ਤੇ ਆਰ.ਸੀ.ਸੀ. ਤੇ ਐਸ.ਡਬਲਿਊ ਪਾਈਪਾਂ 'ਤੇ 5 ਫੀਸਦੀ ਟੈਕਸ ਲਾਗੂ ਕਰਨ ਦੀ ਵੀ ਪ੍ਰਵਾਨਗੀ ਦੇ ਦਿੱਤੀ ਹੈ।


ਮੰਤਰੀ ਮੰਡਲ ਦੀ ਮੀਟਿੰਗ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀਆਂ ਹਦਾਇਤਾਂ ਤਹਿਤ 'ਪੀੜਤ ਮੁਆਵਜ਼ਾ ਨੀਤੀ' ਨੂੰ ਵੀ ਪ੍ਰਵਾਨਗੀ ਦਿੱਤੀ ਗਈ। ਇਸ ਯੋਜਨਾ ਤਹਿਤ ਜੁਰਮ ਦੌਰਾਨ ਮੌਤ ਹੋਣ ਦੀ ਸੂਰਤ ਵਿਚ ਵੱਧ ਤੋਂ ਵੱਧ ਇਕ ਲੱਖ ਰੁਪਏ ਦਾ ਮੁਆਵਜ਼ਾ ਪ੍ਰਵਾਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਰੀਰ ਦੇ ਕਿਸੇ ਅੰਗ ਦੇ ਨੁਕਸਾਨੇ ਜਾਣ ਕਾਰਨ 40 ਫੀਸਦੀ ਜਾਂ ਇਸ ਤੋਂ ਜ਼ਿਆਦਾ ਅੰਗਹੀਣ ਹੋਣ ਦੀ ਸੂਰਤ ਵਿੱਚ 40000 ਰੁਪਏ, ਜਬਰ ਜਨਾਹ ਦੀਆਂ ਪੀੜਤ ਔਰਤਾਂ ਲਈ 30000 ਰੁਪਏ ਤੇ ਔਰਤਾਂ ਤੇ ਬੱਚਿਆਂ ਨੂੰ ਮਨੁੱਖੀ ਤਸਕਰੀ ਕਾਰਨ ਹੋਈ ਮਾਨਸਿਕ ਪੀੜਾ ਲਈ 20000 ਰੁਪਏ ਰਾਹਤ ਦਿੱਤੀ ਜਾਵੇਗੀ। ਅਜਿਹੇ ਜੁਰਮਾਂ ਦੇ ਮੁਹੱਈਆ ਅੰਕੜਿਆਂ ਦੇ ਆਧਾਰ ਤੇ ਵਿੱਤੀ ਸਾਲ 2011-12 ਵਿਚ 7 ਕਰੋੜ ਰੁਪਏ ਵਿੱਤੀ ਸਹਾਇਤਾ ਦੇਣ ਦੀ ਤਜਵੀਜ਼ ਹੈ। ਵਿੱਤ ਵਿਭਾਗ ਚਾਲੂ ਵਿੱਤੀ ਸਾਲ 2010-11 ਵਿੱਚ 4 ਕਰੋੜ ਰੁਪਏ ਮੁਹੱਈਆ ਕਰਵਾਏਗਾ। ਮੰਤਰੀ ਮੰਡਲ ਨੇ ਕਮਿਸ਼ਨਰ ਤੇ ਡਿਪਟੀ ਕਮਿਸ਼ਨਰ, ਜਲੰਧਰ ਤੇ ਡਾਇਰੈਕਟਰ ਭੌਂ ਰਿਕਾਰਡ ਪੰਜਾਬ ਦੇ ਪ੍ਰਸਤਾਵ ਦੇ ਆਧਾਰ 'ਤੇ ਜਲੰਧਰ ਜ਼ਿਲ੍ਹੇ ਦੀ ਸਬ ਤਹਿਸੀਲ ਲੋਹੀਆਂ ਦੇ ਪਿੰਡ ਤਲਵੰਡੀ ਬੂਟਿਆਂ ਤੇ ਪੂਨੀਆਂ ਨੂੰ ਜਲੰਧਰ ਜ਼ਿਲ੍ਹੇ ਦੀ ਸਬ ਡਵੀਜ਼ਨ/ਤਹਿਸੀਲ ਸ਼ਾਹਕੋਟ ਵਿਚ ਤਬਦੀਲ ਕਰਨ ਦੀ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ।

# ਸੇਖਵਾਂ ਵਲੋਂ ਸੋਨੀਆ ਗਾਂਧੀ ਵਿਰੁੱਧ ਮੁਕੱਦਮਾ ਚਲਾਏ ਜਾਣ ਦੀ ਮੰਗ

**ਚੰਡੀਗੜ੍ਹ:** ਸ਼ੋਮਣੀ ਅਕਾਲੀ ਦਲ ਦੇ ਬੁਲਾਰੇ ਅਤੇ ਪੰਜਾਬ ਦੇ ਸਿਖਿਆ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਨੇ ਗਾਂਧੀ ਪਰਿਵਾਰ ਦੇ ਕਰੀਬੀ ਅਤੇ ਇਟਲੀ ਦੇ ਵਪਾਰੀ ਉਟਾਵਿਓ ਕੁਆਤਰੋਚੀ, ਜਿਸ ਨੂੰ 1500 ਕਰੋੜ ਰੁਪਏ ਦੇ ਬੋਫੋਰਸ ਸੋਦੇ ਵਿਚ ਵਿਨ ਚੱਢਾ ਦੇ ਨਾਲ 41 ਕਰੋੜ ਰੁਪਏ ਰਿਸ਼ਵਤ ਲੈਣ ਦਾ ਦੋਸ਼ੀ ਪਾਇਆ ਗਿਆ ਹੈ, ਨੂੰ ਭਾਰਤ ਅੰਦਰੋ ਸੁਰੱਖਿਅਤ ਬਾਹਰ ਕਢਣ ਅਤੇ ਸੀ ਬੀ ਆਈ ਤੋਂ ਕਲੀਨ ਚਿਟ ਦਵਾਉਣ ਦੇ ਮਾਮਲੇ ਵਿਚ ਯੂ ਪੀ ਏ ਮੁਖੀ ਸ੍ਰੀਮਤੀ ਸੋਨੀਆ ਗਾਂਧੀ ਵਿਰੁੱਧ ਫੌਜਦਾਰੀ ਮੁਕੱਦਮਾ ਚਲਾਏ ਜਾਣ ਦੀ ਮੰਗ ਕੀਤੀ ਹੈ।

ਇਥੇ ਜਾਰੀ ਇਕ ਬਿਆਨ ਵਿਚ ਸ੍ਰੀ ਸੇਖਵਾਂ ਨੇ ਕਿਹਾ ਕਿ ਆਮਦਨ ਕਰ ਟ੍ਰਿਬਿਊਨਲ ਦੇ ਫੈਸਲੇ ਨੇ ਇਹ ਗੱਲ ਜਗ ਜਾਹਰ ਕਰ ਦਿੱਤੀ ਹੈ ਕਿ ਸੀ ਬੀ ਆਈ ਨੇ ਕਿਸ ਤਰ੍ਹਾਂ ਟ੍ਰਿਬਿਊਨਲ ਦੀਆਂ ਲੱਭਤਾਂ ਦੇ ਉਲਟ ਕੁਆਤਰੋਚੀ ਦਾ ਪੱਖ ਪੂਰਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਬਿਊਰੋ ਆਫ ਇਨਵੈਸਟੀਗੇਸ਼ਨ ਵਜੋ ਕੰਮ ਕਰ ਰਹੀ ਸੀ ਬੀ ਆਈ, ਯੂ ਪੀ ਏ ਮੁਖੀ ਦੇ ਦਬਾਅ ਦਾ ਸਾਹਮਣਾ ਨਹੀ ਕਰ ਸਕੀ ਅਤੇ ਆਪਣੇ ਫਰਜ ਨੂੰ ਅਦਾ ਕਰਨ ਵਿਚ ਬੁਰੀ ਤਰ੍ਹਾਂ ਅਸਫਲ ਹੋਈ ਹੈ।

ਸ੍ਰੀ ਸੇਖਵਾਂ ਨੇ ਯਾਦ ਦਵਾਇਆ ਕਿ ਸੀ ਬੀ ਆਈ ਨੇ 2003 ਵਿਚ ਕੁਆਤਰੋਚੀ ਦੇ ਲੰਦਨ ਵਿਚਲੇ ਖਾਤੇ ਇਹ ਕਹਿ ਕਿ ਸੀਲ ਕਰਵਾ ਦਿੱਤੇ ਸਨ ਕਿ ਇਨ੍ਹਾਂ ਖਾਤਿਆਂ ਵਿਚ ਰਿਸ਼ਵਤ ਦਾ ਪੈਸਾ ਜਮ੍ਹਾਂ ਹੋਇਆ ਹੈ ਅਤੇ 2006 ਵਿਚ ਯੂ ਪੀ ਏ ਦੇ ਕਾਰਜਕਾਲ ਦੌਰਾਨ ਇਹ ਕਹਿ ਕਿ ਚਾਲੂ ਕਰਵਾ ਦਿੱਤੇ ਕਿ ਇਨ੍ਹਾਂ ਵਿਚ ਰਿਸ਼ਵਤ ਦਾ ਪੈਸਾ ਨਹੀਂ ਗਿਆ। ਇਥੇ ਹੀ ਬਸ ਨਹੀਂ, 1999 ਵਿਚ ਦਾਖਲ ਦੋਸ਼ ਪੱਤਰ ਵਿਚ ਦੋਸ਼ੀਆਂ ਦੀ ਕਤਾਰ ਵਿਚ ਸ਼ਾਮਲ ਕੀਤੇ ਗਏ ਕੁਆਤਰੋਚੀ ਦਾ 2009 ਦੋਸ਼ ਪੱਤਰ ਵਿਚੋਂ ਨਾਂ ਇਹ ਕਹਿ ਕਿ ਕਢਵਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਦਸ ਸਾਲ ਦੀ ਲੰਬੀ ਜਾਂਚ ਪੜਤਾਲ ਅਤੇ ਮੁਕੱਦਮੇ ਉਪਰੰਤ ਉਸ ਕੋਲ ਕੁਆਤਰੋਚੀ ਖਿਲਾਫ ਢੁਕਵੇਂ ਸਬੂਤ ਨਹੀਂ ਹਨ।


*ਸੇਵਾ ਸਿੰਘ ਸੇਖਵਾਂ*

ਸੀਨੀਅਰ ਅਕਾਲੀ ਆਗੂ ਨੇ ਕੁਆਤਰੋਚੀ ਦੇ ਖਾਤੇ ਮੁੜ ਚਾਲੂ ਕਰਵਾਉਣ ਵਾਲੇ ਉਸ ਵੇਲੇ ਦੇ ਕੇਂਦਰੀ ਕਾਨੂੰਨ ਮੰਤਰੀ ਤੇ ਕਰਨਾਟਕ ਦੇ ਮੌਜੂਦਾ ਗਵਰਨਰ ਸ੍ਰੀ ਐਚ ਆਰ ਭਾਰਦਵਾਜ ਦੀ ਤੁਰੰਤ ਬਰਤਰਫੀ ਦੀ ਮੰਗ ਵੀ ਕੀਤੀ ਹੈ।

ਸ੍ਰੀ ਸੇਖਵਾਂ ਨੇ ਇਸ ਬੇਹਦ ਗੰਭੀਰ ਮੁੱਦੇ ਤੇ ਯੂ ਪੀ ਏ ਮੁਖੀ ਨੂੰ ਰਾਸ਼ਟਰ ਅੱਗੇ ਸਪਸ਼ਟੀਕਰਨ ਦੇਣ ਲਈ ਕਹਿੰਦਿਆਂ ਮੰਗ ਕੀਤੀ ਕਿ ਦੇਸ਼ ਦੇ ਰਾਸ਼ਟਰਪਤੀ ਇਸ ਮੁੱਦੇ ਦਾ ਆਪਣੇ ਤੌਰ ਤੇ ਨੋਟਿਸ ਲੈਂਦੇ ਹੋਏ ਇਸ ਸਮੁੱਚੇ ਫਰਾਡ ਲਈ ਯੂ ਪੀ ਏ ਮੁਖੀ ਸੋਨੀਆ ਗਾਂਧੀ ਅਤੇ ਸਾਬਕਾ ਕਾਨੂੰਨ ਮੰਤਰੀ ਐਚ ਆਰ ਭਾਰਦਵਾਜ ਵਿਰੁੱਧ ਫੌਜਦਾਰੀ ਮੁਕੱਦਮੇ ਚਲਾਏ ਜਾਣ ਦੇ ਨਿਰਦੇਸ਼ ਦੇਣ।

## Matrimonials

### ਵਰ ਦੀ ਲੋੜ

Ramgarhia Sikh parents seek professionally, qualified boy under 35 (issueless, if divorced) from US/Canada for their dentist daughter, 31 yrs, 5'-6", divorced/issueless, living in Canada. Please respond with bio data and recent picture to: match2k@gmail.com

Professional Sikh match for Parjapat Sikh girl, 30, 5'-6", working with US University on H1 visa, PhD (Molecular biology) from US. Caste no bar. Contact at 91-98784-59056 or email piscean100@yahoo.com

### ਕੰਨਿਆ ਦੀ ਲੋੜ

Good looking, well educated USA settled family girl for Ramgharia Sikh cleanshave boy, 28, 5' 10", M.S from USA, Settled in Michigan, permanent job. Caste no bar. Contact: 425-773-9030, 425-307-1050 or email psingh03850@gmail.com.

Alliance for handsome, clean shaven, sincere, God fearing, 43, 5'-7" Sikh boy. Masters in Edu., Bachelor in Computer math from US, teaching professional, divorcees considered, cast no bar, Ph: 323-573-9315, e-mail: Singhb1@yahoo.com

INDO US EXPRESS, INC.
Worlwide Couriers * Freight Forwards
Domestic & Local Delivery
We Thank Our Customers For Their Trust & Loyalty
17 Years of Excellent Customer Service
FOR COMPETITIVE RATES CALL
1-800-870-5845
PICK-UP & DELIVERY
ANYWHERE IN USA
43-50, 11th St., Suite No. 109, LIC, New York, N.Y.11101
Tel: 212-447-5720 • Fax: 212-213-3622
www.indousexpress.com
Email: GSingh9070@aol.com • Cell: 1-347-538-7041
7 Days A Week
CALL ABOUT OUR SPECIAL RATES TO
INDIA

ਓਨਰ ਅਪਰੇਟਰ ਅਤੇ ਡਰਾਈਵਰ
ਚਾਹੀਦੇ ਹਨ
ਰੀਫਰ ਅਤੇ ਡਰਾਈ ਲੋਡ
*Fuel advance
*We pay every 15 days (after complete paper work). Every 1st & 15 of month.
*We pay for toll and help for repair on road
*No forced dispatch
ਸਾਡੇ ਕੋਲ ਮਿਡਵੈਸਟ ਤੋਂ ਕੈਲੀਫੋਰਨੀਆ, ਮਿਡਵੈਸਟ ਤੋਂ ਟੈਕਸਸ, ਮਿਡਵੈਸਟ ਤੋਂ ਨਾਰਥ-ਈਸਟ, ਨਾਰਥ-ਈਸਟ ਤੋਂ ਕੈਲੀਫੋਰਨੀਆ ਰੂਟ ਹਨ
ਸੰਪਰਕ ਕਰੋ-ਫੋਨ:317-702-6452
Somal Trucking Company
Novelsville, IN, Ph:317-702-6452

**Punjab Times**
**Established in 2000**
**12th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
661-889-1927
Shiara Dhindsa
Photographer
661-703-6664

**New York**
Iqbal S. Jabowalia
917-375-6395
**Circulation**
Harbhajan Singh
917-856-5229

**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਡੇਰਾ ਸਿਰਸਾ ਅਤੇ ਸਿੱਖਾਂ 'ਚ ਮੁੜ ਟਕਰਾਅ

*(ਸਫਾ ਇਕ ਦੀ ਬਾਕੀ)*

ਦੌਰਾਨ ਇਕ ਸੀਨੀਅਰ ਪੁਲਿਸ ਅਧਿਕਾਰੀ ਦੀ ਗੱਡੀ ਵੀ ਭੰਨੀ ਗਈ ਅਤੇ ਬਹੁਤ ਸਾਰੇ ਲੋਕਾਂ ਨੂੰ ਸੱਟਾਂ ਵੀ ਲੱਗੀਆਂ। ਹਾਲਾਤ ਵਿਗੜਦੇ ਦੇਖ ਕੇ ਜ਼ਿਲ੍ਹਾ ਪੁਲਿਸ ਨੇ ਕਸਬੇ ਵਿਚ ਅਣਮਿਥੇ ਸਮੇਂ ਲਈ ਕਰਫਿਊ ਲਾ ਦਿੱਤਾ।

ਸੰਤ ਬਲਜੀਤ ਸਿੰਘ ਦਾਦੂਵਾਲ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਜਨਮ ਦਿਵਸ ਸਬੰਧੀ ਭੀਖੀ ਦੇ ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿਖੇ ਧਾਰਮਿਕ ਸਮਾਗਮ ਕੀਤੇ ਗਏ। ਡੇਰਾ ਸਿਰਸਾ ਦੇ ਪ੍ਰੇਮੀਆਂ ਵੱਲੋਂ ਸੰਤ ਦਾਦੂਵਾਲ ਅਤੇ ਸਮਾਗਮ ਵਿਚ ਡੇਰਾ ਮੁਖੀ ਖ਼ਿਲਾਫ਼ ਟਿੱਪਣੀ ਕਰਨ 'ਤੇ ਸਥਿਤੀ ਵਿਗੜਨ ਦੀ ਚਿਤਾਵਨੀ ਦਿੱਤੀ ਗਈ ਸੀ। ਦੋ ਜਨਵਰੀ ਨੂੰ ਸੰਤ ਦਾਦੂਵਾਲ ਨੂੰ ਸਮਾਗਮ ਵਿਚ ਪਹੁੰਚਣ ਤੋਂ ਪਹਿਲਾਂ ਹੀ ਬਠਿੰਡਾ ਜ਼ਿਲ੍ਹਾ ਦੇ ਕਸਬੇ ਕੋਟ ਸ਼ਮੀਰ ਦੇ ਗੁਰਦੁਆਰਾ ਗਦਾਲੀਸਰ ਤੋਂ ਪੁਲਿਸ ਨੇ ਹਿਰਾਸਤ ਵਿਚ ਲੈ ਕੇ ਮਾਨਸਾ ਜ਼ਿਲ੍ਹੇ ਦੇ ਪਿੰਡ ਕੁਸਲਾ ਦੇ ਨਹਿਰੀ ਰੈਸਟ ਹਾਊਸ ਵਿਚ ਨਜ਼ਰਬੰਦ ਕਰ ਦਿੱਤਾ।

ਉਧਰ ਜਦੋਂ ਭੀਖੀ ਦੀਵਾਨ ਸੁਣਨ ਆਈ ਸੰਗਤ ਨੂੰ ਸੰਤ ਦਾਦੂਵਾਲ ਦੀ ਗ੍ਰਿਫ਼ਤਾਰੀ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਰੋਸ ਵਜੋਂ ਮਾਨਸਾ-ਚੰਡੀਗੜ੍ਹ ਮੁੱਖ ਸੜਕ 'ਤੇ ਜਾਮ ਲਾ ਦਿੱਤਾ ਅਤੇ ਪੰਜਾਬ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਦੂਜੇ ਪਾਸੇ ਸੰਤ ਦਾਦੂਵਾਲ ਦੀ ਗ੍ਰਿਫ਼ਤਾਰੀ ਉਪਰੰਤ ਡੇਰਾ ਪ੍ਰੇਮੀ ਵੀ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ ਸੰਤ ਦੇ ਹਮਾਇਤੀਆਂ ਦੇ ਬਿਲਕੁਲ ਨੇੜੇ ਪਹੁੰਚ ਗਏ। ਪੁਲਿਸ ਨੇ ਦੋਵਾਂ ਧਿਰਾਂ ਨੂੰ ਸ਼ਾਂਤ ਰਹਿਣ ਦੀ ਵਾਰ-ਵਾਰ ਅਪੀਲ ਕੀਤੀ ਪਰ ਜਦੋਂ ਤਣਾਅ ਵਿਚ ਕੋਈ ਕਮੀ ਨਾ ਆਈ ਤਾਂ ਪੁਲਿਸ ਨੇ ਹਾਲਾਤ ਦਰੁਸਤ ਰੱਖਣ ਲਈ ਹੋਰ ਫੋਰਸ ਮੰਗਵਾ ਲਈ। ਦੋਵੇਂ ਪਾਸੇ ਜੁੜੀ ਭੀੜ ਵਿਚਕਾਰ ਕੁਝ ਦੂਰੀ ਤੋਂ ਦੂਸ਼ਣਬਾਜ਼ੀ ਹੁੰਦੀ ਰਹੀ। ਜਿਉਂ ਹੀ ਦੋਵਾਂ ਵਿਚਕਾਰ ਟਕਰਾਓ ਦੇ ਹਾਲਾਤ ਬਣਨ ਲੱਗੇ ਤਾਂ ਪੁਲਿਸ ਨੇ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ ਸੰਤ ਦਾਦੂਵਾਲ ਦੇ ਹਮਾਇਤੀਆਂ 'ਤੇ ਲਾਠੀਚਾਰਜ ਸ਼ੁਰੂ ਕਰ ਦਿੱਤਾ ਜਿਸ ਦੌਰਾਨ ਭਾਜੜ ਪੈ ਗਈ। ਬਹੁਤੇ ਲੋਕਾਂ ਨੇ ਗਲੀਆਂ, ਦੁਕਾਨਾਂ ਅਤੇ ਹੋਰ ਥਾਂਵਾਂ 'ਤੇ ਲੁਕ ਕੇ ਆਪਣਾ ਬਚਾਅ ਕੀਤਾ। ਇਸ ਵਿਚ ਕਈ ਔਰਤਾਂ ਵੀ ਸ਼ਾਮਲ ਸਨ। ਪੁਲਿਸ ਨੇ ਜਦੋਂ ਲਾਠੀਚਾਰਜ ਕੀਤਾ ਤਾਂ ਸੰਤ ਦਾਦੂਵਾਲ ਦੇ ਹਮਾਇਤੀਆਂ ਨੇ ਪੁਲਿਸ 'ਤੇ ਪਥਰਾ ਵੀ ਕੀਤਾ ਜਿਸ ਦੌਰਾਨ ਬਹੁਤ ਸਾਰੇ ਲੋਕਾਂ ਤੋਂ ਇਲਾਵਾ ਪੁਲਿਸ ਮੁਲਾਜ਼ਮ ਵੀ ਜ਼ਖ਼ਮੀ ਹੋ ਗਏ।

ਪੁਲਿਸ ਨੇ ਇਹਤਿਆਤ ਵਜੋਂ ਫਿਰ ਕਿਸੇ ਨੂੰ ਵੀ ਅੱਗੇ ਨਾ ਜਾਣ ਦਿੱਤਾ। ਇਸ 'ਤੇ ਸਿੱਖ ਆਗੂਆਂ ਨੇ ਰੋਸ ਵਜੋਂ ਸੜਕ 'ਤੇ ਜਾਮ ਲਾ ਦਿੱਤਾ।

ਰਿਹਾਈ ਤੋਂ ਬਾਅਦ ਪਿੰਡ ਕੋਟਸ਼ਮੀਰ ਵਿਚ ਗੁਰਦੁਆਰਾ ਜੰਡਾਲੀਸਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸੰਤ ਦਾਦੂਵਾਲ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਪੰਜਾਬ ਸਰਕਾਰ ਨੇ ਬੇਕਸੂਰ ਸਿੱਖ ਸੰਗਤ ਖਿਲਾਫ ਕਾਰਵਾਈ ਬੰਦ ਨਾ ਕੀਤੀ ਤਾਂ ਉਹ ਸੰਘਰਸ਼ ਕਰਨਗੇ। ਉਨ੍ਹਾਂ ਕਿਹਾ ਕਿ ਸਰਕਾਰ ਉਨ੍ਹਾਂ ਕੋਲੋਂ ਬੋਲਣ ਦਾ ਅਧਿਕਾਰ ਵੀ ਖੋਹਣਾ ਚਾਹੁੰਦੀ ਹੈ। ਉਂਜ ਉਨ੍ਹਾਂ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੂੰ ਨਿਸ਼ਾਨਾ ਤਾਂ ਬਣਾਇਆ ਪਰ ਆਪਣੀ ਸੁਰ ਢਿੱਲੀ ਵੀ ਰੱਖੀ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਦੀ ਇਹ ਧੱਕੇਸ਼ਾਹੀ ਹੈ ਕਿ ਡੇਰਾ ਪ੍ਰੇਮੀਆਂ ਦੀ ਸਤਿਸੰਗ ਵਾਸਤੇ ਤਾਂ ਪੁਲਿਸ ਪਹਿਰਾ ਲਾਇਆ ਜਾਂਦਾ ਹੈ ਅਤੇ ਸਿੱਖ ਸਮਾਗਮਾਂ 'ਤੇ ਰੋਕ ਲਗਾਈ ਜਾਂਦੀ ਹੈ। ਪੰਜਾਬ ਸਰਕਾਰ ਡੇਰਾ ਸਿਰਸਾ ਦਾ ਪੱਖ ਪੂਰ ਰਹੀ ਹੈ। ਉਨ੍ਹਾਂ ਆਖਿਆ ਕਿ ਜਦੋਂ ਉਹ ਹਰਿਆਣਾ ਅਤੇ ਰਾਜਸਥਾਨ ਤੋਂ ਇਲਾਵਾ ਯੂ.ਪੀ ਵਿਚ ਧਾਰਮਿਕ ਸਮਾਗਮ ਕਰਦੇ ਹਨ ਤਾਂ ਉਥੋਂ ਦੀਆਂ ਸਰਕਾਰਾਂ ਕੋਈ ਅੜਿੱਕਾ ਨਹੀਂ ਪਾਉਂਦੀਆਂ ਪਰ ਪੰਜਾਬ ਸਰਕਾਰ ਸਮਾਗਮ ਵੀ ਨਹੀਂ ਹੋਣ ਦਿੰਦੀ। ਜ਼ਿਕਰਯੋਗ ਹੈ ਕਿ ਸਿੱਖ ਸੰਗਤ ਖਿਲਾਫ ਪਹਿਲਾਂ ਸਖ਼ਤ ਧਾਰਾਵਾਂ ਲਾਈਆਂ ਗਈਆਂ ਸਨ। ਉਨ੍ਹਾਂ ਦਾਅਵਾ ਕੀਤਾ ਕਿ ਉਨ੍ਹਾਂ ਨੇ ਭੀਖੀ ਸਮਾਗਮ ਵਿਚ ਕੁਝ ਵੀ ਗਲਤ ਨਹੀਂ ਕਿਹਾ ਸੀ ਅਤੇ ਨਾ ਹੀ ਕਿਸੇ ਦਾ ਨਾਮ ਲਿਆ ਸੀ। ਉਨ੍ਹਾਂ ਆਖਿਆ ਕਿ ਸਰਕਾਰ ਨੇ ਵੋਟਾਂ ਖਾਤਰ ਡੇਰਾ ਪ੍ਰੇਮੀਆਂ ਦਾ ਸਾਥ ਦਿੱਤਾ।

# ਪੰਥਕ ਧਿਰਾਂ ਨੇ ਸਰਕਾਰ ਨੂੰ ਘੇਰਿਆ

**ਚੰਡੀਗੜ੍ਹ:** ਇਸ ਘਟਨਾ ਲਈ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਵੱਖ-ਵੱਖ ਪੰਥਕ ਧਿਰਾਂ ਨੇ ਲਾਠੀਚਾਰਜ ਕਰਨ ਵਾਲੇ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਅਕਾਲੀ ਦਲ (ਪੰਚ ਪ੍ਰਧਾਨੀ), ਦਲ ਖਾਲਸਾ, ਖਾਲਸਾ ਪੰਚਾਇਤ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਹੈ ਕਿ ਇਸ ਘਟਨਾ ਤੋਂ ਆਪਣੇ ਆਪ ਨੂੰ ਪੰਥਕ ਅਖਵਾਉਣ ਵਾਲੀ ਅਕਾਲੀ ਦਲ (ਬਾਦਲ) ਦੀ ਸਰਕਾਰ ਦਾ ਅਸਲ ਚਿਹਰਾ ਸਾਹਮਣੇ ਆ ਗਿਆ ਹੈ।

ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਆਪਣੇ ਜਥੇ ਨਾਲ ਜਦੋਂ ਭੀਖੀ ਵਿਖੇ ਸਿੱਖ ਸ਼ਰਧਾਲੂਆਂ ਦੀ ਹੋਈ ਕੁੱਟਮਾਰ ਦੀ ਜਾਣਕਾਰੀ ਲੈਣ ਲਈ ਪਹੁੰਚੇ ਤਾਂ ਉਨ੍ਹਾਂ ਨੂੰ ਮਾਨਸਾ ਜ਼ਿਲ੍ਹੇ ਦੇ ਬਾਹਰ ਮਾਨਸਾ-ਚੰਡੀਗੜ੍ਹ ਮੁੱਖ ਮਾਰਗ ਪੁਲਿਸ ਨਾਕੇ 'ਤੇ ਮਾਨਸਾ ਪੁਲਿਸ ਨੇ ਰੋਕ ਲਿਆ ਜਿਥੇ ਉਨ੍ਹਾਂ ਪਾਰਟੀ ਦੇ ਜਨਰਲ ਸਕੱਤਰ ਗੁਰਸੇਵਕ ਸਿੰਘ ਜਵਾਹਰਕੇ, ਗੁਰਪ੍ਰੀਤ ਸਿੰਘ ਝੱਬਰ ਸਮੇਤ ਇਕ ਘੰਟਾ ਧਰਨਾ ਦਿੱਤਾ। ਸ. ਮਾਨ ਨੇ ਦੋਸ਼ ਲਾਇਆ ਕਿ ਬਾਦਲ ਸਰਕਾਰ ਦੇ ਕਹਿਣ 'ਤੇ ਪੁਲਿਸ ਨੇ ਭੀਖੀ ਵਿਖੇ ਦਸਵੀਂ ਪਾਤਸ਼ਾਹੀ ਬਾਰੇ ਲੱਗੇ ਦੀਵਾਨ ਸੁਣਨ ਆਈ ਸਿੱਖ ਸੰਗਤ 'ਤੇ ਲਾਠੀਚਾਰਜ ਕੀਤਾ ਤੇ ਇਸ ਤਹਿਤ ਹੀ ਬਲਜੀਤ ਸਿੰਘ ਦਾਦੂਵਾਲ ਸਮੇਤ 750 ਦੇ ਕਰੀਬ ਸਿੱਖਾਂ ਵਿਰੁਧ ਮਾਮਲਾ ਦਰਜ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਹੁਣ ਸਿੱਖਾਂ ਤੋਂ ਪ੍ਰਕਾਸ਼ ਦਿਹਾੜਾ ਮਨਾਉਣ ਦਾ ਹੱਕ ਵੀ ਖੋਹਣ ਲੱਗੀ ਹੈ ਤੇ ਪੂਰੀ ਤਰ੍ਹਾਂ ਡੇਰੇ ਦੇ ਸਾਧਾਂ ਦੀ ਸੁਰੱਖਿਆ ਕਰਨ ਵਿਚ ਜੁਟ ਗਈ ਹੈ।

ਇਸ ਦੇ ਨਾਲ ਹੀ ਅਕਾਲੀ ਦਲ (ਪੰਚ ਪ੍ਰਧਾਨੀ), ਦਲ ਖਾਲਸਾ ਤੇ ਖਾਲਸਾ ਪੰਚਾਇਤ ਨੇ ਪੰਜਾਬ ਸਰਕਾਰ ਤੇ ਪੰਥਕ ਪਾਰਟੀ ਦੀ ਆੜ ਹੇਠ ਪੰਥ ਵਿਰੋਧੀ ਤਾਕਤਾਂ ਦੀ ਹਮਾਇਤ ਕਰਨ ਦਾ



ਦੋਸ਼ ਲਾਇਆ ਹੈ।

ਅਕਾਲੀ ਦਲ (ਪੰਚ ਪ੍ਰਧਾਨੀ) ਦੇ ਹਰਪਾਲ ਸਿੰਘ ਚੀਮਾ, ਦਲ ਖਾਲਸਾ ਦੇ ਕੰਵਰਪਾਲ ਸਿੰਘ ਤੇ ਖਾਲਸਾ ਪੰਚਾਇਤ ਦੇ ਰਾਜਿੰਦਰ ਸਿੰਘ ਨੇ ਭੀਖੀ ਦੀ ਘਟਨਾ ਨੂੰ ਸਰਕਾਰ ਦੀ ਇਕ ਧਿਰ ਵਿਰੋਧੀ ਕਾਰਵਾਈ ਦਾ ਨਤੀਜਾ ਕਰਾਰ ਦਿੱਤਾ। ਇਨ੍ਹਾਂ ਆਗੂਆਂ ਦਾ ਕਹਿਣਾ ਸੀ ਕਿ ਇਕ ਪਾਸੇ ਤਾਂ ਸਰਕਾਰ ਵੱਲੋਂ ਉਸੇ ਥਾਂ ਡੇਰਾ ਸਿਰਸਾ ਦੇ ਸਤਿਸੰਗ ਨੂੰ ਸਰਕਾਰੀ ਸਰਪ੍ਰਸਤੀ ਵਿਚ ਕਰਵਾਇਆ ਜਾ ਰਿਹਾ ਸੀ ਤੇ ਦੂਜੇ ਪਾਸੇ ਸਿੱਖਾਂ ਵੱਲੋਂ ਲਾਏ ਧਾਰਮਿਕ ਦੀਵਾਨਾਂ ਨੂੰ ਵੀ ਰੋਕਿਆ ਜਾ ਰਿਹਾ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਕੋਲੋਂ ਮੰਗ ਕੀਤੀ ਕਿ ਉਹ ਸੂਬੇ ਦੀ ਪੰਥਕ ਅਖਵਾਉਣ ਵਾਲੀ ਸਰਕਾਰ ਵੱਲੋਂ ਸ੍ਰੀ ਅਕਾਲ ਤਖ਼ਤ ਦੇ ਹੁਕਮਨਾਮੇ ਦੀ ਉਲੰਘਣਾ ਰੋਕਣ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਜਥੇਦਾਰ ਸ੍ਰੀ ਅਕਾਲ ਤਖ਼ਤ ਤੇ ਪੰਜਾਬ ਦੀ ਅਖੌਤੀ ਪੰਥਕ ਸਰਕਾਰ ਦੇ ਆਗੂ ਸਿੱਖ ਸੰਗਤਾਂ ਦੇ ਜਜ਼ਬਾਤ ਦਾ ਇਮਤਿਹਾਨ ਨਾ ਲੈਣ ਤੇ ਦੋਸ਼ੀ ਪੁਲਿਸ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਸਮੂਹ ਸਿੱਖ ਸੰਗਤਾਂ ਤੇ ਪੰਥਕ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਉਹ ਡੇਰਾ ਮੁਖੀ ਦੇ ਮਨਸੂਬਿਆਂ ਨੂੰ ਅਸਫਲ ਕਰਨ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਨੂੰ ਲਾਗੂ ਕਰਨ ਲਈ ਇਕ ਮੰਚ 'ਤੇ ਇਕੱਠੇ ਹੋਣ।

# ਲਹਿੰਦੇ ਪੰਜਾਬ ਦੇ ਰਾਜਪਾਲ ਦੀ ਗੋਲੀਆਂ ਮਾਰ ਕੇ ਹੱਤਿਆ

*(ਸਫਾ ਇਕ ਦੀ ਬਾਕੀ)*

ਇਕ ਭਾਰਤੀ ਸੀਨੀਅਰ ਪੱਤਰਕਾਰ ਤਵਲੀਨ ਸਿੰਘ ਨਾਲ ਵੀ ਵਿਆਹ ਕਰਵਾਇਆ ਸੀ।

ਮਿਲੀਆਂ ਰਿਪੋਰਟਾਂ ਮੁਤਾਬਕ ਤਾਸੀਰ ਦੇ ਘੱਟੋ-ਘੱਟ 9 ਗੋਲੀਆਂ ਲੱਗੀਆਂ ਤੇ ਉਸ ਦੀ ਗਰਦਨ ਤੇ ਛਾਤੀ 'ਤੇ ਗੰਭੀਰ ਜ਼ਖ਼ਮ ਸਨ। ਪੁਲਿਸ ਨੇ 6 ਵਿਅਕਤੀਆਂ ਨੂੰ ਇਸ ਬਾਰੇ ਹਿਰਾਸਤ 'ਚ ਲਿਆ ਹੈ। ਤਾਸੀਰ, ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਦਾ ਬਹੁਤ ਨੇੜਲਾ ਦੱਸਿਆ ਜਾਂਦਾ ਹੈ ਤੇ ਉਹ ਪੰਜਾਬ 'ਚ ਵੱਧ ਰਹੇ ਇਸਲਾਮਿਕ ਅਤਿਵਾਦ ਦਾ ਬਹੁਤ ਵੱਡਾ ਆਲੋਚਕ ਸੀ।

ਗ੍ਰਹਿ ਮੰਤਰੀ ਰਹਿਮਾਨ ਮਲਿਕ ਨੇ ਕਰਾਚੀ 'ਚ ਪੱਤਰਕਾਰਾਂ ਨੂੰ ਦੱਸਿਆ ਕਿ ਗਵਰਨਰ 'ਤੇ ਹਮਲਾ ਕਰਨ ਵਾਲੇ ਗਾਰਡ ਦਾ ਨਾਂ ਮਲਿਕ ਮੁਮਤਾਜ਼ ਹੁਸੈਨ ਕਾਦਰੀ ਹੈ ਤੇ ਉਹ ਰਾਵਲਪਿੰਡੀ ਤੋਂ ਹੈ। ਗਵਰਨਰ 'ਤੇ ਗੋਲੀਆਂ ਚਲਾਉਣ ਮਗਰੋਂ ਗਾਰਡ ਨੇ ਹਥਿਆਰ ਹੇਠਾਂ ਸੁੱਟ ਕੇ ਦੋਵੇਂ ਹੱਥ ਖੜ੍ਹੇ ਕਰਕੇ ਪੁਲਿਸ ਅੱਗੇ ਸਮਰਪਣ ਕਰ ਦਿੱਤਾ ਤੇ ਕਿਹਾ ਕਿ ਉਸ ਨੇ ਤਾਸੀਰ ਨੂੰ 'ਕੁਫ਼ਰ ਵਿਰੋਧੀ ਕਾਨੂੰਨ' ਨੂੰ ਕਾਲਾ ਕਾਨੂੰਨ ਕਹਿਣ ਕਰਕੇ ਮਾਰਿਆ ਹੈ।

ਗ੍ਰਹਿ ਮੰਤਰੀ ਨੇ ਕਿਹਾ ਕਿ ਇਹ ਤਾਂ ਗਵਰਨਰ ਦੇ ਬਾਡੀਗਾਰਡ ਦਾ ਕਹਿਣਾ ਹੈ ਪਰ ਇਹ ਪਤਾ ਲਾਉਣ ਲਈ ਜਾਂਚ ਕਰਾਈ ਜਾਵੇਗੀ ਕਿ ਕੀ ਤਾਸੀਰ ਦੀ ਹੱਤਿਆ ਦਾ ਅਸਲ ਕਾਰਨ ਇਹੋ ਸੀ। ਤਾਸੀਰ ਦੀ ਸੁਰੱਖਿਆ ਲਈ ਲਾਏ ਇਲੀਟ ਫੋਰਸ ਦੇ ਸਾਰੇ ਗਾਰਡਾਂ ਨੂੰ ਹਿਰਾਸਤ 'ਚ ਲੈ ਲਿਆ ਗਿਆ ਪਰ ਕੇਵਲ ਕਾਦਰੀ ਨੂੰ ਉਸ ਦੇ ਇਕਬਾਲ ਕਰਕੇ ਰਸਮੀ ਤੌਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਤਾਸੀਰ ਨੇ ਸ਼ਰ੍ਹੇਆਮ ਕੁਫ਼ਰ ਵਿਰੋਧੀ ਕਾਨੂੰਨ ਦਾ ਵਿਰੋਧ ਕੀਤਾ ਸੀ। ਮਰਹੂਮ ਰਾਸ਼ਟਰਪਤੀ ਜਨਰਲ ਜ਼ਿਆ ਉਲ ਹੱਕ ਦੇ ਜ਼ਮਾਨੇ 'ਚ ਬਣੇ ਇਸ ਕਾਨੂੰਨ ਦੇ ਵਿਰੋਧ ਦੇ ਨਾਲ-ਨਾਲ ਤਾਸੀਰ ਨੇ ਪੰਜ ਬੱਚਿਆਂ ਦੀ ਮਾਂ 45 ਸਾਲਾ ਆਸੀਆ ਬੀਬੀ, ਇਕ ਈਸਾਈ ਔਰਤ ਨੂੰ ਮੁਆਫ ਕੀਤੇ ਜਾਣ ਲਈ ਵੀ ਮੁਹਿੰਮ ਚਲਾਈ ਸੀ ਜਿਸ ਨੂੰ ਮੁਹੰਮਦ ਸਾਹਿਬ ਦੀ ਤੌਹੀਨ ਦੇ ਦੋਸ਼ਾਂ 'ਚ ਮੌਤ ਦੀ ਸਜ਼ਾ ਸੁਣਾਈ ਗਈ ਸੀ।

ਇਥੇ ਇਹ ਜ਼ਿਕਰਯੋਗ ਹੈ ਕਿ ਤਾਸੀਰ ਨੇ ਕਿਸੇ ਸਮੇਂ ਭਾਰਤ ਦੀ ਸੀਨੀਅਰ ਪੱਤਰਕਾਰ ਤਵਲੀਨ ਸਿੰਘ ਨਾਲ ਵੀ ਵਿਆਹ ਕਰਵਾਇਆ ਸੀ। ਉਸ ਵੇਲੇ ਤਵਲੀਨ ਸਿੰਘ ਅਖਬਾਰ 'ਟੈਲੀਗ੍ਰਾਫ' 'ਚ ਕੰਮ ਕਰਦੀ ਸੀ। ਤਵਲੀਨ ਸਿੰਘ ਵਿਆਹ ਕਰਵਾ ਕੇ ਲਾਹੌਰ ਗਈ ਸੀ। ਕੁਝ ਸਮੇਂ ਮਗਰੋਂ ਤਾਸੀਰ ਨੇ ਤਵਲੀਨ ਤੋਂ ਟਲਣਾ ਸ਼ੁਰੂ ਕਰ ਦਿੱਤਾ ਤੇ ਫਿਰ ਜਦੋਂ ਪਤਾ ਲੱਗਿਆ ਕਿ ਉਹ ਗਰਭਵਤੀ ਹੈ ਤਾਂ ਤਾਸੀਰ ਨੇ ਬਹਾਨਾ ਲਾ ਦਿੱਤਾ ਕਿ ਉਹ ਨਵੀਂ ਦਿੱਲੀ ਚਲੀ ਜਾਵੇ ਤੇ ਕੁਝ ਸਮੇਂ ਮਗਰੋਂ ਉਹ ਵੀ ਉਥੇ ਉਸ ਕੋਲ ਪੁੱਜ ਜਾਵੇਗਾ ਕਿਉਂਕਿ ਪਾਕਿਸਤਾਨ 'ਚ ਉਨ੍ਹਾਂ ਦਾ ਬਹੁਤ ਵਿਰੋਧ ਹੋ ਰਿਹਾ ਸੀ। ਉਹਨੇ ਭਰੋਸਾ ਦਿੱਤਾ ਕਿ ਉਹ ਦੋਵੇਂ ਦਿੱਲੀ 'ਚ ਹੀ ਵਸਣਗੇ। ਇਸ ਭਰੋਸੇ 'ਤੇ ਤਵਲੀਨ ਸਿੰਘ ਭਾਰਤ ਆ ਗਈ ਪਰ ਤਾਸੀਰ ਨਾ ਦਿੱਲੀ ਆਇਆ ਤੇ ਨਾ ਹੀ ਉਸ ਨੇ ਆਪਣੇ ਪ੍ਰਭਾਵ ਨਾਲ ਤਵਲੀਨ ਦਾ ਪਾਕਿਸਤਾਨ ਦਾ ਵੀਜ਼ਾ ਲੱਗਣ ਦਿੱਤਾ।

1980 'ਚ ਲੰਡਨ 'ਚ ਬੱਚੇ ਦੇ ਜਨਮ ਵੇਲੇ ਵੀ ਤਾਸੀਰ ਗ਼ੈਰਹਾਜ਼ਰ ਹੀ ਰਿਹਾ। ਇਸ ਮਗਰੋਂ ਉਸ ਦੀ ਉਡੀਕ 'ਚ ਤਵਲੀਨ ਸਿੰਘ ਨੇ ਖੁਦ ਹੀ ਬੱਚਾ ਪਾਲਿਆ ਤੇ ਪੜ੍ਹਾਇਆ। ਤਵਲੀਨ ਸਿੰਘ ਤੇ ਸਲਮਾਨ ਤਾਸੀਰ ਦਾ ਪੁੱਤਰ ਆਤਿਸ਼ ਤਾਸੀਰ ਲੇਖਕ ਤੇ ਪੱਤਰਕਾਰ ਹੈ। ਸਿੱਖ ਨਾਨਕਿਆਂ ਦੇ ਘਰ ਪਲੇ ਆਤਿਸ਼ ਤਾਸੀਰ ਨੇ ਆਪਣੀਆਂ ਤਿੰਨ ਧਾਰਮਿਕ ਤੇ ਸੱਭਿਆਚਾਰਕ ਪਛਾਣਾਂ (ਹਿੰਦੂ, ਸਿੱਖ, ਮੁਸਲਿਮ) ਨੂੰ ਲੈ ਕੇ ਪੈਦਾ ਹੋਈ ਦੁਬਿਧਾ ਬਾਰੇ ਪੁਸਤਕ 'ਸਟਰੇਂਜਰ ਟੂ ਹਿਸਟਰੀ- ਏ ਸੰਨਜ਼ ਜਰਨੀ ਥਰੂ ਇਸਲਾਮਿਕ ਲੈਂਡਜ਼' ਲਿਖੀ ਹੈ। ਉਹਦੇ ਨਾਵਲ 'ਦ ਟੈਂਪਲ ਗੋਅਰਜ਼' ਨੂੰ ਵੀ ਕਾਫੀ ਭਰਵਾਂ ਹੁੰਗਾਰਾ ਮਿਲਿਆ ਹੈ।

## ਦੋ ਸਦੀਆਂ ਬਾਅਦ ਲੱਗਣਗੇ ਛੇ ਗ੍ਰਹਿਣ

**ਨਵੀਂ ਦਿੱਲੀ:** ਪੂਰਾ ਸੰਸਾਰ ਸਾਲ 2011 'ਚ ਦੋ ਸਦੀਆਂ ਬਾਅਦ ਛੇ ਗ੍ਰਹਿਣ ਵੇਖੇਗਾ ਜਿਸ 'ਚ ਚਾਰ ਸੂਰਜ ਨੂੰ ਤੇ ਦੋ ਚੰਦਰਮਾ ਨੂੰ ਲੱਗਣਗੇ। ਇਹ ਜਾਣਕਾਰੀ ਵਾਤਾਵਰਣ ਖੋਜ ਸੰਸਥਾ ਕੰਡਾਘਾਟ (ਹਿਮਾਚਲ ਪ੍ਰਦੇਸ਼) ਦੇ ਪ੍ਰਧਾਨ ਰਾਜੀਵ ਸ਼ਰਮਾ ਸੂਰੀ ਨੇ ਦਿੱਤੀ।

ਉਨ੍ਹਾਂ ਕਿਹਾ ਕਿ 2011 'ਚ ਇਹ ਛੇ ਗ੍ਰਹਿਣ 204 ਸਾਲ ਪਿੱਛੋਂ ਲੱਗ ਰਹੇ ਹਨ। ਸ੍ਰੀ ਸ਼ਰਮਾ ਅਨੁਸਾਰ ਸੂਰਜ ਨੂੰ ਪਹਿਲਾ ਗ੍ਰਹਿਣ 4 ਜਨਵਰੀ ਨੂੰ 12:10 ਤੋਂ 4:31 ਵਜੇ ਤਕ ਲੱਗੇਗਾ ਜਦਕਿ ਉਸ ਤੋਂ ਅਗਲਾ ਸੂਰਜ ਗ੍ਰਹਿਣ 2 ਜੂਨ ਨੂੰ ਲੱਗੇਗਾ ਜੋ ਕਿ ਭਾਰਤ 'ਚ ਨਹੀਂ ਵੇਖਿਆ ਜਾ ਸਕੇਗਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)
ਸ੍ਰੀ ਹੈਪੀ ਹੀਰ

## ਬਰਤਰਫੀ ਕਾਰਨ ਕੋਰਟ ਜਾਣਾ ਪਿਆ: ਗਿਲਜੀਆਂ

**ਨਿਊ ਯਾਰਕ:** ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਦੇ ਪ੍ਰਧਾਨ ਸ. ਜਰਨੈਲ ਸਿੰਘ ਗਿਲਜੀਆਂ ਨੇ ਕਿਹਾ ਹੈ ਕਿ ਉਨ੍ਹਾਂ ਦੇ ਕੋਰਟ ਜਾਣ ਦੀ ਵਜ੍ਹਾ, ਉਨ੍ਹਾਂ ਅਤੇ ਉਨ੍ਹਾਂ ਦੀ ਕਮੇਟੀ ਨੂੰ 13 ਮੈਂਬਰੀ ਕਮੇਟੀ ਵੱਲੋਂ ਟਾਈਮ ਤੋਂ ਪੰਦਰਾਂ ਦਿਨ ਪਹਿਲਾਂ ਹੀ ਬਰਤਰਫ਼ ਕਰਨਾ ਹੈ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਪ੍ਰਧਾਨ ਬਣੇ ਰਹਿਣ ਦੀ ਕੋਈ ਇੱਛਾ ਨਹੀਂ ਪਰ ਗੁਰਦੁਆਰਾ ਸਾਹਿਬ ਨੂੰ ਇਸ 13 ਮੈਂਬਰੀ ਕਮੇਟੀ ਤੋਂ ਮੁਕਤ ਕਰਵਾ ਕੇ ਅਤੇ ਆਮ ਮੈਂਬਰਸ਼ਿਪ ਬਣਵਾ ਕੇ ਸਾਧ-ਸੰਗਤ ਦੀ ਮਰਜ਼ੀ ਮੁਤਾਬਕ ਉਨ੍ਹਾਂ ਹਵਾਲੇ ਕਰ ਦੇਣਾ ਹੀ ਉਨ੍ਹਾਂ ਦਾ ਮੁੱਖ ਮੰਤਵ ਹੈ। ਉਨ੍ਹਾਂ ਕਿਹਾ ਕਿ ਗੁਰਮੇਜ ਸਿੰਘ ਹਰਸਾਵਾ ਨਾਲ ਵੀ ਉਨ੍ਹਾਂ ਦੇ ਕੋਈ ਮਤਭੇਦ ਨਹੀਂ। ਕੁਝ ਲੋਕ 12-13 ਸਾਲ ਤੋਂ ਗੁਰਦੁਆਰੇ ਨੂੰ ਆਪਣੀ ਮਰਜ਼ੀ ਨਾਲ ਇਸਤੇਮਾਲ ਕਰ ਰਹੇ ਹਨ, ਜਦੋਂ ਇਨ੍ਹਾਂ ਦੀ ਮਰਜ਼ੀ ਹੁੰਦੀ ਹੈ ਤਾਂ ਇਕ ਪ੍ਰਧਾਨ ਸਾਢੇ ਤਿੰਨ ਸਾਲ ਤਕ ਪ੍ਰਧਾਨਗੀ ਕਰਦਾ ਰਹਿੰਦਾ ਹੈ ਅਤੇ ਜਦੋਂ ਇਨ੍ਹਾਂ ਦੀ ਇੱਛਾ ਹੁੰਦੀ ਹੈ ਤਾਂ ਸਿਰਫ਼ ਇਕ ਸਾਲ ਵਾਸਤੇ ਪ੍ਰਧਾਨ ਬਣਾ ਕੇ ਪੂਰਾ ਸਾਲ ਉਸ ਨੂੰ ਕੰਮ ਵੀ ਨਹੀਂ ਕਰਨ ਦਿੱਤਾ ਜਾਂਦਾ। ਕੱਚੇ ਐਫ਼ੀਡੈਵਿਟ ਦੇ ਕੇ ਕਹਿੰਦੇ ਹਨ ਕਿ ਇਹ 9-ਮੈਂਬਰਾਂ ਦੀ ਨਿਜੀ ਜਾਇਦਾਦ ਹੈ। ਇਨ੍ਹਾਂ ਲੋਕਾਂ ਨੇ ਹੀ ਪਹਿਲਾਂ ਕੇਂਦਰੀ ਅਸਥਾਨ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਚ ਜੱਟ-ਲੁਬਾਣਾ ਰੌਲਾ ਪਾਇਆ ਅਤੇ ਬਿਲਕੁਲ ਉਸੇ ਤਰ੍ਹਾਂ ਹੁਣ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਾਲ ਕਰ ਰਹੇ ਹਨ।

# ਪੰਜਾਬ ਦੀਆਂ ਸੜਕਾਂ ਹੋਣਗੀਆਂ ਚੌੜੀਆਂ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਨੇ ਕੇਂਦਰ ਦੀ ਮਦਦ ਨਾਲ ਸੜਕਾਂ ਨੂੰ ਚੌੜੀਆਂ ਕਰਨ ਦਾ ਫੈਸਲਾ ਕੀਤਾ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਰਾਜ ਵਿਚ ਵਾਹਨਾਂ ਦੀ ਵੱਧ ਰਹੀ ਆਵਾਜਾਈ ਦੇ ਮੱਦੇਨਜ਼ਰ ਸਮੂਹ ਕੌਮੀ ਸ਼ਾਹ ਮਾਰਗਾਂ ਦੀ ਚੌੜਾਈ 7 ਮੀਟਰ ਦੇ ਕੌਮੀ ਮਾਪਦੰਡ ਤੋਂ ਵਧਾ ਕੇ 10 ਮੀਟਰ ਕੀਤੀ ਜਾ ਰਹੀ ਹੈ। ਇਹ ਸਹਿਮਤੀ ਕੇਂਦਰੀ ਆਵਾਜਾਈ ਮੰਤਰੀ ਕਮਲ ਨਾਥ ਵੱਲੋਂ ਸੁਖਬੀਰ ਸਿੰਘ ਬਾਦਲ ਨਾਲ ਹਾਲ ਵਿਚ ਹੀ ਕੀਤੀ ਗਈ ਮੁਲਾਕਾਤ ਦੌਰਾਨ ਰੱਖੇ ਗਏ ਪ੍ਰਸਤਾਵ ਦੇ ਜਵਾਬ ਵਿਚ ਦਿੱਤੀ ਗਈ ਹੈ।

ਉਪ ਮੁੱਖ ਮੰਤਰੀ ਨੇ ਰਾਜ ਦੇ ਵੱਖ-ਵੱਖ ਸੜਕੀ ਪ੍ਰਾਜੈਕਟਾਂ ਦੀ ਪ੍ਰਗਤੀ ਦੀ ਸਮੀਖਿਆ ਕਰਦਿਆਂ ਦੱਸਿਆ ਕਿ ਸਮੂਹ ਕੌਮੀ ਸ਼ਾਹ ਮਾਰਗਾਂ ਦੇ ਪਸਾਰ ਦੇ ਕੰਮ ਨੂੰ ਮੁਕੰਮਲ ਕਰਨ ਲਈ ਸਰਕਾਰ ਵੱਲੋਂ 171 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਗਿਆ ਹੈ ਤੇ ਇਹ ਕੰਮ ਜੂਨ ਮਹੀਨੇ ਤੱਕ ਮੁਕੰਮਲ ਕਰਨ ਦਾ ਟੀਚਾ ਹੈ। ਸ੍ਰੀ ਬਾਦਲ ਨੇ ਕਿਹਾ ਹੈ ਕਿ ਰਾਜ ਮਾਰਗਾਂ 'ਤੇ ਆਵਾਜਾਈ ਬਾਰੇ ਟਰੈਫਿਕ ਪੁਲਿਸ ਤੋਂ ਮੰਗੀ ਗਈ ਰਿਪੋਰਟ ਉਪਰੰਤ ਲੋੜ ਅਨੁਸਾਰ ਸੜਕਾਂ ਦੇ ਪਸਾਰ ਦਾ ਫੈਸਲਾ ਕੀਤਾ ਗਿਆ ਹੈ। ਉਪ ਮੁੱਖ ਮੰਤਰੀ ਨੇ ਦੱਸਿਆ ਕਿ 29 ਰੇਲਵੇ ਓਵਰ ਜਾਂ ਅੰਡਰਬ੍ਰਿਜਾਂ ਵਿਚੋਂ ਗਿੱਦੜਬਾਹਾ, ਲੁਧਿਆਣਾ-ਫਿਰੋਜ਼ਪੁਰ ਰੇਲ ਲਿੰਕ, ਮੋਰਿੰਡਾ, ਫਤਿਹਗੜ੍ਹ ਸਾਹਿਬ, ਬਠਿੰਡਾ, ਬੁਢਲਾਡਾ, ਬਰਨਾਲਾ, ਸਮਰਾਲਾ-ਚਾਵਾ ਸੜਕ ਤੇ ਬਿਆਸ ਵਿਖੇ 10 ਰੇਲਵੇ ਓਵਰਬ੍ਰਿਜਾਂ ਦੀ ਉਸਾਰੀ ਦਾ ਕੰਮ ਜਲਦੀ ਸਿਰੇ ਚੜ੍ਹਨ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਚੋਂ ਪੰਜ ਰੇਲਵੇ ਓਵਰਬ੍ਰਿਜ ਜੂਨ ਤੱਕ ਮੁਕੰਮਲ ਹੋ ਜਾਣਗੇ। 22 ਹੋਰ ਰੇਲਵੇ ਓਵਰਬ੍ਰਿਜਾਂ/ਅੰਡਰਬ੍ਰਿਜਾਂ ਦਾ ਨਿਰਮਾਣ ਕਾਰਜ ਵੀ ਤੇਜ਼ੀ ਨਾਲ ਚੱਲ ਰਿਹਾ ਹੈ ਤੇ ਇਨ੍ਹਾਂ ਦੇ ਵੀ ਚਾਲੂ ਸਾਲ ਦੇ ਅੰਤ ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਗਿਆ ਕਿ ਅੰਮ੍ਰਿਤਸਰ-ਤਰਨਤਾਰਨ, ਕੋਟਕਪੂਰਾ-ਫਰੀਦਕੋਟ, ਗੋਨਿਆਣਾ-ਬਠਿੰਡਾ, ਮੱਖੂ-ਜ਼ੀਰਾ-ਤਲਵੰਡੀ ਭਾਈ ਚੌਕ ਤੱਕ ਸੜਕਾਂ ਦੇ ਚਹੁੰ ਮਾਰਗੀਕਰਨ ਤੇ ਡੱਬਵਾਲੀ-ਮਲੋਟ-ਅਬੋਹਰ-ਫਾਜ਼ਿਲਕਾ ਸੜਕ ਦੇ ਮਜ਼ਬੂਤੀਕਰਨ ਤੇ ਇਸ ਦੀ ਚੌੜਾਈ 7 ਮੀਟਰ ਤੋਂ ਵਧਾ ਕੇ 10 ਮੀਟਰ ਕਰਨ ਦਾ ਕੰਮ 170 ਕਰੋੜ ਰੁਪਏ ਦੀ ਸਾਂਝੀ ਲਾਗਤ ਨਾਲ ਅਗਲੇ ਛੇ ਮਹੀਨਿਆਂ ਦੌਰਾਨ ਮੁਕੰਮਲ ਹੋ ਜਾਵੇਗਾ।



*ਸੁਖਬੀਰ ਬਾਦਲ ਨੈਸ਼ਨਲ ਹਾਈਵੇਅ ਪ੍ਰਾਜੈਕਟ ਸਬੰਧੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ*

## ਕੈਲੇਫੋਰਨੀਆ 'ਚ ਪੰਜਾਬ ਐਵੇਨਿਊ ਦੇ ਸਾਈਨਬੋਰਡ ਦੀ ਚੋਰੀ ਜਾਰੀ

**ਫਰਿਜ਼ਨੋ:** ਕੈਲੇਫੋਰਨੀਆ ਦੀ ਫਰਿਜ਼ਨੋ ਕਾਊਂਟੀ ਵਿਚਲੀ ਸੜਕ 'ਤੇ ਪੰਜਾਬ ਐਵੇਨਿਊ ਦੇ ਸਾਈਨਬੋਰਡਾਂ ਦੀ ਹੋ ਰਹੀ ਚੋਰੀ ਰੁਕਣ ਦਾ ਨਾਂ ਨਹੀਂ ਲੈ ਰਹੀ ਤੇ ਇਸ ਚੋਰੀ ਤੋਂ ਪ੍ਰੇਸ਼ਾਨ ਅਧਿਕਾਰੀਆਂ ਨੇ ਸਾਈਨਬੋਰਡਾਂ 'ਚ ਅਜਿਹੀ ਚਿੱਪ ਲਗਾਉਣ ਦਾ ਫ਼ੈਸਲਾ ਕੀਤਾ ਹੈ ਜਿਸ ਨਾਲ ਚੋਰਾਂ ਨੂੰ ਲੱਭਣਾ ਸੌਖਾ ਹੋ ਜਾਵੇਗਾ।

ਪੰਜਾਬ ਐਵਨਿਊ ਉਨ੍ਹਾਂ ਤਿੰਨ ਹਾਊਸਿੰਗ ਪ੍ਰਾਜੈਕਟਾਂ ਵਿਚੋਂ ਇਕ ਹੈ ਜਿਸ ਨੂੰ ਸਥਾਨਕ ਸਿੱਖ ਹਰਚਰਨ ਚਾਨਾ ਨੇ 80ਵੇਂ ਦੇ ਅਖ਼ੀਰ 'ਚ ਵਿਕਸਤ ਕੀਤਾ ਸੀ। ਇਹ ਅਮੀਰ ਇਲਾਕਾ ਹੈ ਤੇ ਇਸ ਵਿਚ ਥਾਂ-ਥਾਂ 'ਤੇ ਲੱਗੇ ਸਾਈਨਬੋਰਡ ਇਸ ਦੀ ਸੁੰਦਰਤਾ ਨੂੰ ਚਾਰ-ਚੰਨ ਲਾਉਂਦੇ ਹਨ ਪਰ ਹੁਣ ਇਸ ਦੇ ਸਾਈਨਬੋਰਡ ਵਾਰ-ਵਾਰ ਚੋਰੀ ਹੋ ਰਹੇ ਹਨ ਤੇ ਹਾਲੇ ਤਕ ਇਹ ਪਤਾ ਨਹੀਂ ਲੱਗਿਆ ਕਿ ਇਹ ਚੋਰੀ ਕਿਉਂ ਕੀਤੀ ਜਾ ਰਹੀ ਹੈ। ਇਸ ਚੋਰੀ ਨੂੰ ਲੈ ਕਿ ਸਿੱਖਾਂ ਵਿਚ ਭਾਰੀ ਰੋਸ ਹੈ। 14 ਦਸੰਬਰ ਦੀ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਇਸ ਸਟਰੀਟ ਦਾ ਨਾਂ ਬਦਲਣ ਦੀ ਗੱਲ ਵੀ ਤੁਰੀ ਸੀ ਪਰ ਇਸ ਦਾ ਜ਼ਬਰਦਸਤ ਵਿਰੋਧ ਹੋਇਆ ਸੀ।

## ਬਲਾਤਕਾਰ ਦੇ ਕੇਸ 'ਚ ਆਸਟਰੇਲੀਆ ਤੋਂ ਭਗੌੜਾ ਗ੍ਰਿਫ਼ਤਾਰ

**ਚੰਡੀਗੜ੍ਹ:** ਬਲਾਤਕਾਰ ਦੇ ਕੇਸ ਵਿਚ ਆਸਟਰੇਲੀਆ ਤੋਂ ਫਰਾਰ ਹੋ ਕੇ ਪੰਜਾਬ ਪਹੁੰਚੇ ਸਤਵਿੰਦਰਪਾਲ ਸਿੰਘ ਨਾਂ ਦੇ ਨੌਜਵਾਨ ਨੂੰ ਜਗਰਾਉਂ 'ਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਸਤਵਿੰਦਰਪਾਲ ਸਟੱਡੀ ਵੀਜ਼ੇ 'ਤੇ ਤਿੰਨ ਸਾਲ ਪਹਿਲਾਂ ਆਸਟਰੇਲੀਆ ਗਿਆ ਤੇ ਦੋ ਹਫ਼ਤੇ ਪਹਿਲਾਂ ਹੀ ਉਥੋਂ ਪਰਤਿਆ ਸੀ।

ਪੁਲਿਸ ਅਨੁਸਾਰ ਗ੍ਰਿਫਤਾਰ ਕੀਤਾ ਇਹ ਨੌਜਵਾਨ ਦੋ ਹਫ਼ਤੇ ਪਹਿਲਾਂ ਆਸਟਰੇਲੀਆ 'ਚ ਉਥੋਂ ਦੀ ਹੀ ਰਹਿਣ ਵਾਲੀ ਲੜਕੀ ਨਾਲ ਬਲਾਤਕਾਰ ਕਰਕੇ ਭਾਰਤ ਭੱਜ ਆਇਆ ਸੀ। ਇੰਟਰਪੋਲ ਵੱਲੋਂ ਜਾਰੀ ਕੀਤੇ ਗਏ ਰੈਡ ਅਲਰਟ ਨੋਟਿਸ ਦੇ ਅਧਾਰ 'ਤੇ ਇਸ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਸਤਿੰਦਰਪਾਲ ਸਿੰਘ ਉਥੇ ਪੜ੍ਹਾਈ ਤੋਂ ਪਿਛੋਂ ਪਾਰਟ ਟਾਈਮ ਟੈਕਸੀ ਚਲਾਉਂਦਾ ਸੀ। 14 ਦਸੰਬਰ ਨੂੰ ਜਦੋਂ ਉਹ ਬ੍ਰਿਸਬੇਨ 'ਚ ਇਕ ਲੜਕੀ ਨੂੰ ਟੈਕਸੀ ਰਾਹੀਂ ਉਸ ਦੇ ਘਰ ਛੱਡਣ ਗਿਆ ਤਾਂ ਸਾਮਾਨ ਲਾਹੁਣ ਦੇ ਬਹਾਨੇ ਉਸ ਦੇ ਘਰ 'ਚ ਦਾਖ਼ਲ ਹੋ ਗਿਆ। ਆਸਟਰੇਲੀਅਨ ਲੜਕੀ ਨੇ ਦੋਸ਼ ਲਾਇਆ ਹੈ ਕਿ ਘਰ 'ਚ ਸਾਮਾਨ ਛੱਡਣ ਆਏ ਸਤਵਿੰਦਰਪਾਲ ਨੇ ਉਸ ਨਾਲ ਬਲਾਤਕਾਰ ਕੀਤਾ। ਲੜਕੀ ਦੇ ਬਿਆਨਾਂ 'ਤੇ ਆਸਟਰੇਲੀਆ ਵਿਚ ਸਤਵਿੰਦਰਪਾਲ ਸਿੰਘ ਖਿਲਾਫ਼ ਕੇਸ ਦਰਜ ਕਰ ਲਿਆ ਗਿਆ। ਦੋ ਦਿਨ ਪਿਛੋਂ ਹੀ 16 ਦਸੰਬਰ ਨੂੰ ਅਦਾਲਤ ਨੇ ਉਸ ਖਿਲਾਫ਼ ਰੈਡ ਕਾਰਨਰ ਨੋਟਿਸ ਜਾਰੀ ਕਰ ਦਿੱਤਾ ਜਦਕਿ ਸਤਵਿੰਦਰਪਾਲ ਭਾਰਤ ਭੱਜ ਆਇਆ।

### ਸਾਬਕਾ ਇਜ਼ਰਾਈਲੀ ਸਦਰ ਜਬਰ ਜਨਾਹ ਦਾ ਦੋਸ਼ੀ

**ਜੇਰੂਸ਼ਲਮ:** ਇਜ਼ਰਾਈਲ ਦੇ ਸਾਬਕਾ ਰਾਸ਼ਟਰਪਤੀ ਮੋਸ਼ੇ ਕਾਤਸਾਵ ਨੂੰ ਆਪਣੀ ਸਾਬਕਾ ਮੁਲਾਜ਼ਮ ਨਾਲ ਬਲਾਤਕਾਰ ਦੇ ਮਾਮਲੇ 'ਚ ਦੋਸ਼ੀ ਠਹਿਰਾਇਆ ਗਿਆ ਹੈ ਤੇ ਇਸ ਮਾਮਲੇ 'ਚ ਉਨ੍ਹਾਂ ਨੂੰ ਸਾਢੇ ਚਾਰ ਸਾਲ ਤਕ ਦੀ ਸਜ਼ਾ ਹੋ ਸਕਦੀ ਹੈ। ਕਾਤਸਾਵ 7 ਸਾਲ ਤਕ ਰਾਸ਼ਟਰਪਤੀ ਰਹੇ ਹਨ।

ਜੱਜ ਜਾਰਜ ਕਾਰਾ ਨੇ ਕਾਤਸਾਵ ਉਪਰ ਇਕ ਮੁਲਾਜ਼ਮ ਨਾਲ ਜਬਰ ਜਨਾਹ ਕਰਨ ਤੇ ਇਕ ਹੋਰ ਮੁਲਾਜ਼ਮ ਨਾਲ ਵੀ ਸਰੀਰਕ ਸ਼ੋਸ਼ਣ ਦੇ ਲੱਗੇ ਦੋਸ਼ਾਂ ਨੂੰ ਸਹੀ ਪਾਇਆ ਹੈ। ਮੁਕੱਦਮੇ ਦੌਰਾਨ ਤਿੰਨ ਔਰਤਾਂ ਵੱਲੋਂ ਲਾਏ ਦੋਸ਼ਾਂ 'ਤੇ ਚਰਚਾ ਹੋਈ। ਇਸ ਦੌਰਾਨ ਪ੍ਰਧਾਨ ਮੰਤਰੀ ਬੇਨਜਾਮਿਨ ਨੇਤਨਯਾਹੂ ਨੇ ਅਦਾਲਤ ਦੇ ਫ਼ੈਸਲੇ ਨੂੰ ਮੁਲਕ ਲਈ ਅਫ਼ਸੋਸਨਾਕ ਕਰਾਰ ਦਿੱਤਾ ਹੈ।

### ਪਾਕਿ ਲੜ ਰਿਹੈ ਹੋਂਦ ਬਚਾਉਣ ਲਈ ਜੰਗ

**ਲੰਡਨ:** ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਤੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੇ ਭਰਾ ਸ਼ਾਹਬਾਜ਼ ਸ਼ਰੀਫ਼ ਨੇ ਕਿਹਾ ਹੈ ਕਿ ਉਨ੍ਹਾਂ ਦਾ ਮੁਲਕ ਆਪਣੀ ਹੋਂਦ ਬਚਾਉਣ ਲਈ ਅਤਿਵਾਦ ਖ਼ਿਲਾਫ਼ ਜੰਗ ਲੜ ਰਿਹਾ ਹੈ। ਉਨ੍ਹਾਂ ਇਹ ਗੱਲ ਲੰਡਨ ਵਿਚ ਪ੍ਰੈਸ ਕਾਨਫਰੰਸ ਦੌਰਾਨ ਕਹੀ ਜਿਸ ਦੀ ਰਿਪੋਰਟ 'ਜੀਓ ਨਿਊਜ਼' ਚੈਨਲ ਨੇ ਨਸ਼ਰ ਕੀਤੀ ਹੈ।

ਸ਼ਾਹਬਾਜ਼ ਸ਼ਰੀਫ਼ ਨੇ ਇਸ ਮੌਕੇ ਕਿਹਾ ਕਿ ਦਹਿਸ਼ਤਗਰਦੀ ਖ਼ਿਲਾਫ਼ ਜੰਗ ਪਾਕਿਸਤਾਨ ਦੀ ਆਪਣੀ ਜੰਗ ਹੈ ਜਿਹੜੀ ਇਸ ਦੀ ਹੋਂਦ ਕਾਇਮ ਰੱਖਣ ਲਈ ਹਰ ਕੀਮਤ 'ਤੇ ਜਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਮੁੱਚਾ ਮੁਲਕ ਹੀ ਇਹ ਜੰਗ ਲੜ ਰਿਹਾ ਹੈ ਜਿਸ ਵਿਚ ਫ਼ੌਜੀ ਜਵਾਨ ਸਭ ਤੋਂ ਮੋਹਰੀ ਹਨ ਤੇ ਉਹ ਅਜੋਕੇ ਦੌਰ ਦੇ ਇਸ ਸਭ ਤੋਂ ਵੱਡੇ ਖ਼ਤਰੇ ਦੇ ਟਾਕਰੇ ਲਈ ਆਪਣੀਆਂ ਕੀਮਤੀ ਜਾਨਾਂ ਕੁਰਬਾਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਵਧ ਰਿਹਾ ਭ੍ਰਿਸ਼ਟਾਚਾਰ ਦਾ ਰੁਝਾਨ ਖ਼ਤਰਨਾਕ ਹੈ। ਇਸ ਦੇ ਨਾਲ ਹੀ ਉਨ੍ਹਾਂ ਆਪਣੀ ਪਾਰਟੀ 'ਪਾਕਿਸਤਾਨ ਮੁਸਲਿਮ ਲੀਗ (ਐਨ)' ਦੇ ਦਹਿਸ਼ਤਗਰਦਾਂ ਨਾਲ ਸਬੰਧਾਂ ਬਾਰੇ ਵਿਕੀਲੀਕਸ ਵੱਲੋਂ ਕੀਤੇ ਖੁਲਾਸੇ ਨੂੰ 'ਬੇਬੁਨਿਆਦ' ਕਰਾਰ ਦਿੱਤਾ।

## ਪ੍ਰੇਮਿਕਾ ਦੀ ਗੋਲੀ ਮਾਰ ਕੇ ਹੱਤਿਆ

**ਗੋਨਿਆਣਾ ਮੰਡੀ:** ਥਾਣਾ ਨੇਹੀਆਂ ਵਾਲਾ ਅਧੀਨ 10 ਕਿਲੋਮੀਟਰ ਦੂਰੀ 'ਤੇ ਪੈਂਦੇ ਪਿੰਡ ਮਹਿਮਾ ਭਗਵਾਨਾ ਵਿੱਚ ਇੱਕ ਵਿਆਹੁਤਾ ਔਰਤ ਦੇ ਗੁਆਂਢੀ ਵੱਲੋਂ ਉਸ ਨੂੰ ਮਾਰ ਕੇ ਅਤੇ ਉਸ ਦੇ ਚਾਰ ਸਾਲਾ ਪੁੱਤਰ ਨੂੰ ਜਿਊਂਦਾ ਨਹਿਰ ਵਿੱਚ ਸੁੱਟੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।

ਜਾਣਕਾਰੀ ਅਨੁਸਾਰ ਇਹ ਵਿਆਹੁਤਾ ਔਰਤ ਵਾਸੀ ਬੀੜ, ਤਲਾਬ ਰੋਡ,ਬਠਿੰਡਾ ਦੀ ਸੀ ਜੋ ਕਿ ਪੰਜ-ਛੇ ਸਾਲ ਪਹਿਲਾਂ ਮਹਿਮਾ ਭਗਵਾਨਾ ਵਿਖੇ ਵਿਆਹੀ ਹੋਈ ਸੀ ਅਤੇ ਇਸ ਅਰਸੇ ਦੌਰਾਨ ਉਸ ਨੇ ਇੱਕ ਪੁੱਤਰ ਨੂੰ ਵੀ ਜਨਮ ਦਿੱਤਾ। ਘਰੇਲੂ ਕਲੇਸ਼ ਕਾਰਨ ਉਹ ਅਕਸਰ ਆਪਣੇ ਪੇਕੇ ਘਰ ਬਠਿੰਡਾ ਚਲੇ ਜਾਂਦੀ ਸੀ ਅਤੇ ਉਨ੍ਹਾਂ ਦਾ ਗਆਂਢੀ ਬੂਟਾ ਸਿੰਘ ਸਮਝੌਤਾ ਕਰਵਾ ਕੇ ਉਸ ਲੜਕੀ ਨੂੰ ਉਸ ਦੇ ਸਹੁਰੇ ਘਰ ਛੱਡ ਜਾਂਦਾ ਸੀ। ਨੇੜਤਾ ਹੋਣ ਕਰਕੇ ਬੂਟਾ ਸਿੰਘ ਦੇ ਉਸ ਵਿਆਹੁਤਾ ਲੜਕੀ ਨਾਲ ਕਥਿਤ ਨਾਜਾਇਜ਼ ਸਬੰਧ ਕਾਇਮ ਹੋ ਗਏ। ਲੰਘੀ 20 ਅਤੇ 21 ਦਸੰਬਰ ਨੂੰ ਉਹ ਉਕਤ ਔਰਤ ਦੇ ਸਹੁਰੇ ਘਰ ਆਇਆ ਅਤੇ ਸ਼ਾਮ ਨੂੰ ਆਪਣੀ ਮਾਰੂਤੀ ਕਾਰ ਡੀ.ਐਲ 4 ਸੀ.ਡੀ 1900 'ਤੇ ਵਿਆਹੁਤਾ ਅਤੇ ਉਸ ਦੇ ਬੱਚੇ ਨੂੰ ਨਾਲ ਲੈ ਗਿਆ।


ਪੁਲੀਸ ਅਨੁਸਾਰ ਬੂਟਾ ਸਿੰਘ ਦਾ ਰਾਜਸਥਾਨ ਨਹਿਰ ਦੇ ਨਜ਼ਦੀਕ ਵਸੇ ਪਿੰਡ ਮਾਨਾਂ ਵਾਲਾ ਮਿੱਡਾ ਵਿਖੇ ਰਾਤ ਦੇ ਗਿਆਰਾਂ ਵਜੇ ਕਿਸੇ ਗੱਲੋਂ ਇਸ ਵਿਆਹੁਤਾ ਲੜਕੀ ਨਾਲ ਤਕਰਾਰ ਹੋ ਗਿਆ ਤਾਂ ਉਸ ਨੇ ਆਪਣੀ ਬੰਦੂਕ ਨਾਲ ਲੜਕੀ ਨੂੰ ਗੋਲੀ ਮਾਰ ਦਿੱਤੀ ਜਿਸ ਕਾਰਨ ਉਕਤ ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਤੋਂ ਬਾਅਦ ਬੂਟਾ ਸਿੰਘ ਨੇ ਪੁਲੀਸ ਦੇ ਡਰੋਂ ਲਾਸ਼ ਨਾਲ ਲਗਦੀ ਰਾਜਸਥਾਨ ਫੀਡਰ ਵਿੱਚ ਸੁੱਟ ਦਿੱਤੀ ਅਤੇ ਉਸ ਦੇ ਚਾਰ ਸਾਲਾ ਪੁੱਤਰ ਗੁਰਪਿੰਦਰ ਨੂੰ ਵੀ ਜਿਉਂਦਿਆਂ ਹੀ ਨਹਿਰ ਵਿੱਚ ਸੁੱਟ ਦਿੱਤਾ ਅਤੇ ਆਪ ਉਕਤ ਔਰਤ ਦੇ ਘਰ ਅਤੇ ਸਹੁਰੇ ਪਰਿਵਾਰ ਨਾਲ ਮਿਲ ਕੇ ਗੁੰਮਸ਼ੁਦਗੀ ਦੀ ਰਿਪੋਰਟ ਥਾਣੇ ਵਿਖੇ ਲਿਖਵਾਉਣ ਪਹੁੰਚ ਗਿਆ। ਥਾਣਾ ਨੇਹੀਆਂ ਵਾਲਾ ਦੇ ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮਾਮਲਾ ਕੁਝ ਸ਼ੱਕੀ ਜਾਪਣ 'ਤੇ ਸ਼ੱਕ ਦੀ ਸੂਈ ਬੂਟਾ ਸਿੰਘ ਵੱਲ ਘੁੰਮ ਗਈ। ਜਦੋਂ ਪੁਲੀਸ ਨੇ ਬੂਟਾ ਸਿੰਘ ਤੋਂ ਪੁੱਛਗਿੱਛ ਕੀਤੀ ਤਾਂ ਉਹ ਵਾਰ-ਵਾਰ ਆਪਣੇ ਬਿਆਨ ਬੱਦਲਦਾ ਰਿਹਾ,ਸਚਾਈ ਜਾਨਣ ਲਈ ਬੂਟਾ ਸਿੰਘ ਦੀਆਂ ਫੋਨ ਕਾਲਾਂ ਨੂੰ ਟਰੇਸ ਕਰਨ 'ਤੇ ਕਤਲ ਕਰਨ ਵਾਲੇ ਦੀ ਪੁਸ਼ਟੀ ਹੋ ਗਈ। ਇਸ ਮੌਕੇ ਦੋਸ਼ੀ ਤੋਂ ਘਟਨਾ ਸਥਾਨ 'ਤੇ ਵਰਤੀ ਗਈ ਬੰਦੂਕ ਅਤੇ ਪੀਲੇ ਰੰਗ ਦਾ ਸਾਫਾ ਵੀ ਬਰਾਮਦ ਹੋਇਆ ਹੈ। ਪੁਲੀਸ ਨੇ ਮ੍ਰਿਤਕਾ ਦੇ ਪਤੀ ਸੱਤਪਾਲ ਸਿੰਘ ਉਰਫ ਸੱਤੀ ਦੇ ਬਿਆਨਾਂ ਦੇ ਆਧਾਰ 'ਤੇ ਦੋਸ਼ੀ ਬੂਟਾ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਬਠਿੰਡਾ 'ਤੇ ਧਾਰਾ 364,302,201 ਤਹਿਤ ਪਰਚਾ ਦਰਜ ਕਰਕੇ ਦੋਸ਼ੀ ਨੂੰ ਕਾਬੂ ਕਰ ਲਿਆ ਹੈ। ਪਰ ਅਜੇ ਤੱਕ ਮ੍ਰਿਤਕਾ ਅਤੇ ਉਸ ਦੇ ਚਾਰ ਸਾਲਾ ਪੁੱਤਰ ਗੁਰਪਿੰਦਰ ਦੀਆਂ ਲਾਸ਼ਾਂ ਬਰਾਮਦ ਨਹੀਂ ਹੋਈਆਂ।

# ਦਿਮਾਗ਼ ਦੇ ਆਕਾਰ ਨਾਲ ਸਿਆਸੀ ਵਿਚਾਰਧਾਰਾ ਦਾ ਸਬੰਧ !

**ਲੰਡਨ:** ਕਿਸੇ ਦਾ ਝੁਕਾਅ ਖੱਬੇ ਪੱਖੀ ਵਿਚਾਰਧਾਰਾ ਵੱਲ ਹੈ ਜਾਂ ਸੱਜੇ ਪੱਖੀ ਇਹ ਮਨੁੱਖ ਦੇ ਦਿਮਾਗ ਦੇ ਆਕਾਰ 'ਤੇ ਨਿਰਭਰ ਹੈ ।

ਯੂਨੀਵਰਸਿਟੀ ਕਾਲਜ ਲੰਡਨ ਦੇ ਖੋਜਕਾਰਾਂ ਨੇ ਅਧਿਐਨ ਕੀਤਾ ਤੇ ਦੇਖਿਆ ਕਿ ਕਿਸੇ ਵਿਅਕਤੀ ਦੇ ਦਿਮਾਗ ਦੇ ਆਕਾਰ ਨਾਲ ਉਸ ਦੇ ਸਿਆਸੀ ਵਿਚਾਰ ਨਿਰਧਾਰਤ ਹੁੰਦੇ ਹਨ। 'ਡੇਲੀ ਐਕਸਪ੍ਰੈਸ' 'ਚ ਛਪੀ ਇਸ ਅਧਿਐਨ ਦੀ ਰਿਪੋਰਟ ਅਨੁਸਾਰ ਸੱਜੇ ਪੱਖੀ ਤੇ ਖੱਬੇ ਪੱਖੀ ਵਿਚਾਰਧਾਰਾ ਵਾਲਿਆਂ ਦੇ ਦਿਮਾਗਾਂ ਦੀ ਬਣਤਰ 'ਚ ਦੋ ਮੁੱਖ ਫਰਕ ਸਨ। ਇਸ ਅਧਿਐਨ ਲਈ ਵਿਗਿਆਨੀਆਂ ਨੇ ਉਨ੍ਹਾਂ 90 ਤੋਂ ਵੱਧ ਲੋਕਾਂ ਦੇ ਦਿਮਾਗ ਦੀ ਬਣਤਰ ਤੇ ਆਕਾਰ ਦਾ ਅਧਿਐਨ ਕੀਤਾ ਸੀ ਜੋ ਕਿਸੇ ਨਾ ਕਿਸੇ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਸਨ। ਇਨ੍ਹਾਂ 'ਚ ਬਰਤਾਨਵੀ ਲੇਬਰ ਸੰਸਦ ਮੈਂਬਰ ਸਟੀਫਨ ਪਾਊਂਡ 'ਤੇ ਟੋਰੀ ਸੰਸਦ ਮੈਂਬਰ ਅਲਾਨ ਡੰਕਨ ਵੀ ਸ਼ਾਮਲ ਸਨ।

ਇਸ ਮੌਕੇ ਭਾਵਨਾਤਮਕ ਪ੍ਰਤੀਕ੍ਰਿਆਵਾਂ ਦੇਣ ਲਈ ਜ਼ਿੰਮੇਵਾਰ ਦਿਮਾਗ ਦੇ ਹਿੱਸੇ ਦਾ ਵੀ ਨਿਰੀਖਣ ਕੀਤਾ ਗਿਆ। ਵਿਗਿਆਨੀਆਂ ਨੇ ਦੇਖਿਆ ਕਿ ਜਿਹੜੇ ਲੋਕਾਂ 'ਚ ਗਰੇਅ ਮੈਟਰ ਬਹੁਤ ਮੋਟਾ ਸੀ ਉਨ੍ਹਾਂ ਨੇ ਆਪਣੇ ਆਪ ਨੂੰ ਉਦਾਰ ਜਾਂ



ਖੱਬੇ ਪੱਖੀ ਕਿਹਾ ਸੀ ਜਦ ਕਿ ਪਤਲੇ ਗਰੇਅ ਮੈਟਰ ਵਾਲੇ ਲੋਕ ਉਹ ਸਨ ਜੋ ਰੂੜ੍ਹੀਵਾਦੀ ਜਾਂ ਸੱਜੇ ਪੱਖੀ ਸਨ। ਦੋਵਾਂ ਧਿਰਾਂ ਦੇ ਲੋਕਾਂ ਦੇ ਦਿਮਾਗਾਂ ਦੇ ਹੋਰ ਹਿੱਸੇ ਵੀ ਵੱਖ-ਵੱਖ ਸਨ। ਐਲਨ ਡੰਕਨ ਤੇ ਸਟੀਫਨ ਪਾਊਂਡ ਦੇ ਦਿਮਾਗ ਦੀ ਬਣਤਰ ਦੇਖ ਕੇ ਨਿਕਲੇ ਸਿੱਟੇ ਬਿਲਕੁਲ ਸਹੀ ਪਾਏ ਗਏ ਸਨ। ਪਾਊਂਡ ਦਾ ਗਰੇਅ ਮੈਟਰ ਵਾਲਾ ਹਿੱਸਾ ਮੋਟਾ ਸੀ ਜਦ ਕਿ ਡੰਕਨ ਦਾ ਇਹ ਹਿੱਸਾ ਪਤਲਾ ਸੀ।

ਖੋਜੀ ਟੀਮ ਦੇ ਮੋਹਰੀ ਪ੍ਰੋ. ਜਿਰੈਂਟ ਰੀਸ ਨੇ ਦੱਸਿਆ ਕਿ ਉਹ ਬੜੇ ਹੈਰਾਨ ਹਨ ਕਿ ਦਿਮਾਗ ਦੇ ਆਕਾਰ ਤੋਂ ਲੋਕਾਂ ਦੇ ਸਿਆਸੀ ਵਿਚਾਰਾਂ ਜਾਂ ਝੁਕਾਅ ਦਾ ਪਤਾ ਲੱਗ ਜਾਂਦਾ ਹੈ। ਸਟੀਫਨ ਪਾਊਂਡ ਨੇ ਆਪਣੇ ਦਿਮਾਗ ਦੇ ਖੱਬੇ ਪੱਖੀ ਹੋਣ 'ਤੇ ਸੁੱਖ ਦਾ ਸਾਹ ਲਿਆ ਹੈ। ਉਨ੍ਹਾਂ ਕਿਹਾ ਕਿ ਉਹ ਖੁਸ਼ ਹਨ ਕਿ ਜ਼ਿੰਦਗੀ 'ਚ ਕੁਝ ਨਿਸ਼ਚਿਤ ਵੀ ਹੈ। ਉਨ੍ਹਾਂ ਦੱਸਿਆ ਕਿ ਉਸ ਦੇ ਪਰਿਵਾਰ ਦੇ ਬਹੁਤ ਜੀਅ ਤਾਂ ਇਸ ਗੱਲੋਂ ਹੀ ਖੁਸ਼ ਸਨ ਕਿ ਉਸ ਕੋਲ ਵੀ ਦਿਮਾਗ ਹੈ। ਉਨ੍ਹਾਂ ਕਿਹਾ ਕਿ ਇਕ ਲਿਬਰਲ ਡੈਮੋਕਰੇਟ ਦੇ ਦਿਮਾਗ ਤਾਂ ਇਸ ਵੱਡਾ ਮਘੋਰਾ ਹੋਵੇਗਾ ਜਿਸ 'ਚ ਸਾਰੀ ਵਫ਼ਾਦਾਰੀ ਖਾਲੀ ਹੋ ਜਾਂਦੀ ਰਹੀ ਹੋਣੀ ਹੈ।

### ਸੁੰਗੜ ਰਿਹਾ ਹੈ ਮਨੁੱਖੀ ਦਿਮਾਗ

ਸਾਇੰਸਦਾਨਾਂ ਨੇ ਖੋਜ ਕੀਤੀ ਹੈ ਕਿ ਮਨੁੱਖੀ ਦਿਮਾਗ ਬੀਤੇ 20 ਹਜ਼ਾਰ ਸਾਲਾਂ ਦੌਰਾਨ ਲਗਾਤਾਰ ਸੁੰਗੜ ਰਿਹਾ ਹੈ ਅਤੇ ਇਸ ਦਾ ਅਸਰ ਮਨੁੱਖ ਦੇ ਦਿਮਾਗ ਦੀ ਤੇਜ਼ੀ ਉਤੇ ਵੀ ਪੈ ਰਿਹਾ ਹੈ। ਇਹ ਗੱਲ ਇਕ ਅਧਿਐਨ ਤੋਂ ਸਾਹਮਣੇ ਆਈ ਹੈ।

ਅਧਿਐਨ ਮੁਤਾਬਕ ਇਸ ਤੋਂ ਪਹਿਲਾਂ ਕਰੀਬ 20 ਲੱਖ ਸਾਲਾਂ ਦੌਰਾਨ ਮਨੁੱਖੀ ਦਿਮਾਗ ਦਾ ਵਿਕਾਸ ਹੋਇਆ ਅਤੇ ਇਸ ਦਾ ਆਕਾਰ ਤੇਜ਼ੀ ਨਾਲ ਵਧਿਆ। ਉਸ ਤੋਂ ਬਾਅਦ ਬੀਤੇ 20 ਹਜ਼ਾਰ ਸਾਲਾਂ ਤੋਂ ਇਹ ਸੁੰਗੜ ਰਿਹਾ ਹੈ ਅਤੇ ਅਜਿਹਾ ਸਾਰੇ ਸੰਸਾਰ ਵਿਚ ਮਰਦਾਂ ਅਤੇ ਔਰਤਾਂ ਵਿਚ ਅਤੇ ਸਾਰੀਆਂ ਨਸਲਾਂ ਵਿਚ ਹੋ ਰਿਹਾ ਹੈ।

'ਡਿਸਕਵਰ' ਰਸਾਲੇ ਵਿਚ ਛਪੀ ਇਸ ਰਿਪੋਰਟ ਦੇ ਹਵਾਲੇ ਨਾਲ ਰੋਜ਼ਨਾਮਾ 'ਡੇਲੀ ਮੇਲ' ਨੇ ਲਿਖਿਆ ਹੈ, "ਬੀਤੇ 20 ਸਾਲਾਂ ਦੌਰਾਨ ਮਨੁੱਖੀ ਮਰਦਾਂ ਦਾ ਦਿਮਾਗ ਦਾ ਔਸਤ ਆਕਾਰ ਕਰੀਬ 1500 ਕਿਊਬਿਕ ਸੈਂਟੀਮੀਟਰ ਤੋਂ 1350 ਕਿਊਬਿਕ ਸੈਂਟੀਮੀਟਰ ਘਟਿਆ ਹੈ। ਇਸ ਤਰ੍ਹਾਂ ਮਨੁੱਖੀ ਦਿਮਾਗ ਦਾ ਆਕਾਰ ਕਰੀਬ ਇਕ ਟੈਨਿਸ ਬਾਲ ਜਿੰਨਾ ਘਟ ਗਿਆ ਹੈ। ਔਰਤਾਂ ਦਾ ਦਿਮਾਗ ਵੀ ਤਕਰੀਬਨ ਇਸੇ ਅਨੁਪਾਤ ਵਿਚ ਸੁੰਗੜਿਆ ਹੈ।"

ਰਸਾਲੇ ਵਿਚ ਲੇਖ ਲਿਖਣ ਵਾਲੀ ਲੇਖਕਾ ਕੈਥਰੀਨ ਮੈਕਾਲਿਫ ਨੇ ਇਸ ਵਿਚ ਮਾਨਵ ਵਿਗਿਆਨੀ ਡਾ. ਜੌਹਨ ਹਾਕਸ ਦੀ ਟਿੱਪਣੀ ਵੀ ਸ਼ਾਮਲ ਕੀਤੀ ਹੈ, ਜੋ ਵਿਸਕਾਨਸਿਨ ਯੂਨੀਵਰਸਿਟੀ ਤੋਂ ਹਨ। ਉਨ੍ਹਾਂ ਕਿਹਾ ਕਿ ਮਨੁੱਖੀ ਦਿਮਾਗ ਦਾ ਆਕਾਰ ਘਟਣ ਨਾਲ ਇਹ ਲਾਜ਼ਮੀ ਨਹੀਂ ਹੈ ਕਿ ਉਸ ਦੀ ਅਕਲ ਵੀ ਘਟ ਰਹੀ ਹੈ। ਕੁਝ ਹੋਰ ਵਿਗਿਆਨੀ ਵੀ ਇਹ ਮੰਨਦੇ ਹਨ ਕਿ ਮਨੁੱਖੀ ਦਿਮਾਗ ਦਾ ਆਕਾਰ ਤਾਂ ਜ਼ਰੂਰ ਘਟਿਆ ਹੈ ਪਰ ਇਹ ਜ਼ਰੂਰੀ ਨਹੀਂ ਕਿ ਉਸ ਦੀ ਤੇਜ਼ੀ ਵੀ ਘਟੀ ਹੋਵੇ। ਪਰ ਕੁਝ ਹੋਰਾਂ ਦਾ ਕਹਿਣਾ ਹੈ ਕਿ ਮਨੁੱਖ ਪਹਿਲਾਂ ਨਾਲੋਂ ਜ਼ਿਆਦਾ ਮੂਰਖ ਹੁੰਦਾ ਜਾ ਰਿਹਾ ਹੈ।

ਮਨੁੱਖੀ ਦਿਮਾਗ ਦੇ ਸੁੰਗੜਨ ਸਬੰਧੀ ਵੀ ਕਈ ਸਿਧਾਂਤ ਸਾਹਮਣੇ ਆ ਰਹੇ ਹਨ। ਇਕ ਦਾ ਕਹਿਣਾ ਹੈ ਕਿ ਪੱਥਰ ਯੁੱਗ ਦੌਰਾਨ ਮਨੁੱਖ ਨੂੰ ਵੱਡੇ ਦਿਮਾਗ ਦੀ ਲੋੜ ਸੀ ਕਿਉਂਕਿ ਉਸ ਨੂੰ ਉਦੋਂ ਸਰਦੀ-ਗਰਮੀ ਵਰਗੇ ਔਖੇ ਹਾਲਾਤ ਦਾ ਵੱਧ ਸਾਹਮਣਾ ਕਰਨਾ ਪੈਂਦਾ ਸੀ। ਇਕ ਹੋਰ ਸਿਧਾਂਤ ਦਾ ਕਹਿਣਾ ਸੀ ਕਿ ਪੱਥਰ ਯੁੱਗ ਵਿਚ ਮਨੁੱਖ ਪਹਿਲਾਂ ਕੱਚਾ ਮਾਸ ਖਾਂਦਾ ਸੀ ਤੇ ਫੇਰ ਭੁੰਨ ਜਾਂ ਪਕਾ ਕੇ ਖਾਣ ਲੱਗਿਆ ਪਰ ਤਾਂ ਵੀ ਉਸ ਭੋਜਨ ਨੂੰ ਚਬਾਉਣ ਲਈ ਕਾਫੀ ਜ਼ੋਰ ਲੱਗਦਾ ਸੀ ਜਦੋਂ ਕਿ ਹੁਣ ਉਸ ਦਾ ਖਾਣਾ ਬਹੁਤ ਨਰਮ ਹੋ ਗਿਆ ਹੈ ਤੇ ਇਸ ਕਾਰਨ ਮਨੁੱਖੀ ਦਿਮਾਗ ਨੇ ਵਧਣਾ ਵੀ ਬੰਦ ਕਰ ਦਿੱਤਾ ਹੈ।

# ਕੈਨੇਡਾ ਸਰਕਾਰ '84 ਦੇ ਕਤਲੇਆਮ ਨੂੰ 'ਸਿੱਖ ਨਸਲਕੁਸ਼ੀ' ਮੰਨਣ ਤੋਂ ਇਨਕਾਰੀ

**ਚੰਡੀਗੜ੍ਹ:** ਸਰਕਾਰ ਨਵੰਬਰ 1984 'ਚ ਭਾਰਤ ਦੇ ਵੱਖ-ਵੱਖ ਸੂਬਿਆਂ 'ਚ ਹੋਏ ਸਿੱਖਾਂ ਦੇ ਕਤਲੇਆਮ ਨੂੰ 'ਸਿੱਖ ਨਸਲਕੁਸ਼ੀ' ਮੰਨਣ ਲੀ ਤਿਆਰ ਨਹੀਂ ਹੈ। ਇਸ ਬਾਰੇ ਸਿੱਖ ਭਾਈਚਾਰੇ ਵੱਲੋਂ ਪਾਈ ਗਈ ਪਟੀਸ਼ਨ ਨੂੰ ਤਿੰਨ ਮਹੀਨੇ ਪਹਿਲਾਂ ਕੈਨੇਡਾ ਸਰਕਾਰ ਨੇ ਰੱਦ ਕਰ ਦਿੱਤਾ ਸੀ। ਇਸ ਪਟੀਸ਼ਨ ਨੂੰ ਰੱਦ ਕਰਦਿਆਂ ਕੈਨੇਡਾ ਦੇ ਵਿਦੇਸ਼ ਮੰਤਰਾਲੇ ਨੇ ਇਸ ਬਾਰੇ ਕਿਹਾ ਕਿ ਉਹ ਇਸ ਮਾਮਲੇ ਵਿਚ ਸਿੱਖ ਭਾਈਚਾਰੇ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੇ ਹਨ ਪਰ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਸਿੱਖ ਨਸਲਕੁਸ਼ੀ ਦੀਆਂ ਘਟਨਾਵਾਂ ਨਹੀਂ ਮੰਨਦੇ। ਕੈਨੇਡਾ ਸਰਰਕਾਰ ਨੇ ਪਟੀਸ਼ਨ ਦੇ ਜਵਾਬ ਵਿਚ ਕਿਹਾ ਸੀ ਕਿ ਇਸ ਬਾਰੇ ਅਗਸਤ, 2005 ਵਿਚ ਨਾਨਾਵਤੀ ਕਮਿਸ਼ਨ ਦੀ ਰਿਪੋਰਟ ਦੇ ਆਧਾਰ 'ਤੇ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਸਿੱਖ ਭਾਈਚਾਰੇ ਕੋਲੋਂ ਜਨਤਕ ਰੂਪ ਵਿੱਚ ਮਾਫ਼ੀ ਮੰਗੀ ਜਾ ਚੁੱਕੀ ਹੈ ਤੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਦਾ ਵੀ ਭਰੋਸਾ ਦਿੱਤਾ ਗਿਆ ਸੀ। ਇਸ ਅਧਾਰ 'ਤੇ ਕੈਨੇਡਾ ਸਰਕਾਰ ਨੇ ਇਸ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ।

ਹੁਣ ਅਜਿਹੀ ਹੀ ਪਟੀਸ਼ਨ ਨਿਊਯਾਰਕ ਵਿਚ ਸਰਗਰਮ ਸਿੱਖ ਜਥੇਬੰਦੀ 'ਸਿੱਖਸ ਫਾਰ ਜਸਟਿਸ' ਵੱਲੋਂ ਸੰਯੁਕਤ ਰਾਸ਼ਟਰ ਸੰਘ ਵਿਚ ਪਾਈ ਜਾ ਰਹੀ ਹੈ ਜਿਸ 'ਚ ਮੰਗ ਕੀਤੀ ਗਈ ਹੈ ਕਿ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ 'ਸਿੱਖ ਨਸਲਕੁਸ਼ੀ' ਕਰਾਰ ਦਿੱਤਾ ਜਾਵੇ।

ਸਿੱਖਸ ਫਾਰ ਜਸਟਿਸ ਵੱਲੋਂ ਪਟੀਸ਼ਨ ਦਾਇਰ ਕਰਨ ਤੋਂ ਪਹਿਲਾਂ ਇਕ ਮੁਹਿੰਮ ਵਿੱਢ ਕੇ ਵੱਖ-ਵੱਖ ਮੁਲਕਾਂ ਵਿਚ ਰਹਿੰਦੇ ਸਿੱਖਾਂ ਕੋਲੋਂ ਇਸ ਪਟੀਸ਼ਨ 'ਤੇ ਦਸਤਖ਼ਤ ਕਰਵਾਏ ਜਾ ਰਹੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਵੀ ਇਸ ਦਸਤਖ਼ਤ ਮੁਹਿੰਮ ਦੀ ਹਮਾਇਤ ਕਰਦਿਆਂ ਸਿੱਖ ਭਾਈਚਾਰੇ ਨੂੰ ਇਸ ਮੁਹਿੰਮ ਵਿਚ ਸਹਿਯੋਗ ਦੇਣ ਲਈ ਹਦਾਇਤ ਕੀਤੀ ਜਾ ਚੁੱਕੀ ਹੈ।



ਪਰ ਅਜਿਹੀ ਹੀ ਪਟੀਸ਼ਨ ਤਕਰੀਬਨ ਤਿੰਨ ਮਹੀਨੇ ਪਹਿਲਾਂ ਕੈਨੇਡਾ ਸਰਕਾਰ ਵੱਲੋਂ ਖਾਰਜ ਕੀਤੀ ਗਈ ਹੈ। ਇਹ ਪਟੀਸ਼ਨ 9 ਜੂਨ, 2010 ਨੂੰ ਕੈਨੇਡਾ ਤੋਂ ਨਿਊਟਨ-ਨਾਰਥ ਡੈਲਟਾ ਦੇ ਐਮ.ਪੀ. ਸੁਖ ਧਾਲੀਵਾਲ ਤੇ ਬਰੰਪਟਨ ਪੱਛਮੀ ਤੋਂ ਐਮ.ਪੀ. ਐਂਡਰਿਊ ਕੇਨੀਆ ਵੱਲੋਂ ਕੈਨੇਡੀਅਨ ਪਾਰਲੀਮੈਂਟ ਵਿੱਚ ਦਾਇਰ ਕੀਤੀ ਗਈ ਸੀ। ਇਸ ਪਟੀਸ਼ਨ 'ਤੇ ਵੀ ਦਸ ਹਜ਼ਾਰ ਕੈਨੇਡੀਅਨ ਸਿੱਖਾਂ ਦੇ ਦਸਤਖ਼ਤ ਕਰਵਾਏ ਗਏ ਸਨ। ਇਹ ਪਟੀਸ਼ਨ ਨਵੰਬਰ 1984 ਦੇ ਸਿੱਖ ਵਿਰੋਧੀ ਕਤਲੇਆਮ ਨੂੰ ਸੰਯੁਕਤ ਰਾਸ਼ਟਰ ਸੰਘ ਦੇ ਨਿਯਮਾਂ ਅਨੁਸਾਰ ਸਿੱਖ ਨਸਲਕੁਸ਼ੀ ਕਰਾਰ ਦੇਣ ਲਈ ਦਾਇਰ ਕੀਤੀ ਗਈ ਸੀ। ਇਸ ਵਿਚ ਮੰਗ ਕੀਤੀ ਗਈ ਸੀ ਕਿ ਕੈਨੇਡਾ ਸਰਕਾਰ ਨਵੰਬਰ 1984 ਦੀਆਂ ਘਟਨਾਵਾਂ ਨੂੰ ਸਿੱਖ ਨਸਲਕੁਸ਼ੀ ਵਜੋਂ ਮਾਨਤਾ ਦੇਵੇ ਤੇ ਭਾਰਤ ਸਰਕਾਰ 'ਤੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਲਈ ਦਬਾਅ ਪਾਵੇ।

ਇਹ ਪਟੀਸ਼ਨ 20 ਸਤੰਬਰ, 2010 ਵਿਚ ਰੱਦ ਕਰ ਦਿੱਤੀ ਗਈ ਸੀ ਪਰ ਇਸ ਬਾਰੇ ਜਾਣਕਾਰੀ ਹੁਣ ਤਕ ਪੂਰੀ ਤਰ੍ਹਾਂ ਸਾਹਮਣੇ ਨਹੀਂ ਆਈ। ਬੀਤੇ ਦਿਨ ਇਥੇ ਪੁੱਜੇ ਕੈਨੇਡਾ ਦੇ ਐਮ.ਪੀ. ਸੁਖ ਧਾਲੀਵਾਲ ਜਿਨ੍ਹਾਂ ਨੂੰ ਇਹ ਪਟੀਸ਼ਨ ਦਾਇਰ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਸ਼੍ਰੋਮਣੀ ਕਮੇਟੀ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਗਰੇਵਾਲ ਵੱਲੋਂ ਸਨਮਾਨਤ ਕੀਤਾ ਗਿਆ ਹੈ, ਨੇ ਵੀ ਸਿਰਫ਼ ਇਹ ਹੀ ਕਿਹਾ ਹੈ ਕਿ ਕੈਨੇਡਾ ਸਰਕਾਰ ਨੇ ਇਹ ਘਟਨਾਵਾਂ ਨੂੰ ਸਿੱਖ ਨਸਲਕੁਸ਼ੀ ਕਰਾਰ ਨਹੀਂ ਦਿੱਤਾ ਤੇ ਲੋੜ ਪੈਣ 'ਤੇ ਉਹ ਮੁੜ ਪਟੀਸ਼ਨ ਦਾਇਰ ਕਰ ਸਕਦੇ ਹਨ। ਸ੍ਰੀ ਧਾਲੀਵਾਲ ਨੇ ਸਿੱਖ ਜਥੇਬੰਦੀ ਸਿੱਖ ਫਾਰ ਜਸਟਿਸ ਵੱਲੋਂ ਯੂ.ਐਨ.ਓ. ਵਿਚ ਦਾਇਰ ਕੀਤੇ ਜਾਣ ਵਾਲੀ ਪਟੀਸ਼ਨ ਨੂੰ ਹਮਾਇਤ ਦਾ ਐਲਾਨ ਵੀ ਕੀਤਾ ਸੀ।

## ਓਬਾਮਾ ਤੇ ਹਿਲੇਰੀ ਕਲਿੰਟਨ ਫਿਰ ਬਣੇ ਨੰਬਰ ਵੰਨ





**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਇਕ ਵਾਰ ਫਿਰ ਅਮਰੀਕੀਆਂ ਦੀ ਪਹਿਲੀ ਪਸੰਦ ਬਣ ਗਏ ਹਨ। ਇਕ ਸਰਵੇ ਮੁਤਾਬਕ ਅਮਰੀਕੀਆਂ ਨੇ ਲਗਾਤਾਰ ਤੀਜੇ ਵਰ੍ਹੇ ਵੀ ਓਬਾਮਾ ਨੂੰ ਸਭ ਤੋਂ ਵੱਧ ਪਸੰਦੀਦਾ ਵਿਅਕਤੀ ਕਰਾਰ ਦਿੱਤਾ ਹੈ। ਸ੍ਰੀ ਓਬਾਮਾ ਸਭ ਤੋਂ ਪਹਿਲਾਂ 2008 ਵਿਚ ਅਮਰੀਕੀਆਂ ਦੇ ਸਭ ਤੋਂ ਵੱਧ ਪਸੰਦੀਦਾ ਵਿਅਕਤੀ ਬਣੇ ਸਨ ਜਦੋਂ ਉਹ ਕੁਝ ਸਮਾਂ ਪਹਿਲਾਂ ਹੀ ਮੁਲਕ ਦੇ ਰਾਸ਼ਟਰਪਤੀ ਚੁਣੇ ਗਏ ਸਨ ਤੇ ਉਦੋਂ ਤੋਂ ਹੀ ਉਹ ਇਸ ਮੁਕਾਮ ਉੱਤੇ ਕਾਇਮ ਹਨ।

ਇਸ ਦੇ ਨਾਲ ਹੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੂੰ ਔਰਤਾਂ ਦੇ ਵਰਗ ਵਿਚ ਲਗਾਤਾਰ ਨੌਵੇਂ ਸਾਲ ਇਹ ਖਿਤਾਬ ਹਾਸਲ ਹੋਇਆ ਹੈ। ਇਸ ਸਾਲਾਨਾ ਸਰਵੇ ਮੁਤਾਬਕ ਸ੍ਰੀ ਓਬਾਮਾ ਨੂੰ 2010 ਦਾ ਸਭ ਤੋਂ ਵਧ ਪਸੰਦੀਦਾ ਵਿਅਕਤੀ ਕਰਾਰ ਦਿੱਤਾ ਗਿਆ ਹੈ ਤੇ ਉਨ੍ਹਾਂ ਇਸ ਮਾਮਲੇ ਵਿਚ ਅਨੇਕਾਂ ਸਾਬਕਾ ਰਾਸ਼ਟਰਪਤੀਆਂ, ਨਾਮੀ ਧਾਰਮਿਕ ਆਗੂਆਂ ਤੇ ਹੋਰ ਹਸਤੀਆਂ ਨੂੰ ਪਛਾੜ ਦਿੱਤਾ ਹੈ।

ਡੈਮੋਕਰੇਟਾਂ ਵਿਚ ਵੀ ਸਭ ਤੋਂ ਵੱਧ 46 ਫੀਸਦੀ ਵੋਟਾਂ ਉਨ੍ਹਾਂ ਦੇ ਹੱਕ 'ਚ ਦਿੱਤੀਆਂ ਜਦੋਂਕਿ ਬਿਲ ਕਲਿੰਟਨ ਨੂੰ 7 ਫੀਸਦੀ ਵੋਟਾਂ ਹਾਸਲ ਹੋਈਆਂ ਤੇ ਪੰਜ ਫ਼ੀਸਦੀ ਡੈਮੋਕਰੇਟਾਂ ਨੇ ਨੈਲਸ਼ਨ ਮੰਡੇਲਾ ਨੂੰ ਪਸੰਦ ਕੀਤਾ। ਰਿਪਬਲੀਕਨਾਂ ਵਿਚ ਉਨ੍ਹਾਂ ਨੂੰ ਦੂਜੇ ਨੰਬਰ ਉੱਤੇ ਪਸੰਦ ਕੀਤਾ ਗਿਆ ਤੇ ਪਹਿਲਾ ਨੰਬਰ ਜਾਰਜ ਵਾਕਰ ਬੁਸ਼ ਨੂੰ ਹਾਸਲ ਹੋਇਆ। ਇਸੇ ਤਰ੍ਹਾਂ ਬੀਬੀ ਕਲਿੰਟਨ ਬੀਤੇ ਦੋ ਦਹਾਕਿਆਂ ਤੋਂ ਸਭ ਤੋਂ ਵੱਧ ਪਸੰਦੀਦਾ ਔਰਤਾਂ ਦੇ ਰੁਤਬੇ ਉੱਤੇ ਕਾਇਮ ਹੈ।

## ਵੀਜ਼ੇ 'ਚ ਦੇਰੀ ਤੋਂ ਪਰਵਾਸੀ ਭਾਰਤੀ ਨਾਰਾਜ਼

**ਵਾਸ਼ਿੰਗਟਨ:** ਭਾਰਤੀ ਕੌਂਸਲਖਾਨਿਆਂ ਵੱਲੋਂ ਵੀਜ਼ੇ ਲਾਉਣ 'ਚ ਦੇਰੀ ਤੋਂ ਪਰਵਾਸੀ ਭਾਰਤੀ ਕਾਫ਼ੀ ਨਰਾਜ਼ ਨਜ਼ਰ ਆ ਰਹੇ ਹਨ ਤੇ ਅਮਰੀਕਾ 'ਚ ਭਾਰਤੀ ਕੌਂਸਲੇਟਾਂ ਅੱਗੇ ਸ਼ਾਂਤੀਪੂਰਵਕ ਰੋਸ ਵਿਖਾਵੇ ਕਰਨ ਮਗਰੋਂ ਹੁਣ ਭਾਰਤੀ ਅਮਰੀਕੀਆਂ ਵੱਲੋਂ ਇਹ ਮਸਲਾ ਅਗਲੇ ਮਹੀਨੇ ਨਵੀਂ ਦਿੱਲੀ 'ਚ ਹੋ ਰਹੇ 'ਪਰਵਾਸੀ ਭਾਰਤੀ ਦਿਵਸ' ਮੌਕੇ ਭਾਰਤ ਸਰਕਾਰ ਦੇ ਉੱਚ ਅਧਿਕਾਰੀਆਂ ਕੋਲ ਉਠਾਏ ਜਾਣ ਦੀ ਯੋਜਨਾ ਹੈ।

ਭਾਈਚਾਰੇ ਨੇ ਸ਼ਿਕਾਇਤ ਕੀਤੀ ਹੈ ਕਿ ਵੀਜ਼ੇ ਜਾਰੀ ਕਰਨ 'ਚ ਭਾਰਤੀ ਦੂਤਘਰਾਂ ਵੱਲੋਂ ਬਹੁਤ ਜ਼ਿਆਦਾ ਦੇਰ ਕੀਤੀ ਜਾ ਰਹੀ ਹੈ। ਨਾਲ ਹੀ ਉਨ੍ਹਾਂ ਨੇ ਦਾਅਵਾ ਕੀਤਾ ਕਿ ਅਜਿਹਾ ਨਵੇਂ ਨਿਯਮ ਲਾਗੂ ਹੋਣ ਤੇ ਕਈ ਕੌਂਸਲੇਟਾਂ 'ਚ ਸਟਾਫ ਦੀ ਭਾਰੀ ਕਮੀ ਕਾਰਨ ਹੋ ਰਿਹਾ ਹੈ।

ਇਸ ਮਹੀਨੇ ਦੇ ਸ਼ੁਰੂ 'ਚ ਤਿੰਨ ਸਾਲ ਪਹਿਲਾਂ ਭਾਰਤੀ ਸਫੀਰ ਰੋਨੇਨ ਸੇਨ ਦੇ ਯਤਨਾਂ 'ਤੇ ਵੀਜ਼ਾ ਅਰਜ਼ੀਆਂ ਦੇ ਕੰਮ ਦੀ ਆਊਟਸੋਰਸਿੰਗ ਕੀਤੇ ਜਾਣ ਦੇ ਨਾਲ ਵੀ ਹਾਲਤ 'ਚ ਸੁਧਾਰ ਨਹੀਂ ਆਇਆ। ਹਿਊਸਟਨ ਜਿਹੀਆਂ ਕੁਝ ਥਾਵਾਂ 'ਤੇ ਵੀਜ਼ੇ ਜਾਰੀ ਕਰਨ ਦੀ ਕਾਰਵਾਈ ਚਾਰ-ਚਾਰ ਹਫਤੇ ਪਛੜ ਰਹੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਨਵੇਂ ਸਖ਼ਤ ਵੀਜ਼ਾ ਨਿਯਮ, ਮੁੰਬਈ ਹਮਲਿਆਂ ਦੇ ਸਾਜ਼ਿਸ਼ਕਾਰ ਡੇਵਿਡ ਕੋਲਮੈਨ ਹੈਡਲੀ ਦੇ ਮਾਮਲੇ ਤੋਂ ਸਬਕ ਲੈ ਕੇ ਲਾਗੂ ਕੀਤੇ ਗਏ ਹਨ।

ਭਾਰਤੀ ਮੂਲ ਦੀ ਕੌਮਾਂਤਰੀ ਸੰਸਥਾ (ਜੀ.ਓ.ਪੀ.ਆਈ.ਓ.) ਇੰਟਰਨੈਸ਼ਨਲ ਦੇ ਪ੍ਰਧਾਨ ਤੇ ਲਾਸ ਏਂਜਲਸ ਵਾਸੀ ਇੰਦਰ ਸਿੰਘ ਅਨੁਸਾਰ ਇਹ ਮੁਸ਼ਕਲ ਦਿਨੋ-ਦਿਨ ਵਧ ਰਹੀ ਹੈ। ਪਰਵਾਸੀ ਭਾਰਤੀ ਦਿਵਸ 'ਚ ਸ਼ਾਮਲ ਹੋਣ ਲਈ ਭਾਰਤ ਗਏ ਇੰਦਰ ਸਿੰਘ ਵੱਲੋਂ ਕੌਂਸਲ ਜਨਰਲ ਆਫ ਇੰਡੀਆ, ਸਾਨ ਫਰਾਂਸਿਸਕੋ ਸੁਸ਼ਮਿਤਾ ਥਾਮਸ ਨਾਲ ਭਾਰਤੀ-ਅਮਰੀਕੀ ਭਾਈਚਾਰੇ ਦੀ ਮੀਟਿੰਗ ਦੇ ਪ੍ਰਬੰਧ ਕੀਤੇ ਜਾ ਰਹੇ ਹਨ।ਬਹੁਤ ਸਾਰੇ ਪਰਵਾਸੀ ਭਾਰਤੀਆਂ ਨੂੰ ਸ਼ਿਕਾਇਤ ਹੈ ਕਿ ਉਨ੍ਹਾਂ ਦੀਆਂ ਐਤਕੀਂ ਭਾਰਤ ਜਾਣ ਦੀਆਂ ਯੋਜਨਾਵਾਂ ਇਸੇ ਕਾਰਨ ਸਿਰੇ ਨਹੀਂ ਚੜ੍ਹ ਸਕੀਆਂ।

## ਮਲੇਸ਼ੀਆ ਸਰਕਾਰ ਭਾਰਤੀਆਂ 'ਤੇ ਦਿਆਲ

**ਕੁਆਲਾਲੰਪੁਰ:** ਮਲੇਸ਼ੀਆ ਸਰਕਾਰ ਨੇ ਭਾਰਤੀ ਮੂਲ ਦੇ ਲੋਕਾਂ 'ਤੇ ਦਿਆਲਤਾ ਦਿਖਾਉਂਦੇ ਹੋਏ ਕਿਹਾ ਹੈ ਕਿ ਉਨ੍ਹਾਂ ਦਾ ਦੇਸ਼ ਭਾਰਤੀ ਮੂਲ ਦੇ ਨਾਗਰਿਕਾਂ ਨੂੰ ਉਹ ਹਰ ਸੰਭਵ ਸਹਾਇਤਾ ਮੁਹੱਇਆ ਕਰਵਾਉਣ ਲਈ ਤਿਆਰ ਹੈ ਜਿਸ ਨਾਲ ਉਨ੍ਹਾਂ ਦਾ ਜੀਵਨ ਪੱਧਰ ਉੱਚਾ ਹੋ ਸਕੇ ਤੇ ਉਨ੍ਹਾਂ ਦੇ ਵਪਾਰ ਵਿਚ ਵਾਧਾ ਕੀਤਾ ਜਾ ਸਕੇ ਤਾਂ ਜੋ ਅਪਰਾਧਕ ਗਤੀਵਿਧੀਆਂ ਘਟਾਉਣ 'ਚ ਵਿਸ਼ੇਸ਼ ਮਦਦ ਮਿਲ ਸਕੇ।ਇਸ ਮਕਸਦ ਲਈ ਦੇਸ਼ ਵਿਚ ਤਿੰਨ ਸੁਵਿਧਾ ਕੇਂਦਰ ਵੀ ਖੋਲ੍ਹੇ ਜਾਣਗੇ।

ਮਲੇਸ਼ੀਆ ਦੇ ਡਿਪਟੀ ਪ੍ਰਧਾਨ ਮੰਤਰੀ ਐਸ.ਕੇ. ਦੇਵਾਮਨੀ ਨੇ ਦੱਸਿਆ ਹੈ ਕਿ ਮਲੇਸ਼ੀਆ ਦੀ 27 ਮਿਲੀਅਨ ਆਬਾਦੀ ਵਿਚੋਂ 8 ਪ੍ਰਤੀਸ਼ਤ ਲੋਕ ਭਾਰਤੀ ਮੂਲ ਦੇ ਹਨ ਤੇ ਇਨ੍ਹਾਂ ਭਾਰਤੀਆਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਛੋਟੀਆਂ ਸਨਅਤਾਂ ਨੂੰ ਉਤਸ਼ਾਹਤ ਕੀਤਾ ਜਾਵੇਗਾ ਤੇ ਭਾਰਤੀਆਂ ਵਿਰੁੱਧ ਅਪਰਾਧ 'ਤੇ ਵੀ ਠੱਲ੍ਹ ਪਾਈ ਜਾਵੇਗੀ। ਉਨ੍ਹਾਂ ਕਿਹਾ ਕਿ ਪੁਲਿਸ ਦੀ ਸਹਾਇਤਾ ਨਾਲ ਅਜਿਹੇ ਕੇਂਦਰ ਖੋਲ੍ਹੇ ਜਾਣਗੇ ਜਿੱਥੇ ਭਾਰਤੀ ਮੂਲ ਦੇ ਲੋਕ ਆਪਣੇ ਖ਼ਿਲਾਫ਼ ਹੋ ਰਹੀਆਂ ਅਪਰਾਧਕ ਗਤੀਵਿਧੀਆਂ ਦੀ ਸੂਚਨਾ ਦੇ ਸਕਣਗੇ।

ਜ਼ਿਕਰਯੋਗ ਹੈ ਕਿ ਮਲੇਸ਼ੀਆ ਵਿਚ ਵਸੇ ਭਾਰਤੀ ਲੋਕ ਹਮੇਸ਼ਾ ਸ਼ਿਕਾਇਤ ਕਰਦੇ ਹਨ ਕਿ ਮਲੇਸ਼ੀਆ ਸਰਕਾਰ ਉਨ੍ਹਾਂ ਦੀ ਭਲਾਈ ਲਈ ਯਤਨਸ਼ੀਲ ਨਹੀਂ ਹੈ। ਇਸ ਬਾਰੇ ਭਾਰਤੀਆਂ ਨੇ ਇਕ ਐਸੋਸੀਏਸ਼ਨ ਦਾ ਗਠਨ ਵੀ ਕੀਤਾ ਹੈ ਜਿਸ ਨੇ ਭਾਰਤੀਆਂ ਦੀਆਂ ਮੁਸ਼ਕਲਾਂ ਮਲੇਸ਼ੀਆ ਸਰਕਾਰ ਅੱਗੇ ਰੱਖੀਆਂ ਹਨ।

## ਸਿਮੀ ਦੇ ਲਸ਼ਕਰ ਨਾਲ ਸਬੰਧ ਹੋਣ ਦਾ ਦਾਅਵਾ

**ਤਿਰੂਵਨੰਤਪੁਰਮ:** ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਨੇ ਦਾਅਵਾ ਕੀਤਾ ਹੈ ਕਿ ਪਾਬੰਦੀਸ਼ੁਦਾ ਸੰਗਠਨ ਸਟੂਡੈਂਟ ਇਸਲਾਮਿਕ ਮੂਵਮੈਂਟ ਆਫ ਇੰਡੀਆ (ਸਿਮੀ) ਦੇ ਪਾਕਿਸਤਾਨੀ ਅਤਿਵਾਦੀ ਸੰਗਠਨ ਲਸ਼ਕਰੇ ਤਾਇਬਾ ਨਾਲ ਸਬੰਧ ਹਨ। ਇਹ ਦਾਅਵਾ ਐਨ.ਆਈ.ਏ. ਨੇ ਕੋਚੀ ਦੀ ਅਦਾਲਤ 'ਚ 'ਸਿਮੀ' ਦੇ 18 ਵਰਕਰਾਂ ਵਿਰੁੱਧ ਦਾਇਰ ਦੋਸ਼ ਪੱਤਰ 'ਚ ਕੀਤਾ ਹੈ।

ਕੇਂਦਰੀ ਜਾਂਚ ਏਜੰਸੀ ਨੇ 15 ਅਗਸਤ 2006 'ਚ ਕੋਚੀ ਦੇ ਨੇੜੇ ਪਨਾਯੂਕੁਲਮ 'ਚ 'ਸਿਮੀ' ਕਾਰਕੁਨਾਂ ਵੱਲੋਂ ਸੱਦੀ ਗਈ ਗੁਪਤ ਬੈਠਕ ਦੇ ਸੰਦਰਭ 'ਚ ਚਾਰਜਸ਼ੀਟ ਦਾਇਰ ਕੀਤੀ ਹੈ। ਸੂਤਰਾਂ ਅਨੁਸਾਰ ਗੁਪਤ ਬੈਠਕ ਦੇ ਸਿਲਸਿਲੇ 'ਚ ਪੁਲਿਸ ਨੇ 5 ਸਿਮੀ ਵਰਕਰਾਂ ਨੂੰ ਹਿਰਾਸਤ 'ਚ ਲਿਆ ਹੈ। ਇਸ ਬਾਰੇ ਗੈਰ-ਕਾਨੂੰਨੀ ਗਤੀਵਿਧੀ ਰੋਕੂ ਕਾਨੂੰਨ ਤਹਿਤ ਸ਼ਾਦੂਲੀ, ਅੰਸਾਰ ਮੌਲਵੀ, ਨਿਜ਼ਾਮੂਦੀਨ, ਅਬਦੁੱਲ ਰਫ਼ੀਕ ਤੇ ਸ਼ਿਆਮ ਵਿਰੁੱਧ ਮਾਮਲਾ ਦਰਜ ਕੀਤਾ ਗਿਆ ਸੀ ਪਰ ਗ੍ਰਿਫ਼ਤਾਰੀ ਤੋਂ ਦੋ ਸਾਲ ਪਿਛੋਂ ਵੀ ਪੁਲਿਸ ਇਨ੍ਹਾਂ ਖ਼ਿਲਾਫ਼ ਚਾਰਜਸ਼ੀਟ ਦਾਖਲ ਨਹੀਂ ਕਰ ਸਕੀ ਸੀ ਜਿਸ ਤੋਂ ਪਿਛੋਂ ਮਾਮਲੇ ਦੀ ਜਾਂਚ ਐਨ.ਆਈ.ਏ. ਨੂੰ ਸੌਂਪ ਦਿੱਤੀ ਗਈ ਸੀ। ਦੱਸਣਯੋਗ ਹੈ ਕਿ ਰਾਜਸਥਾਨ ਪੁਲਿਸ ਨੇ ਇਸ ਮਾਮਲੇ 'ਚ ਦੋ ਦੋਸ਼ੀਆਂ ਅੰਸਾਰ ਮੌਲਵੀ ਤੇ ਸ਼ਾਦੂਲੀ ਨੂੰ ਜੈਪੁਰ ਧਮਾਕੇ ਦਾ ਸਰਗਨਾ ਕਰਾਰ ਦਿੰਦਿਆਂ ਗ੍ਰਿਫ਼ਤਾਰ ਵੀ ਕੀਤਾ ਸੀ। ਇਕ ਹੋਰ ਨੂੰ ਦੋਸ਼ੀ ਨੂੰ ਕਰਨਾਟਕ ਪੁਲਿਸ ਨੇ ਜੁਲਾਈ 2008 'ਚ ਹੋਏ ਲੜੀਵਾਰ ਧਮਾਕਿਆਂ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਸੀ। ਇਸ ਦੌਰਾਨ ਇਹ ਖੁਲਾਸਾ ਹੋਇਆ ਸੀ ਕਿ ਸ਼ਾਦੂਲੀ ਦਾ ਭਰਾ ਸ਼ਿਬਲੇ ਪੀਡਿਅਕਲ ਅਬਦੁੱਲ ਦੱਖਣੀ ਭਾਰਤ 'ਚ 'ਸਿਮੀ' ਦੀਆਂ ਗਤੀਵਿਧੀਆਂ ਨੂੰ ਮੁੱਖ ਰੂਪ 'ਚ ਚਲਾਉਂਦਾ ਰਿਹਾ ਹੈ।

## ਬਿਨਾਇਕ ਸੇਨ ਨੂੰ ਉਮਰ ਕੈਦ ਦੀ ਦੇਸ਼ ਭਰ 'ਚ ਅਲੋਚਨਾ

**ਨਵੀਂ ਦਿੱਲੀ:** ਦੇਸ਼-ਧ੍ਰੋਹ ਦੇ ਦੋਸ਼ਾਂ ਹੇਠ ਬਿਨਾਇਕ ਸੇਨ ਨੂੰ ਰਾਇਪੁਰ ਦੀ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਸਣਾਏ ਜਾਣ ਦੇ ਫ਼ੈਸਲੇ ਦੀ ਦੇਸ਼ ਭਰ 'ਚ ਕਰੜੀ ਅਲੋਚਨਾ ਕੀਤੀ ਜਾ ਰਹੀ ਹੈ।

ਐਮ.ਡੀ.ਐਮ.ਕੇ. ਦੇ ਬਾਨੀ ਵਾਇਕੋ ਨੇ ਮੰਗ ਕੀਤੀ ਹੈ ਕਿ ਕਿ ਭੁਪਾਲ ਗੈਸ ਕਾਂਡ ਦੇ ਦੋਸ਼ੀਆਂ ਨੂੰ ਤਾਂ ਕੇਵਲ ਦੋ ਸਾਲ ਦੀ ਸਜ਼ਾ ਸੁਣਾਈ ਗਈ ਸੀ ਤੇ ਡਾ. ਸੇਨ ਜਿਹੇ ਜਿਹੜੇ ਲੋਕ ਪੀੜਤਾਂ ਦੀ ਮਦਦ ਕਰ ਰਹੇ ਹਨ, ਉਨ੍ਹਾਂ ਨੂੰ ਉਮਰ ਭਰ ਦੀ ਕੈਦ ਸੁਣਾਈ ਗਈ ਹੈ। ਹੁਣ ਕੇਂਦਰ ਨੂੰ ਡਾ. ਸੇਨ ਦੀ ਰਿਹਾਈ ਲਈ ਦਖ਼ਲ ਦੇਣਾ ਚਾਹੀਦਾ ਹੈ।

ਲੇਖਕਾ ਅਰੁੰਧਤੀ ਰਾਏ ਨੇ ਕਿਹਾ ਹੈ ਕਿ ਪੇਸ਼ ਸਬੂਤਾਂ ਤੇ ਅਦਾਲਤ ਵੱਲੋਂ ਸੁਣਾਏ ਗਏ ਫੈਸਲੇ 'ਚ ਕੋਈ ਮੇਲ ਨਹੀਂ ਹੈ। ਇਹ ਸਬੂਤ ਇੰਨੇ ਕਮਜ਼ੋਰ ਸਨ ਕਿ ਕੇਸ ਦੇ ਮੁੱਖ ਦੋਸ਼ੀ ਕਰਾਰ ਦਿੱਤੇ ਗਏ ਨਾਰਾਇਣਨ ਸਾਨਿਆਲ ਨੂੰ ਵੀ ਉਦੋਂ ਦੇਸ਼-ਧ੍ਰੋਹੀ ਨਹੀਂ ਸੀ ਠਹਿਰਾਇਆ ਗਿਆ ਜਦੋਂ ਡਾ. ਬਿਨਾਇਕ ਨੂੰ ਫੜਿਆ ਗਿਆ ਸੀ।

ਆਰੀਆ ਸਮਾਜੀ ਆਗੂ ਸਵਾਮੀ ਅਗਨੀਵੇਸ਼ ਨੇ ਬਿਨਾਇਕ ਸੇਨ ਨੂੰ ਉਮਰ ਕੈਦ ਦੀ ਸਜ਼ਾ ਨੂੰ ਨਿਆਂ ਦਾ ਮਜ਼ਾਕ ਉਡਾਉਣਾ ਕਰਾਰ ਦਿੰਦਿਆਂ ਕਿਹਾ ਹੈ ਕਿ ਮਨੁੱਖੀ ਹੱਕਾਂ ਦਾ ਇਹ ਆਗੂ ਹਿੰਸਾ ਦੇ ਖ਼ਿਲਾਫ਼ ਸੀ। ਉਨ੍ਹਾਂ ਕਿਹਾ ਕਿ ਬਿਨਾਇਕ ਸੇਨ, ਸਰਕਾਰ ਤੇ ਮਾਓਵਾਦੀ ਹਿੰਸਾ ਦੇ ਨਾਲ-ਨਾਲ ਨਿਜ਼ਾਮ ਦੀ ਹਿੰਸਾ ਦੇ ਖ਼ਿਲਾਫ਼ ਸੀ।

## ਬਰਾਜ਼ੀਲ 'ਚ ਬਣੀ ਪਹਿਲੀ ਮਹਿਲਾ ਰਾਸ਼ਟਰਪਤੀ

**ਬਰਾਜ਼ੀਲੀਆ:** ਬਰਾਜ਼ੀਲ ਦੇ ਬਹੁਤ ਹੀ ਹਰਮਨ ਪਿਆਰੇ ਰਾਸ਼ਟਰਪਤੀ ਲੂਈਸ ਇਨਾਸੀਓ ਲੂਲਾ ਡਾ ਸਿਲਵਾ ਨੇ ਸ਼ਾਨਦਾਰ ਸਮਾਗਮ ਦੌਰਾਨ ਆਪਣੇ ਅਹੁਦੇ ਤੋਂ ਵਿਦਾਈ ਲੈ ਲਈ ਤੇ ਉਨ੍ਹਾਂ ਦੀ ਥਾਂ ਉਨ੍ਹਾਂ ਦੀ ਹੀ ਕਰੀਬੀ ਆਗੂ ਡਿਲਮਾ ਰੂਸੈਫ ਨੇ ਰਾਸ਼ਟਰਪਤੀ ਦਾ ਅਹੁਦਾ ਸੰਭਾਲ ਲਿਆ। ਇਹ ਪਹਿਲੀ ਵਾਰ ਹੈ ਜਦੋਂ ਲਾਤੀਨੀ ਅਮਰੀਕਾ ਦੇ ਇਸ ਸਭ ਤੋਂ ਵੱਡੇ ਮੁਲਕ ਤੇ ਅਰਥਚਾਰੇ ਵਿਚ ਹਕੂਮਤ ਦੀ ਵਾਗਡੋਰ ਕਿਸੇ ਔਰਤ ਦੇ ਹੱਥ ਆਈ ਹੈ।

ਕਿਸੇ ਵੇਲੇ ਮੋਚੀ ਦਾ ਕੰਮ ਕਰਦੇ ਰਹੇ ਸ੍ਰੀ ਲੂਲਾ ਲਈ ਇਹ ਬਹੁਤ ਹੀ ਭਾਵੁਕ ਮੌਕਾ ਸੀ। ਰਾਸ਼ਟਰਪਤੀ ਭਵਨ ਵਿਚ ਬੀਬੀ ਡਿਲਮਾ ਨੂੰ ਮੁਲਕ ਦੀ ਵਾਗਡੋਰ ਸੰਭਾਲਦਿਆਂ ਉਨ੍ਹਾਂ ਬਰਾਜ਼ੀਲ ਦਾ ਕੌਮੀ ਨਿਸ਼ਾਨ ਸੌਂਪਿਆ। ਇਸ ਮੌਕੇ ਲਾਤੀਨੀ ਅਮਰੀਕਾ ਦੇ ਵੱਡੀ ਗਿਣਤੀ ਰਾਸ਼ਟਰੀ ਮੁਖੀ ਵੀ ਹਾਜ਼ਰ ਸਨ। ਸ੍ਰੀ ਲੂਈਸ ਚਾਰ-ਚਾਰ ਸਾਲਾਂ ਦੀਆਂ ਦੋ ਮਿਆਦਾਂ ਲਈ ਮੁਲਕ ਦੇ ਰਾਸ਼ਟਰਪਤੀ ਰਹੇ।



*ਬਰਾਜ਼ੀਲ ਦੀ ਰਾਸ਼ਟਰਪਤੀ ਡਿਲਮਾ ਰੂਸੈਫ ਤੇ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ*

ਇਸ ਮੌਕੇ ਬੀਬੀ ਡਿਲਮਾ ਨੇ ਉਨ੍ਹਾਂ ਨੂੰ ਪਹਿਲੀ ਮਹਿਲਾ ਰਾਸ਼ਟਰਪਤੀ ਬਣਨ ਦਾ ਮਾਣ ਦੇਣ ਲਈ ਦੇਸ਼ਵਾਸੀਆਂ ਦਾ ਧੰਨਵਾਦ ਕੀਤਾ ਤੇ ਦੇਸ਼ ਨੂੰ ਦਰਪੇਸ਼ ਵੱਖ-ਵੱਖ ਵੰਗਾਰਾਂ ਦਾ ਜ਼ਿਕਰ ਕਰਦਿਆਂ ਦੇਸ਼ਵਾਸੀਆਂ ਨੂੰ ਤਰੱਕੀ ਲਈ ਦ੍ਰਿੜ੍ਹ ਇਰਾਦਾ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਆਪਣੀ ਚੋਣ ਲਈ ਸ੍ਰੀ ਲੂਈਸ ਦਾ ਖਾਸ ਧੰਨਵਾਦ ਕੀਤਾ। ਬੀਬੀ ਡਿਲਮਾ (63) ਸਾਬਕਾ ਛਾਪਾਮਾਰ ਹੈ ਤੇ ਅਰਥਸ਼ਾਸਤਰ ਦੀ ਮਾਹਰ ਵੀ ਹੈ। ਸ੍ਰੀ ਲੂਈਸ ਦੇ ਉਤਰਾਅਧਿਕਾਰੀ ਵਜੋਂ ਚੋਣ ਲੜਨ ਤੋਂ ਪਹਿਲਾਂ ਉਹ ਸ੍ਰੀ ਲੂਈਸ ਦੀ ਵਜ਼ਾਰਤ ਦੀ ਮੁਖੀ ਵੀ ਸੀ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਅਮੀਰ ਤੇ ਗਰੀਬ ਦਰਮਿਆਨ ਵਧਿਆ ਬਹੁਤ ਵੱਡਾ ਪਾੜਾ ਖਤਮ ਕਰਨਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ।ਜਿੱਥੇ ਸ੍ਰੀ ਲੂਲਾ ਨੇ ਅੱਠ ਸਾਲ ਪਹਿਲਾਂ ਉਦੋਂ ਮੁਲਕ ਦੀ ਵਾਗਡੋਰ ਸੰਭਾਲੀ ਸੀ ਜਦੋਂ ਆਲਮੀ ਅਰਥਚਾਰੇ ਦਾ ਗਰਾਫ਼ ਬੁਲੰਦੀ ਉੱਤੇ ਸੀ ਉਥੇ ਬੀਬੀ ਡਿਲਮਾ ਨੂੰ ਵਿਰਾਸਤ ਵਿਚ ਬੇਯਕੀਨੀ ਵਾਲੀ ਹਾਲਤ ਮਿਲੀ ਹੈ। ਇਸ ਦੇ ਨਾਲ ਹੀ ਉਨ੍ਹਾਂ ਅੱਗੇ ਮੁਲਕ ਦੀ ਮੇਜ਼ਬਾਨੀ ਵਿਚ ਹੋਣ ਵਾਲੇ 2014 ਦੇ ਫੁਟਬਾਲ ਆਗਾਮੀ ਕੱਪ ਤੇ 2016 ਦੀਆਂ ਓਲੰਪਿਕ ਖੇਡਾਂ ਦੀਆਂ ਤਿਆਰੀਆਂ ਕਰਨ ਦੀ ਚੁਣੌਤੀ ਵੀ ਹੈ।

# ਅਰਬ ਤੇ ਫ਼ਲਸਤੀਨੀ ਕਰਨਗੇ ਇਜ਼ਰਾਈਲ ਖ਼ਿਲਾਫ਼ ਮਤਾ ਪੇਸ਼

**ਰਾਮੱਲਾ:** ਇਜ਼ਰਾਈਲ ਨੂੰ ਫਲਸਤੀਨੀ ਖੇਤਰਾਂ ਤੇ ਯੇਰੂਸ਼ਲਮ ਵਿਚ ਯਹੂਦੀ ਬਸਤੀਆਂ ਵਸਾਉਣ ਤੋਂ ਰੋਕਣ ਲਈ ਫਲਸਤੀਨੀ ਤੇ ਅਰਬ ਛੇਤੀ ਹੀ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਮਤਾ ਪੇਸ਼ ਕਰਨਗੇ।

ਫਲਸਤੀਨੀ ਰਾਸ਼ਟਰਪਤੀ ਮਹਿਮੂਦ ਅਬਾਸ ਦੇ ਤਰਜਮਾਨ ਨਬੀਲ ਅਬੂ ਰੁਦੀਨਾ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿਚ ਸੁਰੱਖਿਆ ਕੌਂਸਲ ਵਿਚ ਜਾਵਾਂਗੇ ਤਾਂ ਕਿ ਫਲਸਤੀਨੀ ਖੇਤਰਾਂ ਖ਼ਾਸ ਕਰਕੇ ਯੇਰੂਸ਼ਲਮ ਵਿਚ ਇਸਰਾਈਲ ਨੂੰ ਯਹੂਦੀ ਬਸਤੀਆਂ ਵਸਾਉਣ ਤੋਂ ਰੋਕਿਆ ਜਾ ਸਕੇ। ਯੇਰੂਸ਼ਲਮ ਫਲਸਤੀਨ ਦੀ ਰਾਜਧਾਨੀ ਹੈ ਤੇ ਫਲਸਤੀਨੀਆਂ ਤੇ ਅਰਬਾਂ ਲਈ ਇਕ ਲਾਲ ਲਕੀਰ ਮੰਨਿਆ ਜਾਂਦਾ ਹੈ।

ਸ੍ਰੀ ਅੱਬਾਸ ਨਾਲ ਬ੍ਰਾਜ਼ੀਲ ਦੇ ਸਰਕਾਰੀ ਦੌਰੇ 'ਤੇ ਗਏ ਸ੍ਰੀ ਰੁਦੀਨਾ ਨੇ ਦੱਸਿਆ ਕਿ ਫਲਸਤੀਨੀ ਤੇ ਅਰਬ ਵੱਲੋਂ ਮਤਾ ਪੇਸ਼ ਕੀਤਾ ਜਾਵੇਗਾ। ਬਸਤੀਆਂ ਦੇ ਮੁੱਦੇ 'ਤੇ ਇਸਰਾਈਲ ਤੇ



ਫਲਸਤੀਨੀਆ ਵਿਚਾਲੇ ਸਿੱਧੀ ਅਮਨ ਵਾਰਤਾ ਟੁੱਟਣ ਤੋਂ ਪਿਛੋਂ ਅਰਬ ਲੀਗ ਨੇ 15 ਦਸੰਬਰ ਨੂੰ ਇਜ਼ਰਾਈਲ ਖ਼ਿਲਾਫ਼ ਸੁਰੱਖਿਆ ਕੌਂਸਲ ਵਿਚ ਮਤਾ ਲਿਆਉਣ ਦਾ ਐਲਾਨ ਕੀਤਾ ਸੀ।

ਦੂਜੇ ਪਾਸੇ ਫਲਸਤੀਨ ਦੇ ਰਾਸ਼ਟਰਪਤੀ ਮਹਿਮੂਦ ਅੱਬਾਸ ਨੇ ਆਲਮੀ ਭਾਈਚਾਰੇ ਨੂੰ ਸੱਦਾ ਦਿੱਤਾ ਹੈ ਕਿ ਇਸਰਾਈਲ ਨਾਲ ਸ਼ਾਂਤੀ ਵਾਰਤਾ ਲਈ ਨਵਾਂ ਫਾਰਮੂਲਾ ਤਿਆਰ ਕੀਤਾ ਜਾਵੇ। ਰਾਸ਼ਟਰਪਤੀ ਨੇ ਕਿਹਾ ਕਿ ਮੌਜੂਦਾ ਸ਼ਾਂਤੀ ਵਾਰਤਾ ਇਸ ਮਾਮਲੇ ਨੂੰ ਹੱਲ ਨਹੀਂ ਕਰ ਸਕਦੀ। ਇਸ ਲਈ ਇਸ ਨੂੰ ਪਾਸੇ ਕਰਦਿਆਂ ਨਵੇਂ ਸਿਰਿਓਂ ਸ਼ਾਂਤੀ ਵਾਰਤਾ ਲਈ ਫਾਰਮੂਲੇ ਦਾ ਖਰੜਾ ਤਿਆਰ ਕੀਤਾ ਜਾਵੇ।

ਜ਼ਿਕਰਯੋਗ ਹੈ ਕਿ ਸਤੰਬਰ ਮਹੀਨੇ ਵਿੱਚ ਦੋਵਾਂ ਮੁਲਕਾਂ 'ਚ ਜਾਰੀ ਸ਼ਾਂਤੀ ਵਾਰਤਾ ਨੂੰ ਬਰੇਕਾਂ ਲੱਗ ਗਈਆਂ ਸਨ। ਸੰਯੁਕਤ ਰਾਸ਼ਟਰ ਵੱਲੋਂ ਕਾਫੀ ਜੱਦੋ-ਜਹਿਦ ਕਰਨ ਦੇ ਬਾਵਜੂਦ ਵਾਰਤਾ 'ਚ ਆਈ ਖੜੋਤ ਦੂਰ ਨਹੀਂ ਹੋਈ ਸੀ। ਜ਼ਿਕਰਯੋਗ ਹੈ ਕਿ ਬੀਤੇ ਦਿਨ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਾਨਯਾਹੂ ਨੇ ਦੋਸ਼ ਲਾਇਆ ਸੀ ਕਿ ਉਨ੍ਹਾਂ ਦੀ ਸਰਕਾਰ ਤਾਂ ਗੱਲਬਾਤ ਲਈ ਕਾਹਲੀ ਹੈ ਪਰ ਫਲਸਤੀਨ ਗੱਲਬਾਤ ਤੋਂ ਭੱਜ ਰਿਹਾ ਹੈ।

## ਜਦੋਂ ਕਰਜ਼ਈ ਅਮਰੀਕਾ ਅੱਗੇ ਅੜਿਆ

**ਵਾਸ਼ਿੰਗਟਨ:** ਅਫ਼ਗਾਨਿਸਤਾਨ ਦਾ ਰਾਸ਼ਟਰਪਤੀ ਹਾਮਿਦ ਕਰਜ਼ਈ ਭਾਵੇਂ ਅਮਰੀਕਾ ਦਾ ਹੀ ਹੱਥ ਠੋਕਾ ਮੰਨਿਆ ਜਾਂਦਾ ਹੈ ਪਰ ਇਕ ਵਾਰ ਉਸ ਨੇ ਅਮਰੀਕਾ ਨੂੰ ਅੱਖਾਂ ਵੀ ਵਿਖਾਈਆਂ ਸਨ। ਸੂਚਨਾ ਅਨੁਸਾਰ ਅਮਰੀਕਾ ਨੇ ਇਕ ਮੰਤਰੀ ਨੂੰ ਹਟਾਉਣ ਦੀ ਮੰਗ ਕੀਤੀ ਸੀ ਜਿਸ ਨੂੰ ਕਰਜ਼ਈ ਨੇ ਸਿਰੇ ਤੋਂ ਖਾਰਜ ਕਰ ਦਿੱਤਾ ਸੀ। ਅਮਰੀਕਾ ਊਰਜਾ ਤੇ ਪਾਣੀ ਮੰਤਰੀ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾ ਕੇ ਉਸ ਨੂੰ ਅਹੁਦੇ ਤੋਂ ਹਟਾਉਣ ਲਈ ਦਬਾਅ ਪਾ ਰਿਹਾ ਸੀ। ਇਸ ਮੰਤਰੀ 'ਤੇ ਦੋ ਅਰਬ ਅਮਰੀਕੀ ਡਾਲਰ ਦੇ ਪ੍ਰਾਜੈਕਟਾਂ 'ਚ ਗੜਬੜੀ ਕਰਨ ਦਾ ਦੋਸ਼ ਹੈ।

ਅਮਰੀਕਾ ਨੇ ਭਾਵੇਂ ਇਸ ਮੰਤਰੀ ਨੂੰ ਹਟਾਉਣ ਦੀ ਮੰਗ ਕਰਦਿਆਂ ਵਿੱਤੀ ਸਹਾਇਤਾ ਬੰਦ ਕਰਨ ਦੀ ਵੀ ਧਮਕੀ ਦਿੱਤੀ ਸੀ ਪਰ ਅਫ਼ਗਾਨਿਸਤਾਨ ਨੇ ਸਪਸ਼ਟ ਕਰ ਦਿੱਤਾ ਕਿ ਅਮਰੀਕੀ ਦਬਾਅ ਹੇਠ ਮੰਤਰੀ ਮੰਡਲ 'ਚ ਰੱਦੋ-ਬਦਲ ਨਹੀਂ ਕੀਤੀ ਜਾਵੇਗੀ। ਵਿਕੀਲੀਕਸ ਵੱਲੋਂ ਕੀਤੇ ਖ਼ੁਲਾਸੇ ਮੁਤਾਬਕ 2009 'ਚ ਚੋਣਾਂ ਤੋਂ ਬਾਅਦ ਅਫ਼ਗਾਨਿਸਤਾਨ 'ਚ ਕਰਜ਼ਈ ਨੇ ਨਵਾਂ ਮੰਤਰੀ ਮੰਡਲ ਬਣਾਇਆ ਸੀ। ਇਸ ਵੇਲੇ ਅਮਰੀਕਾ ਨੇ ਸਾਬਕਾ ਲੜਾਕੂ ਕਮਾਂਡਰ ਇਸਮਾਈਲ ਖਾਨ ਨੂੰ ਕੈਬਨਿਟ 'ਚ ਸ਼ਾਮਲ ਨਾ ਕਰਨ ਦੀ ਅਪੀਲ ਕੀਤੀ ਸੀ ਪਰ ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਹਾਮਿਦ ਕਰਜ਼ਈ ਨੇ ਅਮਰੀਕਾ ਦੀ ਇਸ ਮੰਗ ਨੂੰ ਨਕਾਰ ਦਿੱਤਾ ਸੀ।

## ਏਂਜਲਾ ਵੱਲੋਂ ਜਰਮਨਾਂ ਨੂੰ ਯੂਰੋ ਅਪਣਾਉਣ ਦਾ ਸੱਦਾ

**ਬਰਲਿਨ:** ਜਰਮਨੀ ਦੀ ਚਾਂਸਲਰ ਏਂਜਲਾ ਮਾਰਕਲ ਨੇ ਜਰਮਨਾਂ ਨੂੰ ਮੁਲਕ ਵਿਚ ਯੂਰਪੀ ਕਰੰਸੀ ਯੂਰੋ ਅਪਣਾਉਣ ਦਾ ਸੱਦਾ ਦਿੰਦਿਆਂ ਯੂਰਪ ਵਿਚ ਇਕੋ ਕਰੰਸੀ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ।

ਦੱਸਣਯੋਗ ਹੈ ਕਿ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਜਰਮਨਾਂ ਦਾ ਇਸ ਕਰੰਸੀ ਪ੍ਰਤੀ ਹੁੰਗਾਰਾ ਮੱਠਾ ਰਿਹਾ ਹੈ। ਮਾਰਕਲ ਨੇ ਨਵੇਂ ਸਾਲ ਮੌਕੇ ਆਪਣੇ ਸੰਬੋਧਨ ਵਿਚ ਕਿਹਾ ਕਿ ਹਾਲੀਆ ਮਹੀਨਿਆਂ ਦੌਰਾਨ ਯੂਰਪ ਨੂੰ ਵੱਡੀ ਪਰਖ ਦਾ ਸਾਹਮਣਾ ਕਰਨਾ ਪਿਆ ਹੈ। ਯੂਰੋ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਇਹ ਸਿਰਫ਼ ਪੈਸੇ ਦਾ ਹੀ ਮਾਮਲਾ ਨਹੀਂ ਹੈ। ਯੂਰੋ ਸਾਡੇ ਲਈ ਕਰੰਸੀ ਤੋਂ ਕਿਤੇ ਵਧ ਕੇ ਹੈ। ਉਨ੍ਹਾਂ ਕਿਹਾ ਕਿ ਖ਼ੁਸ਼ੀ ਦੀ ਗੱਲ ਹੈ ਕਿ ਅਸੀਂ ਯੂਰਪੀ ਲੋਕ ਇਕਮੁੱਠ ਹਾਂ। ਯੂਰਪ ਦੀ ਇਕਮੁੱਠਤਾ ਅਮਨ ਤੇ ਆਜ਼ਾਦੀ ਦੀ ਪ੍ਰਤੀਕ ਹੈ। ਯੂਰੋ ਸਾਡੀ ਖ਼ੁਸ਼ਹਾਲੀ ਦੀ ਬੁਨਿਆਦ ਹੈ।

## ਉੱਤਰੀ ਕੋਰੀਆ ਵੱਲੋਂ 'ਪਰਮਾਣੂ ਤਬਾਹੀ' ਦੀ ਚਿਤਾਵਨੀ

**ਸਿਓਲ:** ਉੱਤਰੀ ਕੋਰੀਆ ਨੇ ਨਵੇਂ ਸਾਲ ਮੌਕੇ ਜਿੱਥੇ ਆਪਣੇ ਵਿਰੋਧੀ ਦੱਖਣੀ ਕੋਰੀਆ ਨਾਲ ਵਧੀਆ ਸਬੰਧਾਂ ਦੀ ਕਾਮਨਾ ਕੀਤੀ ਹੈ ਉੱਥੇ ਨਾਲ ਹੀ ਧਮਕੀ ਦਿੱਤੀ ਹੈ ਕਿ ਜੇ ਦੋਵਾਂ ਮੁਲਕਾਂ ਦਰਮਿਆਨ ਜੰਗ ਹੁੰਦੀ ਹੈ ਤਾਂ ਇਹ 'ਪਰਮਾਣੂ ਤਬਾਹੀ ਤੋਂ ਇਲਾਵਾ ਹੋਰ ਕੁਝ ਨਹੀਂ' ਹੋਵੇਗਾ। ਨਵੇਂ ਸਾਲ ਦੇ ਆਪਣੇ ਸਾਲਾਨਾ ਸੁਨੇਹੇ ਵਿਚ ਕੋਰੀਆਈ ਖਿੱਤੇ ਨੂੰ ਪਰਮਾਣੂ ਮੁਕਤ ਬਣਾਉਣ ਦਾ ਸੱਦਾ ਦੇਣ ਨਾਲ ਹੀ ਉੱਤਰੀ ਕੋਰੀਆ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਦੀ 'ਫ਼ੌਜ ਆਪਣੇ ਦੁਸ਼ਮਣਾਂ 'ਤੇ ਤੁਰੰਤ ਹਮਲਾ ਕਰਕੇ ਆਹੂ ਲਾਹੁਣ' ਲਈ ਤਿਆਰ ਹੈ।

ਉੱਤਰੀ ਕੋਰੀਆ ਦੇ ਇਸ ਸੁਨੇਹੇ ਦੀ ਗੁਆਂਢੀ ਮੁਲਕਾਂ ਵੱਲੋਂ ਘੋਖ ਕੀਤੀ ਜਾ ਰਹੀ ਹੈ। ਮੁਲਕ ਦੀ ਸਰਕਾਰੀ ਖ਼ਬਰ ਏਜੰਸੀ ਰਾਹੀਂ ਤਿੰਨ ਅਖ਼ਬਾਰਾਂ ਵਿਚ ਛਾਪੇ ਗਏ ਸੰਪਾਦਕੀ ਲੇਖਾਂ ਰਾਹੀਂ ਉੱਤਰੀ ਕੋਰੀਆ ਨੇ ਕਿਹਾ ਹੈ ਕਿ ਉੱਤਰੀ ਤੇ ਦੱਖਣੀ ਕੋਰੀਆ ਦਰਮਿਆਨ ਤਣਾਅ ਤੁਰੰਤ ਖ਼ਤਮ ਕੀਤਾ ਜਾਣਾ ਚਾਹੀਦਾ ਹੈ। ਇਸ ਵਿਚ ਦੋਵੇਂ ਮੁਲਕਾਂ ਦਰਮਿਆਨ ਰਿਸ਼ਤੇ ਸੁਧਾਰਨ ਦਾ ਸੱਦਾ ਦਿੱਤਾ ਗਿਆ ਹੈ।

ਸੁਨੇਹੇ ਵਿਚ ਕਿਹਾ ਗਿਆ, 'ਜੰਗ ਦਾ ਖ਼ਤਰਾ ਖ਼ਤਮ ਕੀਤਾ ਜਾਣਾ ਚਾਹੀਦਾ ਹੈ ਤੇ ਕੋਰੀਆਈ ਪ੍ਰਾਇਦੀਪ ਵਿਚ ਅਮਨ ਦੀ ਰਾਖੀ ਕੀਤੀ ਜਾਣੀ ਚਾਹੀਦੀ ਹੈ। ਇਸ ਸੁਨੇਹੇ ਨੂੰ ਰਵਾਇਤੀ ਕੋਰੀਆਈ ਪੁਸ਼ਾਕ ਪਹਿਨੀ ਔਰਤ ਨੇ ਸਰਕਾਰੀ ਟੈਲੀਵਿਜ਼ਨ ਉੱਤੇ ਪੜ੍ਹ ਕੇ ਵੀ ਸੁਣਾਇਆ।' ਸੁਨੇਹੇ ਵਿਚ ਸਾਫ਼ ਕਿਹਾ ਗਿਆ ਹੈ ਕਿ ਜੇ ਇਸ ਧਰਤੀ ਉੱਤੇ ਜੰਗ ਹੁੰਦੀ ਹੈ ਤਾਂ ਇਸ ਦਾ ਪਰਮਾਣੂ ਮਤਲਬ ਤਬਾਹੀ ਤੋਂ ਬਿਨਾਂ ਹੋਰ ਕੁਝ ਨਹੀਂ ਹੋਵੇਗਾ।

ਉੱਤਰੀ ਕੋਰੀਆ ਨਾਲ ਸਬੰਧਾਂ ਦਾ ਮਾਮਲਾ ਦੇਖਣ ਵਾਲੇ ਦੱਖਣੀ ਕੋਰੀਆ ਦੇ ਯੂਨੀਫਿਕੇਸ਼ਨ ਮੰਤਰਾਲੇ ਨੇ ਕਿਹਾ ਹੈ ਕਿ ਇਸ ਦੇ ਅਧਿਕਾਰੀ ਬਿਆਨ ਦੀ ਘੋਖ ਕਰ ਰਹੇ ਹਨ ਤੇ ਉਸ ਵੱਲੋਂ ਤੁਰੰਤ ਟਿੱਪਣੀ ਤੋਂ ਨਾਂਹ ਕਰ ਦਿੱਤੀ ਗਈ। ਗੌਰਤਲਬ ਹੈ ਕਿ ਦੋਵੇਂ ਮੁਲਕਾਂ ਦਰਮਿਆਨ 23 ਨਵੰਬਰ ਤੋਂ ਤਣਾਅ ਜਾਰੀ ਹੈ ਜਦੋਂ ਪੱਛਮੀ ਸਮੁੰਦਰੀ ਹੱਦ 'ਤੇ ਇਕ ਦੱਖਣੀ ਕੋਰੀਆਈ ਟਾਪੂ ਉੱਤੇ ਉੱਤਰੀ ਕੋਰੀਆ ਨੇ ਗੋਲਾਬਾਰੀ ਕਰ ਦਿੱਤੀ ਸੀ। ਉੱਤਰੀ ਕੋਰੀਆ ਨੇ ਦਾਅਵਾ ਕੀਤਾ ਸੀ ਕਿ ਬੀਤੇ ਮਾਰਚ ਵਿੱਚ ਦੱਖਣੀ ਕੋਰੀਆ ਨੇ ਉਸ ਦੇ ਇਕ ਸਮੁੰਦਰੀ ਜਹਾਜ਼ 'ਤੇ ਹਮਲਾ ਕੀਤਾ ਸੀ ਜਿਸ ਬਦਲੇ ਉਸ ਨੇ ਇਹ ਕਾਰਵਾਈ ਕੀਤੀ। ਇਸ ਘਟਨਾ 'ਚ ਦੱਖਣੀ ਕੋਰੀਆ ਦੇ 4 ਵਿਅਕਤੀ ਮਾਰੇ ਗਏ ਸਨ।

## ਆਸਟਰੇਲੀਆ 'ਚ ਹੜ੍ਹਾਂ ਕਾਰਨ ਦੋ ਲੱਖ ਲੋਕ ਬੇਘਰ

**ਸਿਡਨੀ:** ਆਸਟਰੇਲੀਆ ਵਿਚ ਹੜ੍ਹ ਆਉਣ ਕਾਰਨ 22 ਸ਼ਹਿਰ ਡੁੱਬ ਗਏ ਹਨ ਤੇ ਤਕਰੀਬਨ ਦੋ ਲੱਖ ਲੋਕਾਂ ਨੂੰ ਆਪਣੇ ਘਰ-ਬਾਰ ਛੱਡਣ ਲਈ ਮਜਬੂਰ ਹੋਣਾ ਪਿਆ ਹੈ। ਉੱਤਰੀ ਪੂਰਬੀ ਆਸਟਰੇਲੀਆ ਵਿਚ ਹੜ੍ਹ ਕਾਰਨ ਦੇਸ਼ ਦੀਆਂ ਖੰਡ ਬਰਾਮਦ ਕਰਨ ਵਾਲੀਆਂ ਬੰਦਰਗਾਹਾਂ ਨੂੰ ਬੰਦ ਕਰ ਦਿੱਤਾ ਗਿਆ ਹੈ।

ਸੂਤਰਾਂ ਅਨੁਸਾਰ ਇਸ ਇਲਾਕੇ ਵਿਚ ਪਿਛਲੇ 50 ਸਾਲਾਂ 'ਚ ਹੜ੍ਹਾਂ ਨੇ ਪਹਿਲੀ ਵਾਰ ਏਨੀ ਤਬਾਹੀ ਮਚਾਈ ਹੈ।ਸਰਕਾਰ ਨੇ ਹੜ੍ਹਾਂ ਕਾਰਨ ਬਿਮਾਰੀਆਂ ਵਧਣ, ਸੱਪਾਂ ਤੇ ਹੋਰ ਜਾਨਵਰਾਂ ਦੇ ਰਿਹਾਇਸ਼ੀ ਇਲਾਕਿਆਂ ਵਿਚ ਆਉਣ ਦੀ ਚਿਤਾਵਨੀ ਦਿੱਤੀ ਹੈ।ਪ੍ਰਧਾਨ ਮੰਤਰੀ ਜੂਲੀਆ ਗਿਲਾਰਡ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਲਗਾਤਾਰ ਦੌਰਾ ਕੀਤਾ ਜਾ ਰਿਹਾ ਹੈ। ਸਰਕਾਰ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਦਸ ਲੱਖ ਡਾਲਰ ਜਾਰੀ ਕਰ ਦਿੱਤੇ ਹਨ।

# ਹੈਡਲੀ ਕਰਦਾ ਸੀ ਪਾਕਿਸਤਾਨ ਲਈ ਜਾਸੂਸੀ

**ਵਾਸ਼ਿੰਗਟਨ:** ਲਸ਼ਕਰੇ-ਤਾਇਬਾ ਨਾਲ ਸਬੰਧ ਰੱਖਣ ਵਾਲਾ ਤੇ 26 ਨਵੰਬਰ ਦੇ ਮੁੰਬਈ ਹਮਲਿਆਂ ਲਈ ਮਹੱਤਵਪੂਰਨ ਥਾਂਵਾਂ ਦੀਆਂ ਤਸਵੀਰਾਂ ਲੈਣ ਵਾਲਾ ਅਤਿਵਾਦੀ ਡੈਵਿਡ ਹੈਡਲੀ ਅਸਲ ਵਿਚ ਪਾਕਿਸਤਾਨੀ ਜਾਸੂਸ ਸੀ ਜੋ ਆਈ.ਐਸ.ਆਈ. ਲਈ ਕੰਮ ਕਰਦਾ ਸੀ।

ਮੀਡੀਆ ਵਿਚ ਆਈ ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਦੇ ਮੁਖੀ ਲੈਫਟੀਨੈਂਟ ਜਨਰਲ ਅਹਿਮਦ ਸ਼ੁਜਾ ਪਾਸ਼ਾ ਨੂੰ ਭਾਰਤ ਦੀ ਆਰਥਿਕ ਰਾਜਧਾਨੀ 'ਤੇ ਹਮਲੇ ਬਾਰੇ ਸੰਭਾਵਿਤ ਜਾਣਕਾਰੀ ਸੀ। 'ਪ੍ਰੋਪਬਲਿਕਾ ਡਾਟ ਕਾਮ' ਵਿਚ ਅਮਰੀਕੀ ਪੱਤਰਕਾਰ ਸੇਬਸਟੀਅਨ ਰੋਟੇਲਾ ਨੇ ਲਿਖਿਆ ਕਿ ਮੂਲ ਰੂਪ ਵਿਚ ਜਿਸ ਤਰ੍ਹਾਂ ਅਮਰੀਕੀ ਤੇ ਭਾਰਤੀ ਅਧਿਕਾਰੀਆਂ ਦਾਅਵਿਆਂ ਅਨੁਸਾਰ ਹੈਡਲੀ ਅਸਲ 'ਚ ਪਾਕਿਸਤਾਨੀ ਜਾਸੂਸ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਅਮਰੀਕੀ ਤੇ ਭਾਰਤੀ ਏਜੰਸੀਆਂ ਦੀ ਜਾਂਚ ਵਿਚ ਪਹਿਲੀ ਵਾਰ ਇਹ ਗੱਲ ਸਾਹਮਣੇ ਆਈ ਹੈ ਕਿ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ



ਨੇ ਦੋਹਰੀ ਚਾਲ ਖੇਡੀ ਹੈ। ਇਕ ਪਾਸੇ ਉਹ ਅਤਿਵਾਦ ਖ਼ਿਲਾਫ਼ ਜੰਗ ਵਿਚ ਅਮਰੀਕਾ ਦਾ ਸਾਥੀ ਸੀ ਤੇ ਦੂਸਰੇ ਪਾਸੇ ਉਹ ਪਾਕਿਸਤਾਨ ਹਿਤਾਂ ਦੀ ਰਾਖੀ ਕਰਨ ਵਾਲੇ ਅਤਿਵਾਦੀਆਂ ਨੂੰ ਪੱਠੇ ਪਾਉਂਦੀ ਰਹੀ। ਇਸ ਵੈੱਬਸਾਈਟ ਦੇ ਹੱਥ ਲੱਗੇ ਮੁੰਬਈ ਹਮਲੇ ਦੀ ਜਾਂਚ ਨਾਲ ਜੁੜੇ ਦਸਤਾਵੇਜ਼ਾਂ ਨਾਲ ਇਸ ਗੱਲ ਦੀ ਪੁਸ਼ਟੀ ਹੋ ਗਈ ਹੈ ਕਿ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਦੇ ਅਧਿਕਾਰੀਆਂ ਨੇ ਮੁੰਬਈ ਹਮਲਿਆਂ ਵਿਚ ਅਤਿਵਾਦੀ ਸੰਗਠਨ ਲਸ਼ਕਰੇ-ਤਾਇਬਾ ਦਾ ਸਾਥ ਦਿੱਤਾ ਸੀ। ਇਸ ਹਮਲੇ ਵਿਚ ਛੇ ਅਮਰੀਕੀਆਂ ਸਮੇਤ 166 ਵਿਅਕਤੀ ਮਾਰੇ ਗਏ ਸਨ।

ਜ਼ਿਕਰਯੋਗ ਹੈ ਕਿ ਭਾਰਤ ਤੇ ਅਮਰੀਕਾ ਦੇ ਅਧਿਕਾਰੀ ਕਾਫੀ ਦੇਰ ਦੇ ਕਹਿ ਰਹੇ ਹਨ ਕਿ ਆਈ.ਐਸ.ਆਈ. ਨੇ ਹੈਡਲੀ ਨੂੰ ਭਰਤੀ ਕਰਨ ਤੋਂ ਇਲਾਵਾ ਟਰੇਨਿੰਗ ਦਿੱਤੀ, ਉਸ ਨੂੰ ਪੈਸਾ ਦਿੱਤਾ ਗਿਆ ਤੇ ਮੁੰਬਈ ਵਿਚਾਲੇ ਅਹਿਮ ਟਿਕਾਣਿਆਂ ਦੀ ਰੇਕੀ ਕਰਵਾਈ ਗਈ। ਹੈਡਲੀ ਨੇ ਜਾਂਚ ਟੀਮਾਂ ਨੂੰ ਦੱਸਿਆ ਹੈ ਕਿ ਪਾਕਿਸਤਾਨੀ ਜਲ ਸੈਨਾ ਦੇ ਇਕ ਗੋਤਾਖੋਰ ਨੇ ਮੁੰਬਈ ਹਮਲੇ ਬਾਰੇ ਅਤਿਵਾਦੀਆਂ ਨੂੰ ਆਪਣੀ ਸਹਾਇਤਾ ਦਿੱਤੀ ਸੀ। ਉਧਰ ਇਸ ਅਖ਼ਬਾਰ ਮੁਤਾਬਕ ਪਾਕਿਸਤਾਨੀ ਅਧਿਕਾਰੀਆਂ ਨੇ ਇਸ ਰਿਪੋਰਟ ਦਾ ਖੰਡਨ ਕੀਤਾ ਹੈ। ਇਕ ਭਾਰਤੀ ਅਧਿਕਾਰੀ ਦੇ ਹਵਾਲੇ ਨਾਲ ਅਖ਼ਬਾਰ ਨੇ ਲਿਖਿਆ ਹੈ ਕਿ ਹੋ ਸਕਦਾ ਹੈ ਕਿ ਪਾਸ਼ਾ ਨੂੰ ਹਮਲੇ ਤੋਂ ਪਹਿਲਾਂ ਇਸ ਸਾਜ਼ਿਸ਼ ਦਾ ਪਤਾ ਹੋਵੇ। ਰਿਪੋਰਟ ਮੁਤਾਬਕ ਆਈ.ਐਸ.ਆਈ. ਦਾ ਇਕ ਬ੍ਰਿਗੇਡੀਅਰ ਜਨਰਲ ਜ਼ਕੀਉਰ ਰਹਿਮਾਨ ਲਖਵੀ ਲਈ ਕੰਮ ਕਰਦਾ ਸੀ। ਉਹ ਅਧਿਕਾਰੀ ਪਾਸ਼ਾ ਦੇ ਬਹੁਤ ਨੇੜੇ ਹੈ।

## ਨਾਨਾਵਤੀ ਕਮਿਸ਼ਨ ਦੀ ਮਿਆਦ ਫਿਰ ਵਧਾਈ

**ਅਹਿਮਦਾਬਾਦ:** ਗੁਜਰਾਤ ਸਰਕਾਰ ਨੇ ਨਾਨਾਵਤੀ ਕਮਿਸ਼ਨ ਦੀ ਮਿਆਦ ਇਕ ਵਾਰ ਫਿਰ ਵਧਾ ਦਿੱਤੀ ਹੈ।

ਨਾਨਾਵਤੀ ਕਮਿਸ਼ਨ 2002 ਦੇ ਗੁਜਰਾਤ ਦੰਗਿਆਂ ਦੀ ਜਾਂਚ ਕਰ ਰਿਹਾ ਹੈ। ਇਸ ਕਮਿਸ਼ਨ ਦੀ ਮਿਆਦ ਛੇ ਮਹੀਨੇ ਲਈ ਵਧਾ ਕੇ 30 ਜੂਨ, 2011 ਤੱਕ ਕਰ ਦਿੱਤੀ ਹੈ।ਇਹ ਮਿਆਦ ਇਸ ਤੋਂ ਪਹਿਲਾਂ ਇਸੇ ਸਾਲ ਜੂਨ ਮਹੀਨੇ 'ਚ 6 ਮਹੀਨਿਆਂ ਲਈ ਵਧਾ ਕੇ 31 ਦਸੰਬਰ ਤਕ ਕੀਤੀ ਗਈ ਸੀ। ਇਸ ਕਮਿਸ਼ਨ ਵਿਚ ਜਸਟਿਸ ਜੀ.ਟੀ. ਨਾਨਾਵਤੀ ਤੇ ਜਸਟਿਸ ਅਕਸ਼ੈ ਮਹਿਤਾ ਸ਼ਾਮਲ ਹਨ।


## ਹੁਣ 'ਚਵਾਨੀ' ਵੀ ਗਈ

**ਨਵੀਂ ਦਿੱਲੀ:** ਕੇਂਦਰੀ ਵਿੱਤ ਮੰਤਰਾਲੇ ਨੇ ਚਵਾਨੀ (25 ਪੈਸੇ ਦਾ ਸਿੱਕਾ) ਦੇ ਸਿੱਕੇ ਨੂੰ ਬੰਦ ਕਰਨ ਦਾ ਫ਼ੈਸਲਾ ਲੈ ਲਿਆ ਹੈ।

ਮੰਤਰਾਲੇ ਨੇ ਜਾਰੀ ਬਿਆਨ ਵਿਚ ਕਿਹਾ ਕਿ ਲੈਣ-ਦੇਣ ਦੇ ਸਭ ਤੋਂ ਘੱਟ ਮੁੱਲ ਦਾ ਸਿੱਕਾ ਹੁਣ ਕੇਵਲ '50 ਪੈਸੇ' ਹੋਵੇਗਾ ਜਿਸ ਨੂੰ ਬੋਲਚਾਲ ਦੀ ਭਾਸ਼ਾ ਵਿਚ 'ਅਠਾਨੀ' ਕਹਿੰਦੇ ਹਨ। 30 ਜੂਨ 2011 ਤੋਂ 25 ਪੈਸੇ ਤੇ ਉਸ ਤੋਂ ਛੋਟੇ ਮੁੱਲ ਦੇ ਸਿੱਕੇ-ਇਕ ਪੈਸਾ, ਦੋ ਪੈਸੇ, ਤਿੰਨ ਪੈਸੇ, ਪੰਜ ਪੈਸੇ, 10 ਪੈਸੇ ਤੇ 20 ਪੈਸੇ ਦੇ ਸਿੱਕੇ ਸਵੀਕਾਰ ਨਹੀਂ ਹੋਣਗੇ।

# ਬ੍ਰਿਗੇਡੀਅਰ ਦੇ ਘਰ ਰਚੀ ਸੀ ਬੇਨਜ਼ੀਰ ਨੂੰ ਮਾਰਨ ਦੀ ਸਾਜ਼ਿਸ਼

**ਇਸਲਾਮਾਬਾਦ:** ਪਾਕਿਸਤਾਨ ਦੀ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਨੂੰ ਮਾਰਨ ਦੀ ਸਾਜ਼ਿਸ਼ ਪਾਕਿਸਤਾਨੀ ਫ਼ੌਜ ਦੇ ਹੀ ਇਕ ਬ੍ਰਿਗੇਡੀਅਰ ਦੇ ਘਰ 'ਚ ਰਚੀ ਗਈ ਸੀ। ਇਹ ਖ਼ੁਲਾਸਾ ਪਾਕਿਸਤਾਨੀ ਮੀਡੀਆ ਵੱਲੋਂ ਕੀਤਾ ਗਿਆ ਹੈ ਪਰ ਦੂਜੇ ਪਾਸੇ ਗ੍ਰਹਿ ਮੰਤਰੀ ਰਹਿਮਾਨ ਮਲਿਕ ਨੇ ਇਨ੍ਹਾਂ ਰਿਪੋਰਟਾਂ ਨੂੰ ਪੂਰੀ ਤਰ੍ਹਾਂ ਮਨਘੜਤ ਦੱਸਿਆ ਹੈ।



ਪਾਕਿਸਤਾਨ ਦੀ 'ਦਿ ਐਕਸਪ੍ਰੈੱਸ ਟ੍ਰਿਬਿਊਨ' ਅਖ਼ਬਾਰ ਅਨੁਸਾਰ ਤਾਜ਼ਾ ਜਾਂਚ ਦੌਰਾਨ ਇਸ ਕਤਲ ਵਿਚਲੇ ਨੌਂ ਵਿਅਕਤੀਆਂ ਦੇ ਚਿਹਰੇ ਬੇਨਕਾਬ ਹੋਏ ਹਨ।ਇਨ੍ਹਾਂ ਵਿਚ ਇਕ ਬ੍ਰਿਗੇਡੀਅਰ ਵੀ ਹੈ ਜਿਸ ਦੇ ਘਰ 'ਚ ਕਤਲ ਦੀ ਸਾਜ਼ਿਸ਼ ਰਚੀ ਗਈ ਸੀ। ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਹ ਜਾਂਚ ਗ੍ਰਹਿ ਮੰਤਰਾਲੇ ਦੀ ਨਿਗਰਾਨੀ ਹੇਠ ਕੀਤੀ ਗਈ ਤੇ ਇਸ ਜਾਂਚ ਉੱਪਰ ਜਾਣ-ਬੁੱਝ ਕੇ ਪਰਦਾ ਪਾਇਆ ਗਿਆ। ਜਾਂਚ ਰਿਪੋਰਟ ਇਸ ਵੇਲੇ ਗ੍ਰਹਿ ਮੰਤਰੀ ਮਲਿਕ ਦੇ ਕਬਜ਼ੇ 'ਚ ਹੈ। ਇਸ ਨੂੰ ਪੂਰੀ ਤਰ੍ਹਾਂ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨੇ ਹੀ ਦੇਖਿਆ ਹੈ। ਅਖ਼ਬਾਰ ਨੇ ਇਹ ਨਹੀਂ ਦੱਸਿਆ ਕਿ ਬ੍ਰਿਗੇਡੀਅਰ ਸੇਵਾ ਮੁਕਤ ਹੈ ਜਾਂ ਇਸ ਵੇਲੇ ਨੌਕਰੀ ਕਰ ਰਿਹਾ ਹੈ। ਉੱਧਰ ਗ੍ਰਹਿ ਮੰਤਰੀ ਨੇ ਰਿਪੋਰਟਾਂ ਦਾ ਖੰਡਨ ਕਰਦੇ ਹੋਏ ਕਿਹਾ ਕਿ ਇਹ ਪੂਰੀ ਤਰ੍ਹਾਂ ਮਨਘੜਤ ਤੇ ਝੂਠੀ ਕਹਾਣੀ ਹੈ ਤੇ ਕਿਸੇ ਵੀ ਬ੍ਰਿਗੇਡੀਅਰ ਦੇ ਘਰ ਕੋਈ ਸਾਜ਼ਿਸ਼ ਨਹੀਂ ਰਚੀ ਗਈ। ਕਰਾਚੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਭੁੱਟੋ ਨੂੰ ਕਤਲ ਕਰਨ ਦੀ ਸਾਜ਼ਿਸ਼ ਅਤਿਵਾਦੀਆਂ ਨੇ ਕਿਸੇ ਲੁਕਣਗਾਹ 'ਤੇ ਘੜੀ ਗਈ ਸੀ।

ਜਾਂਚ ਰਿਪੋਰਟ ਮੁਤਾਬਕ ਸਾਜ਼ਿਸ਼ ਰਚਣ ਵਾਲੇ ਨੌਂ ਵਿਚੋਂ ਪੰਜ ਜਿਉਂਦੇ ਹਨ ਜਦਕਿ ਕਤਲ ਕਰਨ ਵਾਲੇ ਸਣੇ ਚਾਰ ਮਰ ਚੁੱਕੇ ਹਨ। ਜਿਉਂਦੇ ਪੰਜ ਜਣਿਆਂ ਵਿਚੋਂ ਇਕ ਉਹ ਵੀ ਹੈ ਜਿਸ ਨੇ ਕਾਤਲਾਂ ਨੂੰ ਭਾੜੇ 'ਤੇ ਲਿਆ ਤੇ ਪਨਾਹ ਦਿੱਤੀ ਸੀ। ਭੁੱਟੋ ਨੂੰ ਕਤਲ ਕਰਨ ਦੀ ਸਿਖਲਾਈ ਫ਼ੌਜੀ ਅਧਿਕਾਰੀਆਂ ਦੀ ਨਿਗਰਾਨੀ 'ਚ ਹੋਈ ਸੀ। ਜਾਂਚ ਟੀਮ ਨੇ ਉਨ੍ਹਾਂ ਦੋ ਮੋਬਾਈਲ ਫ਼ੋਨਾਂ ਦੇ ਸਿਮ ਵੀ ਲੱਭ ਲਏ ਹਨ ਜਿਨ੍ਹਾਂ ਫ਼ੋਨਾਂ ਦੀ ਵਰਤੋਂ ਭੁੱਟੋ ਦੀ ਹੱਤਿਆ ਵੇਲੇ ਕੀਤੀ ਗਈ ਸੀ। ਰਾਸ਼ਟਰਪਤੀ ਭਾਵੇਂ ਇਸ ਰਿਪੋਰਟ ਨੂੰ ਜਨਤਕ ਕਰਨ ਲਈ ਰਾਜ਼ੀ ਹਨ ਪਰ ਉਹ ਅਜਿਹਾ ਕਰਨ ਤੋਂ ਪਹਿਲਾਂ ਹੋਰ ਸੋਚ-ਵਿਚਾਰ ਕਰਨਾ ਚਾਹੁੰਦੇ ਹਨ।

# ਕਾਂਗਰਸ ਵੱਲੋਂ ਸਰਕਾਰ ਨੂੰ ਹਰ ਮੁਹਾਜ਼ 'ਤੇ ਘੇਰਨ ਦੀ ਤਿਆਰੀ

**ਜਲੰਧਰ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਨੇ ਅਗਾਮੀ ਚੋਣਾਂ ਦੇ ਮੱਦੇਨਜ਼ਰ ਜਿੱਥੇ 'ਸੰਗਤ ਦਰਸ਼ਨ ਪ੍ਰੋਗਰਾਮਾਂ' ਤੇ 'ਨੀਂਹ ਪੱਥਰ ਰੱਖਣ' ਦੀ ਝੜੀ ਲਾ ਦਿੱਤੀ ਹੈ ਉਥੇ ਕਾਂਗਰਸ ਨੇ ਸਰਕਾਰ ਨੂੰ ਹਰ ਮੁਹਾਜ਼ 'ਤੇ ਘੇਰਨ ਦੀ ਤਿਆਰੀ ਕੱਸ ਲਈ ਹੈ। ਮੁੱਖ ਮੰਤਰੀ ਜਿੱਥੇ ਵਿਕਾਸ ਦੇ ਦਾਅਵੇ ਕਰ ਰਹੇ ਹਨ ਉਥੇ ਕਾਂਗਰਸੀ ਨੇ ਇਸ ਸਰਕਾਰ ਨੂੰ ਸਭ ਤੋਂ ਨਿਕੰਮੀ ਕਰਾਰ ਦਿੱਤਾ ਹੈ।

ਕਾਂਗਰਸ ਦੀ ਸੀਨੀਅਰ ਆਗੂ ਤੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਰਾਜਿੰਦਰ ਕੌਰ ਭੱਠਲ ਨੇ ਕਿਹਾ ਹੈ ਕਿ ਅਕਾਲੀ-ਭਾਜਪਾ ਸਰਕਾਰ ਦੇ ਰਾਜ ਦੌਰਾਨ ਫੈਲੇ ਭ੍ਰਿਸ਼ਟਾਚਾਰ ਤੇ ਅਮਨ ਕਾਨੂੰਨ ਬਣਾਈ ਰੱਖਣ ਵਿਚ ਅਸਫਲਤਾ ਨੂੰ ਵਿਧਾਨ ਸਭਾ ਚੋਣਾਂ ਵਿਚ ਅਹਿਮ ਮੁੱਦਾ ਬਣਾਇਆ ਜਾਵੇਗਾ। ਜਲੰਧਰ 'ਚ ਦੋ ਜਨਵਰੀ ਨੂੰ ਪ੍ਰੈਸ ਕਾਨਫਰੰਸ ਦੌਰਾਨ ਉਹ ਅਗਾਮੀ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਪਾਰਟੀ ਵੱਲੋਂ ਲੋਕਾਂ ਅੱਗੇ ਉਠਾਏ ਜਾਣ ਵਾਲੇ ਮੁੱਦਿਆਂ ਬਾਰੇ ਗੱਲ ਕਰ ਰਹੇ ਸਨ।

ਇਸ ਮੌਕੇ ਬੀਬੀ ਭੱਠਲ ਨਾਲ ਹਾਜ਼ਰ ਪੰਜਾਬ ਕਾਂਗਰਸ ਦੇ ਸਕੱਤਰ ਵਰਿੰਦਰ ਸ਼ਰਮਾ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਦੇ ਰਾਜ ਵਿਚ ਭ੍ਰਿਸ਼ਟਾਚਾਰ ਸਭ ਹੱਦਾਂ ਟੱਪ ਗਿਆ ਹੈ ਤੇ ਲੋਕ ਇਸ ਸਰਕਾਰ ਨੂੰ ਆਉਂਦੀਆਂ ਵਿਧਾਨ ਸਭਾ ਚੋਣਾਂ ਵਿਚ ਸਬਕ ਸਿਖਾਉਣਗੇ। ਉਨ੍ਹਾਂ ਕਿਹਾ ਕਿ ਲੁੱਟ-ਖੋਹ ਦੀਆਂ ਘਟਨਾਵਾਂ ਵਿਚ ਏਨਾ ਇਜ਼ਾਫਾ ਹੋਇਆ ਹੈ ਜਿਸ ਤੋਂ ਸਪੱਸ਼ਟ ਹੈ ਕਿ ਮੌਜੂਦਾ ਸਰਕਾਰ ਅਮਨ-ਕਾਨੂੰਨ ਕਾਇਮ ਰੱਖਣ ਵਿਚ ਬੁਰੀ ਤਰ੍ਹਾਂ ਅਸਫਲ ਹੈ।

ਬੀਬੀ ਭੱਠਲ ਨੇ ਕਿਹਾ ਕਿ ਇਸ ਦੇ ਨਾਲ ਹੀ ਕਾਂਗਰਸ ਪਾਰਟੀ ਵੱਲੋਂ ਕੀਤੇ ਵਿਕਾਸ ਨੂੰ ਵੀ



ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਬੀਬੀ ਭੱਠਲ

ਉਨ੍ਹਾਂ ਦੀ ਪਾਰਟੀ ਚੋਣ ਮੁੱਦੇ ਵਜੋਂ ਲਵੇਗੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਸੂਬੇ ਵਿਚ ਪੂਰੀ ਤਰ੍ਹਾਂ ਇਕਜੁੱਟ ਹੈ ਤੇ ਸੂਬਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਅਹਿਮ ਮੁੱਦਿਆਂ ਬਾਰੇ ਫੈਸਲਾ ਲੈਣ ਤੋਂ ਪਹਿਲਾਂ ਉਨ੍ਹਾਂ ਨਾਲ ਸਲਾਹ ਮਸ਼ਵਰਾ ਕਰਦੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਪੰਜਾਬ ਦੇ ਕਿਸਾਨਾਂ ਲਈ ਵੱਖ-ਵੱਖ ਸਕੀਮਾਂ ਤਹਿਤ ਬਹੁਤ ਫੰਡ ਭੇਜੇ ਹਨ ਪਰ ਇਨ੍ਹਾਂ ਫੰਡਾਂ ਦਾ ਵੱਡਾ ਹਿੱਸਾ ਲੋੜਵੰਦ ਕਿਸਾਨਾਂ ਤੱਕ ਨਹੀਂ ਪਹੁੰਚ ਸਕਿਆ। ਉਨ੍ਹਾਂ ਕਿਹਾ ਕਿ ਸੂਬੇ ਦਾ ਜਿਹੜਾ ਵਿਕਾਸ ਹੋਇਆ ਹੈ ਉਹ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਹੀ ਹੋਇਆ ਹੈ। ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਨੇ ਬਠਿੰਡਾ ਰੀਫ਼ਾਈਨਰੀ ਨੂੰ ਜਿਹੜੀਆਂ ਰਿਆਇਤਾਂ ਦਿੱਤੀਆਂ ਹਨ ਉਨ੍ਹਾਂ ਨੂੰ ਵਿਧਾਨ ਸਭਾ ਵਿਚ ਵਿਚਾਰਿਆ ਜਾਵੇ। ਬਾਦਲ ਨੇ ਆਪਣੀ ਸਰਕਾਰ ਵਿਚ ਕਾਂਗਰਸੀ ਵਰਕਰਾਂ ਨੂੰ ਕੁੱਟਿਆ ਹੈ ਤੇ ਪੁਲਿਸ ਤੋਂ ਬੇਰੁਜ਼ਗਾਰਾਂ ਨੂੰ ਕੁਟਵਾਇਆ ਹੈ।

ਉਨ੍ਹਾਂ ਕਿਹਾ ਕਿ ਜਦੋਂ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਕਮਾਨ ਸ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਸੰਭਾਲੀ ਹੈ ਉਦੋਂ ਤੋਂ ਹੀ ਅਕਾਲੀ ਦਲ 'ਚ ਵੰਡੀਆਂ ਪੈਣੀਆਂ ਸ਼ੁਰੂ ਹੋ ਗਈਆਂ ਹਨ। ਅਕਾਲੀ ਦਲ ਤੋਂ ਨਾਰਾਜ਼ ਹੋ ਕੇ ਕਈ ਨੇਤਾਵਾਂ ਨੇ ਵੱਖਰੀਆਂ ਪਾਰਟੀਆਂ ਬਣਾ ਲਈਆਂ ਤੇ ਹੁਣ ਪਾਰਟੀ ਦੇ ਬਿਲਕੁਲ ਟੁਕੜੇ-ਟੁਕੜੇ ਹੋ ਜਾਣ ਦੇ ਆਸਾਰ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਟੁੱਟ ਕੇ ਰਹੇਗਾ ਤੇ ਪੂਰੀ ਤਰ੍ਹਾਂ ਖ਼ਤਮ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਕੁਝ ਦਿਨ ਪਹਿਲਾਂ ਸ੍ਰੀ ਬਾਦਲ ਨੇ ਬਿਆਨ ਦਿੱਤਾ ਸੀ ਕਿ ਉਨ੍ਹਾਂ ਦੀ ਪਾਰਟੀ ਦੇ ਅਹੁਦੇਦਾਰ ਕਾਫ਼ੀ ਗ਼ਰੀਬ ਹਨ ਤੇ ਉਨ੍ਹਾਂ ਨੂੰ ਪਿਛਲੇ ਸਮੇਂ ਦਾ ਹਿਸਾਬ-ਕਿਤਾਬ ਦੇਣ ਦੀ ਲੋੜ ਨਹੀਂ। ਬੀਬੀ ਭੱਠਲ ਨੇ ਕਿਹਾ ਕਿ ਅਕਾਲੀ ਆਗੂਆਂ ਨੇ ਰੇਤਾ-ਬਜਰੀ, ਟੀ.ਵੀ. ਚੈਨਲਾਂ ਤੇ ਸਰਕਾਰੀ ਜਾਇਦਾਦਾਂ ਉਤੇ ਕਬਜ਼ੇ ਕੀਤੇ ਹੋਏ ਹਨ। ਬੀਬੀ ਭੱਠਲ ਨੇ 'ਗ਼ਰੀਬ ਬਾਦਲ' ਨੂੰ ਪੁੱਛਿਆ ਕਿ ਜਿਸ ਅਕਾਲੀ ਲੀਡਰ ਨੂੰ ਜਲੰਧਰ ਦਾ ਪਿਮਸ ਹਸਪਤਾਲ ਕੌਡੀਆਂ ਦੇ ਭਾਅ ਦਿੱਤਾ ਗਿਆ ਹੈ ਕੀ ਉਹ ਗਰੀਬ ਹੈ? ਉਨ੍ਹਾਂ ਕਿਹਾ ਕਿ ਸੱਤਾ ਵਿਚ ਆਉਣ ਤੋਂ ਪਹਿਲਾਂ ਅਕਾਲੀ ਅਹੁਦੇਦਾਰਾਂ ਦੀ ਹਾਲਤ ਕੁਝ ਹੋਰ ਸੀ ਤੇ ਹੁਣ ਕੁਝ ਹੋਰ ਬਣ ਚੁੱਕੀ ਹੈ।

## ਆਬਾਦੀ ਪੱਖੋਂ ਭਾਰਤ 2025 ਤਕ ਹੋਵੇਗਾ ਨੰਬਰ ਵੰਨ

**ਵਾਸ਼ਿੰਗਟਨ:** ਭਾਰਤ ਆਬਾਦੀ ਦੇ ਲਿਹਾਜ਼ ਨਾਲ 2025 ਤਕ ਦੁਨੀਆ ਦਾ ਨੰਬਰ ਇਕ ਮੁਲਕ ਬਣ ਜਾਵੇਗਾ ਤੇ ਚੀਨ ਦੂਜੇ ਸਥਾਨ 'ਤੇ ਆ ਜਾਵੇਗਾ।ਇਹ ਪ੍ਰਗਟਾਵਾ ਅਮਰੀਕਾ ਦੇ ਮਰਦਮਸ਼ੁਮਾਰੀ ਬਿਊਰੋ ਨੇ ਕੀਤਾ ਹੈ। ਬਿਊਰੋ ਮੁਤਾਬਕ 2025 ਤਕ ਭਾਰਤ ਦੀ ਆਬਾਦੀ 1.396 ਅਰਬ ਹੋ ਜਾਵੇਗੀ ਜਦਕਿ ਉਸ ਸਮੇਂ ਚੀਨ ਦੀ ਆਬਾਦੀ 1.394 ਅਰਬ ਹੋਵੇਗੀ। ਇਸ ਤੋਂ ਇਲਾਵਾ 2050 ਤਕ ਭਾਰਤ ਦੀ ਆਬਾਦੀ 1.656 ਅਰਬ ਹੋਵੇਗੀ ਜਦਕਿ ਚੀਨ ਦੀ ਆਬਾਦੀ ਘੱਟ ਕੇ 1.303 ਅਰਬ ਰਹਿ ਜਾਵੇਗੀ।

ਇਸ ਸਮੇਂ ਚੀਨ ਦੀ ਆਬਾਦੀ ਸਭ ਤੋਂ ਵੱਧ ਹੈ ਤੇ ਇਹ 1.330 ਅਰਬ ਹੈ ਜਦਕਿ 1.173 ਅਰਬ ਨਾਲ ਭਾਰਤ ਦੂਜੇ ਸਥਾਨ ਉਪਰ ਹੈ। ਅਮਰੀਕਾ 31 ਕਰੋੜ ਨਾਲ ਤੀਜੇ ਸਥਾਨ 'ਤੇ ਹੈ। ਅਮਰੀਕਾ ਦੀ ਆਬਾਦੀ 2025 ਵਿਚ 35.7 ਕਰੋੜ ਤੇ 2050 ਵਿਚ 43.9 ਕਰੋੜ ਹੋ ਜਾਵੇਗੀ। ਪਾਕਿਸਤਾਨ ਦੀ ਇਸ ਸਮੇਂ ਆਬਾਦੀ 18.4 ਕਰੋੜ ਹੈ ਤੇ 2025 'ਚ ਇਹ ਆਬਾਦੀ 22.8 ਕਰੋੜ ਤਕ ਪੁੱਜ ਜਾਵੇਗੀ। ਇਹ 2050 'ਚ 29 ਕਰੋੜ ਹੋ ਜਾਵੇਗੀ।

ਇਸੇ ਦੌਰਾਨ ਜਪਾਨ ਦਾ ਕਹਿਣਾ ਹੈ ਕਿ ਸਾਲ 2010 ਦੌਰਾਨ ਮੁਲਕ ਦੀ ਆਬਾਦੀ ਵਿਚ ਰਿਕਾਰਡ ਕਮੀ ਆਈ ਹੈ ਕਿਉਂਕਿ ਬਜ਼ੁਰਗਾਂ ਦੀ ਵੱਡੀ ਗਿਣਤੀ ਆਬਾਦੀ ਵਾਲੇ ਇਸ ਦੇਸ਼ ਵਿਚ 2010 ਦੌਰਾਨ ਮੌਤਾਂ ਦੀ ਗਿਣਤੀ ਸਭ ਤੋਂ ਵੱਧ ਰਹੀ। ਬੀਤੇ ਸਾਲ ਦੌਰਾਨ ਜਪਾਨ ਵਿਚ 11.9 ਲੱਖ ਮੌਤਾਂ ਦਰਜ ਕੀਤੀਆਂ ਗਈਆਂ।

## ਇਰਾਨ ਨਾਲ ਮਾਲੀ ਲੈਣ-ਦੇਣ ਬਾਰੇ ਕੋਈ ਦਬਾਅ ਨਹੀਂ:ਭਾਰਤ

**ਨਵੀਂ ਦਿੱਲੀ:** ਦਬਾਅ ਹੇਠ ਕੰਮ ਕਰਨ ਦੀਆਂ ਰਿਪੋਰਟਾਂ ਨੂੰ ਰੱਦ ਕਰਦਿਆਂ ਭਾਰਤ ਨੇ ਏਸ਼ੀਅਨ ਕਲੀਅਰਿੰਗ ਯੂਨੀਅਨ ਤਹਿਤ ਇਰਾਨ ਨਾਲ ਚਲੰਤ ਲੇਖਾ ਲੈਣ-ਦੇਣ ਵਿਚ ਆ ਰਹੀਆਂ ਸਮੱਸਿਆਵਾਂ ਨੂੰ 'ਤਕਨੀਕੀ' ਕਰਾਰ ਦਿੰਦਿਆਂ ਕਿਹਾ ਕਿ ਇਸ ਮੁੱਦੇ ਨੂੰ ਛੇਤੀ ਤੋਂ ਛੇਤੀ ਹੱਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਵਿਦੇਸ਼ ਮਾਮਲਿਆਂ ਦੇ ਮੰਤਰਾਲੇ ਨੇ ਆਖਿਆ, 'ਅਸੀਂ ਏਸ਼ੀਅਨ ਕਲੀਅਰਿੰਗ ਯੂਨੀਅਨ ਢਾਂਚੇ ਤਹਿਤ ਇਰਾਨ ਨਾਲ ਚਲੰਤ ਲੇਖਾ ਲੈਣ-ਦੇਣ ਤੈਅ ਕਰਨ ਸਬੰਧੀ ਸਮੱਸਿਆਵਾਂ ਬਾਰੇ ਰਿਪੋਰਟਾਂ ਦੇਖੀਆਂ ਹਨ ਤੇ ਇਸ ਨੂੰ ਛੇਤੀ ਤੋਂ ਛੇਤੀ ਸੁਲਝਾਉਣ ਲਈ ਯਤਨ ਕੀਤੇ ਜਾ ਰਹੇ ਹਨ।

ਜ਼ਿਕਰਯੋਗ ਹੈ ਭਾਰਤੀ ਰਿਜ਼ਰਵ ਬੈਂਕ ਨੇ 23 ਦਸੰਬਰ ਨੂੰ ਕਿਹਾ ਸੀ ਕਿ ਕੰਪਨੀਆਂ ਨੂੰ ਇਰਾਨ ਨਾਲ ਏ.ਸੀ.ਯੂ. ਤੋਂ ਬਾਹਰ ਚਲੰਤ ਖਾਤਾ ਵਪਾਰਕ ਲੈਣ-ਦੇਣ ਤੈਅ ਕਰਨ ਦੀ ਆਗਿਆ ਦਿੱਤੀ ਜਾਵੇਗੀ। ਏ.ਸੀ.ਯੂ. ਵਿਚ ਸ਼ਾਮਲ ਦੇਸ਼ਾਂ ਨੂੰ ਅਮਰੀਕੀ ਡਾਲਰ ਜਾਂ ਯੂਰੋ ਵਿਚ ਅਦਾਇਗੀ ਕਰਨੀ ਪੈਂਦੀ ਹੈ। ਇਰਾਨ ਨੇ ਨਵੇਂ ਨੇਮਾਂ ਤਹਿਤ ਤੇਲ ਵੇਚਣ ਤੋਂ ਇਨਕਾਰ ਕਰ ਦਿੱਤਾ ਸੀ।

# ਸੁਖਬੀਰ ਬਾਦਲ ਵੱਲੋਂ ਕੇਂਦਰ 'ਤੇ ਆਰਥਿਕ ਵਿਤਕਰੇ ਦੇ ਦੋਸ਼

**ਜਲੰਧਰ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਟੈਕਸਾਂ ਤੋਂ ਹੋਣ ਵਾਲੀ ਆਮਦਨ ਦੀ ਬਰਾਬਰ ਵੰਡ ਤੇ ਰਾਜਾਂ ਦੀ ਵਧੀਆ ਕਾਰਗੁਜ਼ਾਰੀ ਨੂੰ ਉਤਸ਼ਾਹਿਤ ਕਰਨ ਲਈ ਕੇਂਦਰੀ ਟੈਕਸਾਂ ਦੀ ਵੰਡ ਦੇ ਫਾਰਮੂਲੇ ਬਾਰੇ ਰਾਸ਼ਟਰੀ ਪੱਧਰ 'ਤੇ ਮੁੜ ਵਿਚਾਰ ਕਰਨ ਦੀ ਮੰਗ ਕੀਤੀ ਹੈ।

ਇਥੇ ਮੀਡੀਆ ਗਰੁੱਪ ਵੱਲੋਂ 'ਪੰਜਾਬ ਦੀਆਂ ਸਮੱਸਿਆਵਾਂ ਤੇ ਸਮਰੱਥਾ' ਵਿਸ਼ੇ ਬਾਰੇ ਕਰਵਾਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਰਾਸ਼ਟਰੀ ਅੰਨ-ਭੰਡਾਰ ਵਿਚ ਸਭ ਤੋਂ ਵੱਧ ਹਿੱਸਾ ਪਾਉਣ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਪਿਛਲੇ 63 ਸਾਲਾਂ ਤੋਂ ਪੰਜਾਬ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ ਜਿਸ ਕਾਰਨ ਪੰਜਾਬ ਦਾ ਵਿਕਾਸ ਪ੍ਰਭਾਵਿਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਰਾਜ ਵਿਚੋਂ ਇਕੱਤਰ ਕੀਤੇ ਜਾਣ ਵਾਲੇ ਟੈਕਸਾਂ ਵਿਚੋਂ ਸਿਰਫ਼ 1.29 ਪ੍ਰਤੀਸ਼ਤ ਹਿੱਸਾ ਹੀ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਟੈਕਸਾਂ ਵਿਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲਾ ਰਾਜ ਹੋਣ ਦੇ ਬਾਵਜੂਦ ਟੈਕਸਾਂ ਦੀ ਵੰਡ ਦਾ ਫਾਰਮੂਲਾ ਵੱਧ ਅਬਾਦੀ ਵਾਲੇ ਰਾਜਾਂ ਜਿਵੇਂ ਬਿਹਾਰ, ਯੂ.ਪੀ. ਤੇ ਮਹਾਰਾਸ਼ਟਰ ਨੂੰ ਵੱਧ ਹਿੱਸਾ ਦੇ ਰਿਹਾ ਹੈ ਜਿਸ ਕਰਕੇ ਪੰਜਾਬ ਫਾਡੀ ਰਹਿ ਜਾਂਦਾ ਹੈ।

ਉਪ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਤੇ ਬਿਹਾਰ ਦੀ ਵਿਕਾਸ ਦਰ ਦੀ ਤੁਲਨਾ ਕਰਦੇ ਸਮੇਂ ਇਸ ਗੱਲ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਬਿਹਾਰ ਨੂੰ ਕੇਂਦਰੀ ਟੈਕਸਾਂ ਵਿਚੋਂ 12.4 ਪ੍ਰਤੀਸ਼ਤ ਹਿੱਸਾ ਮਿਲ ਰਿਹਾ ਹੈ ਜਦੋਂ ਕਿ ਪੰਜਾਬ ਨੂੰ ਸਿਰਫ਼ 1.29 ਪ੍ਰਤੀਸ਼ਤ ਹਿੱਸਾ ਹੀ ਮਿਲਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਜੋ ਵੀ ਵਿਕਾਸ ਹੋ ਰਿਹਾ ਹੈ ਉਹ ਅਕਾਲੀ-ਭਾਜਪਾ ਸਰਕਾਰ ਵੱਲੋਂ ਮਾਲੀਆ ਤੋਂ ਹੋਣ ਵਾਲੀ ਆਮਦਨ ਵਿਚ ਕੀਤੇ ਗਏ ਚੋਖੇ ਵਾਧੇ ਦਾ ਨਤੀਜਾ ਹੈ ਕਿਉਂਕਿ ਵੈਟ ਤੋਂ ਹੋਣ ਵਾਲੀ ਆਮਦਨ ਜੋ ਸਿਰਫ਼ 5000 ਕਰੋੜ ਰੁਪਏ ਤੱਕ ਸੀਮਤ ਸੀ ਹੁਣ ਵਧ ਕੇ 11000 ਕਰੋੜ ਰੁਪਏ ਹੋ ਚੁੱਕੀ ਹੈ ।

ਉਪ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਮੁੱਖ ਮੰਤਰੀ ਨਾਲ ਤਿੰਨ ਥਰਮਲ ਪਲਾਂਟਾਂ ਦੀ ਪ੍ਰਵਾਨਗੀ ਦੀ ਪ੍ਰਕਿਰਿਆ ਵਿਚ ਤੇਜ਼ੀ ਲਿਆਉਣ ਲਈ ਸਾਰੇ ਸਬੰਧਤ ਮੰਤਰਾਲਿਆਂ ਦਾ ਬੂਹਾ ਖੜਕਾਇਆ ਹੈ ਪਰ ਇਸ ਦੇ ਬਾਵਜੂਦ ਕੇਂਦਰ ਸਰਕਾਰ ਗਿੱਦੜਬਾਹਾ ਥਰਮਲ ਪਲਾਂਟ ਲਈ ਕੋਲਾ ਪਹੁੰਚਾਉਣ ਦੀ ਸਕੀਮ ਨੂੰ ਪ੍ਰਵਾਨਗੀ ਨਹੀਂ ਦੇ ਰਹੀ। ਇਸ ਤਰ੍ਹਾਂ ਹੋ ਰਹੀ ਦੇਰੀ ਨਾਲ ਪ੍ਰਾਜੈਕਟ ਦੀ ਲਾਗਤ ਲਗਾਤਾਰ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਨੂੰ ਵਿਕਾਸ ਏਜੰਡਾ ਸਿਰੇ ਚਾੜ੍ਹਨ ਲਈ ਸਹਿਯੋਗ ਦੇਣਾ ਚਾਹੀਦਾ ਹੈ ਨਾ ਕਿ ਕੂੜ ਪ੍ਰਚਾਰ ਰਾਹੀਂ ਨਿਵੇਸ਼ਕਾਂ ਨੂੰ ਡਰਾਉਣਾ ਚਾਹੀਦਾ ਹੈ।

ਇਸ ਤੋਂ ਪਹਿਲਾਂ ਨਵੇਂ ਸਾਲ ਦੀ ਪੂਰਵ ਸੰਧਿਆ 'ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਹੈ ਕਿ ਸਾਲ 2011 ਅਕਾਲੀ-ਭਾਜਪਾ ਸਰਕਾਰ ਲਈ ਬੇਹੱਦ ਮਹੱਤਵਪੂਰਨ ਵਰ੍ਹਾ ਹੋਵੇਗਾ ਕਿਉਂਕਿ ਇਸ ਦੌਰਾਨ ਵੱਕਾਰੀ ਪ੍ਰਾਜੈਕਟਾਂ ਦੇ ਨੇਪਰੇ ਚੜ੍ਹਨ ਨਾਲ ਪੰਜਾਬ ਤੇਜ਼ੀ ਨਾਲ ਵਿਕਾਸ ਦੇ ਨਵੇਂ ਦੌਰ ਵਿਚ ਸ਼ਾਮਲ ਹੋਣ ਜਾ ਰਿਹਾ ਹੈ। ਸ੍ਰੀ ਬਾਦਲ ਨੇ ਕਿਹਾ ਕਿ ਉਹ ਰਾਜ ਦੇ ਸਮੁੱਚੇ ਜ਼ਮੀਨੀ ਰਿਕਾਰਡ ਦਾ ਮੁਕੰਮਲ ਕੰਪਿਊਟਰੀਕਰਨ ਹੋਣ 'ਤੇ ਸਭ ਤੋ ਵਧ ਖੁਸ਼ ਵਿਅਕਤੀ ਹੋਣਗੇ ਕਿਉਂਕਿ ਇਸ ਮਹਾ ਪ੍ਰਾਜੈਕਟ ਨੂੰ ਦੇਸ਼ ਭਰ ਅੰਦਰ ਕਿਸੇ ਵੀ ਹੋਰ ਰਾਜ ਵਿਚ ਪਿਛਲੇ 63 ਸਾਲਾਂ ਦੌਰਾਨ ਮੁਕੰਮਲ ਨਹੀ ਕੀਤਾ ਜਾ ਸਕਿਆ। ਉਨ੍ਹਾਂ ਦੱਸਿਆ ਕਿ ਹੁਣ ਤਕ 79 ਫਰਦ ਕੇਂਦਰਾਂ ਦੇ ਕੰਪਿਊਟਰੀਕਰਨ ਦਾ ਅਮਲ ਮੁਕੰਮਲ ਹੋ ਗਿਆ ਹੈ ਤੇ 31 ਮਾਰਚ 2011 ਤਕ ਸਾਰੇ ਜ਼ਮੀਨੀ ਰਿਕਾਰਡ ਸਾਰੇ 154 ਫਰਦ ਕੇਂਦਰਾਂ ਰਾਹੀਂ ਇੰਟਰਨੈਟ 'ਤੇ ਉਪਲਬਧ ਹੋਣਗੇ।

ਉਪ ਮੁੱਖ ਮੰਤਰੀ ਨੇ ਕਿਹਾ ਹੈ ਕਿ ਪੁਲਿਸ ਥਾਣਾ ਪੱਧਰ ਤੇ ਪੁਲਿਸ ਸਾਂਝ ਕੇਂਦਰਾਂ, ਸ਼ਹਿਰੀ ਖੇਤਰਾਂ ਵਿਚ ਸੁਵਿਧਾ ਕੇਂਦਰਾਂ, ਸਬ ਤਹਿਸੀਲ ਪੱਧਰ ਤੇ 154 ਫਰਦ ਕੇਂਦਰਾਂ, ਪਿੰਡ ਪੱਧਰ ਤੇ 3116 ਈ ਗ੍ਰਾਮ ਕੇਂਦਰਾਂ ਦੀ ਸਥਾਪਨਾ, ਜ਼ਿਲ੍ਹਾ ਟਰਾਂਸਪੋਰਟ ਅਧਿਕਾਰੀਆਂ ਦੇ ਦਫ਼ਤਰਾਂ ਦੇ ਮੁਕੰਮਲ ਕੰਪਿਊਟਰੀਕਰਨ ਤੇ ਸਦੀਆਂ ਪੁਰਾਣੇ ਮਾਲ ਕਾਨੂੰਨਾਂ ਵਿਚ ਲੋਕ ਪੱਖੀ ਸੋਧਾਂ ਨਾਲ ਆਮ ਜਨਤਾ ਦੀ ਸਰਕਾਰੀ ਕੰਮਕਾਜ ਪ੍ਰਤੀ ਧਾਰਨਾ ਵਿਚ ਹਾਂ ਪੱਖੀ ਤਬਦੀਲੀ ਦੇਖਣ ਨੂੰ ਮਿਲੇਗੀ। ਸ੍ਰੀ ਬਾਦਲ ਨੇ ਕਿਹਾ ਕਿ ਸਾਲ 2011 ਦੌਰਾਨ ਗੁਰੂ ਗੋਬਿੰਦ ਸਿੰਘ ਰਿਫਾਈਨਰੀ ਮੁਕੰਮਲ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਸੇ ਵਰ੍ਹੇ ਦੌਰਾਨ 7073 ਕਰੋੜ ਰੁਪਏ ਦੀ ਲਾਗਤ ਵਾਲੇ ਅਹਿਮ ਸੜਕੀ ਪ੍ਰਾਜੈਕਟਾਂ ਨਾਲ ਜਿਥੇ ਪੰਜਾਬ ਦਾ ਹਰ ਸ਼ਹਿਰ ਜਾਂ ਕਸਬਾ 4-6 ਮਾਰਗੀ ਸੜਕ ਨਾਲ ਜੁੜੇਗਾ ਉਥੇ 33 ਰੇਲਵੇ ਪੁਲਾਂ ਦੀ ਉਸਾਰੀ ਨਾਲ ਰਾਜ ਭਰ ਅੰਦਰ ਆਵਾਜਾਈ ਸੁਚਾਰੂ ਕਰਨ ਵਿਚ ਵੱਡੀ ਮਦਦ ਮਿਲੇਗੀ।

# 'ਹਸ਼ਰ ਤਕ ਨਾ ਮੁੜਾਂਗਾ, ਭਾਵੇਂ ਬਾਪ ਦੇ ਬਾਪ ਦਾ ਬਾਪ ਆ ਜਾਵੇ': ਮਨਪ੍ਰੀਤ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਭਾਵੇਂ ਕਈ ਅੜਿੱਕੇ ਡਾਹੇ ਜਾ ਰਹੇ ਹਨ ਪਰ ਅਕਾਲੀ ਦਲ ਦੀਆਂ ਨੀਤੀਆਂ ਤੋਂ ਬਾਗੀ ਹੋਇਆ ਮੁੱਖ ਮੰਤਰੀ ਪ੍ਰਕਾਸ਼ ਸਿੰਘ ਦੇ ਭਤੀਜੇ ਤੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੱਲੋਂ ਲੋਕ ਕਚਹਿਰੀ 'ਚ ਜਾ ਕੇ ਸਰਕਾਰ ਦੀਆਂ ਨਾਕਾਮੀਆਂ ਦੀ ਪੋਲ ਖੋਲ੍ਹਣ ਦੀ ਪ੍ਰਕ੍ਰਿਆ ਜਾਰੀ ਹੈ। ਮਨਪ੍ਰੀਤ ਨੇ ਪਾਰਟੀ ਵਿਚ ਵਾਪਸੀ ਦੀ ਚਰਚਾ ਨੂੰ ਰੱਦ ਕਰਦਿਆਂ ਕਿਹਾ, 'ਹਸ਼ਰ ਤਕ ਨਾ ਮੁੜਾਂਗਾ, ਭਾਵੇਂ ਬਾਪ ਦੇ ਬਾਪ ਦਾ ਬਾਪ ਆ ਜਾਵੇ'। ਉਨ੍ਹਾਂ ਕਿਹਾ ਕਿ ਪਾਰਟੀ ਵਿਚ ਵਾਪਸ ਜਾਣ ਦੇ ਮੁਕਾਮ ਤੋਂ ਉਹ ਬਹੁਤ ਅਗਾਂਹ ਲੰਘ ਆਏ ਹਨ ਅਤੇ ਹੁਣ ਵਾਪਸ ਮੁੜਨ ਦਾ ਕੋਈ ਰਸਤਾ ਨਹੀਂ ਹੈ।

ਪੰਜਾਬ ਦੇ ਪਿੰਡ-ਪਿੰਡ ਰੈਲੀਆਂ ਤੇ ਮੀਟਿੰਗਾਂ ਕਰ ਰਹੇ ਮਨਪ੍ਰੀਤ ਸਿੰਘ ਬਾਦਲ ਨੇ ਸੰਕੇਤ ਦਿੱਤਾ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਅਗਾਮੀ ਚੋਣਾਂ 'ਚ ਹਿੱਸਾ ਲੈਣ ਬਾਰੇ ਕੋਈ ਵੀ ਫੈਸਲਾ 'ਜਾਗੋ ਪੰਜਾਬ ਯਾਤਰਾ' ਦੇ ਪਹਿਲੇ ਪੜਾਅ ਦੀ ਸਮਾਪਤੀ ਤੋਂ ਬਾਅਦ ਤੇ ਨਵੀਂ ਪਾਰਟੀ ਗਠਨ ਕਰਨ ਦਾ ਫੈਸਲਾ ਇਹ ਯਾਤਰਾ ਦੇ ਸਾਰੇ ਪੜਾਅ ਮੁਕੰਮਲ ਹੋਣ ਤੋਂ ਬਾਅਦ ਕਰਨਗੇ।

ਰੈਲੀਆਂ ਤੋਂ ਬਾਅਦ ਅੰਮ੍ਰਿਤਸਰ ਵਿਖੇ ਪੱਤਰਕਾਰ ਸੰਮੇਲਨ 'ਚ ਗੱਲਬਾਤ ਕਰਦਿਆਂ ਮਨਪ੍ਰੀਤ ਬਾਦਲ ਨੇ ਕਿਹਾ ਕਿ ਉਹ ਨਵੀਂ ਪਾਰਟੀ ਬਣਾਉਣ ਦਾ ਫੈਸਲਾ ਜਾਗੋ ਪੰਜਾਬ ਯਾਤਰਾ ਦੇ ਤਿੰਨ ਪੜਾਅ ਖ਼ਤਮ ਹੋਣ ਉਪਰੰਤ ਲੋਕਾਂ ਵਲੋਂ ਮਿਲੇ ਹੁੰਗਾਰੇ ਅਨੁਸਾਰ ਕਰਨਗੇ। ਉਨ੍ਹਾਂ ਦੱਸਿਆ ਕਿ 24 ਨਵੰਬਰ ਨੂੰ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਤੋਂ ਆਰੰਭ ਕੀਤੀ ਇਸ ਜਾਗੋ ਪੰਜਾਬ ਯਾਤਰਾ ਦਾ ਪਹਿਲਾ ਪੜਾਅ 14 ਜਨਵਰੀ ਨੂੰ ਮਾਘੀ ਮੇਲੇ ਮੌਕੇ ਮੁਕਤਸਰ ਵਿਖੇ ਸਮਾਪਤ ਹੋਵੇਗਾ। ਪਹਿਲੇ ਪੜਾਅ ਦੀ ਸਮਾਪਤੀ ਉਪਰੰਤ ਆਪਣੇ ਸਮਰਥਕਾਂ ਨਾਲ ਵਿਚਾਰ-ਵਟਾਂਦਰਾ ਕਰਕੇ ਸ਼੍ਰੋਮਣੀ ਕਮੇਟੀ ਦੀਆਂ ਅਗਾਮੀ ਚੋਣਾਂ ਵਿਚ ਹਿੱਸਾ ਲੈਣ ਬਾਰੇ ਫੈਸਲਾ ਕਰਨਗੇ। ਉਨ੍ਹਾਂ ਕਿਹਾ ਕਿ ਫਿਲਹਾਲ ਸ਼੍ਰੋਮਣੀ ਕਮੇਟੀ ਚੋਣਾਂ ਬਾਰੇ ਕੁਝ ਵੀ ਤੈਅ ਨਹੀਂ ਹੈ। ਇਹ ਚੋਣਾਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਤੇ ਵਿਧਾਨ ਸਭਾ ਚੋਣਾਂ ਤੋਂ ਬਾਅਦ ਵੀ ਹੋ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਯਾਤਰਾ ਦਾ ਦੂਜਾ ਪੜਾਅ 23 ਜਨਵਰੀ ਨੂੰ ਆਰੰਭ ਹੋਵੇਗਾ ਤੇ 23 ਮਾਰਚ ਨੂੰ ਖਟਕੜ ਕਲਾਂ ਵਿਖੇ ਦੁਆਬੇ ਦੀ ਪਰਿਕਰਮਾ ਕਰਕੇ ਪੂਰਾ ਹੋਵੇਗਾ ਤੇ ਤੀਜੇ ਪੜਾਅ ਵਿਚ ਮਾਝਾ ਖੇਤਰ ਦੇ ਲੋਕਾਂ ਨਾਲ ਮੀਟਿੰਗਾਂ ਕਰਨਗੇ।

ਹੁਣ ਤਕ 30 ਵਿਧਾਨ ਸਭਾ ਹਲਕਿਆਂ ਦਾ ਦੌਰਾ ਕਰ ਚੁੱਕੇ ਸਾਬਕਾ ਵਿੱਤ ਮੰਤਰੀ ਨੂੰ ਉਮੀਦ ਹੈ ਕਿ ਇਸ ਵਾਰ ਫਰਵਰੀ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਦੇ ਲੋਕ ਇਕ ਨਵੀਂ ਦਾਸਤਾਂ ਰਚਣਗੇ। ਉਨ੍ਹਾਂ ਕਿਹਾ ਕਿ ਹੁਣ ਪੰਜਾਬ ਵਾਸੀਆਂ ਨੂੰ ਵੀ ਨਿਤਿਸ਼ ਕੁਮਾਰ ਵਰਗੇ ਆਗੂ ਦੀ ਭਾਲ ਹੈ ਜਿਸ ਨੇ ਸੂਬੇ ਦੇ ਲੋਕਾਂ ਦੇ ਸੁੱਤੇ ਹੋਏ ਮਨਾਂ ਨੂੰ ਜਗਾਇਆ ਤੇ ਸੂਬੇ ਦੇ ਗੌਰਵ ਨੂੰ ਬਹਾਲ ਕਰਨ ਦਾ ਪ੍ਰਣ ਕੀਤਾ। ਉਹ ਖੁਦ ਵੀ ਇਸੇ ਸੋਚ ਦੇ ਧਾਰਨੀ ਹਨ ਤੇ ਬਿਹਾਰ ਦੇ ਲੋਕਾਂ ਵਲੋਂ ਕੀਤੇ ਗਏ ਫੈਸਲੇ ਤੋਂ ਬਾਅਦ ਉਨ੍ਹਾਂ ਦੀਆਂ ਉਮੀਦਾਂ ਵੀ ਮਜ਼ਬੂਤ ਹੋਈਆਂ ਹਨ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ 70 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਦੀ ਥਾਂ 3500 ਕਰੋੜ ਰੁਪਏ ਦਾ ਕਰਜ਼ਾ ਦੱਸੇ ਜਾਣ ਨੂੰ ਲੋਕਾਂ ਨੂੰ ਗੁੰਮਰਾਹ ਕਰਨ ਬਰਾਬਰ ਦੱਸਦਿਆਂ ਸ੍ਰੀ ਮਨਪ੍ਰੀਤ ਨੇ ਕਿਹਾ ਕਿ ਇਸ ਕਰਜ਼ੇ ਦੇ ਸਬੂਤ ਵਜੋਂ ਕਈ ਦਸਤਾਵੇਜ਼ ਮੌਜੂਦ ਹਨ। ਉਨ੍ਹਾਂ ਦੱਸਿਆ ਕਿ ਜਾਗੋ ਪੰਜਾਬ ਯਾਤਰਾ ਦੌਰਾਨ 30 ਵਿਧਾਨ ਸਭਾ ਹਲਕਿਆਂ ਵਿਚ ਨੌਜਵਾਨ ਪੀੜ੍ਹੀ ਨੇ ਵਧੇਰੇ ਹੁੰਗਾਰਾ ਦਿੱਤਾ ਹੈ।



ਉਨ੍ਹਾਂ ਕਿਹਾ ਕਿ ਮੁਲਕ ਦੀ ਆਜ਼ਾਦੀ ਦੇ 63 ਵਰ੍ਹਿਆਂ ਬਾਅਦ ਵੀ ਗਰੀਬੀ, ਬੇਰੁਜ਼ਗਾਰੀ, ਰਿਸ਼ਵਤਖੋਰੀ ਤੇ ਸਿਆਸੀ ਗੁੰਡਾਗਰਦੀ ਅੱਜ ਵੀ ਬਰਕਰਾਰ ਹੈ। ਪੰਜਾਬ ਦੇ ਪੰਜ ਪ੍ਰਤੀਸ਼ਤ ਲੋਕ 95 ਪ੍ਰਤੀਸ਼ਤ ਲੋਕਾਂ ਦਾ ਹੱਕ ਹੜੱਪ ਰਹੇ ਹਨ। ਇਸ ਲਈ ਲੋੜ ਸਿਰਫ਼ ਸਰਕਾਰ ਬਦਲਣ ਦੀ ਨਹੀਂ ਸਗੋਂ ਨਿਜ਼ਾਮ ਬਦਲਣ ਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਹਰ ਖੇਤਰ ਚ ਮੋਹਰੀ ਸੂਬਾ ਸੀ ਅੱਜ ਗੁਜਰਾਤ, ਹਰਿਆਣਾ ਤੇ ਬਿਹਾਰ ਤੋਂ ਵੀ ਪੱਛੜ ਕੇ 26ਵੇਂ ਸਥਾਨ 'ਤੇ ਚਲਾ ਗਿਆ ਹੈ ਜੋ ਸ਼ਰਮਨਾਕ ਗੱਲ ਹੈ।

# ਪਾਕਿਸਤਾਨ ਆਪਣੀ ਹੋਂਦ ਦੇ ਸਭ ਤੋਂ ਵੱਧ ਖ਼ਤਰਨਾਕ ਮੋੜ ਉਤੇ

**ਜਤਿੰਦਰ ਪੰਨੂ**

ਇਕੀਵੀਂ ਸਦੀ ਦਾ ਦੂਜਾ ਦਹਾਕਾ ਸ਼ੁਰੂ ਹੋਣ ਵੇਲੇ ਅਸੀਂ ਪਹਿਲੀ ਲਿਖਤ ਲਈ ਮੁੱਦਾ ਲੱਭਣ ਲੱਗਦੇ ਤਾਂ ਇਕ ਲੰਮੀ ਸੂਚੀ ਆਰਾਮ ਨਾਲ ਬਣ ਸਕਦੀ ਸੀ। ਮੁੱਦੇ ਸਾਡੇ ਪੰਜਾਬ ਦੇ ਵੀ ਥੋੜ੍ਹੇ ਨਹੀਂ। ਪੰਜਾਬੀਅਤ ਦੇ ਵੀ, ਦੇਸ਼ ਦੇ ਵੀ। ਵੱਖ-ਵੱਖ ਰਾਜਾਂ ਦੇ ਵੀ ਅਤੇ ਦੇਸ਼ ਤੋਂ ਬਾਹਰ ਨਿਕਲ ਦੇ ਸੰਸਾਰ ਭਰ ਦੇ ਵੀ ਪਰ ਇਨ੍ਹਾਂ ਸਭਨਾਂ ਨੂੰ ਛੱਡ ਕੇ ਅਸੀਂ ਪਾਕਿਸਤਾਨ ਦੇ ਹਾਲਾਤ ਨੂੰ ਪਹਿਲ ਦੇਣ ਦਾ ਫ਼ੈਸਲਾ ਕੀਤਾ ਹੈ। ਇਸ ਨੂੰ ਪਹਿਲ ਦੇਣ ਦਾ ਕਾਰਨ ਉਸ ਦੇਸ਼ ਵੱਲ ਮੰਦਭਾਵਨਾ ਨਹੀਂ ਸਗੋਂ ਇਹ ਹੈ ਕਿ ਉਥੋਂ ਦੇ ਹਾਲਾਤ ਦਿਨੋ-ਦਿਨ ਇਸ ਤਰ੍ਹਾਂ ਦੇ ਬਣ ਰਹੇ ਹਨ ਕਿ ਅਗਲਾ ਸਾਲ ਕਈ ਖ਼ਤਰੇ ਲੈ ਕੇ ਸਾਡੀਆਂ ਅਤੇ ਕਈ ਹੋਰ ਦੇਸ਼ਾਂ ਦੀਆਂ ਦਹਿਲੀਜ਼ਾਂ ਟੱਪ ਸਕਦਾ ਹੈ। ਉਸ ਦੇ ਆਮ ਲੋਕਾਂ ਨਾਲ ਸਾਡੀ ਓਨੀ ਹੀ ਹਮਦਰਦੀ ਹੈ ਅਤੇ ਰਹੇਗੀ ਵੀ ਪਰ ਉਸ ਦੇਸ਼ ਅੰਦਰ ਉਗ ਚੁੱਕੀਆਂ ਵਿਸ-ਗੰਦਲਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।



ਮਰਹੂਮ ਬੇਨਜ਼ੀਰ ਭੁੱਟੋ

ਕੋਈ ਤੀਹ ਕੁ ਸਾਲ ਪਹਿਲਾਂ ਇਕ ਅਮਰੀਕੀ ਰਣਨੀਤੀਕਾਰ ਨੇ ਇਕ ਨਕਸ਼ਾ ਦੁਨੀਆਂ ਸਾਹਮਣੇ ਪੇਸ਼ ਕਰ ਕੇ ਕਿਹਾ ਸੀ ਕਿ ਸੋਵੀਅਤ ਰੂਸ ਦੀ ਧਿਰ ਜਿਵੇਂ ਵਧਦੀ ਹੋਈ ਅਫ਼ਗਾਨਿਸਤਾਨ ਤਕ ਜਾ ਪਹੁੰਚੀ ਹੈ, ਜੇ ਉਵੇਂ ਹੀ ਵਧਦੀ ਗਈ ਤਾਂ ਅਗਲੇ ਦਸਾਂ ਸਾਲਾਂ ਤਕ ਪਾਕਿਸਤਾਨ ਉਤੇ ਲਾਲ ਝੰਡਾ ਹੋਵੇਗਾ। ਹੋਰ ਦਸ-ਬਾਰਾਂ ਸਾਲਾਂ ਤਕ ਭਾਰਤ ਉਤੇ ਅਤੇ ਫਿਰ ਪੰਜਾਹ ਕੁ ਸਾਲਾਂ ਤਕ ਅਮਰੀਕਾ ਨੂੰ ਆਪਣੀ ਲਪੇਟ ਵਿਚ ਲੈ ਲਵੇਗਾ। ਭਾਰਤ ਦੇ ਰੰਗ-ਬਰੰਗੇ ਫ਼ਿਰਕਾਪ੍ਰਸਤ ਜਿਨ੍ਹਾਂ ਵਿਚ ਆਰ.ਐਸ.ਐਸ. ਵੀ ਸ਼ਾਮਲ ਸੀ, ਉਸ ਨਕਸ਼ੇ ਨੂੰ ਲੈ ਕੇ ਕਮਿਊਨਿਸਟ ਵਿਰੋਧ ਦੀ ਲਾਮਬੰਦੀ ਲਈ ਕਿਸੇ ਨਾਲ ਵੀ ਜੋਟੇ ਪਾ ਲੈਣ ਦੀਆਂ ਕਹਾਣੀਆਂ ਪਾਉਂਦੇ ਹੁੰਦੇ ਸਨ। ਕੁਝ ਕਮਿਊਨਿਸਟ ਵੀ ਵਿੰਗੇ-ਟੇਢੇ ਢੰਗ ਨਾਲ ਇਸ ਨਕਸ਼ੇ ਤੋਂ ਖ਼ਿਆਲਾਂ ਵਾਲੀ ਖੀਰ ਬਣਾਉਂਦੇ ਜਾਪਦੇ ਸਨ ਪਰ ਇਹੋ ਜਿਹੇ ਬਹੁਤੇ ਨਹੀਂ ਸਨ। ਆਮ ਖੱਬੇ ਪੱਖ ਵਿਚ ਧਾਰਨਾ ਇਹ ਸੀ ਕਿ ਇਹੋ ਜਿਹਾ ਨਕਸ਼ਾ ਪੇਸ਼ ਕਰ ਕੇ ਅਮਰੀਕਾ ਵਾਲੇ ਕਮਿਊਨਿਸਟ ਵਿਰੋਧ ਦੇ ਨਾਂ ਹੇਠ ਫ਼ਿਰਕੂ ਧਿਰਾਂ ਨੂੰ ਲੜੀ ਵਿਚ ਜੋੜ ਕੇ ਵਰਤਣ ਦੀ ਖ਼ਤਰਨਾਕ ਖੇਡ ਰਹੇ ਹਨ। ਫਿਰ ਹੋਇਆ ਵੀ ਐਨ ਇਹੋ ਹੀ। ਪਾਕਿਸਤਾਨ ਵਿਚ ਸ਼ਰਨਾਰਥੀ ਕੈਂਪਾਂ ਦੇ ਓਹਲੇ ਹੇਠ ਅਮਰੀਕੀ ਜਰਨੈਲਾਂ ਨੇ ਮੁਜਾਹਿਦ ਤਿਆਰ ਕੀਤੇ ਅਤੇ ਜਦੋਂ ਉਨ੍ਹਾਂ ਤੋਂ ਅਫ਼ਗਾਨਿਸਤਾਨ ਅੰਦਰ ਵਾਰਦਾਤਾਂ ਕਰਵਾਈਆਂ ਤਾਂ ਭਾਰਤ ਅੰਦਰ ਫ਼ਿਰਕੂ



ਪਰਵੇਜ਼ ਮੁਸ਼ਰਫ

ਤੱਤ ਇਸ ਨੂੰ ਲਾਲ ਹਨੇਰੀ ਦਾ ਰਾਹ ਰੋਕਣਾ ਮੰਨ ਕੇ ਖੀਵੇ ਹੁੰਦੇ ਸਨ।

ਨਤੀਜਾ ਇਸ ਦਾ ਕੀ ਨਿਕਲਿਆ? ਮੁਜਾਹਿਦੀਨ ਦਾ ਲਸ਼ਕਰ ਜੋੜ ਕੇ ਪਹਿਲਾਂ ਅਫ਼ਗਾਨਿਸਤਾਨ ਅੰਦਰ ਸੋਵੀਅਤ ਪੱਖੀ ਹਕੂਮਤ ਦਾ ਤਖ਼ਤਾ ਪਲਟਾ ਲਿਆ, ਫਿਰ ਮੁਜਾਹਿਦੀਨ ਨੂੰ ਵੀ ਬਰਦਾਸ਼ਤ ਨਾ ਕੀਤਾ ਅਤੇ ਤਾਲਿਬਾਨ ਦਾ ਉਹ ਲਸ਼ਕਰ ਓਧਰ ਨੂੰ ਭੇਜ ਦਿੱਤਾ ਜਿਹੜਾ ਸਿਰਫ਼ ਫ਼ਿਰਕੂ ਜਨੂੰਨ ਦੀ ਪੁੱਠ ਚਾੜ੍ਹ ਕੇ ਤਿਆਰ ਕੀਤਾ ਗਿਆ ਸੀ। ਜਦੋਂ ਉਹ ਕਾਬਲ ਉਤੇ ਕਬਜ਼ਾ ਕਰ ਕੇ ਆਪਣੇ ਜਨੂੰਨ ਦਾ ਰੰਗ ਵਿਖਾਉਣ ਲੱਗ ਪਏ। ਅਮਰੀਕਾ ਦੇ ਹਾਕਮਾਂ ਨੂੰ ਨਵੇਂ ਸਿਰਿਓਂ ਸੋਚਣਾ ਪੈ ਗਿਆ ਪਰ ਪਾਕਿਸਤਾਨ ਦੀ ਹਕੂਮਤ ਕੂਹਣੀ ਵਰਗਾ ਤਿੱਖਾ ਮੋੜ ਨਹੀਂ ਸੀ ਕੱਟ ਸਕਦੀ। ਉਸ ਨੇ ਆਪਣੇ ਦੇਸ਼ ਦੇ ਲੋਕਾਂ ਨੂੰ ਇੰਨੇ ਸਾਲ ਜਿਹੜੇ ਇਸਲਾਮੀ ਕੱਟੜਪੰਥ ਦੇ ਟੀਕੇ ਲਾਏ ਸਨ, ਉਨ੍ਹਾਂ ਦੇ ਅਸਰ ਤੋਂ ਆਮ ਜਨਤਾ ਨੂੰ ਇੰਨੀ ਛੇਤੀ ਕੱਢ ਸਕਣਾ ਉਸ ਦੇ ਵੱਸ ਦੀ ਗੱਲ ਹੀ ਨਹੀਂ ਸੀ। ਇਸ ਕਾਰਨ ਹਾਲਾਤ ਇਹ ਬਣ ਗਏ ਕਿ ਪਾਕਿਸਤਾਨ ਦੇ ਹਾਕਮ ਅਮਰੀਕਾ ਕੋਲ ਜਾ ਕੇ ਭਾਵੇਂ ਕਦੇ-ਕਦਾਈਂ ਆਖ ਦਿੰਦੇ ਹੋਣ ਕਿ ਉਹ ਕਾਂਟਾ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ, ਅਮਲ ਵਿਚ ਇਹ ਖ਼ਤਰਾ ਸਹੇੜਨ ਦੀ ਥਾਂ ਕੱਟੜਪੰਥ ਦਾ ਵੀ ਲਾਭ ਲੈਣ ਤੁਰ ਪਏ। ਉਨ੍ਹਾਂ ਨੂੰ ਇਹ ਜਾਪਣ ਲੱਗਾ ਕਿ ਜਿੰਨਾ ਚਿਰ ਕੱਟੜਪੰਥ ਹੈ ਜਿਸ ਨੂੰ ਅਮਰੀਕਾ ਨੇ ਬਿੱਲੀ ਦੇ ਸ਼ੀਂਹ ਪੜ੍ਹਾਉਣ ਵਾਂਗ ਆਪ ਹੀ ਇਕ ਤਾਕਤ ਦਾ ਰੂਪ ਦਿੱਤਾ ਹੈ, ਓਨੀ ਦੇਰ ਤਕ ਅਮਰੀਕਾ ਦੀ ਹਕੂਮਤ ਇਹ ਖਿਲਾਰਾ ਸੰਭਾਲਣ ਲਈ ਡਾਲਰ ਦਿੰਦੀ ਰਹੇਗੀ। ਕਿਉਂਕਿ ਇਸ ਦੇ ਸਮੇਟੇ ਜਾਣ ਨਾਲ ਡਾਲਰ ਆਉਣੇ ਬੰਦ ਹੋ ਸਕਦੇ ਹਨ, ਇਸ ਲਈ ਇਹ ਵਹਿਣ ਇੰਜ ਹੀ ਚੱਲਦਾ ਰੱਖਿਆ ਜਾਵੇ। ਇਹ ਗੱਲ ਅਮਰੀਕਾ ਦੇ ਹਾਕਮ ਵੀ ਜਾਣਦੇ ਸਨ ਪਰ ਇਸ ਆਸ ਵਿਚ ਬੈਠੇ ਰਹੇ ਕਿ ਇਕ ਦਿਨ ਪਾਕਿਸਤਾਨ ਦੇ ਹਾਕਮ ਹੋਸ਼ ਕਰ ਲੈਣਗੇ। ਉਨ੍ਹਾਂ ਦੀ ਇਹ ਆਸ ਛਲਾਵਾ ਨਿਕਲੀ ਅਤੇ ਅੰਤ ਨੂੰ ਹੁਣ ਹਾਲਤ ਇਹ ਬਣ ਗਈ ਹੈ ਕਿ ਪਾਕਿਸਤਾਨੀ ਛਾਉਣੀਆਂ ਵਿਚ ਵੀ ਅਮਰੀਕੀ ਫ਼ੌਜ ਬੈਠੀ ਹੋਈ ਹੈ ਤੇ ਫ਼ੌਜੀ ਹਵਾਈ ਅੱਡਿਆਂ ਦਾ ਕੰਟਰੋਲ ਵੀ ਉਸੇ ਨੂੰ ਕਰਨਾ ਪੈ ਰਿਹਾ ਹੈ। ਇੰਨਾ ਕੁਝ ਕਰ ਕੇ ਵੀ ਪਾਕਿਸਤਾਨ ਦੇ ਹਾਲਾਤ ਨਾ ਉਸ ਦੀ ਆਪਣੀ ਸਰਕਾਰ ਦੇ ਕੰਟਰੋਲ ਵਿਚ ਹਨ ਅਤੇ ਨਾ ਅਮਰੀਕਾ ਵਾਲਿਆਂ ਦੇ। ਅਮਰੀਕਾ ਵਾਲਿਆਂ ਨੂੰ ਇਸ ਗੱਲ ਦੀ ਸਮਝ ਵੇਲੇ ਸਿਰ ਕਰਨੀ ਚਾਹੀਦੀ ਸੀ ਕਿ ਤੀਲੀ ਲਾਉਣੀ ਜਾਂ ਨਾ ਲਾਉਣੀ ਤਾਂ ਆਪਣੇ ਵੱਸ ਹੁੰਦੀ ਹੈ; ਲੱਗ ਜਾਣ ਤੋਂ ਬਾਅਦ ਜਦੋਂ ਅੱਗ ਤੁਰ ਪਵੇ, ਫਿਰ ਉਹ ਕਿਸੇ ਦੇ ਕਾਬੂ ਵਿਚ ਰਹਿ ਸਕਣੀ ਜ਼ਰੂਰੀ ਨਹੀਂ ਹੁੰਦੀ।

ਸੋਵੀਅਤ ਰੂਸ ਟੁੱਟਣ ਅਤੇ ਉਸ ਦੇ ਬਾਅਦ ਸਾਰਾ ਧੜਾ ਖਿਲਰ ਜਾਣ ਪਿੱਛੋਂ ਅਮਰੀਕਾ ਇਕਲੌਤੀ ਮਹਾਂਸ਼ਕਤੀ ਅਖਵਾ ਕੇ ਖ਼ੁਸ਼ ਤਾਂ ਹੋ ਸਕਦਾ ਹੈ ਪਰ ਹਾਲਾਤ ਉਤੇ ਉਸ ਦੀ ਕਮਾਨ ਮਹਾਂਸ਼ਕਤੀ ਵਾਲੀ ਨਹੀਂ। ਮਹਾਂਸ਼ਕਤੀ ਵੀ ਉਹ ਇੰਨੀ ਕੁ ਹੈ ਕਿ ਇਰਾਕ ਨੂੰ ਕੁੱਟ ਸਕਦਾ ਹੈ ਪਰ ਉਥੇ ਅਮਨ ਕਾਇਮ ਨਹੀਂ ਕਰ ਸਕਦਾ। ਉਸ ਦਾ ਹਾਲ ਅਫ਼ਗਾਨਿਸਤਾਨ ਵਿਚ ਵੀ ਉਸ ਮੂਰਖ ਵਰਗਾ ਹੋਇਆ ਪਿਆ ਹੈ ਜਿਹੜਾ ਨਦੀ ਵਿਚ ਰੁੜ੍ਹਦਾ ਜਾਂਦਾ ਕੰਬਲ ਫੜਨ ਲਈ ਛਾਲ ਮਾਰ ਕੇ ਕੰਬਲ ਦੀ ਥਾਂ ਰਿੱਛ ਦੇ ਪੰਜੇ ਵਿਚ ਆਪਣਾ ਗੁੱਟ ਫੜਾ ਬੈਠਾ ਸੀ। ਅਮਰੀਕਾ ਦੇ ਮਹਾਂਸ਼ਕਤੀ ਹੋਣ ਦਾ ਭਰਮ ਇਸ ਗੱਲ ਨਾਲ ਵੀ ਟੁੱਟ ਜਾਣਾ ਚਾਹੀਦਾ ਹੈ ਕਿ ਇਕੋ ਬੰਦਾ ਵਿਕੀਲੀਕਸ ਨਾਂ ਦੀ ਵੈਬਸਾਈਟ ਬਣਾ ਕੇ ਉਸ ਦੀਆਂ ਨੀਂਹਾਂ ਹਿਲਾਉਣ ਜੋਗਾ ਸਾਬਤ ਹੋ ਗਿਆ। ਏਡੀ ਵੱਡੀ ਮਹਾਂਸ਼ਕਤੀ ਉਸ ਇਕੋ ਬੰਦੇ ਨੂੰ ਨੱਥ ਪਾਉਣ ਲਈ ਵੱਖ-ਵੱਖ ਕੇਸਾਂ ਵਿਚ ਫਸਾ ਕੇ ਜੇਲ੍ਹ ਵਿਚ ਰੱਖਣ ਲਈ ਜ਼ੋਰ ਲਾਈ ਜਾਂਦੀ ਹੈ।

ਹਾਲਤ ਕਿੰਨੀ ਗੰਭੀਰ ਹੈ, ਇਸ ਨੂੰ ਸਮਝਣਾ ਹੋਵੇ ਤਾਂ ਪਾਕਿਸਤਾਨ ਦੇ ਅੰਦਰ ਦੀਆਂ ਘਟਨਾਵਾਂ ਨੂੰ ਸਾਡੇ ਭਾਰਤ ਦੇ ਹਾਲਾਤ ਨਾਲ ਮੇਲ ਕੇ ਵੇਖਣਾ ਚਾਹੀਦਾ ਹੈ। ਭਾਰਤ ਵਿਚ ਬੀਤੇ ਸਾਲ ਦੀ ਇਕ ਵੱਡੀ ਘਟਨਾ ਉਹ ਬੰਬ ਧਮਾਕਾ ਸੀ ਜਿਹੜਾ ਆਰਤੀ ਕਰਨ ਵੇਲੇ ਬਨਾਰਸ ਦੇ ਘਾਟ ਉਤੇ ਹੋਇਆ ਸੀ। ਸਾਡੇ ਮੀਡੀਆ ਨੇ ਵੀ ਅਤੇ ਰਾਜਨੀਤੀ ਦੇ ਪਹਿਲਵਾਨਾਂ ਨੇ ਵੀ ਇਸ ਨੂੰ ਲੈ ਕੇ ਕਈ ਦਿਨ ਆਪੋ-ਆਪਣੀਆਂ ਕਹਾਣੀਆਂ ਪਾ ਕੇ ਲੋਕਾਂ ਦਾ ਧਿਆਨ ਖਿੱਚੀ ਰੱਖਿਆ। ਦੋ ਵੱਡੀਆਂ ਘਟਨਾਵਾਂ ਮਾਓਵਾਦੀਆਂ ਨੇ ਵੀ ਕੀਤੀਆਂ ਸਨ ਜਿਨ੍ਹਾਂ ਵਿਚੋਂ ਇਕ ਵਿਚ ਉਨ੍ਹਾਂ ਨੇ ਸੁਰੱਖਿਆ ਫੋਰਸਾਂ ਦੇ ਕੈਂਪ ਉਤੇ ਹਮਲਾ ਕਰ ਕੇ ਅੱਸੀ ਦੇ ਕਰੀਬ ਬੰਦੇ ਮਾਰ ਦਿੱਤੇ ਅਤੇ ਦੂਜੀ ਵਾਰੀ ਬੱਸ ਉਤੇ ਹਮਲਾ ਕਰ ਕੇ ਇੰਨੇ ਕੁ ਹੋਰ ਲੋਕਾਂ ਨੂੰ ਹਲਾਕ ਕਰ ਦਿੱਤਾ ਸੀ। ਸਾਡੇ ਲਈ ਇਹ ਦੋ ਘਟਨਾਵਾਂ ਵੀ ਛੋਟੀਆਂ ਨਹੀਂ, ਬਹੁਤ ਅਹਿਮ ਹਨ ਅਤੇ ਹੋਣੀਆਂ ਵੀ ਚਾਹੀਦੀਆਂ ਹਨ ਜਿਸ ਲਈ ਸਰਕਾਰ ਨੂੰ ਸੁਰੱਖਿਆ ਦੀਆਂ ਕਮੀਆਂ, ਕਮਜ਼ੋਰੀਆਂ ਕੱਢਣ ਲਈ ਕਹਿਣਾ ਜਾਂ ਕੋਸਣਾ ਵਾਜਬ ਸੀ। ਜੰਮੂ-ਕਸ਼ਮੀਰ ਵਿਚੋਂ ਆਈ ਕਿਸੇ ਇੱਕਾ-ਦੁੱਕਾ ਮੌਤ ਦੀ ਖ਼ਬਰ ਵੀ ਅਸੀਂ ਪੂਰੀ ਸੰਜੀਦਗੀ ਨਾਲ ਲੈਂਦੇ ਹਾਂ ਪਰ ਪਾਕਿਸਤਾਨ ਦੀ ਹਾਲਤ ਇਸ ਤੋਂ ਬਹੁਤ ਮਾੜੀ ਹੈ।

ਜਦੋਂ ਇਹ ਸਾਲ ਮੁੱਕ ਕੇ ਅਗਲਾ ਸ਼ੁਰੂ ਹੋਣਾ ਸੀ, ਸਾਲ ਦੀਆਂ ਮੁੱਖ ਘਟਨਾਵਾਂ ਦੀ ਸੂਚੀ ਕਈ ਅਖ਼ਬਾਰਾਂ ਨੇ ਛਾਪੀ ਹੈ। ਅਸੀਂ ਉਹ ਸੂਚੀ ਪੜ੍ਹ ਕੇ ਹੈਰਾਨ ਰਹਿ ਗਏ ਕਿ ਪਾਕਿਸਤਾਨ ਅੰਦਰ ਇਕੋ ਸਾਲ ਵਿਚ ਦਸ ਘਟਨਾਵਾਂ ਉਹ ਵਾਪਰੀਆਂ ਜਿਨ੍ਹਾਂ ਵਿਚ ਚਾਲੀ ਤੋਂ ਵੱਧ ਮੌਤਾਂ ਇਕੋ ਵਕਤ ਹੋਈਆਂ ਸਨ। ਕਰਾਚੀ ਦੀ ਦੋ ਦਿਨ ਦੀ ਹਿੰਸਾ ਵਿਚ ਪੰਜਾਹ ਦੇ ਕਰੀਬ ਬੰਦੇ ਮਾਰੇ ਜਾਣਾ ਵੀ ਇਸ ਵਿਚ ਸ਼ਾਮਲ ਹੈ ਪਰ ਬਾਕੀ ਸਭ ਥਾਂ ਜਾਂ ਬੰਬ ਧਮਾਕਾ ਕੀਤਾ ਗਿਆ, ਜਾਂ ਆਤਮਘਾਤੀ ਹਮਲਾ ਜਾਂ ਫਿਰ ਅਚਾਨਕ ਗੋਲੀ ਚਲਾ ਕੇ ਲੋਕਾਂ ਜਾਂ ਸੁਰੱਖਿਆ ਫ਼ੋਰਸਾਂ ਵਾਲਿਆਂ ਨੂੰ ਮਾਰ ਦਿੱਤਾ ਗਿਆ। ਕੁੱਲ ਸਾਢੇ ਛੇ ਸੌ ਤੋਂ ਵੱਧ ਲੋਕ ਦਹਿਸ਼ਤਗਰਦੀ ਦੀਆਂ ਇਨ੍ਹਾਂ ਮੁੱਖ ਘਟਨਾਵਾਂ ਵਿਚ ਹੀ ਮਾਰ ਦਿੱਤੇ ਗਏ ਤੇ ਜਿਹੜੇ ਆਏ ਦਿਨ ਦੋ-ਦੋ, ਚਾਰ-ਚਾਰ ਕਰ ਕੇ ਮਾਰੇ ਜਾਂਦੇ ਹਨ, ਉਹ ਕਿਸੇ ਖ਼ਾਤੇ ਵਿਚ ਹੀ ਨਹੀਂ; ਹਾਲਾਂਕਿ ਉਨ੍ਹਾਂ ਵਿਚ ਉਥੋਂ ਦੀ ਨੈਸ਼ਨਲ ਅਸੈਂਬਲੀ ਜਾਂ ਸੂਬਾਈ ਅਸੈਂਬਲੀ ਦੇ ਮੈਂਬਰ ਵੀ ਸਨ। ਆਬਾਦੀ ਪੱਖੋਂ ਭਾਰਤ ਦੇ ਮੁਕਾਬਲੇ ਮਸਾਂ ਛੇਵਾਂ ਕੁ ਹਿੱਸਾ ਬਣਦੇ ਪਾਕਿਸਤਾਨ ਵਿਚ ਇਹ ਅਣਿਆਈਆਂ ਮੌਤਾਂ ਭਾਰਤ ਦੇ ਮੁਕਾਬਲੇ ਛੇ ਗੁਣਾ ਤੋਂ ਵੱਧ ਬਣਦੀਆਂ ਹਨ। ਭਾਰਤ ਵਿਚ ਇਸ ਸਾਲ ਦੋ ਜਾਂ ਸ਼ਾਇਦ ਤਿੰਨ ਪੱਤਰਕਾਰਾਂ ਦਾ ਕਤਲ ਹੋਇਆ ਹੈ ਜਿਸ ਦਾ ਸਾਨੂੰ ਦੁੱਖ ਹੈ ਪਰ ਪਾਕਿਸਤਾਨ ਵਿਚ ਇਸ ਸਾਲ ਚੌਦਾਂ ਪੱਤਰਕਾਰ ਮਾਰੇ ਜਾਣ ਨਾਲ ਉਸ ਦਾ ਨਾਂ ਇਕੋ ਸਾਲ ਅੰਦਰ ਸੰਸਾਰ ਵਿਚ ਸਭ ਤੋਂ ਵੱਧ ਪੱਤਰਕਾਰਾਂ ਦੇ ਕਤਲਾਂ ਵਾਲੇ ਦੋ ਦੇਸ਼ਾਂ ਵਿਚ ਸ਼ਾਮਲ ਹੋ ਗਿਆ ਹੈ।

ਕੋਈ ਵੀ ਪੁੱਛ ਸਕਦਾ ਹੈ ਕਿ ਜਿਸ ਦੇਸ਼ ਵਿਚ ਇੰਨਾ ਅਨਰਥ ਹੋ ਰਿਹਾ ਹੈ, ਉਥੋਂ ਦੀ ਸਰਕਾਰ ਕੀ ਕਰਦੀ ਹੈ? ਇਸ ਦਾ ਜਵਾਬ ਇਹ ਹੈ ਕਿ ਸਰਕਾਰ ਕਾਤਲਾਂ ਨਾਲੋਂ ਅਜੇ ਤਕ ਆਪਣੇ ਸਬੰਧ ਤੋੜਨ ਨੂੰ ਤਿਆਰ ਨਹੀਂ। ਇਸ ਦਾ ਸਬੂਤ ਉਹ ਮੁਕੱਦਮਾ ਹੈ ਜਿਹੜਾ ਮੁੰਬਈ ਦੇ ਦਹਿਸ਼ਤਗਰਦ ਹਮਲੇ ਵਿਚ ਮਾਰੇ ਗਏ ਦੋ ਅਮਰੀਕੀ ਨਾਗਰਿਕਾਂ ਦੇ ਰਿਸ਼ਤੇਦਾਰਾਂ ਨੇ ਅਮਰੀਕੀ ਅਦਾਲਤ ਵਿਚ ਕੀਤਾ ਅਤੇ ਅਦਾਲਤ ਨੇ ਪਾਕਿਸਤਾਨ ਦੀ ਬਦਨਾਮ ਹੋ ਚੁੱਕੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਦੇ ਮੁਖੀ ਦੇ ਸੰਮਨ ਜਾਰੀ ਕੀਤੇ ਹੋਏ ਹਨ। ਮੁਕੱਦਮਾ ਡੇਵਿਡ ਕੋਲਮੈਨ ਹੇਡਲੀ ਤੋਂ ਹੋਈ ਪੁੱਛਗਿੱਛ ਦੀ ਰਿਪੋਰਟ ਦੇ ਆਧਾਰ 'ਤੇ ਕੀਤਾ ਗਿਆ ਹੈ ਜਿਹੜਾ ਆਮ ਪਾਕਿਸਤਾਨੀ ਮੂਲ ਦਾ ਹੈ, ਬਾਪ ਉਸ ਦਾ ਪਾਕਿਸਤਾਨੀ ਪ੍ਰਧਾਨ ਮੰਤਰੀ ਦੇ ਦਫ਼ਤਰ ਦਾ ਕਾਰਿੰਦਾ ਹੈ। ਡੇਵਿਡ ਕੋਲਮੈਨ ਹੇਡਲੀ ਨੇ ਅਮਰੀਕੀ ਏਜੰਸੀਆਂ ਕੋਲ ਮੰਨਿਆ ਹੈ ਕਿ ਮੁੰਬਈ ਦੇ ਹਮਲੇ ਦੀ ਤਿਆਰੀ ਲਈ ਰਾਹਾਂ ਉਤੇ ਝਾਤੀ ਮਾਰਨ ਉਹ ਗਿਆ ਸੀ ਤੇ ਸਾਜ਼ਿਸ਼ ਇਸ ਦੀ ਆਈ.ਐਸ.ਆਈ. ਨੇ ਤਿਆਰ ਕੀਤੀ ਸੀ।

ਅਮਰੀਕੀ ਨਾਗਰਿਕਾਂ ਨੇ ਆਪਣੀ ਅਦਾਲਤ ਰਾਹੀਂ ਆਪਣੇ ਦੇਸ਼ ਦੀ ਸਰਕਾਰ ਤੋਂ ਮੰਗ ਕੀਤੀ ਹੈ ਕਿ ਜਦੋਂ ਸਾਬਤ ਹੋ ਗਿਆ ਹੈ ਕਿ ਉਹ ਹਮਲਾ ਆਈ.ਐਸ.ਆਈ. ਨੇ ਕਰਵਾਇਆ ਸੀ, ਉਸ ਦੇ ਅਹਿਲਕਾਰਾਂ ਨੂੰ ਦੋ ਅਮਰੀਕੀ ਨਾਗਰਿਕਾਂ ਦੀ ਮੌਤ ਲਈ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇ। ਅਦਾਲਤ ਨੇ ਜਦੋਂ ਵਾਰੰਟ ਕੱਢ ਦਿੱਤੇ ਤਾਂ ਪਾਕਿਸਤਾਨ ਦੀ ਸਰਕਾਰ ਸਾਰਾ ਸੱਚ ਜਾਣਦੇ ਹੋਏ ਵੀ ਆਈ.ਐਸ.ਆਈ. ਦੇ ਮੁਖੀ ਅਤੇ ਉਸ ਦੇ ਜੋਟੀਦਾਰਾਂ ਨੂੰ ਬਚਾਉਣ ਤੁਰ ਪਈ ਹੈ। ਉਸ ਦੇ ਇੰਜ ਕਰਨ ਪਿੱਛੋਂ ਦਹਿਸ਼ਤਗਰਦੀ ਵੱਲ ਨਰਮੀ ਦੀ ਨੀਤੀ ਵੀ ਹੈ ਤੇ ਹਾਕਮਾਂ ਦੀਆਂ ਆਪੋ-ਆਪਣੀਆਂ ਨਿਜੀ ਮਜਬੂਰੀਆਂ ਵੀ ਹਨ।

ਮੌਜੂਦਾ ਹਾਲਾਤ ਵਿਚ ਸਭ ਤੋਂ ਵੱਡੀ ਮਜਬੂਰੀ ਉਥੋਂ ਦੀ ਹਕੂਮਤ ਸਾਹਮਣੇ ਬੇਨਜ਼ੀਰ ਭੁੱਟੋ ਦਾ ਕਤਲ ਹੈ ਜਿਸ ਦੀ ਜਾਂਚ ਹੋਰ ਕਿਸੇ ਨੂੰ ਨਾ ਸਹੀ, ਉਸ ਦੇ ਪਤੀ ਨੂੰ ਤਾਂ ਕਰਵਾਉਣੀ ਹੀ ਚਾਹੀਦੀ ਸੀ। ਹੋਇਆ ਇਹ ਕਿ ਜਾਂਚ ਕਮਿਸ਼ਨ ਦੀ ਰਿਪੋਰਟ ਵੀ ਕਿਸੇ ਹੋਰ ਨੇ ਨਹੀਂ, ਉਸ ਦੇ ਪਤੀ ਜ਼ਰਦਾਰੀ ਨੇ ਹੀ ਠੱਪ ਕਰ ਦਿੱਤੀ ਹੈ। ਕਾਰਨ ਇਸ ਦਾ ਇਹ ਕਿ ਜੇ ਜਾਂਚ ਰਿਪੋਰਟ ਸਾਹਮਣੇ ਆ ਜਾਂਦੀ ਤਾਂ ਹੋਰਨਾਂ ਤੋਂ ਇਲਾਵਾ ਖ਼ੁਦ ਜ਼ਰਦਾਰੀ ਵੱਲ ਸ਼ੱਕ ਦੀ ਉਂਗਲ ਉਠ ਸਕਦੀ ਸੀ। ਕਿਸੇ ਵੀ ਕਤਲ ਦੀ ਜਾਂਚ ਦਾ ਮੁੱਢ ਦੋ ਗੱਲਾਂ, ਇਕ ਤਾਂ ਵਾਰਦਾਤ ਵਾਲੀ ਥਾਂ 'ਤੇ ਮਿਲੇ ਨਿਸ਼ਾਨ ਅਤੇ ਦੂਜਾ ਪੋਸਟ-ਮਾਰਟਮ ਦੀ ਰਿਪੋਰਟ ਨਾਲ ਬੱਝਦਾ ਹੈ; ਪਰ ਇਥੇ ਤਾਂ ਦੋਵੇਂ ਹੀ ਹੈ ਨਹੀਂ। ਵਾਰਦਾਤ ਵਾਲੀ ਥਾਂ ਕਤਲ ਤੋਂ ਇਕ ਘੰਟੇ ਦੇ ਅੰਦਰ-ਅੰਦਰ ਪਾਣੀ ਦੀਆਂ ਧਾਰਾਂ ਮਾਰ ਕੇ, ਰਗੜ-ਰਗੜ ਕੇ ਸਾਫ਼ ਕਰ ਦਿੱਤੀ ਗਈ ਸੀ ਜਿਸ ਵਾਸਤੇ ਕੋਈ ਵੀ ਮੌਕੇ ਦੇ ਰਾਸ਼ਟਰਪਤੀ ਜਨਰਲ ਪਰਵੇਜ਼ ਮੁਸ਼ੱਰਫ਼ ਨੂੰ ਦੋਸ਼ੀ ਠਹਿਰਾ ਸਕਦਾ ਹੈ। ਦੂਜੀ ਚੀਜ਼ ਪੋਸਟ-ਮਾਰਟਮ ਦੀ ਰਿਪੋਰਟ ਹੋਣੀ ਸੀ ਜਿਸ ਤੋਂ ਪਤਾ ਲੱਗਣਾ ਸੀ ਕਿ ਮੌਤ ਦਾ ਕਾਰਨ ਕਿਹੜੀ ਗੱਲ ਬਣੀ ਸੀ? ਪੋਸਟ-ਮਾਰਟਮ ਕਰਾਉਣ ਤੋਂ ਬੇਨਜ਼ੀਰ ਦੇ ਪਤੀ ਨੇ ਹੀ ਰੋਕ ਦਿੱਤਾ ਸੀ। ਦੱਸਿਆ ਇਹ ਗਿਆ ਕਿ ਜਦੋਂ ਗੋਲੀ ਚੱਲੀ, ਬੇਨਜ਼ੀਰ ਨੇ ਛੱਤ ਵਾਲੇ ਮਘੋਰੇ ਵਿਚੋਂ ਸਿਰ ਅੰਦਰ ਨੂੰ ਕਰਨ ਦੀ ਕੋਸ਼ਿਸ਼ ਕੀਤੀ ਤਾਂ ਢੱਕਣ ਨਾਲ ਸਿਰ ਵੱਜਣ ਕਰਕੇ ਮਾਰੀ ਗਈ ਸੀ। ਜਦੋਂ ਪੋਸਟ-ਮਾਰਟਮ ਹੀ ਨਹੀਂ ਸੀ ਹੋਇਆ, ਮੌਤ ਦੇ ਇਸ ਕਾਰਨ ਦਾ ਆਧਾਰ ਕਿਹੜੀ ਗੱਲ ਮੰਨੀ ਜਾਵੇਗੀ? ਇਨ੍ਹਾਂ ਦੋਵੇਂ ਗੱਲਾਂ ਨੇ ਉਸ ਦੇ ਕਤਲ ਦੀ ਵਾਰਦਾਤ ਨੂੰ ਗਹਿਰੀ ਸਾਜ਼ਿਸ਼ ਦਾ ਰੂਪ ਦੇ ਦਿੱਤਾ ਹੈ। ਜਦੋਂ ਹਾਲਤ ਇਹ ਹੋਵੇ ਤਾਂ ਪਾਕਿਸਤਾਨ ਦੀ ਉਦੋਂ ਵਾਲੀ ਜਾਂ ਬਾਅਦ ਵਿਚ ਬਣੀ ਹੁਣ ਵਾਲੀ ਸਰਕਾਰ ਦੀ ਇਹ ਗੱਲ ਕੌਣ ਮੰਨ ਲਵੇਗਾ ਕਿ ਬੇਨਜ਼ੀਰ ਦੇ ਕਤਲ ਪਿੱਛੇ ਤਾਲਿਬਾਨ ਦੇ ਆਤਮਘਾਤੀ ਕਾਤਲਾਂ ਦਾ ਹੱਥ ਸੀ?

ਇਸ ਤੋਂ ਵੱਡੀ ਜਿਹੜੀ ਗੱਲ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਦੇ ਮੁਖੀ ਦੇ ਬਚਾਅ ਲਈ ਹੁਣ ਉਥੋਂ ਦੀ ਸਰਕਾਰ ਨੂੰ ਮਜਬੂਰ ਕਰ ਰਹੀ ਹੈ, ਉਹ ਇਹ ਹੈ ਕਿ ਜੇ ਬੇਨਜ਼ੀਰ ਭੁੱਟੋ ਦੇ ਕਤਲ ਦੀ ਜਾਂਚ ਨੂੰ ਆਈ.ਐਸ.ਆਈ. ਅੱਗੇ ਤੋਰ ਲਵੇ



ਹਮਲੇ ਪਿਛੋਂ ਮੁੰਬਈ ਦਾ ਹੋਟਲ ਤਾਜ

ਤਾਂ ਮੁਲਕ ਦਾ ਗ੍ਰਹਿ ਮੰਤਰੀ ਰਹਿਮਾਨ ਮਲਿਕ ਕੁੜਿੱਕੀ ਵਿਚ ਆ ਸਕਦਾ ਹੈ। ਜਦੋਂ ਬੇਨਜ਼ੀਰ ਭੁੱਟੋ ਦਾ ਕਤਲ ਹੋਇਆ ਸੀ, ਉਦੋਂ ਮਲਿਕ ਦੇ ਕੋਲ ਕੋਈ ਸਰਕਾਰੀ ਅਹੁਦਾ ਨਹੀਂ ਸੀ ਪਰ ਪਾਰਟੀ ਅਤੇ ਪਰਿਵਾਰ ਵੱਲੋਂ ਬੇਨਜ਼ੀਰ ਦੀ ਸੁਰੱਖਿਆ ਦਾ ਇੰਚਾਰਜ ਇਹੋ ਬੰਦਾ ਹੁੰਦਾ ਸੀ। ਕਮਾਲ ਦੀ ਗੱਲ ਇਹ ਕਿ ਕਤਲ ਦੀ ਤਫ਼ਤੀਸ਼ ਦੌਰਾਨ ਬੇਨਜ਼ੀਰ ਦੀ ਸੁਰੱਖਿਆ ਦਾ ਇੰਚਾਰਜ ਰਹੇ ਰਹਿਮਾਨ ਮਲਿਕ ਦੀ ਕਦੇ ਕਿਸੇ ਏਜੰਸੀ ਨੇ ਬਾਕਾਇਦਾ ਕੋਈ ਪੁੱਛਗਿੱਛ ਹੀ ਨਹੀਂ ਕੀਤੀ ਹਾਲਾਂਕਿ ਇਹ ਅਗਲੇ ਦਿਨ ਹੀ ਹੋਣੀ ਚਾਹੀਦੀ ਸੀ। ਹੁਣ ਜੇ ਜਾਂਚ ਅੱਗੇ ਵਧਦੀ ਹੈ ਤਾਂ ਸਭ ਤੋਂ ਪਹਿਲਾਂ ਮੁਲਕ ਦੇ ਗ੍ਰਹਿ ਮੰਤਰੀ ਮਲਿਕ ਦੀ ਵਾਰੀ ਆਊਗੀ ਕਿਉਂਕਿ ਮੁਲਕ ਦਾ ਗ੍ਰਹਿ ਮੰਤਰੀ ਖ਼ੁਦ ਇਸ ਕਤਲ ਕੇਸ ਵਿਚ ਫਸਦਾ ਹੈ। ਇਸ ਲਈ ਉਹ ਆਪਣੇ ਦੇਸ਼ ਦੀਆਂ



ਰਹਿਮਾਨ ਮਲਿਕ

ਅਖ਼ਬਾਰਾਂ ਵਿਚ ਛਪ ਚੁੱਕਾ ਇਹ ਪੱਖ ਵੀ ਅੱਖੋਂ ਪਰੋਖੇ ਕਰੀ ਜਾਂਦਾ ਹੈ ਕਿ ਬੇਨਜ਼ੀਰ ਦੇ ਕਤਲ ਦੀ ਸਾਜ਼ਿਸ਼ ਇਕ ਫ਼ੌਜੀ ਬ੍ਰਿਗੇਡੀਅਰ ਦੇ ਘਰ ਵਿਚ ਬਣਾਈ ਗਈ ਸੀ। ਫ਼ੌਜੀ ਬ੍ਰਿਗੇਡੀਅਰ ਦਾ ਨਾਂ ਆ ਜਾਣਾ ਇਸ ਜਾਂਚ ਨੂੰ ਜਨਰਲ ਪਰਵੇਜ਼ ਮੁਸ਼ੱਰਫ਼ ਤਕ ਲਿਜਾ ਸਕਦਾ ਹੈ ਅਤੇ ਇਹ ਕੰਮ ਸਿਰਫ਼ ਤੇ ਸਿਰਫ਼ ਆਈ.ਐਸ.ਆਈ. ਕਰ ਸਕਦੀ ਹੈ ਜਿਸ ਦੀ ਮੁਸ਼ੱਰਫ਼ ਨੂੰ ਵੀ ਸਮਝ ਹੈ। ਇਸ ਲਈ ਉਹ ਵੀ ਉਸ ਏਜੰਸੀ ਦੇ ਮੁਖੀ ਨੂੰ ਖ਼ੁਸ਼ ਕਰਨ ਲਈ ਇਹ ਪੈਂਤੜਾ ਲੈਣ ਤੁਰ ਪਿਆ ਹੈ ਕਿ ਉਸ ਨੂੰ ਅਮਰੀਕਾ ਦੇ ਹਵਾਲੇ ਨਹੀਂ ਕੀਤਾ ਜਾ ਸਕਦਾ। ਮੁਸ਼ੱਰਫ਼ ਨੇ ਆਈ.ਐਸ.ਆਈ. ਦੇ ਮੁਖੀ ਦੀ ਅਮਰੀਕਾ ਨੂੰ ਹਵਾਲਗੀ ਦੀ ਮੰਗ ਰੱਦ ਕਰਦਿਆਂ ਇਹ ਵੀ ਕਹਿ ਦਿੱਤਾ ਕਿ ਜੇ ਏਦਾਂ ਸੋਚਿਆ ਵੀ ਗਿਆ ਤਾਂ ਮੁਲਕ ਵਿਚ ਬਗ਼ਾਵਤ ਹੋ ਜਾਵੇਗੀ।

ਹਾਲਾਤ ਕੂਕ-ਕੂਕ ਕੇ ਕਹਿ ਰਹੇ ਹਨ ਕਿ ਕਈ ਦਹਾਕਿਆਂ ਤਕ ਅਮਰੀਕਾ ਦੀ ਤਜਰਬੇ ਕਰਨ ਵਾਲੀ ਲੈਬਾਰਟਰੀ ਬਣਿਆ ਰਿਹਾ ਪਾਕਿਸਤਾਨ ਅੱਜ ਆਪਣੀ ਹੋਂਦ ਦੇ ਸਭ ਤੋਂ ਵੱਧ ਖ਼ਤਰਨਾਕ ਮੋੜ ਉਤੇ ਖੜ੍ਹਾ ਹੈ। ਉਸ ਦੀ ਇਸ ਹਾਲਤ ਨੂੰ ਸਿਰਫ਼ ਉਸੇ ਦੀ ਗੱਲ ਨਹੀਂ ਸਮਝਣਾ ਚਾਹੀਦਾ, ਹੁਣ ਉਹ ਸਾਰੇ ਸੰਸਾਰ ਲਈ ਖ਼ਤਰੇ ਦਾ ਸੰਕੇਤ ਦੇ ਰਿਹਾ ਹੈ ਅਤੇ ਕਿਸੇ ਵੀ ਹੋਰ ਨਾਲੋਂ ਵੱਧ ਇਹ ਸੰਕੇਤ ਭਾਰਤ ਲਈ ਅਤੇ ਫਿਰ ਚੀਨ ਲਈ ਹਨ। ਜਿਸ ਦੇ ਗੁਆਂਢ ਵਿਚ ਅੱਗ ਮਚ ਰਹੀ ਹੋਵੇ, ਉਸ ਦੇ ਘਰ ਵਿਚ ਵੀ ਸੁਖ ਨਹੀਂ ਰਹਿ ਸਕਦੀ। ਭਾਰਤ ਦੀਆਂ ਸਾਰੀਆਂ ਧਿਰਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਆਪਸੀ ਮਤਭੇਦ ਜੋ ਵੀ ਹੋਣ, ਜੇ ਅਸੀਂ ਦੇਸ਼ ਦੀ ਸੁਰੱਖਿਆ ਲਈ ਗੁਆਂਢ ਟਿਕ-ਟਿਕ ਕਰ ਰਹੇ ਇਸ ਟਾਈਮ-ਬੰਬ ਬਾਰੇ ਵੀ ਰਾਜਸੀ ਗਿਣਤੀਆਂ ਕਰ ਕੇ ਚੱਲਦੇ ਰਹੇ ਤਾਂ ਨਾ ਇਹ ਦੇਸ਼ ਦੇ ਹਿਤ ਵਿਚ ਹੋਵੇਗਾ, ਨਾ ਸੰਸਾਰ ਦੇ ਹੀ। ਹਾਲਾਤ ਚੀਨ ਨੂੰ ਵੀ ਸਮਝਣੇ ਚਾਹੀਦੇ ਹਨ ਪਰ ਉਸ ਦੇਸ਼ ਦੀ ਸਰਕਾਰ ਉਸੇ ਤਵੇ ਨੂੰ ਹੱਥ ਲਾ ਕੇ ਵੇਖਣ ਦਾ ਮਨ ਬਣਾਈ ਬੈਠੀ ਹੈ ਜਿਸ ਨੂੰ ਲਾ ਕੇ ਅਮਰੀਕਾ ਵਾਲੇ ਆਪਣੇ ਹੱਥ ਸੜਵਾ ਚੁਕੇ ਹਨ। ਚੀਨ ਦਾ ਪਾਕਿਸਤਾਨ ਨਾਲ ਲੱਗਦਾ ਰਾਜ ਇਨ੍ਹੀਂ ਦਿਨੀਂ ਤਾਲਿਬਾਨ ਲਈ ਓਹੋ ਜਿਹਾ ਖੇਤਰ ਬਣਦਾ ਜਾ ਰਿਹਾ ਹੈ, ਜਿੱਦਾਂ ਦਾ ਤੀਹ ਕੁ ਸਾਲ ਪਹਿਲਾਂ ਪਾਕਿਸਤਾਨ ਦੀ ਸਵਾਤ ਘਾਟੀ ਨੂੰ ਮੁਜਾਹਿਦੀਨ ਤਿਆਰ ਕਰਨ ਲਈ ਅਮਰੀਕਾ ਵਾਲਿਆਂ ਨੇ ਬਣਾਇਆ ਸੀ। ਅਮਰੀਕਾ ਨੂੰ ਉਦੋਂ ਅਕਲ ਆਈ ਸੀ ਜਦੋਂ ਆਪੇ ਮਛਰਾਈ ਹੋਈ ਅਲ-ਕਾਇਦਾ ਨੇ ਵਰਲਡ ਟਰੇਡ ਸੈਂਟਰ ਦੇ ਟਾਵਰਾਂ ਉਤੇ ਜਹਾਜ਼ ਮਾਰ ਕੇ ਉਨ੍ਹਾਂ ਦੇ ਨੱਕ ਉਤੇ ਘਸੁੰਨ ਮਾਰਨ ਵਰਗੀ ਹਰਕਤ ਕਰ ਦਿੱਤੀ ਸੀ। ਚੀਨ ਨੂੰ ਸਮਝ ਪਤਾ ਨਹੀਂ ਕਦੋਂ ਆਊਗੀ?

ਪੰਜਾਬ ਟਾਈਮਜ਼

ਸਨਿਚਰਵਾਰ, 8 ਜਨਵਰੀ 2011

# ਸਿੱਖੀ ਦਾ ਪ੍ਰਚਾਰ-ਪ੍ਰਸਾਰ ਅਤੇ ਡੇਰੇ

ਭੀਖੀ ਵਿਖੇ ਸਿੱਖ ਸੰਗਤ ਅਤੇ ਡੇਰਾ ਸਿਰਸਾ ਵਿਚਕਾਰ ਹੋਏ ਟਕਰਾਅ ਨਾਲ ਇਕ ਵਾਰ ਫਿਰ ਸਰਕਾਰ, ਪ੍ਰਸ਼ਾਸਨ ਅਤੇ ਪੁਲਿਸ ਪ੍ਰਸ਼ਾਸਨ ਦੀ ਨਾ-ਅਹਿਲੀਅਤ ਉਭਰ ਕੇ ਸਾਹਮਣੇ ਆ ਗਈ; ਇਹ ਵੀ ਕਿ ਕੌਣ-ਕੌਣ ਕਿਸ ਦੇ ਹੱਕ ਵਿਚ ਭੁਗਤ ਰਿਹਾ ਹੈ। ਪੁਲਿਸ ਪ੍ਰਸ਼ਸਾਨ ਨੇ ਸੰਤ ਬਲਜੀਤ ਸਿੰਘ ਦਾਦੂਵਾਲ ਦਾ ਭੀਖੀ ਵਿਖੇ ਹੋ ਰਿਹਾ ਧਾਰਮਿਕ ਸਮਾਗਮ ਅੱਧ ਵਿਚਾਲੇ ਰੋਕਣ ਲਈ, ਪਹਿਲਾਂ ਬਿਜਲੀ ਸਪਲਾਈ ਕੱਟੀ ਅਤੇ ਫਿਰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਹੀ ਨਹੀਂ, ਉਨ੍ਹਾਂ ਦੇ ਸਾਥੀਆਂ ਨੂੰ ਵੀ ਫੜ ਕੇ ਅੰਦਰ ਕਰ ਦਿੱਤਾ ਗਿਆ। ਸਿੱਖ ਆਗੂਆਂ ਨੂੰ ਭੀਖੀ ਜਾਣ ਤੋਂ ਵੀ ਰੋਕਿਆ ਗਿਆ। ਸਰਕਾਰ ਭਾਵੇਂ ਇਹ ਦਾਅਵਾ ਕਰਦੀ ਹੈ ਕਿ ਸਮੁੱਚੀ ਕਾਰਵਾਈ ਸਦਭਾਵਨਾ ਕਾਇਮ ਰੱਖਣ ਲਈ ਕੀਤੀ ਗਈ ਪਰ ਇਹ ਗੱਲ ਤਾਂ ਸਪਸ਼ਟ ਹੀ ਹੈ ਕਿ ਸੱਤਾਧਾਰੀ ਧਿਰ ਨੇ ਡੇਰਾ ਸਿਰਸਾ ਅਤੇ ਸਿੱਖ ਸੰਗਤ ਵਿਚਕਾਰ ਚੱਲ ਰਹੇ ਤਕਰਾਰ ਨੂੰ ਸੁਲਝਾਉਣ ਦੀ ਥਾਂ ਸਦਾ ਸੌੜੀ ਸਿਆਸਤ ਅਖ਼ਤਿਆਰ ਕੀਤੀ। ਕਦੀ ਇਕ ਅਤੇ ਕਦੀ ਦੂਜੀ ਧਿਰ ਨੂੰ ਖੁਸ਼ ਰੱਖਣ ਲਈ ਛੋਟਾਂ ਦਿੱਤੀਆਂ। ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਸਮਝ ਕੇ ਕੋਈ ਕਾਰਵਾਈ ਜਾਂ ਪਹਿਲਕਦਮੀ ਕਰਨ ਦੀ ਥਾਂ ਵੋਟਾਂ ਉਤੇ ਹੀ ਨਜ਼ਰ ਰੱਖੀ ਜਿਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਦੋਵੇਂ ਧਿਰਾਂ ਅਕਸਰ ਆਹਮੋ-ਸਾਹਮਣੇ ਆ ਜਾਂਦੀਆਂ ਹਨ। ਫਿਰ ਸਰਕਾਰ ਨੂੰ ਮੌਕੇ 'ਤੇ ਹੱਥਾਂ-ਪੈਰਾਂ ਦੀ ਪੈ ਜਾਂਦੀ ਹੈ।

ਸਿੱਖ ਸੰਗਤ ਅਤੇ ਡੇਰਾ ਸਿਰਸਾ ਵਿਚਕਾਰ ਇਸ ਤਕਰਾਰ ਦੀਆਂ ਜੜ੍ਹਾਂ ਅਸਲ ਵਿਚ ਡੇਰੇ ਦੇ ਮੁਖੀ ਰਾਮ ਰਹੀਮ ਸਿੰਘ ਦਾ ਉਹ ਸਵਾਂਗ ਸੀ ਜਿਸ ਖ਼ਿਲਾਫ਼ ਸਿੱਖ ਸੰਗਤ ਨੇ ਆਪਣਾ ਗੁੱਸਾ ਬਹੁਤ ਤਿੱਖੇ ਰੂਪ ਵਿਚ ਜ਼ਾਹਿਰ ਕੀਤਾ ਅਤੇ ਲਗਾਤਾਰ ਲਾਮਬੰਦੀ ਵੀ ਕੀਤੀ। ਇਸ ਲਾਮਬੰਦੀ ਪਿੱਛੋਂ ਹੀ ਪੰਜਾਬ ਵਿਚ ਇਹ ਡੇਰੇ ਬੰਦ ਕਰਵਾਉਣ ਲਈ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਵੀ ਜਾਰੀ ਕੀਤਾ ਗਿਆ ਪਰ ਸੌੜੀ ਸਿਆਸਤ ਕਾਰਨ ਇਸ ਨੂੰ ਲਾਗੂ ਕਰਨ ਤੋਂ ਟਾਲਾ ਵੱਟੀ ਰੱਖਿਆ। ਇਹ ਹੁਕਮਨਾਮਾ ਲਾਗੂ ਕਰਵਾਉਣ ਹਿਤ ਸਿੱਖ ਸੰਗਤ ਦਾ ਜਥਾ ਹਰ ਐਤਵਾਰ ਡੇਰੇ ਵੱਲ ਕੂਚ ਕਰਦਾ ਹੈ। ਇਹ ਸਿਲਸਿਲਾ ਲੰਮੇ ਸਮੇਂ ਤੋਂ ਚੱਲ ਰਿਹਾ ਹੈ ਅਤੇ ਸਰਕਾਰ ਸੁੱਤੀ ਪਈ ਹੈ। ਸਿੱਖ ਸੰਗਤ ਵੱਲੋਂ ਡੇਰੇ ਖਿਲਾਫ ਇਸ ਲਾਮਬੰਦੀ ਦੇ ਨਾਲ-ਨਾਲ ਸਿੱਖੀ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਵੀ ਸ਼ਾਮਲ ਹੈ। ਧਾਰਮਿਕ ਸਮਾਗਮ ਕਰਵਾਉਣੇ ਇਸੇ ਲੜੀ ਦਾ ਹਿੱਸਾ ਹਨ। ਇਸੇ ਲੜੀ ਤਹਿਤ ਹੀ ਹੁਣ ਸੰਤ ਦਾਦੂਵਾਲ ਦਾ ਸਮਾਗਮ ਹੋ ਰਿਹਾ ਸੀ।

ਉਂਜ ਇਸ ਪ੍ਰਸੰਗ ਵਿਚ ਸੰਗਤਾਂ ਦੇ ਵਿਚਾਰਨ ਵਾਲਾ ਮਸਲਾ ਇਹ ਵੀ ਹੈ ਕਿ ਇਸ ਪ੍ਰਚਾਰ-ਪ੍ਰਸਾਰ ਦੇ ਬਾਵਜੂਦ ਲੋਕ ਖਾਸ ਕਰ ਕੇ ਨੌਜਵਾਨ ਸਿੱਖ ਰਹਿਤ ਤੋਂ ਲਾਂਭੇ ਜਾ ਰਹੇ ਹਨ। ਇਸ ਲਈ ਰਾਮ ਰਹੀਮ ਸਿੰਘ ਵਰਗਿਆਂ ਦੀਆਂ ਮਨਮਤਾਂ ਨੂੰ ਵੰਗਾਰਨ ਦੇ ਨਾਲ-ਨਾਲ ਸਭ ਤੋਂ ਵੱਧ ਧਿਆਨ ਸਿੱਖੀ ਦੇ ਪ੍ਰਚਾਰ-ਪ੍ਰਸਾਰ ਵੱਲ ਹੋਣਾ ਵਾਹੀਦਾ ਹੈ। ਇਸ ਦਾ ਇਕੋ-ਇਕ ਕਾਰਨ ਇਹ ਹੈ ਕਿ ਸੱਚੇ ਪਾਤਸ਼ਾਹਾਂ ਦੀ ਵਰੋਸਾਈ ਸਿੱਖੀ ਲਈ ਕੋਈ ਪਰਾਇਆ ਨਹੀਂ। ਇਸ ਦਾ ਘੇਰਾ ਬੇਅੰਤ ਹੈ। ਬਹੁਤ ਸਾਰੇ ਡੇਰਾ ਪ੍ਰੇਮੀ ਹੋਣਗੇ ਜਿਹੜੇ ਗੁੰਮਰਾਹ ਹੋ ਕੇ ਡੇਰੇ ਨਾਲ ਜੁੜੇ ਹੋਏ ਹਨ। ਇਨ੍ਹਾਂ ਨੂੰ ਡੇਰੇ ਦੇ ਪ੍ਰਭਾਵ ਤੋਂ ਮੁਕਤ ਕਰਵਾਉਣ ਦੀ ਜ਼ਿੰਮੇਵਾਰੀ ਵੀ ਸਿੱਖ ਸੰਗਤ ਦੀ ਹੈ। ਇਸ ਮੁਕਤੀ ਲਈ ਸਭ ਤੋਂ ਕਾਰਗਰ ਤਰੀਕਾਕਾਰ ਗੋਸਟਿ ਭਾਵ ਗੱਲ-ਬਾਤ ਹੀ ਹੈ ਜਿਸ ਉਤੇ ਸਾਡੇ ਗੁਰੂ ਸਾਹਿਬਾਨ ਨੇ ਡਟ ਕੇ ਪਹਿਰਾ ਦਿੱਤਾ ਅਤੇ ਔਖੇ-ਭਾਰੇ ਵੇਲਿਆਂ ਵਿਚ ਸਾਡੀ ਅਗਵਾਈ ਕਰਨ ਲਈ, ਆਪ ਕਸ਼ਟ ਝੱਲ-ਝੱਲ ਕੇ ਰਾਹ ਬਣਾਏ। ਪਹਿਲੇ ਸੱਚੇ ਪਾਤਸ਼ਾਹ ਗੁਰੂ ਨਾਨਕ ਤੋਂ ਲੈ ਕੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਤੱਕ ਗੋਸਟਿ ਦੀ ਅਮੀਰ ਰੀਤ ਚਲੀ ਆ ਰਹੀ ਹੈ ਜਿਸ ਰਾਹੀਂ ਕੱਟੜ ਵਿਰੋਧੀਆਂ ਨੂੰ ਵੀ ਆਪਣੇ ਨਾਲ ਤੋਰਿਆ ਗਿਆ। ਗੁਰੂ ਨਾਨਕ ਨੇ ਸਿੱਧਾਂ ਨੂੰ ਨਿਰਉਤਰ ਕਰਕੇ ਨਾਲ ਹੀ ਨਹੀਂ ਤੋਰਿਆ ਸਗੋਂ ਸਦਾ-ਸਦਾ ਲਈ ਆਪਣੇ ਮੁਰੀਦ ਵੀ ਬਣਾ ਲਿਆ ਅਤੇ ਗ੍ਰਿਹਸਥ ਤੇ ਹੋਰ ਮਸਲਿਆਂ ਬਾਰੇ ਪਏ ਭੁਲੇਖੇ ਦੂਰ ਕਰਨ ਦਾ ਬਲ ਬਖ਼ਸ਼ਿਆ। ਗੁਰੂ ਗੋਬਿੰਦ ਸਿੰਘ ਨੇ ਜਿਸ ਹਾਲਾਤ ਵਿਚ ਸਮੇਂ ਦੇ ਸ਼ਾਸਕ ਨੂੰ ਜ਼ਫ਼ਰਨਾਮੇ ਦੇ ਰੂਪ ਵਿਚ ਚਿੱਠੀ ਲਿਖ ਕੇ ਝੰਜੋੜਿਆ, ਉਸ ਦੀ ਮਿਸਾਲ ਤਾਂ ਸੰਸਾਰ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ। ਜਿਸ ਜ਼ਾਲਮ ਸ਼ਾਸਕ ਨੇ ਪਿਤਾ ਨੂੰ ਸ਼ਹੀਦ ਕਰ ਦਿੱਤਾ ਹੋਵੇ, ਜਿਸਦੀ ਹਕੂਮਤ ਵਿਚ ਚਾਰੇ ਪੁਤਰ ਤੇ ਮਾਤਾ ਸ਼ਹੀਦ ਹੋਈ ਹੋਵੇ, ਉਸ ਸ਼ਾਸਕ ਨਾਲ ਇਸ ਤਰ੍ਹਾਂ ਦਾ ਸੰਵਾਦ; ਇਹ ਵਡਿਆਈ ਸਾਡੇ ਸੱਚੇ ਪਾਤਸ਼ਾਹ ਨੂੰ ਹੀ ਮਿਲਣੀ ਸੀ। ਇਤਿਹਾਸ ਗਵਾਹ ਹੈ ਕਿ ਸੱਚੇ ਪਾਤਸ਼ਾਹ ਦੀ ਚਿੱਠੀ ਪੜ੍ਹਨ ਤੋਂ ਬਾਅਦ ਸ਼ਾਸਕ ਯਾਨਿ ਔਰੰਗਜ਼ੇਬ ਤੜਫ਼ ਉੱਠਿਆ ਸੀ। ਹੁਣ ਇਹ ਸਵਾਲ ਸਿੱਖ ਸੰਗਤ ਲਈ ਹੈ ਕਿ ਆਪਣੇ ਮੁਖ਼ਾਲਿਫ਼ ਨੂੰ ਇਉਂ ਬਲਹੀਣ ਕਰਨ ਲਈ ਹੁਣ ਅਸੀਂ ਕੀ ਕਰਨਾ ਹੈ? ਅਜੇ ਤਾਂ ਅਸੀਂ ਆਪਣੀ ਊਰਜਾ ਇਕ ਸਾਧ ਨੂੰ ਨਿੰਦਣ ਉਤੇ ਹੀ ਲਾ ਰਹੇ ਹਾਂ?

ਇਸੇ ਪ੍ਰਸੰਗ ਵਿਚ ਇਥੇ ਮਹਾਰਾਜਾ ਰਣਜੀਤ ਸਿੰਘ ਦੀ ਨੀਤੀ ਅਤੇ ਰਣਨੀਤੀ ਦੀ ਗੱਲ ਇਸ ਆਸੇ ਨਾਲ ਕੀਤੀ ਜਾ ਰਹੀ ਹੈ ਕਿ ਇਸ ਟਕਰਾਅ ਵਿਚੋਂ ਨਿਕਲਣ ਲਈ ਕੋਈ ਆਸ ਦੀ ਕਿਰਨ ਲੱਭੀ ਜਾ ਸਕੇ। ਮਹਾਰਾਜਾ ਰਣਜੀਤ ਸਿੰਘ ਦੀ ਇਹ ਨੀਤੀ ਸੀ ਕਿ ਉਹ ਜਿਸ ਵੀ ਸ਼ਖ਼ਸ ਨੂੰ ਜਿੱਤ ਲੈਂਦੇ ਸਨ, ਉਸ ਨੂੰ ਆਮ ਰਿਵਾਜ ਅਨੁਸਾਰ ਮਾਰਦੇ ਨਹੀਂ ਸਨ ਬਲਕਿ ਉਸ ਨੂੰ ਆਪਣੇ ਅਧੀਨ ਰੱਖ ਕੇ ਕਿਤੇ ਦੂਰ-ਦੁਰਾਡੇ ਜਾਗੀਰ ਦੇ ਦਿੰਦੇ ਸਨ। ਇਸ ਦੇ ਬੜੇ ਹਾਂ-ਪੱਖੀ ਸਿੱਟੇ ਨਿਕਲੇ ਅਤੇ ਮਹਾਰਾਜਾ ਦੀ ਮਹਿਮਾ ਫੈਲਣ ਲੱਗੀ। ਦੂਜੇ, ਜਦੋਂ ਉਨ੍ਹਾਂ ਨੇ ਦੇਖਿਆ ਕਿ ਤਲਵਾਰਾਂ-ਘੋੜਿਆਂ ਨਾਲ ਲੈਸ ਉਨ੍ਹਾਂ ਦੀ ਫੌਜ ਤਾਂ ਦੁਸ਼ਮਣ ਦੇ ਮੁਕਾਬਲੇ ਟਿਕ ਨਹੀਂ ਸਕਦੀ ਤਾਂ ਉਨ੍ਹਾਂ ਫ਼ਰਾਂਸੀਸੀ ਕਮਾਂਡਰਾਂ ਦੀਆਂ ਸੇਵਾਵਾਂ ਲਈਆਂ। ਇਹ ਰਣਨੀਤੀ ਸੀ। ਨੀਤੀ ਅਤੇ ਰਣਨੀਤੀ ਦੇ ਸੁਮੇਲ ਨਾਲ ਉਨ੍ਹਾਂ ਉਹ ਕੁਝ ਕਰ ਦਿਖਾਇਆ ਜੋ ਅਸੰਭਵ ਜਾਪਦਾ ਸੀ। ਸਿੱਖੀ ਦੇ ਬੂਟੇ ਨੂੰ ਫੈਲਾਉਣ ਲਈ ਅਜਿਹੀ ਹੀ ਕਿਸੇ ਨੀਤੀ-ਰਣਨੀਤੀ ਦੀ ਲੋੜ ਹੈ ਕਿਉਂਕਿ ਅੱਜ ਦੇ ਤੇਜ਼ ਰਫ਼ਤਾਰ ਯੁੱਗ ਵਿਚ ਸਾਡੇ ਬੱਚੇ ਜਿਸ ਤਰ੍ਹਾਂ ਦੀਆਂ ਰੁਚੀਆਂ ਦਾ ਸ਼ਿਕਾਰ ਬਣ ਰਹੇ ਹਨ, ਉਹ ਫ਼ਿਕਰ ਵਾਲੀ ਗੱਲ ਹੈ। ਇਸ ਸੰਕਟ ਵਿਚੋਂ ਨਿਕਲਣ ਲਈ ਤਕਰਾਰ ਨਹੀਂ, ਸੱਚੇ ਪਾਤਸ਼ਾਹਾਂ ਵੱਲੋਂ ਵਰੋਸਾਈ ਗੋਸਟਿ ਦੀ ਲੋੜ ਵਧੇਰੇ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਨਾਨਕਸ਼ਾਹੀ ਕੈਲੰਡਰ?

ਰੋਜ਼ ਰੋਜ਼ ਹੀ ਕੱਢ ਕੇ ਹੁਕਮਨਾਮੇ, ਗੁਰੂ ਪੁਰਬਾਂ ਦੀ ਮਿਤੀ ਬਦਲਾਈ ਜਾਂਦੇ।
ਦਿੱਖ ਰਹੇ ਨਿਵੇਕਲੀ ਪੰਥ ਦੀ ਨਾ, ਕਾਂਜੀ ਦੁੱਧ ਦੇ ਚਾਟੇ ਵਿਚ ਪਾਈ ਜਾਂਦੇ।
ਉਤੋਂ ਆਉਂਦਾ ਏ ਹੁਕਮ 'ਪ੍ਰਧਾਨ ਜੀ' ਦਾ, ਮੋਹਰਾਂ 'ਦਾਸਾਂ ਦੇ ਦਾਸ' ਲਗਾਈ ਜਾਂਦੇ।
ਕੌਮੀ ਅਣਖ ਦੀ ਛੱਡ ਕੇ ਵਫਾਦਾਰੀ, ਇਕੋ ਟੱਬਰ ਦੀ ਰਾਗਣੀ ਗਾਈ ਜਾਂਦੇ।
ਬਿਪਰਵਾਦ ਹੁਣ ਧਾਰ ਕੇ ਰੂਪ ਨੀਲਾ, ਨਿਰਮਲ ਪੰਥ ਦੇ ਜੜ੍ਹਾਂ ਵਿਚ ਬਹਿ ਗਿਆ ਏ।
ਭਗਵੇਂ ਰੰਗ ਵਿਚ ਡੋਬ ਬਦ-ਰੰਗ ਕੀਤਾ, 'ਨਾਨਕਸ਼ਾਹੀ' ਹੁਣ ਕਾਸਦਾ ਰਹਿ ਗਿਆ ਏ?

# ਕਾਂਗਰਸ ਨੂੰ ਸੰਕਟ 'ਚੋਂ ਨਿਕਲਣ ਲਈ ਵਡੇ ਹੰਭਲੇ ਦੀ ਲੋੜ

***ਕਾਂਗਰਸ ਅਸਲ ਵਿਚ ਸਿਰਫ਼ ਅਮੀਰ ਵਰਗ ਦੇ ਵਿਕਾਸ ਦੇ ਰਾਹ 'ਤੇ ਹੀ ਚੱਲ ਰਹੀ ਹੈ। ਇਹ ਅਜੇ ਵੀ ਗਰੀਬਾਂ ਲਈ ਨਿਆਂ ਪੂਰਨ, ਨਿਰਪੱਖ ਅਤੇ ਸੰਤੁਲਿਤ ਵਿਕਾਸ ਨੂੰ ਅਮਲ ਵਿਚ ਲਿਆਉਣ ਤੋਂ ਝਿਜਕਦੀ ਹੈ।... ਜਥੇਬੰਦਕ ਪੱਧਰ 'ਤੇ ਇਹ ਪਾਰਟੀ ਲਗਾਤਾਰ ਚਾਪਲੂਸੀ ਨੂੰ ਉਤਸ਼ਾਹਿਤ ਕਰ ਰਹੀ ਹੈ ਅਤੇ ਇਸ ਦੇ ਆਗੂ ਸੂਬਿਆਂ ਵਿਚ ਤਮਾਮ ਵੱਡੀਆਂ ਨਿਯੁਕਤੀਆਂ ਅਤੇ ਸੀਟਾਂ ਦੀ ਵੰਡ ਲਈ ਹਾਈ ਕਮਾਨ ਦੇ ਮੂੰਹ ਵੱਲ ਵੇਖਦੇ ਹਨ।***

**ਪ੍ਰਫੁੱਲ ਬਦਵਾਈ**


2009 ਵਿਚ ਸੱਤਾ ਵਿਚ ਵਾਪਸ ਆਉਣ ਤੋਂ ਬਾਅਦ ਪਿਛਲੇ ਕੁਝ ਸਮੇਂ ਤੋਂ ਲੈ ਕੇ ਸਾਂਝਾ ਪ੍ਰਗਤੀਸ਼ੀਲ ਗਠਜੋੜ (ਯੂ.ਪੀ.ਏ.) ਸਰਕਾਰ ਨੂੰ ਢੇਰ ਸਾਰੇ ਘੁਟਾਲਿਆਂ ਨੇ ਮੁਸੀਬਤ ਵਿਚ ਪਾ ਦਿੱਤਾ ਹੈ ਜਿਨ੍ਹਾਂ ਵਿਚ ਸਭ ਤੋਂ ਉਪਰ 2ਜੀ ਸਪੈਕਟ੍ਰਮ ਘੁਟਾਲਾ ਹੈ। ਇਸ ਦੂਰਸੰਚਾਰ ਘੁਟਾਲੇ ਦੀ ਜਾਂਚ ਕਰਾਉਣ ਲਈ ਸਾਂਝੀ ਸੰਸਦੀ ਕਮੇਟੀ ਬਣਾਉਣ ਦੀ ਮੰਗ 'ਤੇ ਪੂਰੀ ਵਿਰੋਧੀ ਧਿਰ ਇਕਜੁੱਟ ਹੈ। ਅਜਿਹੀ ਸੂਰਤ ਵਿਚ ਕਾਂਗਰਸ ਨੂੰ ਅਚਾਨਕ ਇਹ ਲੱਗਣ ਲੱਗਾ ਹੈ ਕਿ ਉਹ ਲੋਕਾਂ ਦੀ ਹਮਦਰਦੀ ਅਤੇ ਚੋਣਾਂ ਜਿੱਤਣ ਦਾ ਵਿਸ਼ਵਾਸ ਗੁਆ ਰਹੀ ਹੈ। ਫਿਰ ਵੀ ਕਾਂਗਰਸ ਲੀਡਰਸ਼ਿਪ ਨੇ ਬਿਨਾਂ ਕਿਸੇ ਦੀ ਮਦਦ ਤੋਂ ਇਸ ਮੁਸੀਬਤ 'ਚੋਂ ਆਪਣੇ-ਆਪ ਨੂੰ ਉਭਾਰਨ ਦਾ ਪ੍ਰਬੰਧ ਕੀਤਾ ਹੈ ਅਤੇ ਹਾਲ ਹੀ ਵਿਚ ਦਿੱਲੀ 'ਚ ਹੋਏ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਇਜਲਾਸ ਨੇ ਪਾਰਟੀ ਵਿਚ ਦੋਸ਼ੀ ਠਹਿਰਾਉਣ ਦੀ ਭਾਜਪਾ ਦੀ ਕੋਸ਼ਿਸ਼ ਪੂਰੀ ਤਰ੍ਹਾਂ ਗੁਮਰਾਹਕੁਨ ਹੈ। ਇਸ ਦੇ ਮਜ਼ਬੂਤ ਸਬੂਤ ਮੌਜੂਦ ਹਨ ਕਿ ਮਾਲੇਗਾਉਂ ਮਸਜਿਦ, ਹੈਦਰਾਬਾਦ ਦੀ ਮੱਕਾ ਮਸਜਿਦ ਅਤੇ ਅਜਮੇਰ ਦਰਗਾਹ ਵਿਚ ਬੰਬ ਧਮਾਕੇ ਕਰਨ ਦੀ ਸਾਜ਼ਿਸ਼ ਹਿੰਦੂ ਮੂਲਵਾਦੀਆਂ ਨੇ ਰਚੀ ਸੀ। ਭਾਜਪਾ ਨਾਲ ਸਬੰਧਿਤ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਵਰਗੇ ਲੋਕਾਂ ਨੇ ਸਰਗਰਮ ਰੂਪ ਵਿਚ ਫ਼ਿਰਕੂ ਤਣਾਅ ਪੈਦਾ ਕੀਤਾ ਅਤੇ ਅਜਿਹਾ ਮਾਹੌਲ ਸਿਰਜਿਆ ਜਿਸ ਵਿਚ ਮੁਸਲਿਮ ਨਾਗਰਿਕ ਅਸੁਰੱਖਿਅਤ ਮਹਿਸੂਸ ਕਰਦੇ ਹਨ ਜਦੋਂਕਿ ਹਿੰਦੂ ਕੱਟੜਪੰਥੀ ਸਰਕਾਰ ਤੋਂ ਸ਼ਰਨ ਲੈਣੀ ਆਪਣਾ ਹੱਕ ਮੰਨਦੇ ਹਨ।

ਹਿੰਦੂਵਾਦੀ ਅਤਿਵਾਦ, ਫਰਜ਼ੀ ਪੁਲਿਸ ਮੁਕਾਬਲਿਆਂ ਵਿਚ ਮੁਸਲਿਮ ਨੌਜਵਾਨਾਂ ਦੀ ਹੱਤਿਆ (ਉਦਾਹਰਨ ਬਾਟਲਾ ਹਾਊਸ) ਅਤੇ ਉਤਰ ਪ੍ਰਦੇਸ਼ ਦੇ ਆਜ਼ਮਗੜ੍ਹ ਜ਼ਿਲ੍ਹੇ ਵਿਚ ਪੂਰੇ ਮੁਸਲਿਮ ਭਾਈਚਾਰੇ ਨੂੰ ਬਦਨਾਮ ਕਰਨ ਦੇ ਲਈ ਜਥੇਬੰਦਕ ਢਾਂਚੇ ਦੀ ਮੁੜ-ਉਸਾਰੀ ਕਰਨ ਤੇ ਸਫ਼ਾਈ ਕਰਨ ਤੋਂ ਬਗੈਰ ਅਤੇ ਵਿਧੀਬਧ ਚਿਰ-ਸਥਾਈ ਮੁਹਿੰਮ ਅਰੰਭੇ ਬਿਨਾਂ ਸੰਭਵ ਨਹੀਂ। ਅਜਿਹੀ ਮੁਹਿੰਮ ਜਿਸ ਵਿਚ ਅਜਿਹੇ ਪ੍ਰੋਗਰਾਮ ਤੇ ਯੋਜਨਾਵਾਂ ਸ਼ਾਮਿਲ ਹੋਣ, ਜੋ ਵਿਚੋਲਿਆਂ ਤੇ ਗੁਪਤ ਕਾਰਜਵਿਧੀਆਂ ਦੀ ਹੋਂਦ ਮਿਟਾ ਦੇਣ। ਕੋਈ ਵੀ ਕਾਂਗਰਸੀ ਮੁੱਖ ਮੰਤਰੀ ਇਸ ਦਿਸ਼ਾ ਵਿਚ ਇਨਕਲਾਬੀ ਤਬਦੀਲੀਆਂ ਲਿਆਉਣ ਲਈ ਸਹਿਮਤ ਨਹੀਂ ਹੋਵੇਗਾ।

ਕਾਂਗਰਸ ਦੀ ਇਸ ਪੱਖੋਂ ਮੁਰੰਮਤ ਕਰਨਾ ਅਤੇ ਸ਼ਾਸਨ ਪ੍ਰਣਾਲੀ ਵਿਚ ਫੈਲੇ ਭ੍ਰਿਸ਼ਟਾਚਾਰ ਨਾਲ ਲੜਨਾ ਲੰਮਾ ਕੰਮ ਹੈ। ਥੋੜ੍ਹੇ ਸਮੇਂ ਵਿਚ ਹੀ ਕਾਂਗਰਸ ਦੀ ਪਰਖ ਆਦਰਸ਼ ਸੁਸਾਇਟੀ ਘੁਟਾਲੇ, ਰਾਸ਼ਟਰ ਮੰਡਲ ਖੇਡਾਂ ਦੇ ਘੁਟਾਲੇ ਅਤੇ ਖਾਸ ਤੌਰ 'ਤੇ ਦੂਰਸੰਚਾਰ ਘੁਟਾਲੇ ਦੀ ਚਲਦੀ ਜਾਂਚ ਦੇ ਅਮਲ ਵਿਚ ਹੀ ਹੋ ਜਾਵੇਗੀ ਕਿ ਉਹ ਭ੍ਰਿਸ਼ਟਾਚਾਰ ਨਾਲ ਲੜਨ ਲਈ ਕਿੰਨੀ ਕੁ ਪ੍ਰਤੀਬੱਧ ਹੈ। ਪਾਰਟੀ



ਸੋਨੀਆ ਗਾਂਧੀ



ਡਾ. ਮਨਮੋਹਨ ਸਿੰਘ



ਰਾਹੁਲ ਗਾਂਧੀ

ਉਦੇਸ਼ ਮੁਖੀ ਭਾਵਨਾ ਅਤੇ ਕੁਝ ਉਤਸ਼ਾਹ ਦਾ ਸੰਚਾਰ ਕੀਤਾ ਹੈ। ਕਾਂਗਰਸ, ਭਾਰਤੀ ਜਨਤਾ ਪਾਰਟੀ ਤੇ ਰਾਸ਼ਟਰੀ ਸੋਇਮ ਸੇਵਕ ਸੰਘ ਵੱਲ ਹਮਲਾਵਰ ਹੋ ਗਈ ਹੈ ਅਤੇ ਭ੍ਰਿਸ਼ਟਾਚਾਰ ਨਾਲ ਲੜਨ ਲਈ ਵੀ ਉਸ ਨੇ ਸੰਕੇਤ ਦਿੱਤੇ ਹਨ।

ਕੁਲ ਹਿੰਦ ਕਾਂਗਰਸ ਕਮੇਟੀ ਦੇ ਮਤੇ ਵਿਚ ਸੰਘ ਪਰਿਵਾਰ ਨੂੰ ਆਪਣਾ ਮੁੱਖ ਵਿਰੋਧੀ ਮੰਨਿਆ ਗਿਆ ਹੈ। ਕਾਂਗਰਸ ਨੇ ਭਾਜਪਾ ਦੀਆਂ ਵਿਕੀਲੀਕਸ ਦੁਆਰਾ ਰਾਹੁਲ ਗਾਂਧੀ ਅਤੇ ਅਮਰੀਕੀ ਰਾਜਦੂਤ ਟਿਮੋਥੀ ਰੋਇਮਰ ਦੀ ਮੀਟਿੰਗ ਸਬੰਧੀ ਕੀਤੇ ਖੁਲਾਸੇ ਦਾ ਫਾਇਦਾ ਉਠਾਉਣ ਦੀਆਂ ਕੋਸ਼ਿਸ਼ਾਂ ਨੂੰ ਪਛਾੜ ਦਿੱਤਾ ਹੈ। ਖੁਲਾਸੇ ਅਨੁਸਾਰ ਰਾਹੁਲ ਨੇ ਇਸ ਮੌਕੇ ਕਿਹਾ ਸੀ ਕਿ ਮੂਲਵਾਦੀ ਹਿੰਦੂ ਗਰੁੱਪਾਂ ਦਾ ਵਾਧਾ ਜੋ ਧਾਰਮਿਕ ਤਣਾਅ ਅਤੇ ਰਾਜਨੀਤਕ ਕਲੇਸ਼ਾਂ ਨੂੰ ਜਨਮ ਦਿੰਦੇ ਹਨ, ਭਾਰਤੀ ਸਮਾਜ ਅਤੇ ਰਾਜਨੀਤੀ ਲਈ ਭਾਰਤੀ ਮੁਸਲਮਾਨਾਂ ਵਿਚ ਲਸ਼ਕਰ-ਇ-ਤੋਇਬਾ ਲਈ ਪਨਪ ਰਹੀ ਹਮਦਰਦੀ (ਜਿਸ ਦੇ ਸਬੂਤ ਵੀ ਮੌਜੂਦ ਹਨ), ਤੋਂ ਵਧੇਰੇ ਖ਼ਤਰਨਾਕ ਹੈ।

ਆਪਣੇ ਬਿਆਨ ਤੋਂ ਇਨਕਾਰ ਕਰਨ ਦੀ ਬਜਾਏ, ਜਿਵੇਂ ਬਹੁਤੇ ਸਿਆਸਤਦਾਨ ਕਰ ਹੀ ਸਕਦੇ ਹਨ, ਸੋਨੀਆ ਗਾਂਧੀ ਨੇ ਇਸ ਨੂੰ ਸਵੀਕਾਰ ਕੀਤਾ ਅਤੇ ਭਾਜਪਾ ਤੇ ਰਾਸ਼ਟਰੀ ਸੋਇਮ ਸੇਵਕ ਸੰਘ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਹੈ ਕਿ ਉਹ ਹਰ ਪ੍ਰਕਾਰ ਦੇ ਅਤਿਵਾਦ ਅਤੇ ਫ਼ਿਰਕੂਪੁਣੇ ਨੂੰ ਖ਼ਤਰਨਾਕ ਮੰਨਦੇ ਹਨ। ਲਸ਼ਕਰ-ਇ-ਤੋਇਬਾ ਅਤੇ ਅਜਿਹੇ ਜਹਾਦੀ ਸੰਗਠਨਾਂ ਪ੍ਰਤੀ ਹਮਦਰਦੀ ਭਾਰਤੀ ਮੁਸਲਿਮ ਨੌਜਵਾਨਾਂ ਦੇ ਕੁਝ ਕੁ ਹਿੱਸੇ ਵਿਚ ਹੈ। ਭਾਰਤੀ ਮੁਸਲਮਾਨਾਂ ਦਾ ਕੋਈ ਵੀ ਮਹੱਤਵਪੂਰਨ ਰਾਜਸੀ ਦਲ ਜਾਂ ਸੰਗਠਨ ਭਾਰਤੀ ਨਾਗਰਿਕਾਂ ਦੇ ਖਿਲਾਫ਼ ਲਸ਼ਕਰ-ਇ-ਤੋਇਬਾ ਜਾਂ ਦੂਸਰੇ ਜਹਾਦੀਆਂ ਦੇ ਖ਼ੂਨੀ ਹਮਲੇ ਨੂੰ ਉਚਿਤ ਨਹੀਂ ਮੰਨਦਾ। ਇਸ ਦੇ ਉਲਟ ਹਿੰਦੂ ਅਤਿਵਾਦ ਨੂੰ ਰਾਸ਼ਟਰੀ ਸੋਇਮ ਸੇਵਕ ਸੰਘ ਅਤੇ ਭਾਜਪਾ ਸ਼ਰੇਆਮ ਸਮਰਥਨ ਦੇ ਰਹੇ ਹਨ। ਭਾਜਪਾ ਕਈ ਵਾਰ ਇਨ੍ਹਾਂ ਦੇ ਬਚਾਅ ਵਿਚ ਵੀ ਅੱਗੇ ਆਈ ਹੈ। ਹਿੰਦੂ ਅਤਿਵਾਦੀ ਤਾਣੇ-ਬਾਣੇ ਵਿਚ ਮਹਾਰਾਸ਼ਟਰ, ਮੱਧ ਪ੍ਰਦੇਸ਼, ਗੁਜਰਾਤ ਅਤੇ ਰਾਜਸਥਾਨ ਵਿਚ ਕੰਮ ਕਰ ਰਹੇ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਪ੍ਰਚਾਰਕਾਂ ਦੀ ਸ਼ਮੂਲੀਅਤ ਦੇ ਢੁਕਵੇਂ ਸਬੂਤ ਮਿਲਣ ਤੋਂ ਭੜਕੀ ਭਾਜਪਾ ਨੇ ਕਾਂਗਰਸ ਉਪਰ ਉਸ ਨਾਲ ਵੈਰ ਰਖਣ ਦਾ ਦੋਸ਼ ਲਾਇਆ ਹੈ।

ਅਤਿਵਾਦ ਦੇ ਮਾਮਲੇ ਵਿਚ ਕਾਂਗਰਸ ਨੂੰ ਮੁੱਦਿਆਂ ਨੂੰ ਲਗਾਤਾਰ ਉਠਾਉਣ ਦਾ ਜ਼ਿਆਦਾਤਰ ਸਿਹਰਾ ਕਾਂਗਰਸ ਦੇ ਜਨਰਲ ਸਕੱਤਰ ਦਿਗਵਿਜੈ ਸਿੰਘ ਨੂੰ ਜਾਣਾ ਚਾਹੀਦਾ ਹੈ। ਉਹ ਉਕਤ ਇਜਲਾਸ ਵਿਚ ਵੀ ਇਸ ਸਬੰਧੀ ਨਿਝੱਕ ਹੋ ਕੇ ਬੋਲੇ ਹਨ।

ਕਾਂਗਰਸ ਮੁਖੀ ਸੋਨੀਆ ਗਾਂਧੀ ਨੇ ਉਨ੍ਹਾਂ ਦੇ ਪੈਰ-ਚਿੰਨ੍ਹਾਂ 'ਤੇ ਚਲਦਿਆਂ ਆਪਣੇ ਭਾਸ਼ਣ ਦੀ ਸ਼ੁਰੂਆਤ ਭਾਜਪਾ ਅਤੇ ਉਸ ਦੇ ਸੰਗੀ ਸਾਥੀਆਂ 'ਤੇ ਤਿੱਖਾ ਹਮਲਾ ਕਰਦੇ ਹੋਏ ਕੀਤੀ ਅਤੇ ਭਾਜਪਾ ਉਤੇ ਉਨ੍ਹਾਂ ਨੇ ਦੋਹਰੇ ਮਾਪਦੰਡ ਅਪਣਾਉਣ ਦਾ ਦੋਸ਼ ਲਾਇਆ। ਕਾਂਗਰਸ ਦਾ ਮਤਾ 'ਭਾਰਤੀ ਜਮਹੂਰੀਅਤ ਦੀ ਤਰਜ਼-ਇ-ਜ਼ਿੰਦਗੀ' ਨੂੰ ਧਰਮ-ਨਿਰਪੱਖ ਰੰਗਤ ਦੇਣ ਦਾ ਸੱਦਾ ਦਿੰਦਾ ਹੈ ਅਤੇ ਕਹਿੰਦਾ ਹੈ ਕਿ 'ਆਰ ਐਸ ਐਸ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇਸ਼ ਨੂੰ ਤੋੜਨ ਦੀਆਂ ਕੋਸ਼ਿਸ਼ਾਂ 'ਚ ਲੱਗੇ ਹੋਏ ਹਨ।' ਅਜਿਹਾ ਸਵਾਗਤਯੋਗ ਕਦਮ ਕਾਂਗਰਸ ਅੰਦਰਲੇ 'ਨਰਮ ਹਿੰਦੂਤਵ' ਦੇ ਸਮਰਥਕਾਂ ਨੂੰ ਅਲੱਗ-ਥਲੱਗ ਕਰਨ ਵਿਚ ਸਹਾਈ ਹੋਵੇਗਾ।

ਡਾ: ਮਨਮੋਹਨ ਸਿੰਘ ਨੇ ਲੋਕ ਲੇਖਾ ਕਮੇਟੀ ਮੂਹਰੇ ਪੇਸ਼ ਹੋਣ ਦੀ ਜੋ ਪੇਸ਼ਕਸ਼ ਕੀਤੀ ਹੈ, ਉਸ ਤੋਂ ਵੀ ਹਿੰਮਤੀ ਪੇਸ਼ਕਸ਼ ਸੋਨੀਆ ਗਾਂਧੀ ਨੇ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣ ਲਈ ਕੀਤੀ ਹੈ। ਸ੍ਰੀਮਤੀ ਗਾਂਧੀ ਨੇ ਇਸ ਤਹਿਤ ਜਿਹੜਾ ਪੰਜ-ਨੁਕਾਤੀ ਏਜੰਡਾ ਪੇਸ਼ ਕੀਤਾ ਹੈ, ਉਹ ਸੋਚਿਆ-ਸਮਝਿਆ ਹੈ ਤੇ ਕੁਝ ਬੇਹੱਦ ਮਹੱਤਵਪੂਰਨ ਮੁੱਦਿਆਂ ਦੀ ਨਿਸ਼ਾਨਦੇਹੀ ਕਰਦਾ ਹੈ ਜਿਵੇਂ ਜ਼ਮੀਨ ਸਣੇ ਕੁਦਰਤੀ ਸੋਮਿਆਂ ਦੀ ਵੰਡ ਸਬੰਧੀ ਸਰਕਾਰ ਦੀਆਂ ਅਖ਼ਤਿਆਰੀ ਸ਼ਕਤੀਆਂ ਨੂੰ ਖ਼ਤਮ ਕਰਨਾ ਅਤੇ ਖੁੱਲ੍ਹੀ ਤੇ ਮੁਕਾਬਲੇ ਵਾਲੀ ਨਿਲਾਮੀ ਦੀ ਵਿਵਸਥਾ ਕਰਨਾ ਆਦਿ। ਉਨ੍ਹਾਂ ਦਾ ਇਹ ਸੱਦਾ ਵੀ ਸਵਾਗਤਯੋਗ ਹੈ ਕਿ ਭ੍ਰਿਸ਼ਟਾਚਾਰ ਦੇ ਉਨ੍ਹਾਂ ਸਾਰੇ ਮਾਮਲਿਆਂ, ਜਿਨ੍ਹਾਂ ਵਿਚ ਨੌਕਰਸ਼ਾਹ ਸ਼ਾਮਿਲ ਹਨ, ਨੂੰ ਤੇਜ਼ੀ ਨਾਲ ਨਿਬੇੜਿਆ ਜਾਣਾ ਚਾਹੀਦਾ ਹੈ। ਨਾਲ ਹੀ ਉਨ੍ਹਾਂ ਇਹ ਵੀ ਕਿਹਾ ਹੈ ਕਿ ਸਰਕਾਰੀ ਖਰੀਦ ਵਿਚ 'ਪੂਰੀ ਪਾਰਦਰਸ਼ਤਾ' ਯਕੀਨੀ ਬਣਾਉਣ ਲਈ ਅਤੇ ਭ੍ਰਿਸ਼ਟ ਅਮਲਾਂ ਸਬੰਧੀ ਆਗਾਮੀ ਚਿਤਾਵਨੀ ਦੇਣ ਵਾਲਿਆਂ ਦੀ ਸੁਰੱਖਿਆ ਲਈ 'ਪ੍ਰਭਾਵਸ਼ਾਲੀ ਕਾਨੂੰਨ ਅਤੇ ਸਪੱਸ਼ਟ ਕਾਰਜਵਿਧੀ' ਹੋਣੀ ਚਾਹੀਦੀ ਹੈ।

ਇਨ੍ਹਾਂ ਵਿਚਾਰਾਂ ਵਿਚ ਦਮ ਹੈ ਪਰ ਇਨ੍ਹਾਂ ਨੂੰ ਅਮਲ 'ਚ ਲਿਆਉਣਾ ਆਸਾਨ ਨਹੀਂ ਹੈ। ਕਾਂਗਰਸ ਦਾ ਤਾਣਾ-ਬਾਣਾ ਜਿਸ ਨੂੰ ਪੈਸੇ ਅਤੇ ਕੁਰਸੀ ਦੀ ਚੇਟਕ ਲੱਗੀ ਹੋਈ ਹੈ, ਨੂੰ ਸੁਧਾਰਨ ਨੂੰ ਬਦਨਾਮ ਸਾਬਕਾ ਮੰਤਰੀ ਏ. ਰਾਜਾ ਦੀ ਸੀ. ਬੀ. ਆਈ. ਤੋਂ ਨਿਰਪੱਖ ਅਤੇ ਢੁਕਵੀਂ ਜਾਂਚ ਕਰਾਉਣੀ ਚਾਹੀਦੀ ਹੈ ਭਾਵੇਂ ਇਸ ਦਾ ਸਿੱਟਾ ਡੀ. ਐਮ. ਕੇ. ਦੇ ਮੁਖੀ ਐਮ. ਕਰੁਣਾਨਿਧੀ ਵੱਲੋਂ ਏ. ਰਾਜਾ ਅਤੇ ਆਪਣੀ ਪੁੱਤਰੀ ਕਾਨੀਮੋਝੀ ਨੂੰ ਪਾਰਟੀ ਵਿਚੋਂ ਕੱਢਣ ਅਤੇ ਸਾਂਝੇ ਪ੍ਰਗਤੀਸ਼ੀਲ ਗਠਜੋੜ ਤੋਂ ਤੋੜ-ਵਿਛੋੜੇ ਦੇ ਰੂਪ ਵਿਚ ਹੀ ਕਿਉਂ ਨਾ ਨਿਕਲੇ!

ਇਹ ਉਤਸ਼ਾਹਜਨਕ ਕਾਰਜ ਹੈ ਕਿ ਸੀ.ਬੀ. ਆਈ. ਨੇ ਰਾਜਾ ਅਤੇ ਕਾਨੀਮੋਝੀ ਨਾਲ ਸਬੰਧਿਤ 34 ਥਾਵਾਂ 'ਤੇ ਛਾਪੇ ਮਾਰੇ ਹਨ। ਇਹ ਸਭ ਤਾਂ ਠੀਕ ਹੈ ਪਰ ਅਜੇ ਵੀ ਦੋ ਸਵਾਲ ਅਣਸੁਲਝੇ ਪਏ ਹਨ। ਪਹਿਲਾ ਕਾਂਗਰਸ ਦੀ ਆਰਥਿਕ ਨੀਤੀ ਦੇ ਦਿਸ਼ਾ ਤੈਅ ਕਰਨ ਨਾਲ ਸਬੰਧਿਤ ਹੈ ਅਤੇ ਦੂਜਾ ਜਥੇਬੰਦਕ ਮੁੱਦਿਆਂ ਨਾਲ। ਪਹਿਲੇ ਸਵਾਲ ਦੇ ਪ੍ਰਸੰਗ ਵਿਚ ਕਾਂਗਰਸ ਸਮੂਹਿਕ ਵਿਕਾਸ ਦੀ ਗੱਲ ਕਰਦੀ ਹੈ ਪਰ ਅਸਲ ਵਿਚ ਇਹ ਸਿਰਫ਼ ਅਮੀਰ ਵਰਗ ਦੇ ਵਿਕਾਸ ਦੇ ਰਾਹ 'ਤੇ ਹੀ ਚੱਲ ਰਹੀ ਹੈ। ਇਹ ਅਜੇ ਵੀ ਗਰੀਬਾਂ ਲਈ ਨਿਆਂ ਪੂਰਨ, ਨਿਰਪੱਖ ਤੇ ਸੰਤੁਲਿਤ ਵਿਕਾਸ ਨੂੰ ਅਮਲ ਵਿਚ ਲਿਆਉਣ ਤੋਂ ਝਿਜਕਦੀ ਹੈ।

ਜਥੇਬੰਦਕ ਮਾਮਲਿਆਂ ਵਿਚ ਪਾਰਟੀ ਲਗਾਤਾਰ ਚਾਪਲੂਸੀ ਨੂੰ ਉਤਸ਼ਾਹਿਤ ਕਰ ਰਹੀ ਹੈ ਅਤੇ ਇਸ ਦੇ ਆਗੂ ਸੂਬਿਆਂ ਵਿਚ ਤਮਾਮ ਵੱਡੀਆਂ ਨਿਯੁਕਤੀਆਂ ਅਤੇ ਸੀਟਾਂ ਦੀ ਵੰਡ ਲਈ ਹਾਈ ਕਮਾਨ ਦੇ ਮੂੰਹ ਵੱਲ ਵੇਖਦੇ ਹਨ। ਅਜਿਹੇ ਕੰਮ ਲਈ ਸੂਬਿਆਂ ਜਾਂ ਕੇਂਦਰੀ ਪੱਧਰ 'ਤੇ ਪਾਰਟੀ ਅੰਦਰ ਨਿਰਪੱਖ ਚੋਣਾਂ ਨਹੀਂ ਹੁੰਦੀਆਂ।

ਰਾਹੁਲ ਗਾਂਧੀ ਨੇ ਯੂਥ ਕਾਂਗਰਸ ਵਿਚ ਸੁਧਾਰ ਲਿਆਉਣ ਲਈ ਕੁਝ ਹਿੰਮਤੀ ਕੋਸ਼ਿਸ਼ਾਂ ਕੀਤੀਆਂ ਹਨ ਪਰ ਇਸ ਦੇ ਜ਼ਿਆਦਾਤਰ ਆਗੂ ਸਥਾਪਿਤ ਕਾਂਗਰਸੀ ਆਗੂਆਂ ਦੇ ਬੇਟੇ-ਬੇਟੀਆਂ ਹੋਣ ਕਾਰਨ ਆਪਣੇ ਅਹੁਦਿਆਂ 'ਤੇ ਜੰਮੇ ਹੋਏ ਹਨ। ਪਾਰਟੀ ਦਾ ਕਮਜ਼ੋਰ, ਕੇਂਦਰੀਕ੍ਰਿਤ ਅਤੇ ਗ਼ੈਰ-ਜਮਹੂਰੀ ਜਥੇਬੰਦਕ ਢਾਂਚਾ ਕਾਂਗਰਸ ਦੀ ਕਮਜ਼ੋਰੀ ਬਣ ਸਕਦਾ ਹੈ, ਜਿਸ ਦਾ ਅਸਰ ਇਸੇ ਸਾਲ ਪੱਛਮੀ ਬੰਗਾਲ, ਤਾਮਿਲਨਾਡੂ ਅਤੇ ਆਸਾਮ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਇਸ ਦੀ ਕਾਰਗੁਜ਼ਾਰੀ 'ਤੇ ਵੀ ਪੈ ਸਕਦਾ ਹੈ। ਕੁੱਲ ਮਿਲਾ ਕੇ ਕਾਂਗਰਸ ਜਿਸ ਮੁਸੀਬਤ ਵਿਚ ਫਸੀ ਹੋਈ ਹੈ, ਉਸ 'ਚੋਂ ਉੱਭਰਨ ਲਈ ਉਸ ਨੇ ਹੱਥ-ਪੈਰ ਮਾਰਨੇ ਸ਼ੁਰੂ ਕਰ ਦਿੱਤੇ ਹਨ ਪਰ ਅਜੇ ਉਭਰੀ ਨਹੀਂ।

# ਪੰਜਾਬ ਵਿਚ ਕਦੋਂ ਚੜ੍ਹੇਗਾ ਨਵਾਂ ਸਾਲ?

**ਨਿਰਮਲ ਸੰਧੂ**

***ਨਵਾਂ ਵਰ੍ਹਾ ਉਦੋਂ ਚੜ੍ਹੇਗਾ ਜਦੋਂ ਪੰਜਾਬ ਵਿਚ ਇਮਾਨਦਾਰੀ ਦੀ ਸਿਆਸਤ ਹੋਵੇਗੀ। ਜਦੋਂ ਲੋਕ ਨਸ਼ਿਆਂ ਦੇ ਲਾਲਚ ਤੋਂ ਮੁਕਤ ਹੋ ਕੇ ਸਹੀ ਨੇਤਾ ਚੁਣਨਗੇ। ਜਦੋਂ ਪੁਲਿਸ ਲੀਡਰਾਂ ਦੀ ਨਹੀਂ, ਆਮ ਲੋਕਾਂ ਦੀ ਸੇਵਾ ਕਰੇਗੀ। ਦਫ਼ਤਰਾਂ ਵਿਚ ਰਿਸ਼ਵਤ ਦਿੱਤੇ ਬਿਨਾਂ ਕੰਮ ਹੋਵੇਗਾ। ਸਕੂਲਾਂ ਵਿਚ ਮਾਸਟਰ ਹੋਣਗੇ ਅਤੇ ਹਸਪਤਾਲਾਂ ਵਿਚ ਦਵਾਈ ਤੇ ਡਾਕਟਰ। ਨਵਾਂ ਸਾਲ ਉਦੋਂ ਹੀ ਚੜ੍ਹੇਗਾ!***

ਆਰਥਿਕ ਪੱਖੋਂ 2010 ਪੰਜਾਬ ਲਈ ਚੰਗਾ ਰਿਹਾ। ਪਹਿਲਾਂ ਤੋਂ ਵੱਧ ਬਿਜਲੀ ਲੋਕਾਂ ਨੂੰ ਮਿਲੀ। ਮੀਂਹ ਚੋਖਾ ਪਿਆ। ਫਸਲਾਂ ਪਲ਼ ਗਈਆਂ ਪਰ ਨਹਿਰਾਂ ਦੀ ਸੰਭਾਲ ਨਾ ਹੋਣ ਅਤੇ ਥਾਂ-ਥਾਂ ਪਲਾਟ ਕੱਟਣ ਵਾਲਿਆਂ ਕਰਕੇ ਕੁਝ ਇਲਾਕਿਆਂ ਵਿਚ ਹੜ੍ਹ ਆਏ। ਖੇਤੀ ਅਜੇ ਵੀ ਰੱਬ ਆਸਰੇ ਹੀ ਹੈ। ਹੜ੍ਹ ਅਤੇ ਸੋਕੇ ਘਟਾਉਣ ਲਈ ਸਰਕਾਰ ਕੋਲ ਪੈਸੇ ਹੈ ਨਹੀਂ।

ਬਾਦਲਾਂ ਨੇ ਕੁਝ ਚੰਗੇ ਕੰਮ ਵੀ ਕੀਤੇ। ਸੁਖਬੀਰ ਸਿੰਘ ਬਾਦਲ ਨੇ ਖੇਡਾਂ ਵੱਲ ਵਧ ਧਿਆਨ ਦਿੱਤਾ। ਹਲਫਨਾਮਿਆਂ ਤੋਂ ਲੋਕਾਂ ਦਾ ਖਹਿੜਾ ਛੁਡਾਇਆ। ਕਾਗਜ਼ਾਂ ਵਿਚ ਤਾਂ ਲੋਕਾਂ ਤੋਂ ਹਲਫਨਾਮੇ ਲੈਣੇ ਬੰਦ ਕਰ ਦਿੱਤੇ ਪਰ ਡਿਪਟੀ ਕਮਿਸ਼ਨਰਾਂ ਨੂੰ ਅਜੇ ਪਤਾ ਨਹੀਂ ਲੱਗਾ। ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਡਰਾਈਵਿੰਗ ਲਾਇਸੈਂਸ ਬਣਾਉਣ ਦਾ ਅਖ਼ਤਿਆਰ ਦੇ ਦਿੱਤਾ। ਕਹਿੰਦੇ ਨੇ ਜ਼ਮੀਨ-ਜਾਇਦਾਦ ਦਾ ਰਿਕਾਰਡ ਕੰਪਿਊਟਰਾਂ ਵਿਚ ਮਾਰਚ ਤੱਕ ਆ ਜਾਵੇਗਾ।

ਬਿਹਾਰ ਵਿਚ ਨਿਤੀਸ਼ ਕੁਮਾਰ ਦੇ ਦੁਬਾਰਾ ਮੁੱਖ ਮੰਤਰੀ ਬਣਨ ਨਾਲ ਬਾਦਲਾਂ ਨੂੰ ਬੜਾ ਹੌਸਲਾ ਹੋਇਆ ਹੈ। ਉਨ੍ਹਾਂ ਵੀ ਬਿਹਾਰ ਵਾਂਗ ਕੁੜੀਆਂ ਨੂੰ ਸਾਈਕਲ ਦੇਣ ਦਾ ਫੈਸਲਾ ਕੀਤਾ ਹੈ। ਸਰਕਾਰੀ ਸੇਵਾਵਾਂ ਲਈ ਕਾਨੂੰਨੀ ਅਧਿਕਾਰ ਦੇਣ ਦਾ ਫੈਸਲਾ ਵੀ ਢੁਕਵਾਂ ਹੈ। ਇਸ ਨਾਲ ਜੇ ਕਿਸੇ ਨੂੰ ਬਿਜਲੀ, ਪਾਣੀ ਨਹੀਂ ਮਿਲਦਾ ਜਾਂ ਸਫ਼ਾਈ ਨਹੀਂ ਹੁੰਦੀ, ਇਲਾਜ ਨਹੀਂ ਮਿਲਦਾ ਤਾਂ ਕਚਹਿਰੀ ਦਾ ਦਰਵਾਜ਼ਾ ਖੜਕਾਇਆ ਜਾ ਸਕਦਾ ਹੈ। ਕਚਹਿਰੀਆਂ ਦਾ ਕੰਮ ਤਾਂ ਵਧੇਗਾ ਪਰ ਰਿਸ਼ਵਤਖੋਰੀ ਘਟੇਗੀ।



ਇਕ ਹੋਰ ਅਹਿਮ ਫੈਸਲਾ ਜੋ ਨਿਤੀਸ਼ ਸਰਕਾਰ ਨੇ ਕੀਤਾ ਹੈ, ਉਹ ਹੈ ਭ੍ਰਿਸ਼ਟ ਅਫਸਰਾਂ ਤੇ ਸਿਆਸਤਦਾਨਾਂ ਦੇ ਖ਼ਿਲਾਫ਼ ਜੇ ਕੇਸ ਸਿੱਧ ਹੁੰਦਾ ਹੈ ਤਾਂ ਸਰਕਾਰ ਉਨ੍ਹਾਂ ਦੀ ਸਾਰੀ ਜਾਇਦਾਦ ਜ਼ਬਤ ਕਰ ਸਕਦੀ ਹੈ। ਇਸ ਬਾਰੇ ਸੁਖਬੀਰ ਚੁੱਪ ਹੈ। ਉਂਜ ਵੀ ਪੰਜਾਬ ਦੇ ਸਿਆਸੀ ਖਿਡਾਰੀ ਲੋੜ ਵੇਲੇ ਇਕੱਠੇ ਹੋ ਜਾਂਦੇ ਹਨ। ਭੱਤੇ, ਹੈਲੀਕਾਪਟਰ, ਗੰਨਮੈਨ, ਲਗਜ਼ਰੀ ਕਾਰਾਂ ਦੇ ਮਸਲਿਆਂ 'ਤੇ ਜਾਂ ਇਕ ਦੂਜੇ ਖ਼ਿਲਾਫ਼ ਕੇਸ ਵਾਪਸ ਲੈਣੇ ਹੋਣ ਤਾਂ ਰੰਜਿਸ਼ਾਂ ਭੁਲਾ ਕੇ ਇਕਜੁਟ ਹੋ ਜਾਂਦੇ ਹਨ। ਕੈਪਟਨ ਅਮਰਿੰਦਰ ਸਿੰਘ ਵੀ ਕਾਂਗਰਸੀਆਂ ਵਿਰੁੱਧ ਝੂਠੇ ਕੇਸਾਂ ਦੀ ਗੱਲ ਤਾਂ ਕਰਦੇ ਹਨ ਪਰ ਭ੍ਰਿਸ਼ਟਾਚਾਰ ਬਾਰੇ ਨਹੀਂ। ਲਗਦਾ ਹੈ ਬਾਦਲਾਂ ਦੇ ਬਰੀ ਹੋਣ ਤੋਂ ਨਿਰਾਸ਼ ਹਨ। ਜੇ ਬਾਦਲਾਂ ਦਾ ਕੇਸ ਵਿਜੀਲੈਂਸ ਦੀ ਥਾਂ ਸੀ.ਬੀ.ਆਈ. ਨੂੰ ਦੇ ਦਿੰਦੇ ਤਾਂ ਬਾਦਲਾਂ ਵਾਸਤੇ ਗਵਾਹ ਚੁੱਪ ਕਰਾਉਣੇ ਸੌਖੇ ਨਾ ਹੁੰਦੇ।

ਕੁਝ ਵੱਡੇ ਮਸਲੇ ਇਸ ਸਾਲ ਸਾਹਮਣੇ ਆਏ ਜੋ ਸਿਆਣਿਆਂ ਨੂੰ ਵਿਚਾਰਨ ਦੀ ਲੋੜ ਹੈ:

1. ਜੇ ਕਿਸੇ ਮੰਤਰੀ, ਮੁੱਖ ਮੰਤਰੀ ਜਾਂ ਸਪੀਕਰ ਬਾਰੇ ਕਾਨੂੰਨ ਤੋੜਨ ਦਾ ਕੇਸ ਬਣਦਾ ਹੋਵੇ ਜਾਂ ਅਦਾਲਤ 'ਚ ਚਲਦਾ ਹੋਵੇ, ਤਾਂ ਕੀ ਉਸ ਨੂੰ ਅਹੁਦੇ 'ਤੇ ਰਹਿਣਾ ਚਾਹੀਦਾ ਹੈ? ਉਹ ਆਪਣੇ ਅਹੁਦੇ ਦੀ ਦੁਰਵਰਤੋਂ ਕਰ ਸਕਦਾ ਹੈ! ਜੇ ਪੁਲਿਸ, ਗ੍ਰਹਿ ਮੰਤਰੀ ਸੁਖਬੀਰ ਹੇਠ ਹੈ ਤਾਂ ਉਹ ਬਾਦਲਾਂ ਵਿਰੁਧ ਕੇਸ ਦੀ ਪੈਰਵੀ ਕਿਉਂ ਕਰੇਗੀ?

2. ਜੇ ਸੀ.ਬੀ.ਆਈ. ਕਹਿੰਦੀ ਹੈ ਕਿ ਸਪੀਕਰ ਨਿਰਮਲ ਸਿੰਘ ਕਾਹਲੋਂ ਵਿਰੁਧ ਕੇਸ ਬਣਦਾ ਹੈ ਤਾਂ ਕੀ ਮੁੱਖ ਮੰਤਰੀ ਜਾਂਚ ਏਜੰਸੀ ਨੂੰ ਮਨਜ਼ੂਰੀ ਦੇਣੋਂ ਮਨ੍ਹਾਂ ਕਰ ਸਕਦਾ ਹੈ? ਪ੍ਰਕਾਸ਼ ਸਿੰਘ ਬਾਦਲ ਨੇ ਮਨਜ਼ੂਰੀ ਨਹੀਂ ਦਿੱਤੀ ਪਰ ਸੀ.ਬੀ.ਆਈ. ਨੇ ਕਿਹਾ ਕਿ ਉਸ ਨੂੰ ਮੁੱਖ ਮੰਤਰੀ ਦੀ ਇਜਾਜ਼ਤ ਦੀ ਲੋੜ ਹੀ ਨਹੀਂ। ਕੌਣ ਠੀਕ ਹੈ?

3. ਕੀ ਬਾਦਲ ਸਰਕਾਰ ਦਾ ਡਿਪਟੀ ਕਮਿਸ਼ਨਰਾਂ ਨੂੰ ਇਹ ਹੁਕਮ ਦੇਣਾ ਕਿ ਉਹ ਸਿੱਧਾ ਮੁੱਖ ਮੰਤਰੀ ਦੇ ਦਫ਼ਤਰ ਰਿਪੋਰਟ ਕਰਨ, ਜਾਇਜ਼ ਹੈ? ਇਸ ਨਾਲ ਅਫਸਰ ਮਨਮਾਨੀ ਕਰਨਗੇ ਤੇ ਮੁੱਖ ਮੰਤਰੀ ਦਫ਼ਤਰ ਵਾਲਿਆਂ ਤੋਂ ਬਿਨਾਂ ਆਪਣੇ ਕਿਸੇ ਸੀਨੀਅਰ ਦੀ ਨਹੀਂ ਸੁਣਨਗੇ।

4. ਕੀ ਮੰਤਰੀਆਂ, ਮੁੱਖ ਮੰਤਰੀ ਜਾਂ ਸਪੀਕਰ ਨੂੰ ਅਜਿਹਾ ਸਾਈਡ ਬਿਜ਼ਨਸ ਕਰਨਾ ਚਾਹੀਦਾ ਹੈ ਜਿਸ ਨੂੰ ਸਰਕਾਰ ਦੇ ਫੈਸਲਿਆਂ ਨਾਲ ਫਾਇਦਾ ਹੋਵੇ? ਬਾਦਲਾਂ ਸਮੇਤ ਕਈ ਸਿਆਸੀ ਨੇਤਾ ਬੱਸਾਂ ਦਾ ਕਾਰੋਬਾਰ ਕਰਦੇ ਨੇ। ਟਰਾਂਸਪੋਰਟ ਮੰਤਰੀ ਮੋਹਨ ਲਾਲ ਨੇ ਬੜੀ ਦਲੇਰੀ ਨਾਲ ਇਹ ਕਿਹਾ ਕਿ ਪ੍ਰਾਈਵੇਟ ਬੱਸਾਂ ਵਾਲਿਆਂ ਕਰਕੇ ਪੰਜਾਬ ਰੋਡਵੇਜ਼ ਅਤੇ ਪੈਪਸੂ ਟਰਾਂਸਪੋਰਟ ਨੂੰ ਨੁਕਸਾਨ ਹੋ ਰਿਹਾ ਹੈ। ਰਸ਼ ਵੇਲੇ ਮੁੱਖ ਰੂਟਾਂ 'ਤੇ ਪ੍ਰਾਈਵੇਟ ਬੱਸਾਂ ਚਲਦੀਆਂ ਹਨ ਅਤੇ ਇਹ ਰੋਡਵੇਜ਼ ਮੁਲਾਜ਼ਮਾਂ ਦੀ ਮਿਲੀਭੁਗਤ ਨਾਲ ਹੋ ਰਿਹਾ ਹੈ।

ਅੱਗੇ ਐਸ.ਡੀ.ਐਮ. ਕੋਲ ਇਹ ਅਧਿਕਾਰ ਸੀ ਕਿ ਉਹ ਬਿਨਾਂ ਪਰਮਿਟ ਚਲਦੀਆਂ ਗੱਡੀਆਂ ਨੂੰ ਰੋਕ ਸਕਦਾ ਸੀ। ਪਿਛਲੀ ਬਾਦਲ ਸਰਕਾਰ ਨੇ ਇਹ ਅਧਿਕਾਰ ਵਾਪਸ ਲੈ ਲਏ। ਸਪੀਕਰ ਕਾਹਲੋਂ ਦਾ ਵੀ ਬੱਸਾਂ ਦਾ ਕਾਰੋਬਾਰ ਹੈ। ਉਸ ਨੇ ਅੰਮ੍ਰਿਤਸਰ ਦੇ ਜ਼ਿਲ੍ਹਾ ਟਰਾਂਸਪੋਰਟ ਅਫ਼ਸਰ (ਡੀ.ਟੀ.ਓ.) ਨੂੰ ਵਾਰ-ਵਾਰ ਚੰਡੀਗੜ੍ਹ ਸੱਦਿਆ ਅਤੇ ਸਾਰਾ ਦਿਨ ਉਡੀਕ ਕਰਵਾਈ ਤੇ ਬਿਨਾਂ ਮਿਲਿਆਂ ਵਾਪਸ ਭੇਜ ਕੇ ਉਸ ਨੂੰ ਜ਼ਲੀਲ ਕੀਤਾ। ਨਾ ਕੋਈ ਮੰਤਰੀ, ਨਾ ਕੋਈ ਵੱਡਾ ਅਫ਼ਸਰ, ਉਸ ਦੀ ਮਦਦ ਲਈ ਆਇਆ। ਉਸ ਦਾ ਗੁਨਾਹ: ਉਸ ਨੇ ਕਾਹਲੋਂ ਨਾਲ ਮੋਬਾਈਲ 'ਤੇ ਗੱਲ ਨਹੀਂ ਕੀਤੀ। ਐਕਸਾਈਜ਼ ਅਫ਼ਸਰ ਪ੍ਰਾਈਵੇਟ ਬੱਸਾਂ ਵੱਲੋਂ ਟੈਕਸ ਚੋਰੀ ਨਹੀਂ ਰੋਕਦੇ। ਪ੍ਰਾਈਵੇਟ ਬੱਸਾਂ ਵਾਲਿਆਂ ਦੀ ਲੁੱਟ ਨੂੰ ਕੌਣ ਰੋਕੂ ਜੇ ਸਰਕਾਰ ਹੀ ਉਨ੍ਹਾਂ ਦੀ ਹੋਵੇ? ਇਕ ਆਈ.ਏ.ਐਸ. ਅਫ਼ਸਰ ਨੇ ਇਸ ਕਰਕੇ ਅਸਤੀਫਾ ਦੇ ਦਿੱਤਾ ਕਿਉਂਕਿ ਉਹ ਮੁਹਾਲੀ ਵਿਚ ਸ਼ੋਅਰੂਮਾਂ ਅੱਗੇ ਪ੍ਰਾਈਵੇਟ ਬੱਸਾਂ ਖੜ੍ਹਨੋਂ ਨਹੀਂ ਰੋਕ ਸਕਿਆ।

ਪੰਜਾਬ ਵਿਚ ਇਸ ਸਾਲ ਦੀ ਸਭ ਤੋਂ ਵੱਡੀ ਘਟਨਾ ਸੀ ਸਰਕਾਰੀ ਕਰਜ਼ੇ ਦੀ। ਬੋਰਡਾਂ ਦੇ ਕਰਜ਼ੇ ਤੋਂ ਬਿਨਾਂ ਸਰਕਾਰੀ ਕਰਜ਼ੇ ਦੀ ਰਕਮ ਹੈ 71,000 ਕਰੋੜ। ਸਬੂਤ: 2010-11 ਦਾ ਪੰਜਾਬ ਦਾ ਬਜਟ। ਦੇਸ਼ ਵਿਚ ਸਭ ਤੋਂ ਵੱਧ ਕਰਜ਼ਾ ਤਿੰਨ ਰਾਜਾਂ ਸਿਰ ਹੈ: ਕੇਰਲ, ਪੱਛਮੀ ਬੰਗਾਲ ਅਤੇ ਪੰਜਾਬ। ਕੇਂਦਰ ਨੇ ਇਨ੍ਹਾਂ ਰਾਜਾਂ ਦੇ ਵਧਦੇ ਕਰਜ਼ੇ ਨੂੰ ਰੋਕਣ ਲਈ ਕਮੇਟੀ ਬਣਾਈ। ਇਸ ਦੇ ਸੁਝਾਵਾਂ ਦੇ ਆਧਾਰ 'ਤੇ ਕੇਂਦਰੀ ਵਿੱਤ ਮੰਤਰੀ ਨੇ ਪੰਜਾਬ ਦੇ ਤਤਕਾਲੀ ਵਿਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨਾਲ ਗੱਲਬਾਤ ਕੀਤੀ ਅਤੇ ਕਰਜ਼ਾ ਘਟਾਉਣ ਲਈ ਕੁਝ ਸ਼ਰਤਾਂ ਰੱਖੀਆਂ ਜਿਵੇਂ: 1. ਪੰਜ ਸਾਲਾਂ ਵਿਚ ਬਿਜਲੀ ਦੀ ਸਬਸਿਡੀ 3,100 ਕਰੋੜ ਰੁਪਏ ਤੋਂ ਘਟਾ ਕੇ 1,100 ਕਰੋੜ ਰੁਪਏ ਕਰਨੀ 2. ਪ੍ਰਾਪਰਟੀ ਟੈਕਸ ਲਾਉਣਾ 3. ਖੇਤੀ ਵਾਲੀ ਜ਼ਮੀਨ 'ਤੇ ਪਲਾਟ ਕੱਟਣ ਲਈ ਟੈਕਸ 4. ਪੰਜਾਬ ਰੋਡਵੇਜ਼ ਤੇ ਪੈਪਸੂ ਟਰਾਂਸਪੋਰਟ ਦੇ ਘਾਟੇ ਘਟਾਉਣਾ 5. ਮਿਊਂਸਪਲ ਕਮੇਟੀਆਂ ਦੇ ਹਿਸਾਬ-ਕਿਤਾਬ ਦੀ ਸੀ.ਏ.ਜੀ. ਕੋਲੋਂ ਜਾਂਚ 6. ਬੋਰਡਾਂ, ਕਾਰਪੋਰੇਸ਼ਨਾਂ ਦੇ ਪੈਸੇ ਨੂੰ ਪੱਕੇ ਫੰਡ ਵਿਚ ਰੱਖਣਾ 7. ਮੁਲਾਜ਼ਮਾਂ ਉਪਰ ਵਕਤ ਤੋਂ ਪਹਿਲਾਂ ਪੀ.ਐਫ. (ਪ੍ਰਾਵੀਡੈਂਟ ਫੰਡ) ਵਿਚੋਂ ਪੈਸੇ ਕਢਾਉਣ 'ਤੇ ਪਾਬੰਦੀ ਅਤੇ ਬਿਮਾਰ ਬੋਰਡ ਤੇ ਕਾਰਪੋਰੇਸ਼ਨਾਂ ਬੰਦ ਕਰਨੇ ਜਾਂ ਵੇਚਣੇ।

ਜੇ ਸਾਰੀਆਂ ਪਾਰਟੀਆਂ ਇਹ ਸ਼ਰਤਾਂ ਮੰਨਣ ਤਾਂ ਕੇਂਦਰ ਪੰਜਾਬ ਨੂੰ ਕੁਝ ਰਾਹਤਾਂ ਦੇ ਕੇ ਰਾਜ ਦਾ ਕਰਜ਼ਾ ਤਕਰੀਬਨ ਅੱਧਾ ਕਰਨ ਲਈ ਤਿਆਰ ਸੀ। ਇਹ ਰਾਹਤਾਂ ਸਨ: (ੳ) 10,000 ਕਰੋੜ ਰੁਪਏ- ਕੇਂਦਰ ਨੇ ਜਦੋਂ ਪੰਜਾਬ ਦਾ ਅਤਿਵਾਦ ਵੇਲੇ ਲਿਆ ਕਰਜ਼ਾ ਮੁਆਫ ਕੀਤਾ ਤਾਂ ਰਾਜ ਸਰਕਾਰ ਪਹਿਲਾਂ ਹੀ 2100 ਕਰੋੜ ਦੀਆਂ ਕਿਸ਼ਤਾਂ ਮੋੜ ਚੁੱਕੀ ਸੀ। ਵਿਆਜ ਪਾ ਕੇ ਇਹ ਰਕਮ 10,000 ਕਰੋੜ ਬਣਦੀ ਹੈ। (ਅ) 20,000 ਕਰੋੜ- ਇਹ ਕਰਜ਼ਾ ਛੋਟੀਆਂ ਬੱਚਤਾਂ ਦੇ ਅਧਾਰ 'ਤੇ ਪੰਜਾਬ ਨੇ ਲਿਆ ਹੈ। ਮਨਪ੍ਰੀਤ ਸਿੰਘ ਬਾਦਲ ਮੁਤਾਬਕ ਕੇਂਦਰ, ਰਿਜ਼ਰਵ ਬੈਂਕ ਨੂੰ ਕਹਿ ਕੇ ਇਹ ਕਰਜ਼ਾ ਮੁਆਫ ਕਰ ਸਕਦਾ ਹੈ ਜਾਂ ਇਸ ਦੀ ਅਦਾਇਗੀ 30 ਸਾਲਾਂ ਵਿਚ ਕਰਨ ਦੀ ਰਿਆਇਤ ਦੇ ਸਕਦਾ ਹੈ। ਕੇਂਦਰ ਵੱਲੋਂ ਇਸ ਬਾਰੇ ਕੋਈ ਬਿਆਨ ਨਹੀਂ ਆਇਆ। (ੲ) 6,000 ਕਰੋੜ ਰੁਪਏ- ਇਹ ਰਕਮ ਐਫ.ਸੀ.ਆਈ. ਅਤੇ ਪੰਜਾਬ ਵਿਚਕਾਰ ਝਗੜੇ ਦੀ ਹੈ। ਪੰਜਾਬ ਮੁਤਾਬਕ ਕਣਕ-ਝੋਨੇ ਦੀ ਖਰੀਦ ਦਾ ਖਰਚਾ ਬਣਦਾ ਹੈ ਅਤੇ ਐਫ.ਸੀ.ਆਈ. ਇਨਕਾਰ ਕਰਦੀ ਹੈ। ਕੇਂਦਰ ਇਹ ਵੀ ਦੇਣ ਲਈ ਤਿਆਰ ਹੈ। (ਸ) ਕੇਂਦਰ ਦਾ 3,500 ਕਰੋੜ ਰੁਪਏ ਦਾ ਸਿੱਧਾ ਕਰਜ਼ਾ ਪੰਜਾਬ ਸਿਰ ਹੈ। ਮਨਪ੍ਰੀਤ ਬਾਦਲ ਮੁਤਾਬਕ ਇਹ ਵੀ ਮੁਆਫ਼ ਹੋ ਸਕਦਾ ਸੀ।

ਪੰਜਾਬ ਦੀ ਕਿਸੇ ਵੀ ਪਾਰਟੀ ਨੇ ਇਹ ਨਹੀਂ ਕਿਹਾ ਕਿ ਸਾਨੂੰ ਸ਼ਰਤਾਂ ਮਨਜ਼ੂਰ ਹਨ, ਚਲੋ ਇਕੱਠੇ ਹੋ ਕੇ ਇਹ ਰਿਆਇਤਾਂ ਲੈ ਲਈਏ। ਮਨਪ੍ਰੀਤ ਬਾਦਲ ਨੂੰ ਝੂਠਾ ਸਾਬਿਤ ਕਰਨ ਵਿਚ ਲੱਗੇ ਰਹੇ। ਕਾਂਗਰਸੀਏ ਇਸ ਕਰਕੇ ਔਖੇ ਹਨ ਕਿ ਕੇਂਦਰ ਨੇ ਇਸ ਮਸਲੇ 'ਤੇ ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ।

ਇਸ ਸਾਲ ਵੀ ਪੰਜਾਬ ਦੇ ਸਿਆਸਤਦਾਨਾਂ ਨੇ ਆਪਣੀ ਕਮ-ਅਕਲੀ ਦਾ ਰੱਜ ਕੇ ਸਬੂਤ ਦਿੱਤਾ। ਕੁਝ ਉਦਾਹਰਣਾਂ ਪੇਸ਼ ਹਨ:

1. ਸੁਖਬੀਰ ਬਾਦਲ ਨੇ ਪਹਿਲਾਂ ਕਿਸਾਨਾਂ ਨੂੰ ਦਿੱਤੀ ਜਾਂਦੀ ਮੁਫ਼ਤ ਬਿਜਲੀ 'ਤੇ ਬਿੱਲ ਲਾਏ। ਬਿੱਲਾਂ ਦੀ ਰਕਮ ਉਤਪਾਦਕਤਾ ਬੋਨਸ ਦੇ ਰੂਪ ਵਿਚ ਵਾਪਸ ਕਰਨੀ ਸ਼ੁਰੂ ਕੀਤੀ। ਅੱਧਿਆਂ ਕੁ ਨੇ ਬਿੱਲ ਦਿੱਤੇ ਅਤੇ ਦਫ਼ਤਰਾਂ ਵਿਚ ਖੱਜਲ-ਖੁਆਰ ਹੋਏ ਤੇ ਫੇਰ ਦੁਬਾਰਾ ਬਿਜਲੀ ਮੁਫ਼ਤ ਕਰ ਦਿੱਤੀ।

2. ਸੁਖਬੀਰ ਬਾਦਲ ਨੇ ਗਿੱਦੜਬਾਹਾ ਵਿਚ ਇਹ ਮੰਨਿਆ ਕਿ ਕਾਂਗਰਸੀਆਂ ਵਿਰੁਧ ਝੂਠੇ ਕੇਸ ਦਰਜ ਹੋਏ ਹਨ ਅਤੇ ਇਲਜ਼ਾਮ ਮਨਪ੍ਰੀਤ ਉਤੇ ਲਾਇਆ। ਇਹ ਭੁੱਲ ਗਿਆ ਕਿ ਗ੍ਰਹਿ ਵਿਭਾਗ ਅਤੇ ਪੁਲਿਸ ਉਹਦੇ ਆਪਣੇ ਅਧੀਨ ਹੈ। ਆਪਣੇ ਵਿਰੁਧ ਆਪ ਹੀ ਗੋਲ ਕਰ ਲਿਆ।

3. ਦੋਵੇਂ ਬਾਦਲ ਅਮਰੀਕਾ ਗਏ ਅਤੇ ਪਿੱਛੋਂ ਮਨੋਰੰਜਨ ਕਾਲੀਆ ਨੂੰ ਸਰਕਾਰ ਦਾ ਅਖ਼ਤਿਆਰ ਦੇ ਗਏ। ਉਸ ਨੇ ਸੋਚਿਆ ਹੈਲੀਕਾਪਟਰ ਕੋਲ ਹੈ, ਮੁਕੇਰੀਆਂ ਦਾ ਹੀ ਗੇੜਾ ਲਾ ਆਈਏ। ਹੈਲੀਕਾਪਟਰ ਦਾ ਹਾਦਸਾ ਹੋ ਗਿਆ। ਰੱਬ ਦਾ ਸ਼ੁਕਰ ਮਨਾਉਣ ਦੀ ਬਜਾਏ ਕਿ ਜਾਨ ਬਚ ਗਈ, ਅਗਲੇ ਦਿਨ ਬਿਆਨ ਦਿੱਤਾ ਕਿ ਸਰਕਾਰ ਆਪਣੇ ਹੀ ਹੈਲੀਕਾਪਟਰ ਖਰੀਦੇਗੀ। ਕਰਜ਼ਾ ਲੈ ਕੇ।

4. ਜਦੋਂ ਬਾਦਲਾਂ ਨੇ ਇਹ ਕਿਹਾ ਕਿ ਕੇਂਦਰ ਵੱਲੋਂ ਕਰਜ਼ਾ ਮੁਆਫ਼ੀ ਦੀ ਕੋਈ ਪੇਸ਼ਕਸ਼ ਨਹੀਂ ਹੋਈ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਮਨਪ੍ਰੀਤ ਬਾਦਲ ਵਿਰੁਧ ਵਿਧਾਨ ਸਭਾ ਵਿਚ ਝੂਠ ਬੋਲਣ 'ਤੇ ਮਾਣਹਾਨੀ ਦਾ ਮਤਾ ਪੇਸ਼ ਕਰਨ ਦੀ ਗੱਲ ਕੀਤੀ। ਜੇ ਉਹ ਪ੍ਰਣਬ ਮੁਖਰਜੀ ਨੂੰ ਟੈਲੀਫੋਨ 'ਤੇ ਹੀ ਕਰਜ਼ੇ ਬਾਰੇ ਪੁੱਛ ਲੈਂਦੇ ਤਾਂ ਝੂਠ-ਸੱਚ ਦਾ ਪਤਾ ਲੱਗ ਜਾਂਦਾ। ਮਗਰੋਂ ਹਰਸਿਮਰਤ ਬਾਦਲ ਅਤੇ ਮਨੀਸ਼ ਤਿਵਾੜੀ ਵੱਲੋਂ ਲੋਕ ਸਭਾ ਵਿਚ ਪੁੱਛੇ ਸਵਾਲਾਂ ਦੇ ਜਵਾਬ ਵਿਚ ਕੇਂਦਰ ਨੇ ਮੰਨਿਆ ਕਿ ਕਰਜ਼ਾ ਘਟਾਉਣ ਬਾਰੇ ਪ੍ਰਣਬ ਅਤੇ ਮਨਪ੍ਰੀਤ ਵਿਚਾਲੇ ਗੱਲ ਹੋਈ ਹੈ।

5. ਸਾਰੇ ਨੇਤਾ ਇਸ ਗੱਲ 'ਤੇ ਵਿਧਾਨ ਸਭਾ ਵਿਚ ਇਕੱਠੇ ਹੋ ਗਏ ਕਿ ਇਕ ਦੂਜੇ 'ਤੇ ਚੱਲ ਰਹੇ ਕੇਸ ਵਾਪਸ ਲੈ ਲਏ ਜਾਣ। ਬੜਾ ਇਤਿਹਾਸਕ ਫੈਸਲਾ ਹੋਣਾ ਸੀ। ਅਦਾਲਤਾਂ, ਕਾਨੂੰਨ ਤੇ ਪੁਲਿਸ ਦਾ ਮਖੌਲ ਬਣ ਜਾਣਾ ਸੀ। ਸਾਰੇ ਦੇਸ਼ ਵਿਚ ਪੰਜਾਬ ਦੇ ਨੇਤਾਵਾਂ ਦੀ ਅਕਲ ਦਾ ਚਰਚਾ ਹੋਣਾ ਸੀ। ਪਰ ਇਕੱਲੇ ਕੈਪਟਨ ਨੇ ਇਨ੍ਹਾਂ ਨੂੰ ਬਚਾ ਲਿਆ। ਉਸ ਨੇ ਇਸ ਜੁੰਡਲੀ ਵਿਚ ਸ਼ਾਮਲ ਹੋਣ ਤੋਂ ਨਾਂਹ ਕਰ ਦਿੱਤੀ।



ਆਪਣੀਆਂ ਬੇੜੀਆਂ ਵਿਚ ਵੱਟੇ ਪਾਉਣ ਵਾਲੇ ਇਨ੍ਹਾਂ ਸਿਆਸਤਦਾਨਾਂ ਕਰਕੇ ਪੰਜਾਬ ਅੱਜ ਡੁੱਬ ਰਿਹਾ ਹੈ। ਪਿਛਲੇ ਚਾਰ ਸਾਲਾਂ ਵਿਚ ਪੰਜਾਬ ਦੀ ਵਿਕਾਸ ਦਰ 5.1 ਫ਼ੀਸਦੀ ਹੈ, ਯੂ.ਪੀ. ਦੀ 6.7 ਫ਼ੀਸਦੀ ਤੇ ਬਿਹਾਰ ਦੀ 12.4 ਫ਼ੀਸਦੀ ਹੈ। ਉਤਰੀ ਭਾਰਤ ਦੇ ਸਾਰੇ ਰਾਜਾਂ ਵਿਚੋਂ ਪੰਜਾਬ ਵਿਚ ਬੇਰੁਜ਼ਗਾਰਾਂ ਦੀ ਗਿਣਤੀ ਸਭ ਤੋਂ ਵੱਧ ਹੈ। ਇਹ ਗੱਲ ਕੇਂਦਰ ਸਰਕਾਰ ਦੇ ਇਕ ਵਿਭਾਗ ਦੇ ਅੰਕੜਿਆਂ 'ਤੇ ਆਧਾਰਿਤ ਹੈ।

ਪੰਜਾਬ ਵਿਚ ਅੰਕੜੇ ਇਕੱਠੇ ਕਰਨੇ ਜਾਂ ਕਿਸੇ ਮਸਲੇ ਦੀ ਡੂੰਘਾਈ ਵਿਚ ਜਾਣ ਦਾ ਰਿਵਾਜ਼ ਨਹੀਂ। ਨਸ਼ਿਆਂ ਨਾਲ ਕਿੰਨੇ ਘਰ ਤਬਾਹ ਹੋਏ, ਕੋਈ ਪਤਾ ਨਹੀਂ। ਨੌਜਵਾਨ ਵਿਦੇਸ਼ ਕਿਉਂ ਜਾਂਦੇ ਨੇ? ਵਿਦੇਸ਼ਾਂ ਵਿਚ ਉਨ੍ਹਾਂ ਦੇ ਕੀ ਹਾਲਾਤ ਹਨ? ਉਨ੍ਹਾਂ ਦੀ ਲੁੱਟ-ਖਸੁੱਟ ਕਿਵੇਂ ਰੋਕੀ ਜਾਏ? ਉਨ੍ਹਾਂ ਦੇ ਮਾਪਿਆਂ ਨਾਲ ਕੀ ਵਾਪਰਦੀ ਹੈ? ਸਰਕਾਰ ਦਾ ਇਨ੍ਹਾਂ ਸਵਾਲਾਂ ਨਾਲ ਕੋਈ ਸਰੋਕਾਰ ਨਹੀਂ। 2008 ਵਿਚ ਜਦੋਂ ਕੇਂਦਰ ਨੇ ਗਰੀਬ ਕਿਸਾਨਾਂ ਦੇ ਕਰਜ਼ੇ ਮਾਫ ਕਰਨ 'ਤੇ 60,000 ਕਰੋੜ ਖਰਚੇ ਤਾਂ ਪੰਜਾਬ ਨੂੰ ਧੇਲਾ ਵੀ ਨਾ ਮਿਲਿਆ। ਵਜ੍ਹਾ: ਕੋਈ ਭਰੋਸੇਯੋਗ ਸਰਕਾਰੀ ਅੰਕੜੇ ਹੀ ਨਹੀਂ ਸਨ!

ਜੇ ਪੰਜਾਬ ਨੂੰ ਮੁੜ ਪਹਿਲੇ ਨੰਬਰ 'ਤੇ ਲਿਆਉਣਾ ਹੈ ਤਾਂ ਕੁਝ ਸਖ਼ਤ ਕਦਮ ਚੁੱਕਣੇ ਪੈਣਗੇ-ਜਿਵੇਂ ਕੇਂਦਰ ਦੀਆਂ ਸ਼ਰਤਾਂ ਮੰਨਣਾ ਅਤੇ ਸਰਕਾਰੀ ਖਰਚੇ ਘਟਾਉਣੇ। ਨਿੱਕੇ-ਨਿੱਕੇ ਜ਼ਿਲ੍ਹੇ ਬਣਾ ਕੇ, ਪੁਲਸੀਆਂ ਅਤੇ ਅਫਸਰਾਂ ਦੀ ਗਿਣਤੀ ਵਧਾ ਕੇ, ਵਾਧੂ ਬੋਰਡ ਅਤੇ ਕਾਰਪੋਰੇਸ਼ਨਾਂ ਬਣਾ ਕੇ ਅਤੇ ਉਨ੍ਹਾਂ ਵਿਚ ਸਿਆਸੀ ਨੇਤਾ ਭਰ ਕੇ, ਸੰਸਦੀ ਸਕੱਤਰਾਂ ਦੀ ਫੌਜ ਪਾਲ ਕੇ, ਜਣੇ-ਖਣੇ ਨੂੰ ਗੰਨਮੈਨ ਦੇ ਕੇ ਅਕਾਲੀ ਤੇ ਕਾਂਗਰਸੀ ਸਰਕਾਰਾਂ ਨੇ ਪੰਜਾਬ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕੀਤਾ ਹੈ। ਭ੍ਰਿਸ਼ਟਾਚਾਰ, ਪ੍ਰਸ਼ਾਸਕੀ ਨਲਾਇਕੀ, ਜ਼ਮੀਨਾਂ ਦੀਆਂ ਵਧੀਆਂ ਹੋਈਆਂ ਕੀਮਤਾਂ ਅਤੇ ਬਾਰਡਰ ਨੇੜੇ ਹੋਣ ਕਰਕੇ ਪੰਜਾਬ ਵਿਚ ਸਨਅਤਾਂ ਨਹੀਂ ਲੱਗੀਆਂ।

ਪੰਜਾਬ ਦੇ ਪਛੜਨ ਦਾ ਸਭ ਤੋਂ ਵੱਡਾ ਕਾਰਨ ਹੈ ਚੰਗੇ, ਸਾਫ-ਸੁਥਰੇ ਤੇ ਸੂਝਵਾਨ ਸਿਆਸੀ ਨੇਤਾਵਾਂ ਦੀ ਘਾਟ। ਗ਼ੈਰ-ਜ਼ਿੰਮੇਵਾਰ ਨੇਤਾਵਾਂ ਨੇ ਸਰਕਾਰ ਨੂੰ ਪ੍ਰਾਪਰਟੀ ਡੀਲਰ ਬਣਾ ਛੱਡਿਆ ਹੈ। ਸਸਤੇ ਰੇਟ ਲਈਆਂ ਜ਼ਮੀਨਾਂ ਮਹਿੰਗੇ ਭਾਅ ਵੇਚੀਆਂ ਜਾ ਰਹੀਆਂ ਹਨ। ਟੈਕਸ ਨਹੀਂ ਲਾਉਂਦੇ, ਟੈਕਸ ਚੋਰੀ ਨਹੀਂ ਰੋਕਦੇ, ਕਰਜ਼ਾ ਚੁੱਕ ਕੇ, ਸਰਕਾਰੀ ਜ਼ਮੀਨਾਂ ਵੇਚ ਕੇ ਆਪਣੇ ਖਰਚੇ ਪੂਰੇ ਕਰ ਰਹੇ ਹਨ। ਦੇਸ਼ ਦੇ ਸ਼ਾਇਦ ਹੀ ਕਿਸੇ ਸੂਬੇ ਵਿਚ ਇਸ ਹੱਦ ਤੱਕ ਫਜ਼ੂਲਖਰਚੀ ਹੁੰਦੀ ਹੋਵੇ।


ਪੰਜਾਬ ਦੇ ਅੱਕੇ ਹੋਏ ਲੋਕ ਕਿਸੇ ਨੂੰ ਜਿਤਾਉਂਦੇ ਨਹੀਂ। ਪਿਛਲੀ ਵਾਰ ਜਿੱਤੇ ਹੋਏ ਨੂੰ ਗੱਦੀਓਂ ਲਾਹੁੰਦੇ ਨੇ। ਬਾਕੀ ਸੂਬਿਆਂ ਵਿਚ ਲੋਕ ਸਹੀ ਕੰਮ ਕਰਨ ਵਾਲਿਆਂ ਨੂੰ ਦੁਬਾਰਾ ਚੁਣਦੇ ਨੇ। ਬਿਹਾਰ ਵਿਚ ਨਿਤੀਸ਼ ਕੁਮਾਰ ਅਤੇ ਗੁਜਰਾਤ ਵਿਚ ਨਰਿੰਦਰ ਮੋਦੀ ਮਿਸਾਲ ਹਨ। ਪੰਜਾਬ ਵਿਚ ਕੋਈ ਨਹੀਂ। ਹਰਿਆਣਾ ਅਤੇ ਦਿੱਲੀ ਨੇ ਤਰੱਕੀ ਕੀਤੀ। ਜੇ ਆਪ ਨੂੰ ਅਕਲ ਨਾ ਹੋਵੇ ਤਾਂ ਗੁਆਂਢੋਂ ਲੈ ਲੈਣੀ ਚਾਹੀਦੀ ਹੈ। ਕਿੰਨੇ ਮੁੱਖ ਮੰਤਰੀ ਨੇ ਜੋ ਹੈਲੀਕਾਪਟਰਾਂ ਵਿਚ ਘੁੰਮਦੇ ਹਨ, ਸੁਰੱਖਿਆ 'ਤੇ ਏਨਾ ਖਰਚ ਕਰਦੇ ਹਨ, ਇਲਾਜ ਲਈ ਅਮਰੀਕਾ ਜਾਂਦੇ ਹਨ ਅਤੇ ਉਥੇ ਵੀ ਸੁਰੱਖਿਆ ਦਾ ਸਰਕਾਰੀ ਖਰਚੇ 'ਤੇ ਇੰਤਜ਼ਾਮ ਕਰਦੇ ਹਨ। ਅਖ਼ਬਾਰਾਂ ਵਿਚ ਵੱਡੇ-ਵੱਡੇ ਇਸ਼ਤਿਹਾਰ ਦੇ ਕੇ ਝੂਠੇ ਦਾਅਵੇ ਕਰਦੇ ਹਨ। ਬਿਜਲੀ ਦੇ ਕਾਰਖਾਨੇ ਪ੍ਰਾਈਵੇਟ ਕੰਪਨੀਆਂ ਲਾ ਰਹੀਆਂ ਹਨ। ਦਿਖਾਉਂਦੇ ਇਹ ਹਨ ਜਿਵੇਂ ਸਰਕਾਰ ਲਾ ਰਹੀ ਹੋਵੇ। ਸੜਕਾਂ ਕੇਂਦਰ ਬਣਾਉਂਦਾ ਹੈ, ਨਾਂ ਆਪਣੇ। ਬਠਿੰਡੇ ਵਿਚ ਤੇਲ ਦਾ ਕਾਰਖਾਨਾ ਹਿੰਦੋਸਤਾਨ ਪੈਟਰੋਲੀਅਮ ਅਤੇ ਲਕਸ਼ਮੀ ਮਿੱਤਲ ਲਾ ਰਹੇ ਹਨ। ਸਰਕਾਰੀ ਹੈਲੀਕਾਪਟਰਾਂ ਵਿਚ ਪੱਤਰਕਾਰਾਂ ਦੀ ਟੋਲੀ ਇਹ ਘੁਮਾਈ ਫਿਰਦੇ ਹਨ। ਨਾ ਆਦਰਸ਼ ਸਕੂਲ ਚੱਲੇ, ਨਾ ਧੱਧਰੀ ਕਲਾਂ ਅਤੇ ਕਾਲਝਰਾਣੀ ਵਿਚ ਡੇਅਰੀ ਪ੍ਰਾਜੈਕਟ। ਸਾਲ ਆਉਂਦੇ ਹਨ, ਜਾਂਦੇ ਹਨ। ਸਹੀ ਮਾਅਨਿਆਂ ਵਿਚ ਨਵਾਂ ਵਰ੍ਹਾ ਉਦੋਂ ਚੜ੍ਹੇਗਾ ਜਦੋਂ ਪੰਜਾਬ ਵਿਚ ਇਮਾਨਦਾਰੀ ਦੀ ਸਿਆਸਤ ਹੋਵੇਗੀ। ਜਦੋਂ ਲੋਕ ਨਸ਼ਿਆਂ ਦੇ ਲਾਲਚ ਤੋਂ ਮੁਕਤ ਹੋ ਕੇ ਸਹੀ ਨੇਤਾ ਚੁਣਨਗੇ। ਜਦੋਂ ਪੁਲਿਸ ਲੀਡਰਾਂ ਦੀ ਨਹੀਂ, ਆਮ ਲੋਕਾਂ ਦੀ ਸੇਵਾ ਕਰੇਗੀ। ਦਫ਼ਤਰਾਂ ਵਿਚ ਰਿਸ਼ਵਤ ਦਿੱਤੇ ਬਿਨਾਂ ਕੰਮ ਹੋਵੇਗਾ। ਸਕੂਲਾਂ ਵਿਚ ਮਾਸਟਰ ਹੋਣਗੇ ਅਤੇ ਹਸਪਤਾਲਾਂ ਵਿਚ ਦਵਾਈ ਤੇ ਡਾਕਟਰ। ਨਵਾਂ ਸਾਲ ਉਦੋਂ ਹੀ ਚੜ੍ਹੇਗਾ!

*('ਪੰਜਾਬੀ ਟ੍ਰਿਬਿਊਨ' 'ਚੋਂ ਧੰਨਵਾਦ ਸਹਿਤ)*

**ਪੰਜਾਬ ਵਿਚ ਅੰਕੜੇ ਇਕੱਠੇ ਕਰਨੇ ਜਾਂ ਕਿਸੇ ਮਸਲੇ ਦੀ ਡੂੰਘਾਈ ਵਿਚ ਜਾਣ ਦਾ ਰਿਵਾਜ਼ ਨਹੀਂ। ਨਸ਼ਿਆਂ ਨਾਲ ਕਿੰਨੇ ਘਰ ਤਬਾਹ ਹੋਏ, ਕੋਈ ਪਤਾ ਨਹੀਂ। ਨੌਜਵਾਨ ਵਿਦੇਸ਼ ਕਿਉਂ ਜਾਂਦੇ ਨੇ? ਵਿਦੇਸ਼ਾਂ ਵਿਚ ਉਨ੍ਹਾਂ ਦੇ ਕੀ ਹਾਲਾਤ ਹਨ? ਉਨ੍ਹਾਂ ਦੀ ਲੁੱਟ-ਖਸੁੱਟ ਕਿਵੇਂ ਰੋਕੀ ਜਾਏ? ਉਨ੍ਹਾਂ ਦੇ ਮਾਪਿਆਂ ਨਾਲ ਕੀ ਵਾਪਰਦੀ ਹੈ? ਸਰਕਾਰ ਦਾ ਇਨ੍ਹਾਂ ਸਵਾਲਾਂ ਨਾਲ ਕੋਈ ਸਰੋਕਾਰ ਨਹੀਂ।**

# ਚਾਪਲੂਸੀਆਂ ਤੇ ਚਮਚਾਗਿਰੀਆਂ !

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਡਾਇਨਿੰਗ ਟੇਬਲ 'ਤੇ ਚਮਕਣ ਵਾਲੇ ਨਿਰਜਿੰਦ ਚਮਚੇ ਉਹ ਕੰਮ ਨਹੀਂ ਕਰ ਸਕਦੇ ਜਿਹੜਾ ਕੰਮ ਸਾਖਿਆਤ ਜਿਉਂਦੇ-ਜਾਗਦੇ ਚਮਚੇ ਕਰਦੇ ਹਨ ਜਾਂ ਕਰ ਸਕਦੇ ਹਨ। ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਖਾਣ ਵਾਲੇ ਮੇਜ਼ 'ਤੇ ਬਹਿਣ ਵੇਲੇ ਚਮਚਿਆਂ ਬਗ਼ੈਰ ਔਖੇ-ਸੌਖੇ ਸਾਰਿਆ ਜਾ ਸਕਦਾ ਹੈ ਪਰ ਜਿਥੇ ਮਨੁੱਖੀ ਚਮਚਿਆਂ ਦੀ ਲੋੜ ਹੁੰਦੀ ਹੈ, ਉਥੇ ਇਨ੍ਹਾਂ ਤੋਂ ਬਿਨਾਂ ਬਿਲਕੁਲ ਨਹੀਂ ਸਰ ਸਕਦਾ। ਘਰ ਤੋਂ ਲੈ ਕੇ ਦਫ਼ਤਰ, ਸਰਕਾਰੀ ਜਾਂ ਗ਼ੈਰ ਸਰਕਾਰੀ ਅਦਾਰੇ ਅਤੇ ਛੋਟੇ-ਵੱਟੇ ਕਾਰੋਬਾਰੀ ਧੰਦਿਆਂ ਦੇ ਪ੍ਰਬੰਧਕੀ ਸਿਸਟਮ ਵਿਚ ਚਮਚਿਆਂ ਦੇ ਝੰਡੇ ਝੂਲਦੇ ਦੇਖੇ ਜਾ ਸਕਦੇ ਹਨ। ਆਮ ਘਰਾਂ ਵਿਚ ਝਾਤੀ ਮਾਰ ਲਓ। ਜੇ ਕਿਤੇ ਹੋਈ ਸ੍ਰੀਮਾਨ ਆਪਣੀ ਪਤਨੀ ਦੀ ਲੋੜੋਂ ਵੱਧ ਤਾਰੀਫ਼ ਕਰ ਰਿਹਾ ਹੋਵੇ ਤਾਂ ਸਮਝੋ ਉਹ ਨਿਕਟ ਭਵਿੱਖ ਵਿਚ ਪਤਨੀ ਵੱਲੋਂ ਕੀਤੀ ਜਾਣ ਵਾਲੀ ਕਿਸੇ ਮਹਿੰਗੀ ਮੰਗ ਤੋਂ ਖਹਿੜਾ ਛੁਡਾਉਣ ਲਈ ਤਰੱਦਦ ਕਰ ਰਿਹਾ ਹੈ। ਇਸੇ ਤਰ੍ਹਾਂ ਜੇ ਕੋਈ ਸ੍ਰੀਮਤੀ ਆਪਣੇ ਪਤੀਦੇਵ ਦੇ ਗੁਣਗਾਨ ਕਰ ਰਹੀ ਹੋਵੇ ਤਾਂ ਸ੍ਰੀਮਾਨ ਫੁੱਲ ਕੇ ਕੁੱਪਾ ਹੋਣ ਦੀ ਬਜਾਏ ਇਹ ਸਮਝੇ ਕਿ ਕੋਈ 'ਵੱਡਾ ਸਵਾਲ' ਗਲ਼ ਪੈਣ ਵਾਲਾ ਹੈ, ਤਾਂ ਹੀ ਚਾਪਲੂਸੀ ਦੀ ਬੂੰਦਾਬਾਂਦੀ ਹੋ ਰਹੀ ਹੈ।

ਸਿਆਸਤ ਦਾ ਖੇਤਰ ਤਾਂ ਚੱਲਦਾ ਹੀ ਚਮਚਿਆਂ ਦੇ ਸਿਰ 'ਤੇ ਹੈ। ਇਹ ਗੱਲ ਵੱਖਰੀ ਹੈ ਕਿ ਇਸ ਖੇਤਰ ਵਿਚ ਚਮਚਾਗਿਰੀ ਕਰਨ ਵਾਲੇ ਚਮਚਿਆਂ ਦੀ ਵਰਾਇਟੀ ਕੁਝ ਜ਼ਿਆਦਾ ਹੀ ਢੀਠ ਅਤੇ ਵਾਟਰ-ਪਰੂਫ਼ ਘੜੀਆਂ ਵਾਂਗ 'ਸ਼ਰਮ-ਪਰੂਫ਼' ਮੰਨੀ ਜਾਂਦੀ ਹੈ। ਸਿਆਸੀ ਆਗੂਆਂ ਦੇ ਲਾਮ-ਲਸ਼ਕਰ ਵਿਚ ਤਾਂ ਚਮਚਿਆਂ ਦੀ ਵੱਡੀ ਫ਼ੌਜ ਸ਼ਾਮਲ ਹੁੰਦੀ ਹੀ ਹੈ ਪਰ ਹੁਣ ਸਾਰਾ ਬ੍ਰਹਿਮੰਡ ਸੁੰਗੜ ਕੇ ਗਲੋਬਲ ਪਿੰਡ ਬਣ ਜਾਣ ਕਾਰਨ ਦੂਰ-ਦਰਾਜ ਦੇ ਇਲਾਕਿਆਂ ਵਿਚ ਵੀ ਚਮਚਿਆਂ ਨੇ ਆਪੋ-ਆਪਣੇ ਮਹਿਬੂਬ ਸਿਆਸਤਦਾਨਾਂ ਦੀ ਚਮਚਾਗਿਰੀ ਕਰਨ ਲਈ ਮੋਰਚੇ ਸੰਭਾਲੇ ਹੋਏ ਹੁੰਦੇ ਹਨ। ਚਾਪਲੂਸੀ ਰਾਹੀਂ ਚੌਧਰਾਂ ਚਮਕਾਉਣ ਦਾ ਭੁਸ ਰੱਖਣ ਵਾਲੇ 'ਕੌਮਾਂਤਰੀ ਚਮਚੇ' ਮੀਡੀਆ ਰਾਹੀਂ ਚਮਚਾਗਿਰੀ ਦੇ ਬਾਣ ਚਲਾਉਂਦੇ ਰਹਿੰਦੇ ਹਨ। ਅਗਲਾ ਭਾਵੇਂ ਕੌਮ ਦੀਆਂ ਬੇਟੀਆਂ 'ਚ ਦੋਹੀਂ ਹੱਥੀਂ ਵੱਟੇ ਪਾ ਰਿਹਾ ਹੋਵੇ ਪਰ ਚਮਚੇ-ਸ੍ਰੀ ਉਸ ਨੂੰ 'ਕੌਮ ਦਾ ਮਸੀਹਾ' ਦੱਸਣਗੇ। ਲੀਡਰ ਭਾਵੇਂ ਆਪਣਾ ਉੱਲੂ ਸਿੱਧਾ ਰੱਖਣ ਲਈ ਨੌਜਵਾਨ ਵਰਗ ਨੂੰ ਭਾਂਤ-ਭਾਂਤ ਦੇ ਨਸ਼ਿਆਂ ਦੀ ਦਲ-ਦਲ ਵਿਚ ਗਰਕ ਕਰ ਰਿਹਾ ਹੋਵੇ, ਲੇਕਿਨ ਚਮਚਿਆਂ ਵੱਲੋਂ ਉਸ ਨੂੰ 'ਨੌਜਵਾਨਾਂ ਦੇ ਦਿਲਾਂ ਦੀ ਧੜਕਣ' ਦੱਸਿਆ ਜਾ ਰਿਹਾ ਹੁੰਦਾ ਹੈ। ਜਿਹੜਾ ਨੇਤਾ ਵਿਧਾਨ ਸਭਾ ਜਾਂ ਲੋਕ ਸਭਾ ਵਿਚੋਂ 'ਸੁੱਚੇ ਮੂੰਹ' ਹੀ ਪੰਜ ਸਾਲ ਪੂਰੇ ਕਰ ਆਵੇ, ਚਮਚਿਆਂ ਵੱਲੋਂ ਉਸ ਨੂੰ 'ਨਿਧੜਕ ਬੁਲਾਰਾ' ਐਲਾਨਿਆ ਜਾਂਦਾ ਹੈ।

ਕਦੇ-ਕਦੇ ਹਾਲਾਤ ਇਹੋ ਜਿਹੇ ਬਣ ਜਾਂਦੇ ਹਨ ਕਿ ਨੇਤਾ ਲੋਕ ਖ਼ੁਦ ਆਪਣੇ ਚਮਚਿਆਂ ਦੀ ਕਾਰਗੁਜ਼ਾਰੀ ਤੋਂ ਹੈਰਾਨ ਹੋ ਜਾਂਦੇ ਹਨ। ਕਹਿੰਦੇ ਹਨ ਕਿ ਕੋਈ ਲੀਡਰ ਆਪਣੀ ਜਵਾਨੀ ਦੇ ਦਿਨਾਂ ਵਿਚ ਸ਼ਿਕਾਰ ਖੇਡਣ ਦੇ ਹਵਾਲੇ ਦਿੰਦਾ ਹੋਇਆ ਸਰੋਤਿਆਂ ਨੂੰ ਆਪਣੀ ਨਿਪੁੰਨ ਨਿਸ਼ਾਨੇਬਾਜ਼ੀ ਬਾਰੇ ਫੜ੍ਹਾਂ ਮਾਰ ਰਿਹਾ ਸੀ। ਉਸ ਦੇ ਮੂੰਹੋਂ ਨਿਕਲ ਗਿਆ ਕਿ ਇਕ ਵਾਰ ਮੈਂ ਜੰਗਲ ਵਿਚ ਹਿਰਨ ਦੇਖਿਆ। ਮੈਂ ਝੱਟ ਨਿਸ਼ਾਨਾ ਸਾਧ ਕੇ ਤੀਰ ਚਲਾਇਆ। ਮੇਰਾ ਛੱਡਿਆ ਹੋਇਆ ਤੀਰ, ਹਿਰਨ ਦੀ ਪਿਛਲੀ ਲੱਤ ਦੇ ਖੁਰ ਵਿਚੋਂ ਲੰਘ ਕੇ ਉਹਦੇ ਕੰਨ ਨੂੰ ਚੀਰਦਾ ਹੋਇਆ ਸਿੰਗਾਂ ਵਿਚ ਜਾ ਵੱਜਿਆ। ਹੈਰਾਨ ਹੋਏ ਸਰੋਤੇ ਇਕ-ਦੂਸਰੇ ਵੱਲ ਝਾਕਣ ਲੱਗੇ। ਕਿੱਥੇ ਹਿਰਨ ਦਾ ਖੁਰ, ਕਿੱਥੇ ਕੰਨ ਅਤੇ ਕਿੱਥੇ ਜਾ ਕੇ ਉਸ ਦੇ ਸਿੰਗ! ਇਕੋ



ਤੀਰ ਤਿੰਨਾਂ ਥਾਵਾਂ ਤੋਂ ਕਿਵੇਂ ਲੰਘ ਗਿਆ? ਸਟੇਜ 'ਤੇ ਬੈਠੇ ਇਸ ਆਗੂ ਦੇ ਇਕ ਚਮਚੇ ਨੇ ਬੁੱਝ ਲਿਆ ਕਿ ਮੇਰੇ ਲੀਡਰ ਨੇ ਗੱਪ ਮਾਰ ਦਿੱਤੀ ਹੈ ਅਤੇ ਸਰੋਤਿਆਂ ਵਿਚ ਘੁਸਰ-ਮੁਸਰ ਵੀ ਹੋਣ ਲੱਗ ਪਈ ਹੈ। ਲੀਡਰ ਦੇ ਬੋਲ ਹਟਣ ਮਗਰੋਂ ਚਮਚਾ ਜੀ ਨੇ ਝਟਪਟ ਮਾਈਕ ਸੰਭਾਲਿਆ, "ਮੇਰੇ ਹਰਦਿਲ ਅਜ਼ੀਜ਼ ਨੇਤਾ ਜੀ ਦੇ ਸੁਝਵਾਨ ਪ੍ਰਸ਼ੰਸਕੋ, ਆਹ ਜਿਹੜੀ ਹਿਰਨ ਦੇ ਸ਼ਿਕਾਰ ਵਾਲੀ ਹੱਡ-ਬੀਤੀ ਸ੍ਰੀਮਾਨ ਜੀ ਨੇ ਆਪ ਨਾਲ ਹੁਣੇ-ਹੁਣੇ ਸਾਂਝੀ ਕੀਤੀ ਹੈ, ਇਹਦੇ ਬਾਰੇ ਕੋਈ ਸੰਸਾ ਨਾ ਕਰਿਓ। ਮੈਂ ਉਸ ਮੌਕੇ ਵੀ ਇਨ੍ਹਾਂ ਦੇ ਅੰਗ-ਸੰਗ ਹੀ ਰਹਿੰਦਾ ਹੁੰਦਾ ਸਾਂ। ਜਦੋਂ ਇਨ੍ਹਾਂ ਨੇ ਹਿਰਨ ਦਾ ਸ਼ਿਕਾਰ ਕੀਤਾ ਸੀ, ਮੈਂ ਮੌਕੇ 'ਤੇ ਮੌਜੂਦ ਸਾਂ। ਅਸਲ ਵਿਚ ਜਦੋਂ ਵਜ਼ੀਰ ਸਾਹਿਬ ਨੇ ਸ਼ਿਸਤ ਬੰਨ੍ਹ ਕੇ ਤੀਰ ਚਲਾਇਆ ਤਾਂ ਉਸ ਵੇਲੇ ਹਿਰਨ ਆਪਣੇ ਖੁਰ ਨਾਲ ਕੰਨ 'ਤੇ ਖੁਰਕ ਕਰਨ ਡਿਹਾ ਹੋਇਆ ਸੀ। ਇਸੇ ਕਰਕੇ ਖੁਰ ਨੂੰ ਚੀਰਦਾ ਹੋਇਆ ਤੀਰ ਕੰਨ ਵਿਚੀਂ ਲੰਘ ਕੇ ਸਿੰਗਾਂ 'ਚ ਜਾ ਵੱਜਿਆ ਸੀ।"

ਚਮਚਾਗਿਰੀ ਦੀ ਕਲਾ ਨੇ ਸੌ ਫ਼ੀਸਦੀ ਗੱਪ ਨੂੰ ਹਕੀਕਤ ਬਣਾ ਦਿੱਤਾ। ਉਹੀ ਸਰੋਤੇ ਜਿਹੜੇ ਲੀਡਰ ਦੇ ਬੋਲਣ ਵੇਲੇ ਆਪਣਾ ਹਾਸਾ ਰੋਕ ਰਹੇ ਸਨ, ਚਮਚੇ ਦੀ ਬਦੌਲਤ ਹੁਣ ਹੁੱਬ-ਹੁੱਬ ਕੇ ਤਾੜੀਆਂ ਮਾਰ ਰਹੇ ਸਨ।

ਚੋਣਾਂ ਦੇ ਦਿਨੀਂ ਸਿਆਸਤ ਵਿਚ ਨਵਾਂ-ਨਵਾਂ ਕੁੱਦਿਆ ਇਕ ਉਮੀਦਵਾਰ ਧੜਾਧੜ ਚੋਣ ਜਲਸਿਆਂ ਨੂੰ ਸੰਬੋਧਨ ਕਰ ਰਿਹਾ ਸੀ। ਮਜ਼ਾਰ ਉਤੇ ਇਕੱਠ ਜੁੜਿਆ ਹੋਇਆ ਸੀ। ਸਾਰਾ ਦਿਨ ਬੋਲ-ਬੋਲ ਕੇ ਬੌਂਦਲੇ ਪਏ ਉਮੀਦਵਾਰ ਨੇ ਉਥੇ ਬੋਲਦਿਆਂ ਕਹਿ ਦਿੱਤਾ, "ਭਗਤ ਜਨੋ, ਮੈਂ ਮਾਤਾ ਦੇ ਇਸ ਦਰਬਾਰ ਦੀ ਸਹੁੰ ਚੁੱਕ ਕੇ ਆਖਦਾ ਹਾਂ ਕਿ ਮੈਂ ਤੁਹਾਡੇ ਦੁੱਖ-ਸੁਖ ਵਿਚ ਭਾਈਵਾਲ ਬਣ ਕੇ ਰਹਾਂਗਾ। ਬਸ...ਮੈਨੂੰ ਵੋਟਾਂ ਪਾ ਕੇ ਜਿਤਾ ਦਿਓ।"

ਸਿਰ ਉਪਰ ਹਰੇ ਰੰਗ ਦਾ ਪਰਨਾ ਲਪੇਟੀ ਬੈਠੇ ਉਥੋਂ ਦੇ ਮੁਜੌਰ ਨੂੰ ਫ਼ਿਕਰ ਲੱਗ ਗਿਆ ਕਿ ਕਿਤੇ ਇਥੇ ਵੀ ਬਾਬਰੀ ਮਸਜਿਦ-ਮੰਦਰ ਦਾ ਪੰਗਾ ਨਾ ਉਠ ਖੜ੍ਹੇ। ਹੋਰ ਨਾ ਕਿਤੇ ਉਸ ਦਾ ਹੀ ਤੋਰੀ-ਫੁਲਕਾ ਜਾਂਦਾ ਲੱਗੇ। ਉਹ ਸਟੇਜ 'ਤੇ ਬੈਠਾ-ਬੈਠਾ ਹੀ ਆਪਣੀ ਦਾੜ੍ਹੀ ਖੁਰਕਦਾ ਹੋਇਆ ਉਮੀਦਵਾਰ ਨੂੰ ਟੋਕਣ ਦੀ ਕੋਸ਼ਿਸ਼ ਕਰਨ ਲੱਗਾ, "ਏ ਸ਼੍ਰ'ਦਾਰ ਜੀ, ਇਹ ਤਾਂ ਬਾਬੇ ਗੁਲਾਮੇ ਸ਼ਾਹ ਦਾ...!"

ਹੰਭਲਾ ਮਾਰ ਕੇ ਪਿੱਛਿਓਂ ਉਠੇ ਇਕ ਚਮਚੇ ਨੇ ਮੁਜੌਰ ਨੂੰ ਚੁੱਪ ਕਰਾ ਦਿੱਤਾ। ਉਮੀਦਵਾਰ ਵੱਲੋਂ ਲੈਕਚਰ ਮੁਕਾਏ ਜਾਣ ਤੋਂ ਤੁਰੰਤ ਬਾਅਦ ਸਟੇਜ ਸੈਕਟਰੀ ਦੇ ਪੈਰ ਮਿੱਧਦਾ ਹੋਇਆ ਉਹ ਚਮਚਾ ਮਾਈਕ ਨੂੰ ਜਾ ਝਪਟਿਆ, "ਇਸ 'ਮਹਾਨ ਅਸਥਾਨ' ਦੀਆਂ ਹਾਜ਼ਰੀਆਂ ਭਰ ਰਹੇ ਇਲਾਕਾ ਨਿਵਾਸੀਓ, ਸਾਡੇ ਉਮੀਦਵਾਰ ਸ੍ਰੀ...ਸਿੰਘ ਜੀ, ਸਾਰੇ ਧਰਮਾਂ ਨੂੰ ਇਕ ਬਰਾਬਰ ਸਮਝਦੇ ਨੇ। ਇਹ ਚਾਹੁੰਦੇ ਨੇ ਕਿ ਮਜ਼੍ਹਬਾਂ ਦੇ ਵੰਡ-ਵੱਖਰੇਵੇਂ ਬੰਦ ਹੋ ਜਾਣ। ਸਾਰੇ ਗੁਰੂ-ਪੀਰ-ਔਲੀਏ ਇਕੋ ਜੋਤ ਦਾ ਨੂਰ ਹੁੰਦੇ ਹਨ। ਇਸੇ ਕਰਕੇ ਧਰਮਾਂ ਦੇ ਵਿਤਕਰਿਆਂ ਨੂੰ ਮਿਟਾਉਣ ਦੇ ਨਜ਼ਰੀਏ ਨਾਲ ਇਹ (ਉਮੀਦਵਾਰ ਵੱਲ ਇਸ਼ਾਰਾ ਕਰ ਕੇ) ਸਰਦਾਰ ਜੀ, ਮੰਦਰ ਵਿਚ ਜਾ ਕੇ ਅੱਲ੍ਹਾ-ਤਾਅਲਾ ਨੂੰ ਯਾਦ ਕਰ ਲੈਂਦੇ ਹਨ ਅਤੇ ਮਸਜਿਦ-ਮਜ਼ੌਰਾਂ ਵਿਚ ਜਾ ਕੇ ਇਨ੍ਹਾਂ ਨੂੰ ਲਾਟਾਂ ਵਾਲੀ ਜਾਂ ਸ਼ੇਰਾਂ ਵਾਲੀ ਦੇ ਦੀਦਾਰੇ ਹੋਣ ਲੱਗ ਪੈਂਦੇ ਹਨ।"

ਮਗਰੋਂ ਗੱਡੀ ਵਿਚ ਬਹਿ ਕੇ ਇਸ ਚਮਚੇ ਨੇ ਨੌਸਿਖੀਏ ਉਮੀਦਵਾਰ ਨੂੰ ਹਰੇ, ਭਗਵੇਂ ਅਤੇ ਪੀਲੇ ਰੰਗਾਂ ਦੇ ਅਰਥ ਸਮਝਾਏ ਤੇ ਉਸ ਪਾਸੋਂ ਆਪਣੀ ਚਮਚਾਗਿਰੀ ਦਾ ਸਿੱਕਾ ਮੰਨਵਾਇਆ।

ਕੋਈ ਅਮਲੀਨੁਮਾ ਲੀਡਰ ਆਪਣੇ ਪੀ.ਏ. ਨੂੰ ਪੁੱਛਣ ਲੱਗਾ ਕਿ ਆਲੂਆਂ ਦੀ ਤਾਸੀਰ ਤਾਂ ਵਾਇ-ਬਾਦੀ ਹੁੰਦੀ ਹੋਵੇਗੀ?

"ਹਾਂ ਜਨਾਬ..."। ਝੱਟ ਜਵਾਬ ਦਿੰਦਿਆਂ ਅੱਗਿਓਂ ਪੀ.ਏ. ਵਿਸਥਾਰ ਨਾਲ ਦੱਸਣ ਲੱਗਾ, "ਠੰਢੇ ਮੌਸਮ ਵਿਚ ਇਹ ਬੀਜਿਆ ਜਾਂਦਾ ਹੈ। ਇਹਦੀ ਫ਼ਸਲ ਪਾਲਣ ਲਈ ਪਾਣੀ ਬਹੁਤ ਲਾਉਣਾ ਪੈਂਦਾ ਹੈ। ਆਲੂ ਤਾਂ ਅੱਗੇ ਈ ਪਾਣੀ ਦਾ ਘਰ ਹੁੰਦਾ ਐ। ਉਪਰੋਂ ਹੋਰ ਪਾਣੀ ਲਾਉਣ ਨਾਲ ਇਹ ਬਾਦਲਾ ਹੋ ਜਾਂਦਾ ਹੈ।" ਹਫ਼ਤੇ-ਦਸਾਂ ਦਿਨਾਂ ਬਾਅਦ ਲੀਡਰ ਦਾ ਆਲੂਆਂ ਦੀ ਮਸਾਲੇਦਾਰ ਤਰੀ ਖਾਣ ਨੂੰ ਜੀਅ ਕੀਤਾ। ਸਿਆਲ ਦਾ ਮੌਸਮ ਸੀ। ਆਪਣੇ ਪੀ.ਏ. ਨੂੰ ਕਹਿਣ ਲੱਗਿਆ ਕਿ ਮੇਰਾ ਖ਼ਿਆਲ ਹੈ, ਆਲੂ ਤਰ-ਗਰਮ ਹੁੰਦੇ ਹੋਣਗੇ?

ਚਮਚਾ-ਰੂਪ ਪੀ.ਏ. ਨੇ ਫ਼ੁਰਮਾਇਆ, "ਹਜ਼ੂਰ, ਤੁਸੀਂ ਬਿਲਕੁਲ ਸਹੀ ਕਹਿ ਰਹੇ ਹੋ। ਆਲੂਆਂ ਨੂੰ ਵੱਟਾਂ ਵਿਚ ਬੀਜਿਆ ਜਾਂਦਾ ਹੈ। ਕੁਝ ਦਿਨਾਂ ਮਗਰੋਂ ਵੱਟਾਂ 'ਤੇ ਫਿਰ ਮਿੱਟੀ ਚੜ੍ਹਾਈ ਜਾਂਦੀ ਹੈ। ਇਸ ਤਰ੍ਹਾਂ ਆਲੂ ਦੀ ਫ਼ਸਲ ਨੂੰ ਬਾਹਰਲੀ ਹਵਾ ਤਾਂ ਲਗਦੀ ਕੋਈ ਨਹੀਂ। ਵੱਟਾਂ 'ਚ ਦੱਬਿਆ ਰਹਿਣ ਕਾਰਨ ਇਹ ਸਾਰੀ ਗਰਮੀ ਸੋਖ ਲੈਂਦਾ ਹੈ। ਤਾਂ ਹੀ ਇਹਦੀ ਤਾਸੀਰ ਵੀ ਗਰਮ ਹੀ ਹੁੰਦੀ ਹੈ।"

ਆਲੂਆਂ ਦੀ ਤਰੀ ਬਣਾਉਣ ਦਾ ਹੁਕਮ ਦੇ ਕੇ ਨੇਤਾ ਜੀ ਬਾਹਰ ਟਹਿਲਣ ਲੱਗ ਪਏ। ਰਸੋਈਆ ਹੱਸਦਿਆਂ ਹੋਇਆਂ ਪੀ.ਏ. ਨੂੰ ਕਹਿੰਦਾ, "ਥੋੜ੍ਹੇ ਦਿਨ ਪਹਿਲਾਂ ਤੁਸੀਂ ਆਲੂਆਂ ਨੂੰ ਵਾਇ-ਬਾਦੀ ਦੱਸ ਰਹੇ ਸੀ, ਅੱਜ ਇਹ ਗਰਮ ਤਾਸੀਰ ਦੇ ਕਿਵੇਂ ਹੋ ਗਏ?" ਨਿੰਮ੍ਹਾ-ਨਿੰਮ੍ਹਾ ਮੁਸਕਰਾਉਂਦਿਆਂ ਚਮਚਾ ਬੋਲਿਆ, "ਅਸੀਂ ਤਨਖ਼ਾਹ ਆਲੂਆਂ ਤੋਂ ਨਹੀਂ, ਲੀਡਰ ਤੋਂ ਲੈਂਦੀ ਹੈ। ਜੇ ਉਹ ਆਲੂਆਂ ਨੂੰ ਵਾਇ-ਬਾਦੀ ਸਮਝਦਾ ਹੈ ਤਾਂ ਆਪਾਂ ਵੀ ਵਾਇ-ਬਾਦੀ ਕਹਿ ਦੇਈਦਾ ਹੈ। ਜੇ ਗਰਮ ਕਹੇ ਤਾਂ ਗਰਮ।"

ਹਿੰਦੀ ਦੇ ਇਕ ਕਵੀ ਨੇ ਕਿਸੇ ਸੇਠ ਅਤੇ ਉਸ ਦੇ ਚਮਚੇ ਨੌਕਰ ਦਰਮਿਆਨ ਹੋਈ ਗੱਲਬਾਤ ਨੂੰ ਬੜੇ ਵਿਅੰਗਮਈ ਢੰਗ ਨਾਲ ਬਿਆਨ ਕੀਤਾ ਹੈ। ਸੇਠ ਨੌਕਰ ਨੂੰ ਕਹਿੰਦਾ ਹੈ ਕਿ ਬੈਂਗਣ ਦੀ ਸਬਜ਼ੀ ਬਿਲਕੁਲ ਨਾ ਬਣਾਇਆ ਕਰ। ਇਹ ਤਾਂ ਜਮਾਂ ਈ ਬੇਕਾਰ ਦੀ ਚੀਜ਼ ਹੈ। ਨੌਕਰ ਕਹਿੰਦਾ ਹੈ, "ਬਜਾ ਫ਼ੁਰਮਾਇਆ ਸਾਹਿਬ, ਯੇਹ ਬੈਂਗਣ ਨਹੀਂ, ਇਸ ਸਸੁਰੇ ਕੋ ਤੋ 'ਬੇ-ਗੁਣ' ਕਹਿਨਾ ਚਾਹੀਏ!"

ਥੋੜ੍ਹੇ ਹੀ ਦਿਨ ਗੁਜ਼ਰੇ ਸਨ ਕਿ ਸਬਜ਼ੀ ਮੰਡੀ ਦੇ ਲਾਗਿਓਂ ਲੰਘ ਰਹੇ ਸੇਠ ਜੀ ਦੀ ਨਜ਼ਰ ਤਾਜ਼ੇ ਲਿਸ਼ਕਦੇ ਬੈਂਗਣਾਂ 'ਤੇ ਜਾ ਪਈ। ਬੈਂਗਣ ਦੇ ਭੜਥੇ ਦੀ ਯਾਦ ਆਉਂਦਿਆਂ ਹੀ ਉਨ੍ਹਾਂ ਦੇ ਮੂੰਹ ਵਿਚ ਪਾਣੀ ਆ ਗਿਆ। ਘਰ ਆਉਂਦਿਆਂ ਹੀ ਨੌਕਰ ਨੂੰ ਭੜਥਾ ਬਣਾਉਣ ਦਾ ਆਦੇਸ਼ ਦੇ ਕੇ ਕਹਿਣ ਲੱਗੇ ਕਿ ਤਾਜ਼ੇ ਬੈਂਗਣਾਂ ਦੇ ਜ਼ਾਇਕੇਦਾਰ ਭੜਥੇ ਮੋਹਰੇ ਦੂਸਰੀਆਂ ਸਬਜ਼ੀਆਂ ਦੀ ਕੀ ਵਟੀਂਦੀ ਹੈ। ਭੜਥਾ ਬੈਂਗਣ ਦਾ, ਕਿਆ ਬਾਤ ਹੈ! ਅੱਜ ਬੈਂਗਣ ਦੀਆਂ ਸਿਫ਼ਤਾਂ ਸੁਣ ਕੇ ਨੌਕਰ ਨੇ ਚਮਚੀ ਮਾਰਦਿਆਂ ਆਖਿਆ, "ਸਾਹਿਬ, ਇਸੀ ਲੀਏ ਬੈਂਗਨ ਕੇ ਸਰ ਪੇ, ਕੁਦਰਤ ਨੇ ਹਰਾ 'ਮੁਕਟ' ਧਰਾ ਹੈ!" ਕਿਸੇ ਸ਼ਾਇਰ ਨੇ ਖ਼ੂਬ ਕਿਹਾ ਹੈ:

ਕੁਛ ਬਨਨੇ ਕੀ ਖ਼ਾਹਿਸ਼ ਹੈ ਤੋ
ਬਨ ਜਾਓ ਚਮਚਾ-ਗਿਰ
ਜੀਵਨ ਕੀ ਸਫ਼ਲਤਾ ਯਹੀ,
ਨਾਦਾਨ ਯਹੀ ਹੈ।
ਜੋ ਸਾਹਿਬੇ-ਕੁਰਸੀ ਹੈ,
ਕਰੋ ਉਸ ਕੀ ਖ਼ੁਸ਼ਾਮਦ,
ਅਪਨਾ ਤੋ ਜੌਹਰ ਯਹੀ,
ਮੈਦਾਨ ਯਹੀ ਹੈ!

## 'ਪੰਜਾਬ ਟਾਈਮਜ਼' ਦੀ ਵਰ੍ਹੇਗੰਢ 'ਤੇ ਲੱਖ ਲੱਖ ਵਧਾਈਆਂ!

### ਸੰਪਾਦਕ ਦੀ ਡਾਕ

'ਪੰਜਾਬ ਟਾਈਮਜ਼' ਗਿਆਰਾਂ ਸਾਲਾਂ ਦਾ ਸੋਹਣਾ ਜਵਾਨ ਹੋਇਆ ਹੈ ਅਤੇ ਸਾਲ ਵੀ 2011 ਹੀ ਜੁੜਿਆ ਹੋਇਆ ਹੈ। ਇਸ ਲਈ 'ਪੰਜਾਬ ਟਾਈਮਜ਼' ਦੇ ਸਾਰੇ ਪਿਆਰ ਕਰਨ ਵਾਲਿਆਂ ਨੂੰ ਇਸ ਦੀ ਗਿਆਰ੍ਹਵੀਂ ਵਰ੍ਹੇਗੰਢ ਨਾਲ-ਨਾਲ ਹੀ ਨਵੇਂ ਸਾਲ ਦੀਆਂ ਵੀ ਲੱਖ-ਲੱਖ ਵਧਾਈਆਂ ਹੋਣ! ਅਕਾਲ ਪੁਰਖ਼ ਦੀ ਮਿਹਰ ਸਦਕਾ 'ਪੰਜਾਬ ਟਾਈਮਜ਼' ਨੇ ਪੂਰੇ ਅਮਰੀਕਾ ਵਿਚ ਸਨਮਾਨਯੋਗ ਥਾਂ ਹੀ ਨਹੀਂ ਬਣਾਈ ਬਲਕਿ ਟੀਚਾ ਮਿਥਦਿਆਂ ਹੋਇਆਂ ਆਪਣਾ ਸਿੰਘਾਸਣ ਕਾਇਮ ਕਰ ਲਿਆ ਹੈ। ਇਹ ਵੀ ਕੁਦਰਤ ਦੀ ਹੀ ਬਖ਼ਸ਼ਿਸ਼ ਹੈ ਕਿ 'ਪੰਜਾਬ ਟਾਈਮਜ਼' ਬੋਹੜ ਦੇ ਵਿਸ਼ਾਲ ਦਰਖ਼ਤ ਵਾਂਗ ਆਪਣੀਆਂ ਡੂੰਘੀਆਂ ਜੜ੍ਹਾਂ ਅਤੇ ਆਪਣੀ ਸੰਘਣੀ ਛਾਂ ਕਰਕੇ ਬੇਹੱਦ ਸਤਿਕਾਰਿਆ ਜਾਣ ਵਾਲਾ ਅਖ਼ਬਾਰ ਹੈ। ਇਸ ਦਾ ਇਕ-ਇਕ ਲੇਖ ਗਿਆਨ-ਭਰਪੂਰ ਅਤੇ ਵਿਦਵਤਾ ਨਾਲ ਭਰਿਆ ਹੁੰਦਾ ਹੈ। ਅਖ਼ਬਾਰ ਵਿਚ ਚੋਟੀ ਦੇ ਲਿਖਾਰੀਆਂ ਅਤੇ ਵਿਦਵਾਨਾਂ ਦੇ ਵਿਚਾਰ ਪੜ੍ਹਨ ਨੂੰ ਮਿਲਦੇ ਹਨ। ਇਸ ਦਾ ਹਰ ਪੰਨਾ ਹੀਰੇ-ਮੋਤੀਆਂ ਵਰਗੇ ਲੇਖਾਂ ਨਾਲ ਭਰਿਆ ਪਿਆ ਹੁੰਦਾ ਹੈ।

'ਪੰਜਾਬ ਟਾਈਮਜ਼' ਦੀ ਸਿਫ਼ਤ ਵਿਚ ਲਿਖਣਾ ਕੁਝ ਆਸਾਨ ਨਹੀਂ ਹੈ। ਇਸ ਦੇ ਪਾਠਕ ਇਸ ਦੀ ਬੜੀ ਬੇਸਬਰੀ ਨਾਲ ਉਡੀਕ ਕਰਦੇ ਹਨ। ਇਸ ਦਾ ਆਪਣਾ ਵੱਖਰਾ ਮੁਕਾਮ ਹੈ। ਅੱਜ ਦੇ ਸਮੇਂ ਅਖ਼ਬਾਰਾਂ ਦੀ ਵਧਦੀ ਹੋਈ ਭੀੜ ਵਿਚ 'ਪੰਜਾਬ ਟਾਈਮਜ਼' ਇਸ ਤਰ੍ਹਾਂ ਸਜਦਾ ਤੇ ਸੋਹਣਾ ਪ੍ਰਤੀਤ ਹੁੰਦਾ ਹੈ ਜਿਵੇਂ ਤਾਰਿਆਂ ਨਾਲ ਭਰੇ ਹੋਏ ਆਸਮਾਨ ਵਿਚ ਚੌਦ੍ਹਵੀਂ ਦਾ ਚੰਨ ਸਜਦਾ ਹੈ। ਰੱਬ ਮਿਹਰ ਕਰੇ, ਇਹ ਹਮੇਸ਼ਾ ਹੀ ਆਪਣੇ ਪਾਠਕਾਂ ਦੀ ਆਸਾਂ 'ਤੇ ਪੂਰਾ ਉਤਰਦਾ ਹੋਇਆ ਆਪਣੀਆਂ ਮੰਜ਼ਿਲਾਂ ਵੱਲ ਵਧਦਾ ਜਾਵੇ! ਇਸ ਸੰਘਣੀ ਛਾਂ ਵਾਲੇ ਬੂਟੇ ਦਾ ਜੋ ਮਾਲੀ ਹੈ; ਉਹ ਮਿੱਠ-ਬੋਲੜਾ, ਨਿਧੜਕ, ਜਰਨੈਲ, ਸ਼ੇਰ ਦੀ ਗਰਜਣਾ ਵਾਲੀ ਆਵਾਜ਼ ਦਾ ਮਾਲਕ ਹੈ। ਇਸ ਸੱਚੇ-ਸੁੱਚੇ ਇਨਸਾਨ ਮੇਰੇ ਵੀਰ ਸ. ਅਮੋਲਕ ਸਿੰਘ ਜੰਮੂ ਦਾ ਨਾਂ 'ਪੰਜਾਬ ਟਾਈਮਜ਼' ਦੀ ਸ਼ਖ਼ਸੀਅਤ ਨੂੰ ਚਾਰ ਚੰਨ ਲਾਉਂਦਾ ਹੈ ਅਤੇ ਉਸ ਦੀ ਸੱਚੀ ਸੋਚ ਵਾਲੇ ਕਿਰਦਾਰ ਨੂੰ ਹੋਰ ਉਜਾਗਰ ਕਰਦਾ ਹੈ। ਮੇਰਾ ਵੀਰ ਪਹਾੜ ਵਰਗੇ ਦੁੱਖਾਂ ਦਾ ਮੁਕਾਬਲਾ ਕਰਨ ਵਾਲਾ ਇਨਸਾਨ ਹੈ। ਪਰਮੇਸ਼ਵਰ ਮੇਰੇ ਵੀਰ ਨੂੰ ਲੰਮੀਆਂ ਉਮਰਾਂ ਅਤੇ ਸਦਾ-ਸਦਾ ਤੰਦਰੁਸਤੀਆਂ ਬਖ਼ਸ਼ਦਾ ਰਹੇ ਤੇ ਆਪਣੀ ਰਹਿਮਤ ਦਾ ਹੱਥ ਹਮੇਸ਼ਾ ਇਸ ਦੇ ਸਿਰ ਉਤੇ ਰੱਖੇ! ਮੈਂ 'ਪੰਜਾਬ ਟਾਈਮਜ਼' ਦੀ ਵਰ੍ਹੇਗੰਢ ਮੌਕੇ ਸੰਪਾਦਕ ਸ. ਅਮੋਲਕ ਸਿੰਘ ਜੰਮੂ, ਸਾਰੇ ਸਟਾਫ਼, ਇਸ ਦੇ ਕਾਲਮਨਵੀਸਾਂ ਅਤੇ ਸਲਾਹਕਾਰ ਬੋਰਡ ਦੇ ਮੈਂਬਰ ਸਾਹਿਬਾਨ ਨੂੰ ਵੀ ਵਧਾਈ ਦਿੰਦੀ ਹਾਂ। ਇਸ ਅਖ਼ਬਾਰ ਦੇ ਸਮੂਹ ਪਾਠਕਾਂ ਨੂੰ ਵੀ ਨਵਾਂ ਸਾਲ ਮੁਬਾਰਕ।

ਆਓ, ਸਾਰੇ ਮਿਲ ਕੇ ਅਰਦਾਸ ਕਰੀਏ ਕਿ ਇਹ ਕਾਫ਼ਲਾ ਸਦਾ ਸਲਾਮਤ ਰਹੇ ਅਤੇ ਮਾਂ-ਬੋਲੀ ਦੀ ਸੇਵਾ ਕਰਦਾ ਹੋਇਆ ਅੱਗੇ ਹੀ ਅੱਗੇ ਵਧਦਾ ਜਾਵੇ। ਇਥੇ ਮੈਂ ਆਪਣੇ ਦੋ ਸ਼ਿਅਰ 'ਪੰਜਾਬ ਟਾਈਮਜ਼' ਵਾਸਤੇ ਕਹਿ ਰਹੀ ਹਾਂ:

ਪੰਜਾਬ ਟਾਈਮਜ਼ ਅਖ਼ਬਾਰ ਹੈ ਸੋਹਣਾ
ਅਨਮੋਲ ਅਮੁੱਲਾ ਪਿਆਰ ਹੈ ਸੋਹਣਾ
ਪੰਜਾਬੀਆਂ ਦਾ ਕਿਰਦਾਰ ਹੈ ਸੋਹਣਾ
ਅਖ਼ਬਾਰਾਂ ਵਿਚ ਸਰਦਾਰ ਹੈ ਸੋਹਣਾ

---

ਪੱਤਾ ਪੱਤਾ ਝੂਮੇ ਇਸ ਦਾ,
ਝੂਮ ਰਹੀ ਹਰ ਡਾਲੀ
ਮਾਂ-ਬੋਲੀ ਪੰਜਾਬੀ ਦਾ ਪੁੱਤ
ਵੰਡ ਰਿਹਾ ਹੈ ਖ਼ੁਸ਼ਹਾਲੀ
ਜੁੱਗ ਜੁੱਗ ਜੀਵੇ ਵੀਰ ਅਮੋਲਕ,
ਜੋ ਹੈ ਇਸ ਦਾ ਮਾਲੀ
'ਪੰਜਾਬ ਟਾਈਮਜ਼' ਅਖ਼ਬਾਰ ਦੀ
ਸਤਿਗੁਰ ਕਰੇ ਰਖਵਾਲੀ!

***ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ,***
***ਫੋਨ:916-687-3536***

## ਥਿਰੁ ਘਰਿ ਬੈਸਹੁ ਹਰਿਜਨ ਪਿਆਰੇ

### ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥
ਗਉੜੀ ਮਹਲਾ 5
ਥਿਰੁ ਘਰਿ ਬੈਸਹੁ ਹਰਿਜਨ ਪਿਆਰੇ॥
ਸਤਿਗੁਰਿ ਤੁਮਰੇ ਕਾਜ ਸਵਾਰੇ॥ ਰਹਾਉ॥
ਦੁਸਟ ਦੂਤ ਪਰਮੇਸਰਿ ਮਾਰੇ ਜਨ ਕੀ ਪੈਜ ਰਖੀ ਕਰਤਾਰੇ॥
ਬਾਦਿਸਾਹ ਸਾਹ ਸਭ ਵਸਿ ਕਰਿ ਦੀਨੇ॥
ਅੰਮ੍ਰਿਤ ਨਾਮ ਮਹਾ ਰਸ ਪੀਨੇ॥
ਨਿਰਭਉ ਹੋਇ ਭਜਹੁ ਭਗਵਾਨ॥ ਸਾਧ ਸੰਗਤਿ ਮਿਲਿ ਕੀਨੋ ਦਾਨੁ॥
ਸਰਣਿ ਪਰੇ ਪ੍ਰਭ ਅੰਤਰਜਾਮੀ ਨਾਨਕ ਓਟ ਪਕਰੀ ਪ੍ਰਭ ਸੁਆਮੀ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸ਼ਬਦ ਰਾਹੀਂ ਉਸ ਮਾਲਕ ਪ੍ਰਭੂ ਦੀ ਭਗਤੀ ਨਾਲ ਜੁੜਨ ਵਾਸਤੇ ਸਾਨੂੰ ਉਪਦੇਸ਼ ਕਰਦੇ ਹਨ। ਹੇ ਪ੍ਰਭੂ ਦੇ ਪਿਆਰੇ ਭਗਤ ਜਨੋ! ਆਓ ਅਡੋਲ ਚਿੱਤ ਹੋ ਕੇ ਆਪਣੇ ਗੁਰੂ ਦੀ ਸ਼ਰਨ ਵਿਚ ਬੈਠੋ ਅਤੇ ਇਹ ਪੂਰਾ ਯਕੀਨ ਰੱਖੋ ਕਿ ਸਤਿਗੁਰ ਆਪਣੇ ਦਰ ਡਿੱਗਿਆਂ ਦੇ ਕਾਰਜ ਹਮੇਸ਼ਾ ਹੀ ਸੰਵਾਰਦਾ ਹੈ।

ਦੁਸਟ ਦੂਤ ਪਰਮੇਸਰਿ ਮਾਰੇ ਜਨ ਕੀ ਪੈਜ ਰਖੀ ਕਰਤਾਰੇ॥
ਬਾਦਿਸਾਹ ਸਾਹ ਸਭ ਵਸਿ ਕਰ ਦੀਨੇ ਅੰਮ੍ਰਿਤ ਨਾਮ ਮਹਾ ਰਸ ਪੀਨੇ॥

ਹੇ ਭਾਈ ਭਗਤ ਜਨੋ! ਜੋ ਵੀ ਕੋਈ ਇਸ ਸੰਸਾਰ ਦੇ ਜੀਵ ਹੋਰ ਦੁਨਿਆਵੀ ਆਸਰੇ ਛੱਡ ਕੇ ਉਸ ਸੋਹਣੇ ਪ੍ਰਭੂ ਦੀ ਸ਼ਰਨ ਵਿਚ ਆ ਜਾਂਦੇ ਹਨ, ਭਾਵ ਉਸ ਦਾ ਆਸਰਾ ਮੰਗਦੇ ਹਨ, ਫਿਰ ਪ੍ਰਭੂ ਆਪ ਹੀ ਉਨ੍ਹਾਂ ਜੀਵਾਂ ਦੇ ਦੁਸ਼ਮਣਾਂ ਭਾਵ ਵੈਰੀਆਂ ਨੂੰ ਮਾਰ ਮੁਕਾਉਂਦਾ ਹੈ ਅਤੇ ਦੁਨਿਆਵੀ ਬਾਦਸ਼ਾਹ ਸ਼ਾਹ, ਭਾਵ ਰਾਜੇ-ਮਹਾਰਾਜੇ ਵੀ ਹੁਣ ਉਨ੍ਹਾਂ ਜੀਵਾਂ ਦਾ ਕੁਝ ਨਹੀਂ ਵਿਗਾੜ ਸਕਦੇ। ਭਾਵ ਉਹ ਵੀ ਵੱਸ ਵਿਚ ਹੋ ਜਾਂਦੇ ਹਨ ਕਿਉਂਕਿ ਪੂਰੇ ਗੁਰੂ ਦੀ ਬਖ਼ਸ਼ਿਸ਼ ਨਾਲ ਉਹ ਜੀਵ ਹੁਣ ਪ੍ਰਭੂ ਦਾ ਨਾਮ ਰੂਪੀ ਅੰਮ੍ਰਿਤ ਪੀ ਕੇ ਆਤਮਿਕ ਆਨੰਦ ਲੈ ਰਹੇ ਹਨ।

ਨਿਰਭਉ ਹੋਇ ਭਜਹੁ ਭਗਵਾਨੁ ਸਾਧ ਸੰਗਤਿ ਮਿਲਿ ਕੀਨੋ ਦਾਨੁ॥
ਸਰਣਿ ਪਰੇ ਪ੍ਰਭ ਅੰਤਰਜਾਮੀ ਨਾਨਕ ਓਟ ਪਕਰੀ ਪ੍ਰਭ ਸੁਆਮੀ॥

ਹੇ ਮੇਰੇ ਪ੍ਰਭ ਜੀਉ ਦੇ ਪਿਆਰੇ ਭਗਤ ਜਨੋ! ਉਸ ਮਾਲਕ ਵਾਹਿਗੁਰੂ ਨੇ ਤੁਹਾਨੂੰ ਆਪਣੇ ਨਾਮ ਦੀ ਦਾਤ ਬਖ਼ਸ਼ਿਸ਼ ਕੀਤੀ ਹੈ ਅਤੇ ਹੁਣ ਤੁਸੀਂ ਸਾਧ-ਸੰਗਤ ਵਿਚ ਮਿਲ ਕੇ, ਭਾਵ ਬੈਠ ਕੇ ਬੇਖ਼ੌਫ਼ ਤੇ ਨਿਡਰ ਹੋ ਕੇ ਪ੍ਰਭੂ ਨਾਮ ਦਾ ਸਿਮਰਨ ਕਰੋ। ਸਤਿਗੁਰੂ ਅਰਦਾਸ ਕਰਦੇ ਹਨ ਕਿ ਮੇਰੇ ਅੰਤਰਯਾਮੀ ਪ੍ਰਭੂ ਜੀਉ, ਆਪ ਤਾਂ ਸਭ ਕੁਝ ਜਾਨਣ ਵਾਲੇ ਹੋ। ਇਹ ਨਾਨਕ ਵੀ ਆਪ ਜੀ ਦੀ ਸ਼ਰਨ ਵਿਚ ਆ ਪਿਆ ਹੈ ਅਤੇ ਹੇ ਸੁਆਮੀ! ਮੈਂ ਆਪ ਜੀ ਦਾ ਹੀ ਓਟ ਅਤੇ ਆਸਰਾ ਮੰਗਦਾ ਹਾਂ। ਕਿਰਪਾ ਕਰ ਕੇ ਮੈਨੂੰ ਵੀ ਆਪਣੀ ਸ਼ਰਨ ਵਿਚ ਰੱਖੋ ਜੀ।

ਆਓ ਦੇਹਧਾਰੀ ਗੁਰੂਆਂ ਨੂੰ ਤੱਜ ਕੇ ਸ਼ਬਦ ਗੁਰੂ ਨਾਲ ਜੁੜੀਏ!

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ:916-687-3536***

# ਆਸਾਮ: ਸੰਘਰਸ਼ ਨੂੰ ਵਿਰਾਮ

***ਯੂਨਾਈਟਡ ਲਿਬਰੇਸ਼ਨ ਫਰੰਟ ਆਫ਼ ਆਸਾਮ (ਉਲ਼ਫ਼ਾ) ਦੇ ਚੇਅਰਮੈਨ ਅਰਬਿੰਦ ਰਾਜਖੋਵਾ ਦੀ ਰਿਹਾਈ ਨਾਲ ਆਸਾਮ ਵਿਚ 'ਆਜ਼ਾਦ ਆਸਾਮ' ਲਈ 1979 ਤੋਂ ਚਲਾਈ ਜਾ ਰਹੀ ਮੁਹਿੰਮ ਇਕ ਅਜਿਹੇ ਮੋੜ 'ਤੇ ਆ ਕੇ ਰੁਕ ਗਈ ਹੈ ਜਿਥੋਂ ਅਗਾਂਹ ਸਹੀ ਦਿਸ਼ਾ ਵੱਲ ਚੱਲਣ ਲਈ ਦ੍ਰਿੜ ਨਿਸਚੇ ਦੀ ਲੋੜ ਹੁੰਦੀ ਹੈ। ਇਹ ਅਜੇ ਸਮੇਂ ਦੀ ਕੁੱਖ ਵਿਚ ਪਿਆ ਹੈ ਕਿ ਆਸਾਮ ਦੇ ਲੋਕਾਂ ਦੇ ਸੰਘਰਸ਼ ਨੇ ਕੀ ਕਰਵਟ ਲੈਣੀ ਹੈ। ਉਲਫ਼ਾ ਲੀਡਰਸ਼ਿਪ ਨੇ ਵੀ ਸ਼ਾਇਦ ਹੁਣ ਤਸਲੀਮ ਕਰ ਲਿਆ ਹੈ ਕਿ ਜ਼ੋਰਦਾਰ ਸਿਆਸਤ ਤੋਂ ਬਗੈਰ (ਹਥਿਆਰਬੰਦ) ਸੰਘਰਸ਼ ਵੀ ਕਿਸੇ ਤਣ-ਪੱਤਣ ਨਹੀਂ ਲਾਉਂਦਾ। ਹਥਿਆਰਬੰਦ ਸੰਘਰਸ਼ ਤਾਂ ਹੀ ਕਾਮਯਾਬੀ ਵੱਲ ਲਿਜਾ ਸਕਦਾ ਹੈ ਜੇ ਸਿਆਸਤ ਦਾ ਵੀ ਪੂਰਾ ਰੰਗ ਬੰਨ੍ਹਿਆ ਜਾਵੇ।***





*ਆਪਣੀ ਮਾਂ ਨੂੰ ਤੀਹ ਵਰ੍ਹਿਆਂ ਬਾਅਦ ਮਿਲ ਰਿਹਾ ਅਰਬਿੰਦ ਰਾਜਖੋਵਾ ਅਤੇ ਸੱਜੇ ਪਿੰਡ ਪਹੁੰਚਣ 'ਤੇ ਲੋਕਾਂ ਵੱਲੋਂ ਕੀਤਾ ਮਾਣ-ਤਾਣ*

## ਕੌਮੀ ਤੇ ਕੌਮਾਂਤਰੀ ਹਾਲਾਤ ਮਾਰ ਗਏ

ਅਰਬਿੰਦ ਰਾਜਖੋਵਾ ਅਤੇ ਕੁਝ ਹੋਰ ਨੌਜਵਾਨਾਂ ਨੇ 7 ਅਪਰੈਲ 1979 ਨੂੰ ਆਜ਼ਾਦ ਆਸਾਮ ਦੇ 'ਅਹੋਮ ਰਾਜ' ਦੇ ਇਤਿਹਾਸਕ 'ਰੰਗ ਘਰ' (ਸ਼ਿਵਸਾਗਰ) ਵਿਚ ਜਦੋਂ ਆਜ਼ਾਦ ਆਸਾਮ ਲਈ ਘੋਲ਼ ਦਾ ਐਲਾਨ ਕੀਤਾ ਸੀ ਤਾਂ ਨਾਲ ਇਹ ਵੀ ਕਿਹਾ ਸੀ ਕਿ ਉਹ ਹੁਣ ਆਸਾਮ ਨੂੰ ਆਜ਼ਾਦ ਕਰਵਾ ਕੇ ਘਰ ਪੈਰ ਪਾਉਣਗੇ, ਅਤੇ ਜਾਂ ਫਿਰ ਉਨ੍ਹਾਂ ਦੀ ਲਾਸ਼ ਘਰ ਜਾਵੇਗੀ। ਇਨ੍ਹਾਂ ਨੌਜਵਾਨਾਂ ਵਿਚ ਭਮਿਕਾਂਤ ਬੁਰਾਗੋਹਾਈਂ, ਅਨੂਪ ਚੇਤੀਆ, ਪ੍ਰਦੀਪ ਗੋਗੋਈ, ਭਦਰੇਸ਼ਵਰ ਗੋਹਾਈਂ ਅਤੇ ਪਰੇਸ਼ ਬਰੂਆ ਸ਼ਾਮਲ ਹਨ। 1984-85 ਤੱਕ ਇਸ ਜਥੇਬੰਦੀ ਦਾ ਕਿਸੇ ਨੇ ਕੋਈ ਖਾਸ ਨੋਟਿਸ ਨਹੀਂ ਲਿਆ। ਇਸ ਤੋਂ ਬਾਅਦ ਜਥੇਬੰਦੀ ਦੀਆਂ ਹਿੰਸਕ ਕਾਰਵਾਈਆਂ ਨੇ ਆਸਾਮ ਦਾ ਕੌਮੀਅਤ ਦਾ ਸਵਾਲ ਦੇਸ਼ ਦੇ ਸਾਹਮਣੇ ਲਿਆ ਰੱਖਿਆ। ਫਿਰ ਇਸ ਦਾ ਸੰਪਰਕ ਉਤਰ-ਪੂਰਬੀ ਖਿੱਤੇ ਵਿਚ ਆਜ਼ਾਦੀ ਲਈ ਲੜ ਰਹੀਆਂ ਜਥੇਬੰਦੀਆਂ ਨਾਲ ਹੋ ਗਿਆ। ਇਨ੍ਹਾਂ ਵਿਚ 'ਨੈਸ਼ਨਲ ਸੋਸਲਿਸਟ ਕੌਂਸਲ ਆਫ਼ ਨਾਗਾਲਿਮ' (ਐਨ.ਐਸ.ਸੀ.ਐਨ) ਅਤੇ ਮਿਆਂਮਾਰ ਦੀ ਕਚੀਨ ਇੰਡੀਪੈਂਡੈਂਸ ਆਰਮੀ ਮੁੱਖ ਹਨ। ਸਰਕਾਰੀ ਦਾਅਵਿਆਂ ਮੁਤਾਬਕ ਤਾਂ ਇਸ ਜਥੇਬੰਦੀ ਦੇ ਸ੍ਰੀਲੰਕਾ ਦੇ ਤਾਮਿਲ 'ਲਿੱਟੇ' ਬਾਗੀਆਂ ਅਤੇ ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਨਾਲ ਵੀ ਹਨ। ਪਿਛਲੇ ਕੁਝ ਸਮੇਂ ਤੋਂ ਤਾਂ ਇਹ ਰਿਪੋਰਟਾਂ ਵੀ ਸਨ ਕਿ ਮਾਓਵਾਦੀਆਂ ਨੇ ਵੀ ਇਸ ਜਥੇਬੰਦੀ ਤੱਕ ਰਸਾਈ ਕਰ ਲਈ ਹੈ।

ਉਧਰ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਹਾਲਾਤ ਤੇਜੀ ਨਾਲ ਬਦਲਣ ਕਾਰਨ ਉਲਫਾ ਨੂੰ ਡਾਢੀ ਸੱਟ ਵੱਜੀ। ਇਕ ਤਾਂ ਇਸ ਜਥੇਬੰਦੀ ਦੀ ਸਰਗਰਮੀ ਦਾ ਬਹੁਤਾ ਜ਼ੋਰ ਮਾਰਧਾੜ ਹੀ ਰਿਹਾ, ਦੂਜੇ ਇਹ ਹਥਿਆਰਬੰਦ ਸੰਘਰਸ਼ ਨੂੰ ਸਿਆਸਤ ਵਿਚ ਤਬਦੀਲ ਕਰਨ ਵਿਚ ਨਾਕਾਮ ਰਹੀ। ਹਥਿਆਰਬੰਦ ਸੰਘਰਸ਼ ਵਿਚ ਪਈਆਂ ਜਥੇਬੰਦੀਆਂ ਲਈ ਹਥਿਆਰਬੰਦ ਸੰਘਰਸ਼ ਦੇ ਐਨ ਬਰਾਬਰ ਸਿਆਸਤ ਕਰਨੀ ਬਹੁਤ ਜ਼ਰੂਰੀ ਹੁੰਦੀ ਹੈ। ਇਉਂ ਲੋਕਾਂ ਨਾਲ ਗਹਿਰਾ ਰਿਸ਼ਤਾ ਬਣਦਾ ਹੈ ਅਤੇ ਮੌਕੇ ਦੀ ਸਰਕਾਰ ਨੂੰ 'ਅਤਿਵਾਦੀ' ਕਹਿ ਕੇ ਦਰੜਨਾ ਔਖੇਰਾ ਹੁੰਦਾ ਹੈ।

ਭਾਰਤ ਸਰਕਾਰ ਦੀ ਮਿਆਂਮਾਰ ਦੀ ਫ਼ੌਜੀ ਹਕੂਮਤ ਨਾਲ ਵਧੀ ਨੇੜਤਾ ਨੇ ਜਥੇਬੰਦੀ ਦੇ ਪੈਰ ਇਕ ਵਾਰ ਤਾਂ ਉਖਾੜ ਦਿੱਤੇ ਕਿਉਂਕਿ ਮਿਆਂਮਾਰ ਨੇ ਦਬਾਅ ਪਾ ਕੇ ਇਸ ਦੇ ਕੈਂਪ ਬੰਦ ਕਰਵਾ ਦਿੱਤੇ ਅਤੇ ਆਗੂਆਂ ਉਤੇ ਵੀ ਸਖਤੀ ਕੀਤੀ। ਇਸੇ ਤਰ੍ਹਾਂ ਭੂਟਾਨ ਅਤੇ ਬੰਗਲਾਦੇਸ਼ ਦੀਆਂ ਸਰਕਾਰਾਂ ਨੇ ਕੀਤਾ।

### ਉਲ਼ਫ਼ਾ ਨੇ ਸਰਕਾਰ ਅੱਗੇ ਗੋਡੇ ਟੇਕੇ?

ਉਲ਼ਫ਼ਾ ਦਾ ਇਕ ਧੜਾ ਭਾਵੇਂ ਅਜੇ ਵੀ ਹਥਿਆਰਬੰਦ ਲੜਾਈ ਲੜ ਰਿਹਾ ਹੈ ਪਰ ਉਲਫਾ ਦੇ ਚੇਅਰਮੈਨ ਅਰਬਿੰਦ ਰਾਜਖੋਵਾ ਨੇ ਜੇਲ੍ਹ ਵਿਚੋਂ ਜ਼ਮਾਨਤ 'ਤੇ ਰਿਹਾਅ ਹੋਣ ਦੇ ਨਾਲ ਹੀ ਆਸਾਮ ਸਰਕਾਰ ਨਾਲ 'ਬਿਨਾਂ ਸ਼ਰਤ' ਸ਼ਾਂਤੀ-ਵਾਰਤਾ ਦਾ ਐਲਾਨ ਕਰ ਦਿੱਤਾ ਹੈ। ਗੱਲਬਾਤ ਲਈ ਮਾਹੌਲ ਤਿਆਰ ਕਰਨ ਲਈ ਸਰਕਾਰ ਆਉਣ ਵਾਲੇ ਸਮੇਂ ਵਿਚ ਉਲ਼ਫ਼ਾ 'ਤੇ ਲਗਾਈ ਪਾਬੰਦੀ ਹਟਾ ਸਕਦੀ ਹੈ। ਸਰਕਾਰ ਦੀਆਂ ਇਨ੍ਹਾਂ ਮਿਹਰਬਾਨੀਆਂ ਅਤੇ ਰਾਜਖੋਵਾ ਵੱਲੋਂ ਸ਼ਾਂਤੀ ਵਾਰਤਾ ਦੇ ਐਲਾਨ ਨੂੰ ਦੋਵਾਂ ਧਿਰਾਂ ਵਿਚਕਾਰ ਕੋਈ ਸਮਝੌਤਾ ਹੋਇਆ ਮੰਨਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਸਰਕਾਰ ਨੇ ਉਲ਼ਫ਼ਾ ਦੇ ਵਾਈਸ ਚੇਅਰਮੈਨ ਪ੍ਰਦੀਪ ਗਾਗੋਈ, ਡਿਪਟੀ ਕਮਾਂਡਰ-ਇਨ-ਚੀਫ਼ ਰਾਜੂ ਬਰੂਆ, ਸੱਭਿਆਚਾਰਕ ਸਕੱਤਰ ਪਰਾਨਾਤੀ ਡੇਕਾ ਅਤੇ ਪ੍ਰਚਾਰ ਸਕੱਤਰ ਮਿਥਿੰਗਾ ਦਮਿੱਤਰੀ ਨੂੰ ਰਿਹਾਅ ਕਰ ਦਿੱਤਾ ਸੀ। ਆਸਾਮ ਦੇ ਮੁੱਖ ਮੰਤਰੀ ਤਰੁਨ ਗਾਗੋਈ ਨੇ ਕਿਹਾ ਹੈ ਕਿ ਜੇਕਰ ਜ਼ਰੂਰੀ ਹੋਇਆ ਤਾਂ ਉਲ਼ਫ਼ਾ ਤੋਂ ਪਾਬੰਦੀ ਹਟਾਈ ਜਾ ਸਕਦੀ ਹੈ।

### ਉਲਫ਼ਾ ਦਾ ਪਿਛੋਕੜ

**7 ਅਪਰੈਲ 1979:** ਯੂਨਾਈਟਡ ਲਿਬਰੇਸ਼ਨ ਫਰੰਟ ਆਫ਼ ਆਸਾਮ ਦੀ ਸਥਾਪਨਾ।

**1979-85:** ਉਲਫ਼ਾ ਵੱਲੋਂ ਹਿੰਸਕ ਵਾਰਦਾਤਾਂ।

**9 ਮਈ 1990:** ਲਾਰਡ ਸਵਰਾਜ ਪਾਲ ਦੇ ਭਰਾ ਤੇ ਟੀ-ਪਲਾਂਟਰ ਸੁਰਿੰਦਰ ਪਾਲ ਦੀ ਹੱਤਿਆ।

**28 ਨਵੰਬਰ 1990:** ਪ੍ਰਫੁੱਲ ਕੁਮਾਰ ਮਹੰਤਾ ਸਰਕਾਰ ਬਰਤਰਫ਼। ਰਾਸ਼ਟਰਪਤੀ ਰਾਜ ਲਾਗੂ। ਕੇਂਦਰ ਵੱਲੋਂ ਉਲਫ਼ਾ ਉਤੇ ਪਾਬੰਦੀ। ਭਾਰਤੀ ਫ਼ੌਜ ਵੱਲੋਂ ਓਪਰੇਸ਼ਨ ਬਜਰੰਗ।

**14 ਜਨਵਰੀ 1992:** ਉਲਫ਼ਾ ਵੱਲੋਂ ਗੱਲਬਾਤ ਲਈ ਸਹਿਮਤੀ। ਸਰਕਾਰ ਵੱਲੋਂ ਓਪਰੇਸ਼ਨ ਰੀਨੋ ਮੁਲਤਵੀ।

**29 ਜੂਨ 1994:** ਵਾਈਸ ਚੇਅਰਮੈਨ ਪ੍ਰਦੀਪ ਗੋਗੋਈ ਗ੍ਰਿਫ਼ਤਾਰ।

**ਜਨਵਰੀ 1998:** ਉਲਫ਼ਾ ਜਨਰਲ ਸਕੱਤਰ ਅਨੂਪ ਚੇਤੀਆ ਢਾਕਾ (ਬੰਗਲਾ ਦੇਸ਼) ਵਿਚ ਗ੍ਰਿਫ਼ਤਾਰ।

**15 ਦਸੰਬਰ 2003:** ਰਾਇਲ ਭੁਟਾਨ ਆਰਮੀ ਵੱਲੋਂ ਉਲਫ਼ਾ ਤੇ ਹੋਰ ਜਥੇਬੰਦੀਆਂ ਖ਼ਿਲਾਫ਼ ਫ਼ੌਜੀ ਓਪਰੇਸ਼ਨ।

**22 ਦਸੰਬਰ 2003:** ਉਲਫ਼ਾ ਕੇਡਰ ਨੂੰ ਭੂਟਾਨ ਤੋਂ ਸੁਰੱਖਿਅਤ ਬਾਹਰ ਕੱਢਣ ਲਈ ਚੀਨ ਤੱਕ ਪਹੁੰਚ।

**18 ਦਸੰਬਰ 2004:** ਉਲਫ਼ਾ ਚੇਅਰਮੈਨ ਅਰਬਿੰਦ ਰਾਜਖੋਵਾ ਵੱਲੋਂ ਕੇਂਦਰ ਨਾਲ ਗੱਲਬਾਤ ਦੀ ਇੱਛਾ ਜ਼ਾਹਿਰ।

**26 ਅਕਤੂਬਰ 2005:** ਉਲਫ਼ਾ ਵੱਲੋਂ ਨਾਮਜ਼ਦ ਪੀਪਲ'ਜ਼ ਕੰਸਲਟੇਟਿਵ ਗਰੁੱਪ ਅਤੇ ਕੇਂਦਰ ਵਿਚਕਾਰ ਨਵੀਂ ਦਿੱਲੀ ਵਿਖੇ ਗੱਲਬਾਤ ਸ਼ੁਰੂ।

**1 ਜੁਲਾਈ 2006:** ਜਥੇਬੰਦੀ ਵੱਲੋਂ ਕੇਂਦਰ ਨਾਲ ਸਿੱਧੀ ਗੱਲਬਾਤ ਦੀ ਇੱਛਾ ਜ਼ਾਹਿਰ।

**6 ਨਵੰਬਰ 2009:** ਉਲਫ਼ਾ ਦੇ 'ਵਿਦੇਸ਼ ਸਕੱਤਰ' ਸਸ਼ਾਧਰ ਚੌਧਰੀ ਅਤੇ 'ਵਿੱਤ ਸਕੱਤਰ' ਚਿਤਰਾਬਨ ਹਜ਼ਾਰਿਕਾ ਵੱਲੋਂ ਆਤਮ-ਸਮਰਪਣ।

**4 ਦਸੰਬਰ 2009:** ਉਲਫ਼ਾ ਚੇਅਰਮੈਨ ਅਰਬਿੰਦ ਰਾਜਖੋਵਾ ਅਤੇ ਡਿਪਟੀ ਕਮਾਂਡਰ-ਇਨ-ਚੀਫ਼ ਰਾਜੂ ਬਰੂਆ ਵੱਲੋਂ ਪਰਿਵਾਰ ਸਣੇ ਬੰਗਲਾ ਦੇਸ਼ ਸਰਹੱਦ ਨੇੜੇ ਗ੍ਰਿਫ਼ਤਾਰ। ਅਪੁਸ਼ਟ ਖ਼ਬਰਾਂ ਮੁਤਾਬਕ ਇਹ ਆਤਮ-ਸਮਰਪਣ ਸੀ।

## ਆਜ਼ਾਦੀ ਤੋਂ ਘੱਟ ਕੁਝ ਵੀ ਮਨਜ਼ੂਰ ਨਹੀਂ: ਪਰੇਸ਼ ਬਰੂਆ

ਉਲਫਾ ਦੇ ਕਮਾਂਡਰ-ਇਨ-ਚੀਫ਼ ਪਰੇਸ਼ ਬਰੂਆ ਨੇ ਮਿਆਂਮਾਰ ਵਿਚ ਕਚੀਨ ਹਿੱਲਜ਼ ਵਿਚ ਆਪਣਾ ਤਕੜਾ ਟਿਕਾਣਾ ਬਣਾਇਆ ਹੋਇਆ ਹੈ। ਇਹ ਇਲਾਕਾ ਚੀਨ ਦੇ ਹੂਨਾਨ ਸੂਬੇ ਦੀ ਹੱਦ ਨਾਲ ਲਗਦਾ ਹੈ। ਪਿਛਲੇ ਸਾਲ 4 ਦਸੰਬਰ ਦੀ ਸਵੇਰ ਨੂੰ ਜਦੋਂ ਬੰਗਲਾ ਦੇਸ਼ ਦੇ ਅਧਿਕਾਰੀ ਉਲਫ਼ਾ

### ਉਲਫਾ ਦੇ ਕਮਾਂਡਰ-ਇਨ-ਚੀਫ਼ ਪਰੇਸ਼ ਬਰੂਆ ਨਾਲ ਕੁਝ ਗੱਲਾਂ

ਚੇਅਰਮੈਨ ਅਰਬਿੰਦ ਰਾਜਖੋਵਾ ਅਤੇ ਉਸ ਦੇ ਪਰਿਵਾਰ ਨੂੰ ਬੀ.ਐਸ.ਐਫ਼ ਕੋਲਸੌਂਪਣ ਦੀ ਤਿਆਰੀ ਕਰ ਰਹੇ ਸਨ ਤਾਂ ਪਰੇਸ਼ ਬਰੂਆ ਪੱਤਰਕਾਰ ਸਰਬਰੀ ਭੌਮਿਕ ਨਾਲ ਫ਼ੋਨ 'ਤੇ ਗੱਲਾਂ ਕਰ ਰਿਹਾ ਸੀ। ਉਹ ਆਖ ਰਿਹਾ ਸੀ ਕਿ ਜਦੋਂ ਤੱਕ ਭਾਰਤ ਸਰਕਾਰ ਗੱਲਬਾਤ ਲਈ ਆਸਾਮ ਦੀ ਆਜ਼ਾਦੀ ਦਾ ਏਜੰਡਾ ਨਹੀਂ ਰੱਖਦੀ, ਕੋਈ ਗੱਲ ਹੋ ਨਹੀਂ ਸਕਦੀ। ਪੇਸ਼ ਹਨ ਮੁਲਾਕਾਤ ਦੇ ਕੁਝ ਅੰਸ਼:

***ਕੀ ਅਰਬਿੰਦ ਰਾਜਖੋਵਾ ਭਾਰਤ ਸਰਕਾਰ ਦੇ ਦਬਾਅ ਹੇਠ ਆ ਜਾਣਗੇ ਅਤੇ ਗੱਲਬਾਤ ਸ਼ੁਰੂ ਕਰਨਗੇ?***

ਉਲਫਾ ਸਦਾ ਗੱਲਬਾਤ ਰਾਹੀਂ ਸਮੱਸਿਆਵਾਂ ਦੇ ਹੱਕ ਵਿਚ ਰਹੀ ਹੈ ਪਰ ਗੱਲਬਾਤ ਦਾ ਪਹਿਲਾ ਏਜੰਡਾ ਆਸਾਮ ਦੀ ਅਜ਼ਾਦੀ ਹੋਣਾ ਚਾਹੀਦਾ ਹੈ। ਚੇਅਰਮੈਨ ਅਰਬਿੰਦ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਆਸਾਮ ਦੀ ਅਜ਼ਾਦੀ ਲਈ 11,000 ਲੋਕਾਂ ਨੇ ਜਾਨ ਦੇ ਦਿੱਤੀ ਹੈ। ਹੁਣ ਜੇਕਰ ਆਜ਼ਾਦੀ ਤੋਂ ਘੱਟ ਗੱਲ ਕਰਾਂਗੇ ਤਾਂ ਇਨ੍ਹਾਂ ਤੁਰ ਗਏ ਲੋਕਾਂ ਦੀ ਹੇਠੀ ਕਰ ਰਹੇ ਹੋਵਾਂਗੇ।

***ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਤਾਂ ਸਾਫ਼ ਕਿਹਾ ਹੈ ਕਿ ਗੱਲ ਤਾਂ ਹੀ ਕੀਤੀ ਜਾਵੇਗੀ, ਜੇ ਉਲਫ਼ਾ ਆਜ਼ਾਦੀ ਦਾ ਏਜੰਡਾ ਛੱਡੇਗੀ?***

ਭਾਰਤ ਸਰਕਾਰ ਦੀ ਚੇਅਰਮੈਨ ਅਰਬਿੰਦ ਨਾਲ ਗੱਲਬਾਤ ਨੂੰ ਸਰਕਾਰ ਅਤੇ ਮੀਡੀਆ ਨੇ ਨਾਟਕ ਹੀ ਬਣਾ ਛੱਡਿਆ ਹੈ। ਮੈਨੂੰ ਨਹੀਂ ਲੱਗਦਾ ਕਿ ਚੇਅਰਮੈਨ ਅਰਬਿੰਦ ਲੋਕਾਂ ਦੀਆਂ ਭਾਵਨਾਵਾਂ ਨੂੰ ਦਰਕਿਨਾਰ ਕਰਕੇ ਆਜ਼ਾਦੀ ਤੋਂ ਘੱਟ ਗੱਲ ਕਰਨਗੇ। ਉਂਜ ਜੇ ਕੋਈ ਆਗੂ ਲੋਕਾਂ ਨਾਲ ਧੋਖਾ ਕਰਦਾ ਹੈ ਤਾਂ ਇਸ ਦਾ ਖਾਮਿਆਜਾ ਉਸ ਨੂੰ ਲਾਜ਼ਮੀ ਭੁਗਤਣਾ ਪੈਂਦਾ ਹੈ।

***ਮੀਡੀਆ ਵਿਚ ਉਲਫ਼ਾ ਵਿਚ ਹੋਈ ਪਾਟੋਧਾੜ ਦੀਆਂ ਖ਼ਬਰਾਂ ਛਪ ਰਹੀਆਂ ਹਨ। ਤੁਹਾਡੀ ਕੋਈ ਟਿੱਪਣੀ?***

ਭਾਰਤੀ ਮੀਡੀਆ ਬਾਰੇ ਮੇਰੇ ਵਿਚਾਰ ਬਹੁਤੇ ਚੰਗੇ ਨਹੀਂ ਹਨ ਕਿਉਂਕਿ ਇਹ ਸਦਾ ਜੰਗਬਾਜ਼ਾਂ ਵਰਗੀ ਹੀ ਗੱਲ ਕਰਦਾ ਹੈ। ਅਸਲੀਅਤ ਕੀ ਹੈ,



ਇਸ ਬਾਰੇ ਕੋਈ ਗੱਲ ਹੀ ਨਹੀਂ ਤੋਰੀ ਜਾ ਰਹੀ। ਉਲਫਾ ਵਿਚ ਪਾਟੋਧਾੜ ਦੀਆਂ ਖ਼ਬਰਾਂ ਵੀ ਅਫ਼ਵਾਹਾਂ ਹੀ ਹਨ। ਸਾਡੀ ਸੈਂਟਰਲ ਕਮੇਟੀ ਦੇ ਬਹੁਤੇ ਮੈਂਬਰ ਤਾਂ ਜੇਲ੍ਹ ਵਿਚ ਹਨ। ਤੁਸੀਂ ਉਨ੍ਹਾਂ ਤੋਂ ਪੁੱਛੋ! ਹਾਂ, ਕੁਝ ਆਪੂੰ ਬਣੇ ਸੁਰੱਖਿਆ ਮਾਹਿਰ ਜਥੇਬੰਦੀ ਵਿਚ ਪਾਟੋਧਾੜ ਦਾ ਪ੍ਰਚਾਰ ਕਰ ਰਹੇ ਹਨ। ਸਚਾਈ ਇਹ ਕਿ ਸੰਘਰਸ਼ ਦੇ ਚਲਦਿਆਂ ਕੁਝ ਲੋਕ ਸੰਘਰਸ਼ ਤੋਂ ਅੱਕ ਜਾਦੇ ਹਨ ਅਤੇ ਜਥੇਬੰਦੀ ਤੋਂ ਪਾਸੇ ਹੋ ਜਾਂਦੇ ਹਨ। ਨਾਲੇ ਭਾਰਤ ਵਰਗੇ ਤਕੜੇ ਦੇਸ਼ ਨਾਲ ਲੜਾਈ ਤਾਂ ਤਲਵਾਰ ਦੀ ਧਾਰ 'ਤੇ ਤੁਰਨ ਬਰਾਬਰ ਹੁੰਦਾ ਹੈ। ਇਹ ਕੋਈ ਸਿੱਧੀ ਖਿੱਚੀ ਲਕੀਰ ਨਹੀਂ ਹੁੰਦੀ। ਲੜਾਕਿਆਂ ਨੂੰ ਵੰਗਾਰਾਂ ਪੈਂਦੀਆਂ ਹੀ ਹੁੰਦੀਆਂ ਹਨ। ਜਿਨ੍ਹਾਂ ਲੋਕਾਂ ਦਾ ਯਕੀਨ ਲੜਾਈ ਤੋਂ ਉਠ ਜਾਦਾ ਹੈ, ਉਹ ਫਿਰ ਲਾਂਭੇ ਹੋ ਜਾਂਦੇ ਹਨ। ਇਹ ਕੋਈ ਨਵੀਂ ਗੱਲ ਨਹੀਂ।

***ਜੇ ਅਰਬਿੰਦ ਰਾਜਖੋਵਾ ਆਜ਼ਾਦੀ ਦੀ ਗੱਲ ਛੱਡ ਕੇ ਗੱਲਬਾਤ ਸ਼ੁਰੂ ਕਰ ਲੈਂਦਾ ਹੈ ਤਾਂ ਤੁਹਾਡੀ ਕੀ ਪ੍ਰਤਕਿਰਿਆ ਹੋਵੇਗੀ?***

ਚੇਅਰਮੈਨ ਅਰਬਿੰਦ ਬਾਰੇ ਮੈਂ ਅਜੇ ਕੁਝ ਨਹੀਂ ਕਹਿਣਾ। ਦੇਖਦੇ ਹਾਂ। ਮੈਨੂੰ ਯਕੀਨ ਹੈ ਕਿ ਸਾਡੇ ਸੀਨੀਅਰ ਲੀਡਰ ਲੋਕਾਂ ਨੂੰ ਪਿੱਠ ਨਹੀਂ ਦਿਖਾਉਣ ਲੱਗੇ। ਜੇ ਅਜਿਹਾ ਹੁੰਦਾ ਹੈ ਤਾਂ ਅਗਲਾ ਆਪ ਜਾਣੇ!

***ਬੰਗਲਾ ਦੇਸ਼ ਸਰਕਾਰ ਤੁਹਾਡੀ ਜਥੇਬੰਦੀ ਮਗਰ ਅਚਾਨਕ ਕਿਉਂ ਪੈ ਗਈ?***

ਬੰਗਲਾ ਦੇਸ਼ ਦਿੱਲੀ ਨੂੰ ਖ਼ੁਸ਼ ਕਰਨ ਲਈ ਸਾਡੀ ਜਥੇਬੰਦੀ ਮਗਰ ਪੈ ਗਿਆ ਹੈ ਪਰ ਇਸ ਨੂੰ ਇਸ ਦਾ ਮੁੱਲ ਤਰਨਾ ਪਵੇਗਾ।

***ਕੀ ਇਹ ਬੰਗਲਾ ਦੇਸ਼ ਸਰਕਾਰ ਲਈ ਧਮਕੀ ਹੈ?***

ਮੈਨੂੰ ਤਾਂ ਸਮਝ ਨਹੀਂ ਲੱਗੀ ਕਿ ਬੰਗਲਾ ਦੇਸ਼ ਸਰਕਾਰ ਭਾਰਤ ਅੱਗੇ ਇੰਨੀ ਕਿਉਂ ਵਿਛ ਗਈ ਹੈ! ਇਸ ਨੂੰ ਇਸ ਚਾਪਲੂਸੀ ਦਾ ਕੁਝ ਵੀ ਮਨਹੀਂ ਮਿਲਣਾ।

***ਖ਼ਬਰਾਂ ਹਨ ਕਿ ਤੁਸੀਂ ਚੀਨ ਤੋਂ ਮੱਦਦ ਲੈ ਰਹੇ ਹੋ?***

ਅਮਰੀਕਾ ਨਾਲ ਭਾਰਤ ਦੀ ਵਧ ਰਹੀ ਸਾਂਝ ਤੋਂ ਚੀਨ ਬੜਾ ਔਖਾ ਹੈ। ਆਉਣ ਵਾਲੇ ਸਮੇਂ ਵਿਚ ਇਨ੍ਹਾਂ ਦੋਹਾਂ ਦੇਸ਼ਾਂ ਵਿਚ ਤਕਰਾਰ ਵਧੇਗਾ।

***ਇਸ ਤਕਰਾਰ ਦਾ ਤੁਹਾਨੂੰ ਕੋਈ ਫਾਇਦਾ ਹੋਵੇਗਾ?***

ਸਾਡੇ ਵਰਗੇ ਸੰਘਰਸ਼ ਕਰ ਰਹੇ ਲੋਕਾਂ ਨੂੰ ਵੱਡਿਆਂ ਦੀ ਇਸ ਲੜਾਈ ਦਾ ਫਾਇਦਾ ਵੀ ਹੋ ਸਕਦਾ ਹੈ। ਨਾਲ ਹੀ ਇਹ ਵੀ ਹੋ ਸਕਦਾ ਹੈ ਕਿ ਸਾਨ੍ਹਾਂ ਦੇ ਭੇੜ ਵਿਚ ਅਸੀਂ ਰਗੜੇ ਜਾਈਏ। ਲੜਾਈ ਵਿਚ ਬਹੁਤ ਕੁਝ ਅਨਿਸਚਿਤ ਹੁੰਦਾ ਹੈ। ਅਜਿਹੇ ਜੋਖ਼ਮ ਤਾਂ ਉਠਾਉਣੇ ਹੀ ਹਨ।


# ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਇਲੀਨਾਏ (ਯੂ ਐਸ ਏ)

## ਨੌਜਵਾਨ ਕਾਂਗਰਸੀ ਆਗੂ ਤੇ ਭੁਲੱਥ ਤੋਂ ਵਿਧਾਇਕ ਸ. ਸੁਖਪਾਲ ਸਿੰਘ ਖਹਿਰਾ ਦੇ ਸ਼ਿਕਾਗੋ ਵਿਚ ਸ਼ਾਮਬਰਗ ਆਉਣ ’ਤੇ ਸਵਾਗਤੀ ਪਾਰਟੀ ਮੌਕੇ ਦੀਆਂ ਕੁਝ ਤਸਵੀਰਾਂ

































Sponsored Page

# ਸਭ ਨੂੰ ਨਵਾਂ ਸਾਲ 2011 ਮੁਬਾਰਕ !

ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦੇ ਪ੍ਰਧਾਨ (ਯੂ ਐਸ ਏ) ਅਜੈਬ ਸਿੰਘ ਲੱਖਣ, ਸੀਨੀਅਰ ਮੀਤ ਪ੍ਰਧਾਨ (ਯੂ ਐਸ ਏ) ਸੰਤੋਖ ਸਿੰਘ ਡੀ ਸੀ, ਮੀਤ ਪ੍ਰਧਾਨ (ਯੂ ਐਸ ਏ) ਹਰਜਿੰਦਰ ਖੰਗੂੜਾ, ਜਨਰਲ ਸਕੱਤਰ (ਯੂ ਐਸ ਏ) ਨਰਿੰਦਰ ਸਿੰਘ ਸਰਾਂ, ਮੀਡੀਆ ਡਾਇਰੈਕਟਰ (ਯੂ ਐਸ ਏ) ਮਹਿੰਦਰ ਸਿੰਘ ਰਕਾਲਾ ਅਤੇ ਮੈਂਬਰਾਂ ਸਤਨਾਮ ਸਿੰਘ ਮਿਨਹਾਸ, ਪ੍ਰਦੀਪ ਸਿੰਘ ਗਿੱਲ, ਰਾਜਿੰਦਰ ਬੈਣੀਪਾਲ, ਜਸਵਿੰਦਰ ਗਿੱਲ, ਅਸ਼ੋਕ ਕੁਮਾਰ, ਜਿੰਦੀ ਦਿਆਲ, ਗਿਆਨ ਸਿੰਘ ਸੀਹਰਾ, ਸਤਿੰਦਰ ਸਿੰਘ ਸੁਸਾਣਾ, ਲੱਕੀ ਸਹੋਤਾ, ਜੱਸੀ ਸਹੋਤਾ, ਯਸ਼ਪਾਲ ਮਾਇਰ, ਨੀਲ ਕੰਠ ਸ਼ਰਮਾ, ਹੈਪੀ ਹੀਰ, ਹਰਦੀਪ ਗਿੱਲ, ਜੋਧ ਸਿੰਘ ਰਾਵਤ, ਜਸਵਿੰਦਰ ਸਿੰਘ ਜੱਸੀ ਤੇ ਰਮੇਸ਼ ਕੁਮਾਰ ਵਲੋਂ ਸ. ਸੁਖਪਾਲ ਸਿੰਘ ਖਹਿਰਾ ਦਾ ਵਿਸ਼ੇਸ਼ ਸਵਾਗਤ ਕੀਤਾ ਗਿਆ।





















*ਸਥਾਨ: ਇੰਡੀਆ ਹਾਊਸ (ਸ਼ਾਮਬਰਗ) - ਤਸਵੀਰਾਂ: ਜਿਨੇਸ਼ ਮੋਦੀ (ਮੋਦੀ ਸਟੂਡੀਓ)*

*ਹੋਰ ਜਾਣਕਾਰੀ ਲਈ:847-544-1788 ਜਾਂ 847-338-3866*

# ਸੁਖਪਾਲ ਸਿੰਘ ਖਹਿਰਾ ਦੀ ਮਿਲਵਾਕੀ ਫੇਰੀ-ਤਸਵੀਰਾਂ ਦੀ ਜ਼ੁਬਾਨੀ

ਮਿਲਵਾਕੀ: ਪੰਜਾਬ ਵਿਧਾਨ ਸਭਾ ਦੇ ਹਲਕਾ ਭੁਲੱਥ ਤੋਂ ਵਿਧਾਇਕ ਸ. ਸੁਖਪਾਲ ਸਿੰਘ ਖਹਿਰਾ ਪਿਛਲੇ ਦਿਨੀਂ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਮਿਲਵਾਕੀ ਦੇ ਸੱਦੇ ਉਤੇ ਮਿਲਵਾਕੀ ਪਹੁੰਚੇ। ਉਨ੍ਹਾਂ ਦੇ ਮਾਣ ਵਿਚ ਇਥੇ ਮਹਾਰਾਜਾ ਰੈਸਟੋਰੈਂਟ ਵਿਚ ਇਕ ਸਵਾਗਤੀ ਪਾਰਟੀ ਕੀਤੀ ਗਈ। ਇਸ ਮੌਕੇ ਹਾਜਰ ਪਤਵੰਤਿਆਂ ਨੂੰ ਸੰਬੋਧਨ ਕਰਦਿਆਂ ਸ. ਖਹਿਰਾ ਨੇ ਪਰਵਾਸੀ ਪੰਜਾਬੀਆਂ ਵਲੋਂ ਮਾਰੀਆਂ ਗਈਆਂ ਮੱਲਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੇ ਮਸਲਿਆਂ ਦੇ ਮਾਮਲੇ ਵਿਚ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿਤਾ ਅਤੇ ਨਾਲ ਹੀ ਉਨ੍ਹਾਂ ਨੂੰ ਪੰਜਾਬ ਦੀ ਸਿਆਸਤ ਵਿਚ ਵੱਧ ਸਰਗਰਮ ਹੋਣ ਦਾ ਸੱਦਾ ਦਿੱਤਾ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਹਰਭਜਨ ਸਿੰਘ ਸੰਧਾਵਾਲੀਆ, ਜੋਗਿੰਦਰ ਸਿੰਘ ਸੰਧਾਵਾਲੀਆ, ਪਾਖਰ ਸਿੰਘ ਸਿੱਧੂ, ਬਿੱਲਾ ਸਰਪੰਚ, ਗੁਰਦੇਵ ਸਿੰਘ ਜੌੜਾ, ਦਰਸ਼ਨ ਗਰੇਵਾਲ, ਸੁਖਜਿੰਦਰ ਸਿੰਘ ਜੌੜਾ, ਬਲਬੀਰ ਸਿੰਘ ਸੈਣੀ, ਲਖਬੀਰ ਸਿੰਘ ਕਾਲਾ ਅਤੇ ਮਿਲਵਾਕੀ ਕਾਂਗਰਸ ਦੇ ਅਹੁਦੇਦਾਰ ਹਾਜਰ ਸਨ। ਸ਼ਿਕਾਗੋ ਤੋਂ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਅਜੈਬ ਸਿੰਘ ਲਖਣ, ਮੀਤ ਪ੍ਰਧਾਨ ਸੰਤੋਖ ਸਿੰਘ ਡੀ ਸੀ, ਹੈਪੀ ਹੀਰ, ਨਰਿੰਦਰ ਸਰਾਂ, ਅਜਮੇਰ ਪੰਨੂ, ਯਸ਼ਪਾਲ ਮਾਇਰ, ਜਸਕਰਨ ਧਾਲੀਵਾਲ, ਸਤਿੰਦਰ ਸੁਸਾਣਾ ਅਤੇ ਜੱਸੀ ਸਹੋਤਾ ਵੀ ਪਹੁੰਚੇ ਹੋਏ ਸਨ।

ਸ੍ਰੀ ਸੁਖਪਾਲ ਸਿੰਘ ਖਹਿਰਾ ਇਥੋਂ ਦੇ ਇਕ ਉਘੇ ਆਗੂ ਸ੍ਰੀ ਪਾਖਰ ਸਿੰਘ ਸਿੱਧੂ ਦੇ ਘਰ ਵੀ ਗਏ। ਹੋਰ ਜਾਣਕਾਰੀ ਲਈ ਲਾਲੀ ਸਿੱਧੂ ਫੋਨ 414-788-9813 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


























**ਵਲੋਂ:** ਕੁਲਵੰਤ ਸਿੰਘ ਢਿਲੋਂ (ਪ੍ਰਧਾਨ), ਹਰਵਿੰਦਰ ਸਿੰਘ (ਲਾਲੀ) ਸਿੱਧੂ (ਸੀਨੀਅਰ ਮੀਤ ਪ੍ਰਧਾਨ), ਹਰਜੀਤ ਸਿੰਘ ਸੰਧਰ (ਜਨਰਲ ਸਕੱਤਰ), ਹਰਵਿੰਦਰ ਸਿੰਘ ਚਾਹਲ (ਖਜਾਨਚੀ), ਜਗਦੀਸ਼ਰ ਸਿੰਘ ਕਲੇਰ, ਬਹਾਦਰ ਸਿੰਘ ਬੱਪਾਰਾਏ, ਸਤਵਿੰਦਰ ਸਿੰਘ ਪੋਪੀ, ਪਰਮਜੀਤ ਸਿੰਘ ਬਿਲਕੂ, ਦਰਸ਼ਨ ਸਿੰਘ ਗਰੇਵਾਲ

## ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਮਿਲਵਾਕੀ (ਵਿਸਕਾਨਸਿਨ)

# ਪੁੱਤ ਨਸ਼ਿਆਂ ਨੇ ਖਾ ਲਏ ਵੇ ਲੋਕਾ...


ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com


ਗਲੀ 'ਚ ਪੈ ਰਹੇ ਰੌਲੇ ਨੇ ਮੇਰੀ ਲੱਗਦੀ ਅੱਖ ਖੋਲ੍ਹ ਦਿੱਤੀ। ਮੈਂ ਤ੍ਰਭਕ ਕੇ ਉਠਿਆ, ਆਪਣੇ ਕੰਨਾਂ 'ਤੇ ਜ਼ੋਰ ਦੇ ਕੇ ਆਵਾਜ਼ਾਂ ਦੀ ਪਛਾਣ ਕਰਨ ਲੱਗਿਆ। ਸਮਝਣ ਲਈ ਬਹੁਤ ਦੇਰ ਨਾ ਲੱਗੀ, ਸਭ ਨਾਲੋਂ ਉੱਚੀ ਆਵਾਜ਼ ਗਿਆਨੀ ਗੁਰਦਿੱਤ ਸਿੰਘ ਦੀ ਆ ਰਹੀ ਸੀ। ਗਿਆਨੀ ਬੋਲ ਰਿਹਾ ਸੀ, "ਅੱਜ ਫਿਰ ਪੀ ਕੇ ਆਇਐ, ਮੈਂ ਇਸ ਨੂੰ ਅੱਜ ਮਾਰ ਦੇਣਾ...ਰੱਬ ਨੇ ਕਿਹੜੇ ਜਨਮਾਂ ਦਾ ਬਦਲਾ ਲਿਆ! ਅਜਿਹੀ ਔਲਾਦ ਨਾਲੋਂ ਤਾਂ ਮੈਂ ਬੇਔਲਾਦ ਹੀ ਚੰਗਾ ਸੀ!!" ਗਿਆਨੀ ਜੀ ਦਾ ਇਸ ਤਰ੍ਹਾਂ ਬੋਲਣਾ ਕੋਈ ਨਵਾਂ ਨਹੀਂ ਸੀ। ਇਹ ਰੌਲਾ ਕਦੇ ਦਿਨੇ ਤੇ ਕਦੇ ਰਾਤ ਨੂੰ ਪੈਂਦਾ ਹੀ ਰਹਿੰਦਾ। ਅੱਜ ਤੋਂ ਵੀਹ ਸਾਲ ਪਹਿਲਾਂ ਇਹ ਰੌਲਾ ਟਾਵੇਂ-ਟਾਵੇਂ ਘਰਾਂ ਵਿਚ ਪੈਂਦਾ ਸੀ ਪਰ ਹੁਣ ਨਸ਼ਿਆਂ ਵਿਰੁੱਧ ਮਾਪਿਆਂ ਦਾ ਔਲਾਦ ਖ਼ਿਲਾਫ਼ ਇਹ ਰੌਲਾ ਘਰ-ਘਰ ਆਮ ਹੀ ਪੈਂਦਾ ਰਹਿੰਦਾ ਹੈ।

ਗਿਆਨੀ ਗੁਰਦਿੱਤ ਸਿੰਘ ਰੱਬ ਦੀਆਂ ਦਿੱਤੀਆਂ ਖਾਣ ਵਾਲਾ ਗੁਰਮੁਖ ਸੁਭਾਅ ਦਾ ਬੜਾ ਮਿਲਾਪੜਾ ਅਤੇ ਨੇਕ ਇਨਸਾਨ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਸੁੱਚਾ ਤੇ ਸੱਚਾ ਸਿੰਘ ਸੀ। ਗੁਰਬਾਣੀ ਨਾਲ ਅਥਾਹ ਪਿਆਰ ਕਰਦਿਆਂ ਅੱਠਵੀਂ ਜਮਾਤ ਵਿਚ ਪੜ੍ਹਦਿਆਂ ਹੀ ਪਾਠੀ ਬਣ ਗਿਆ। ਲੋਕਾਂ ਦੇ ਘਰੀਂ, ਗੁਰਦੁਆਰੇ ਵਿਚ ਮੁਫ਼ਤ ਅਖੰਡ ਪਾਠ ਤੇ ਸਹਿਜ ਪਾਠ ਕਰਦਾ। ਲੋਕ ਗਿਆਨੀ ਜੀ ਦਾ ਪਾਠ ਸੁਣਨ ਲਈ ਸਵੱਖ਼ਤੇ ਹੀ ਕੰਮ ਨਿਬੇੜ ਕੇ ਆਪੋ-ਆਪਣੇ ਘਰੀਂ ਬੈਠ ਜਾਂਦੇ, ਦੋ ਘੰਟੇ ਤਕ ਜਾਨਵਰ, ਪੰਛੀ ਤੇ ਬਨਸਪਤੀ ਵੀ ਮੌਨ ਧਾਰ ਲੈਂਦੇ। ਗਿਆਨੀ ਜੀ ਸ਼ੁੱਧ ਪਾਠ ਕਰਦੇ, ਇਕ-ਇਕ ਸ਼ਬਦ ਦੀ ਸਮਝ ਪੈਂਦੀ। ਗਿਆਨੀ ਜੀ ਦਾ ਇਕਲੌਤਾ ਪੁੱਤਰ, ਘਰਵਾਲੀ-ਕੁਲ ਤਿੰਨ ਜਣੇ। ਜ਼ਮੀਨ ਮਾਮਲੇ 'ਤੇ ਦਿੱਤੀ ਸੀ। ਕੋਈ ਨਾਜਾਇਜ਼ ਖ਼ਰਚਾ ਨਹੀਂ ਸੀ। ਗੁਜ਼ਾਰਾ ਵਧੀਆ ਹੁੰਦਾ ਸੀ। ਵੱਸਦੇ ਘਰਾਂ ਨੂੰ ਪਤਾ ਨਹੀਂ ਕਦੋ ਸੰਨ੍ਹ ਲੱਗ ਜਾਂਦੀ ਹੈ। ਗਿਆਨੀ ਜੀ ਦੇ ਤੇਜੇ ਨੂੰ ਕਿਸੇ ਮਾਰੂ-ਬੀਮਾਰੀ ਵਾਂਗ ਨਸ਼ਿਆਂ ਨੇ ਘੇਰ ਲਿਆ। ਨਿੱਕੀ ਜਿੰਦ ਨੂੰ ਵੱਡੇ ਅਮਲ ਲੱਗ ਗਏ। ਗਿਆਨੀ ਜੀ ਤੇਜੇ ਨੂੰ ਪੜ੍ਹਾ-ਲਿਖਾ ਕੇ ਵੱਡਾ ਅਫ਼ਸਰ ਬਣਾਉਣਾ ਚਾਹੁੰਦੇ ਸਨ। ਉਹ ਅਫ਼ਸਰ ਜਿਹੜਾ ਪੰਜਾਂ ਕੱਕਿਆਂ ਦਾ ਧਾਰਨੀ ਅਤੇ ਰਹਿਤ ਮਰਯਾਦਾ ਵਿਚ ਪਰਪੱਕ ਹੋਵੇ। ਸਮਾਂ ਬੀਤਦਾ ਗਿਆ। ਤੇਜਾ ਨਸ਼ਿਆਂ ਵਾਲੀ ਖੂਹੀ ਵਿਚ ਵੜਦਾ ਗਿਆ ਜਿਸ ਖੂਹੀ ਦਾ ਅਗਲਾ ਪਾਸਾ ਮੌਤ ਦੇ ਸਮੁੰਦਰ ਵਿਚ ਖੁੱਲ੍ਹਦਾ ਸੀ। ਹੁਣ ਤੇਜਾ ਸਿਰੇ ਦਾ ਅਮਲੀ ਹੋ ਗਿਆ ਸੀ। ਕਿਹੜਾ ਨਸ਼ਾ ਸੀ ਜੋ ਤੇਜੇ ਨੇ ਨਾ ਕੀਤਾ ਹੋਵੇ। ਤੇਜਾ ਤਾਂ ਨਸ਼ੇ ਦੀਆਂ ਕਿਸਮਾਂ ਅਤੇ ਡਿਗਰੀਆਂ ਚੰਗੀ ਤਰ੍ਹਾਂ ਜਾਣਦਾ ਸੀ।

ਜਿੰਨੀਆਂ ਅਰਦਾਸਾਂ-ਬੇਨਤੀਆਂ ਮਾਂਵਾਂ ਨੇ ਝੋਲੀ ਪੁੱਤ ਪੁਆਉਣ ਲਈ ਕੀਤੀਆਂ, ਉਸ ਨਾਲੋਂ ਕਈ ਗੁਣਾ ਵੱਧ ਪੁੱਤਾਂ ਦੀਆਂ ਕਰਤੂਤਾਂ ਵੀ ਆਪਣੇ ਢਿੱਡਾਂ ਵਿਚ ਲੁਕੋਈਆਂ। ਤੇਜੇ ਦੀ ਮਾਂ ਨੇ ਵੀ ਪੁੱਤ ਦੀਆਂ ਕਰਤੂਤਾਂ ਗਿਆਨੀ ਜੀ ਤੋਂ ਲੁਕੋ ਕੇ ਰੱਖੀਆਂ। ਜਿਸ ਦਿਨ ਗਿਆਨੀ ਨੂੰ ਆਪਣੇ ਪੁੱਤ ਬਾਰੇ ਪਤਾ ਲੱਗਿਆ, ਉਹ ਦੱਸਣ ਵਾਲਾ ਥਾਣੇ ਦਾ ਇੰਚਾਰਜ ਸੀ। ਤੇਜਾ ਆਪਣੇ ਸਾਥੀਆਂ ਸਮੇਤ ਸਮੈਕ ਵੇਚਦਾ ਫੜਿਆ ਗਿਆ ਸੀ। ਗਿਆਨੀ ਨੂੰ ਧਰਤੀ ਵਿਹਲ ਨਾ ਦੇਵੇ। ਪੰਚਾਇਤ ਵਿਚ ਥਾਣੇਦਾਰ ਨੇ ਗਿਆਨੀ ਦੀ ਬੇਇੱਜ਼ਤੀ ਕੀਤੀ ਪਰ ਗਿਆਨੀ ਜੀ ਦੀ ਸ਼ਖ਼ਸੀਅਤ ਕਰਕੇ ਹੀ ਤੇਜੇ ਨੂੰ ਛੱਡ ਦਿੱਤਾ। ਥਾਣੇ ਵਿਚ ਹੋਈ ਬੇਇੱਜ਼ਤੀ ਨਾਲ ਗਿਆਨੀ ਅੱਧਾ ਰਹਿ ਗਿਆ। ਹੁਣ ਘਰੋਂ ਬਾਹਰ ਨਾ ਨਿਕਲਦਾ। ਜਿਥੇ ਪੁੱਤ ਚੰਗੇ ਕੰਮ ਕਰ ਕੇ ਮਾਪਿਆਂ ਦਾ ਨਾਂ ਜੱਗ ਉਤੇ ਚਮਕਾਉਂਦੇ ਨੇ, ਉਥੇ ਤੇਜੇ ਨੇ ਗਿਆਨੀ ਦਾ ਨਾਂ ਮਿੱਟੀ ਵਿਚ ਦਫ਼ਨਾ ਦਿੱਤਾ।

ਤੇਜੇ ਹੋਰੀਂ ਇਕ ਦਿਨ ਕਿਸੇ ਦੀ ਮੋਟਰ ਚੋਰੀ ਕਰਦੇ ਫੜੇ ਗਏ। ਲੋਕਾਂ ਫੜ ਕੇ ਪੱਕੇ ਦਰਵਾਜ਼ੇ ਦੇ ਥੰਮ੍ਹਲਿਆਂ ਨਾਲ ਬੰਨ੍ਹ ਦਿੱਤਾ। ਆਪਾਂ ਜ਼ਰਾ ਸੋਚੀਏ ਕਿ ਉਨ੍ਹਾਂ ਮਾਪਿਆਂ ਦੇ ਦਿਲ 'ਤੇ ਕੀ ਬੀਤਦੀ ਹੋਊ ਜਿਨ੍ਹਾਂ ਦਾ ਪੁੱਤ ਚੋਰੀ ਕਰਦਾ ਫੜਿਆ ਗਿਆ ਹੋਵੇ ਅਤੇ ਪਿੰਡ ਦੀ ਸੱਥ ਵਿਚ ਬੰਨ੍ਹਿਆ ਹੋਵੇ। ਉਹ ਮਾਪੇ ਕਿਵੇਂ ਆਪਣੀਆਂ ਅੱਖਾਂ ਨਾਲ ਬੰਨ੍ਹੇ ਪੁੱਤ ਨੂੰ ਵੇਖ ਸਕਦੇ ਨੇ! ਤੇਜੇ ਨੂੰ ਬੰਨ੍ਹਿਆ ਵੇਖ ਕੇ ਗਿਆਨੀ ਅੱਜ ਪੂਰਾ ਖ਼ਤਮ ਹੋ ਗਿਆ। ਗਿਆਨੀ ਕਰਕੇ ਫਿਰ ਤੇਜਾ ਛੁੱਟ ਗਿਆ। ਹੁਣ ਗਿਆਨੀ ਨੇ ਤੇਜੇ ਨੂੰ ਕੁੱਟ ਕੇ ਸਮਝਾਉਣਾ ਸ਼ੁਰੂ ਕੀਤਾ ਪਰ ਤੇਜੇ ਨੂੰ ਕੁੱਟ ਵੀ ਨਾ ਸਮਝਾ ਸਕੀ।

ਅੱਜ ਵੀ ਗਲੀ ਵਿਚ ਤੇਜੇ ਨੂੰ ਕੁੱਟ ਸਮਝਾਉਣ ਲਈ ਪੈ ਰਹੀ ਸੀ। ਤੇਜਾ ਨਸ਼ਿਆਂ ਦਾ ਖਾਧਾ ਪਿਆ ਸੀ; ਸਮਝੋ ਮਿੱਟੀ ਸੀ। ਧੀਆਂ-ਪੁੱਤ ਕੁੱਟਣੇ ਕਿਹੜਾ ਸੌਖੇ ਹੁੰਦੇ ਹਨ। ਇਹ ਦੁੱਖ ਦੇਣ ਲੱਗ ਜਾਣ ਤਾਂ ਵੱਢ ਵੀ ਹੋ ਜਾਂਦੇ ਨੇ। ਤੇਜਾ ਕੁਝ ਕੁੱਟ ਦਾ ਮਾਰਿਆ, ਕੁਝ ਨਸ਼ੇ ਦੀ ਵਾਧ-ਘਾਟ ਵਿਚ ਸਦਾ ਲਈ ਅੱਖਾਂ ਮੀਟ ਗਿਆ। ਤੇਜਾ ਚੌਵੀ ਸਾਲਾਂ ਦੀ ਨਰਕਾਂ ਰੂਪੀ ਜ਼ਿੰਦਗੀ ਭੋਗ ਕੇ ਮਾਪਿਆਂ ਨੂੰ ਸਾਰੀ ਜ਼ਿੰਦਗੀ ਦੁੱਖਾਂ ਨਾਲ ਜਿਉਣ ਲਈ ਛੱਡ ਗਿਆ। ਤੇਜੇ ਦੀ ਆਖ਼ਰੀ ਮੰਜ਼ਿਲ ਵਿਚ ਲੋਕ ਇਕੱਠੇ ਹੋਏ। ਨਸ਼ਿਆਂ ਵਿਰੁੱਧ ਗੱਲਾਂ ਹੋਈਆਂ। ਬਹਿਸ ਹੋਈ। ਮੰਜ਼ਿਲ ਵਿਚ ਅੱਧਿਓਂ ਵੱਧ ਗਿਆਨੀ ਵਰਗੇ ਬਾਪ ਸਨ ਜੋ ਪੁੱਤਾਂ ਦੀਆਂ ਨਸ਼ਿਆਂ ਵਾਲੀਆਂ ਆਦਤਾਂ ਤੋਂ ਜਾਣੂੰ ਸਨ ਪਰ ਕਰ ਕੁਝ ਨਹੀਂ ਸਕਦੇ; ਨਤੀਜਾ ਤੇਜੇ ਵਰਗਾ ਹੀ ਨਿਕਲਣਾ ਸੀ।

ਸਿਵਿਆਂ ਵਿਚ ਅੱਗ ਦੇ ਭਬੂਕੇ ਨਾਲ ਹੀ ਗਿਆਨੀ ਜੀ ਦੀ ਧਾਹ ਨਿਕਲ ਗਈ, "ਓਏ ਤੇਜਿਆ ਪੁੱਤ...ਕਿੱਥੇ ਤੁਰ ਗਿਆ! ਪੁੱਤ ਤੇਰੇ ਨਸ਼ੇ ਨਹੀਂ ਮੁੱਕੇ, ਤੈਨੂੰ ਨਸ਼ਿਆਂ ਨੇ ਮੁਕਾ ਦਿੱਤਾ! ਤੈਨੂੰ ਸਭ ਨਾਲੋਂ ਤੇਜ਼ ਬਣਾਉਣਾ ਸੀ। ਪੁੱਤ ਤੂੰ ਤਾਂ ਸਾਡੀ ਜ਼ਿੰਦਗੀ ਖੁੰਡੀ ਕਰ ਗਿਐਂ...ਓਏ ਸਮਝੋ ਲੋਕੋ...ਪੁੱਤਾਂ ਨੂੰ ਸਮਝਾਓ। ਹੁਣ ਕਿਸੇ ਦਾ ਪੁੱਤ ਤੇਜੇ ਵਾਲੇ ਰਾਹ ਨਾ ਪਵੇ। ਬਚਾ ਲਵੋ ਇਸ ਜਵਾਨੀ ਨੂੰ...।" ਗਿਆਨੀ ਜੀ ਦੀ ਚਿੱਟੀ ਦਾੜ੍ਹੀ ਤੇਜ਼ ਹਵਾ ਨਾਲ ਮੋਢਿਆਂ 'ਤੇ ਉਡ ਰਹੀ ਸੀ। ਗਲ ਵਿਚ ਪਾਈ ਹੋਈ ਸ੍ਰੀ ਸਾਹਿਬ ਨੂੰ ਹੱਥਾਂ ਵਿਚ ਫੜ ਹਿੱਕ ਨਾਲ ਲਾ ਕੇ ਆਖਦਾ, "ਬਾਜ਼ਾਂ ਵਾਲਿਆਂ, ਮੇਰੇ ਤੇਜੇ ਨੂੰ ਮੁਆਫ਼ ਕਰ ਦੇਵੀਂ...!"

ਇੱਕੀ ਜੂਨ, ਉੱਨੀ ਸੌ ਸੱਤਾਸੀ ਦਾ ਉਹ ਕਾਲਾ ਦਿਨ ਜਿਸ ਦਿਨ ਸਾਡੇ ਪਰਿਵਾਰ ਦੀ ਰੀੜ੍ਹ ਦੀ ਹੱਡੀ ਟੁੱਟ ਗਈ। ਮੇਰੇ ਅਠੱਤੀ ਸਾਲਾਂ ਦੇ ਚਾਚਾ ਜੀ ਸਾਡੀਆਂ ਅੱਖਾਂ ਦੇ ਸਾਹਮਣੇ ਦਮ ਤੋੜ ਗਏ। ਸਾਡੇ ਪਰਿਵਾਰ ਵਿਚੋਂ ਸਭ ਤੋਂ ਵੱਧ ਪੜ੍ਹੇ-ਲਿਖੇ ਸਨ। ਸਭ ਤੋਂ ਵੱਧ ਸਿਆਣੇ, ਕਾਲਜ ਦੀ ਪੜ੍ਹਾਈ ਖ਼ਤਮ ਕਰ ਕੇ ਨੌਕਰੀ ਦੀ ਭਾਲ ਵਿਚ ਸਨ। ਚਾਚਾ ਜੀ ਨੂੰ ਖੇਤੀ ਦਾ ਕੰਮ ਕਰਨਾ ਔਖਾ ਲੱਗਦਾ। ਥੋੜ੍ਹੀ ਜਿੰਨੀ ਗਰਮੀ ਨਾ ਸਹਾਰਦੇ। ਝੱਟ ਨਕਸੀਰ ਫੁੱਟ ਜਾਂਦੀ। ਨੱਕ, ਮੂੰਹ ਖ਼ੂਨ ਨਾਲ ਭਰ ਜਾਂਦਾ। ਦਾਦਾ ਜੀ ਉਨ੍ਹਾਂ ਨੂੰ ਤੋਰੇ-ਫੇਰੇ ਦੇ ਕੰਮਾਂ 'ਤੇ ਲਾਈ ਰੱਖਦੇ। ਦਾਦਾ ਜੀ ਨੇ ਸ਼ਰਾਬ ਤਾਂ ਕੀ, ਕਦੇ ਚਾਹ ਤਕ ਵੀ ਨਹੀਂ ਪੀਤੀ ਸੀ।

ਹੋਰਨਾਂ ਮੁੰਡਿਆਂ ਵਾਂਗ ਚਾਚਾ ਜੀ ਨੂੰ ਵੀ ਬਾਹਰ ਦਾ ਬਹੁਤ ਸ਼ੌਕ ਸੀ। ਪਿੰਡ ਦੇ ਚਾਰ-ਪੰਜ ਮੁੰਡਿਆਂ ਨੇ ਇਕ ਏਜੰਟ ਨਾਲ ਗੱਲ ਕਰ ਲਈ ਜੋ ਇਨ੍ਹਾਂ ਸਾਰਿਆਂ ਨੂੰ ਮਨੀਲਾ ਲੈ ਆਇਆ। ਧੱਕੇ-ਧੋੜੇ ਖਾਂਦੇ ਮਸਾਂ ਕੰਮ 'ਤੇ ਲੱਗੇ। ਕੱਪੜੇ ਖ਼ਰੀਦ ਕੇ ਪਿੰਡਾਂ ਵਿਚ ਵੇਚਦੇ, ਪੱਕੇ ਹੋਣ ਲਈ ਚਾਚਾ ਜੀ ਨੇ ਇਕ ਫਿਲਪੀਨਣ ਨਾਲ ਵਿਆਹ ਕਰਵਾਇਆ। ਚਾਚਾ ਜੀ ਪੱਕੇ ਤਾਂ ਹੋ ਗਏ ਪਰ ਸ਼ਰਾਬ ਪੀਣ ਦਾ ਸ਼ੌਕ ਵੀ ਨਾਲ ਹੀ 'ਪੱਕਾ' ਕਰ ਲਿਆ। ਚਾਚਾ ਜੀ ਜਿੰਨਾ ਸ਼ਰਾਬ ਨੂੰ ਨਫ਼ਰਤ ਕਰਦੇ ਸਨ, ਓਨੀ ਹੁਣ ਜ਼ਿਆਦਾ ਪੀਂਦੇ ਸਨ। ਵੱਡੇ-ਵੱਡੇ ਲੋਕਾਂ ਵਿਚ ਆਉਣ-ਜਾਣ ਹੋਣ ਲੱਗਿਆ। ਸ਼ਰਾਬ ਦੇ ਖੁੱਲ੍ਹੇ ਦੌਰ ਚੱਲਦੇ। ਦਾਦਾ ਜੀ ਨੂੰ ਜਦੋਂ ਇਹ ਪਤਾ ਲੱਗਿਆ, ਉਨ੍ਹਾਂ ਨੇ ਚਿੱਠੀਆਂ ਰਾਹੀਂ ਬਹੁਤ ਸਮਝਾਇਆ ਕਿ ਸ਼ਰਾਬ ਪੀਣੀ ਬਹੁਤ ਮਾੜੀ ਹੈ। ਆਪਣੇ ਪਰਿਵਾਰ ਵਿਚ ਸ਼ਰਾਬ ਦੀ ਮਨਾਹੀ ਹੈ। ਸ਼ਹੀਦਾਂ ਦਾ ਪਰਿਵਾਰ ਹੋਣ ਕਰਕੇ ਨਸ਼ਾ ਸਾਡੇ ਲਈ ਬਹੁਤ ਹੀ ਮਾੜਾ ਹੈ ਪਰ ਚਾਚਾ ਜੀ ਪੀਂਦੇ ਹੀ ਰਹੇ।

ਸੱਤਾਂ ਸਾਲ ਬਾਅਦ ਪਿੰਡ ਆਏ। ਚਾਚੇ ਦਾ ਵਿਆਹ ਕਰ ਦਿੱਤਾ। ਚਾਚਾ ਜੀ ਪਿੰਡ ਤਿੰਨ ਮਹੀਨੇ ਰਹੇ। ਸ਼ਰਾਬ ਦੀ ਪੇਟੀ ਲਿਆਉਂਦੇ, ਯਾਰਾਂ-ਦੋਸਤਾਂ ਨੂੰ ਪਿਲਾਉਂਦੇ ਰਹਿੰਦੇ। ਜੇ ਦਾਦਾ ਜੀ ਘੂਰਦੇ ਤਾਂ ਖੇਤ ਜਾ ਕੇ ਪੀ ਲੈਂਦੇ।

ਫੇਰ ਚਾਚਾ ਜੀ ਦੁਬਾਰਾ ਸੱਤਾਸੀ ਵਿਚ ਪਿੰਡ ਆਏ। ਸ਼ਰਾਬ ਦੀ ਆਦਤ ਪਹਿਲਾਂ ਵਾਂਗ ਹੀ ਸੀ। ਚਾਚਾ ਜੀ ਦੇ ਵਿਆਹ ਨੂੰ ਵੀ ਤਿੰਨ ਸਾਲ ਹੋ ਗਏ ਸਨ। ਅਜੇ ਤਕ ਕੋਈ ਬੱਚਾ ਨਹੀਂ ਸੀ ਹੋਇਆ। ਡਾਕਟਰਾਂ ਨੇ ਵੀ ਬੱਚੇ ਲਈ ਚਾਚਾ ਜੀ ਨੂੰ ਸ਼ਰਾਬ ਪੀਣ ਤੋਂ ਮਨ੍ਹਾ ਕੀਤਾ ਪਰ ਚਾਚਾ ਜੀ ਚੋਰੀ-ਚੋਰੀ ਪੀਂਦੇ ਰਹੇ। ਚਾਚਾ ਜੀ 'ਤੇ ਸਾਰੇ ਪਰਿਵਾਰ ਨੂੰ ਬਹੁਤ ਮਾਣ ਸੀ। ਚਾਚੇ ਨੇ ਬਹੁਤ ਮਿਹਨਤ ਕੀਤੀ ਸੀ, ਇਸ ਕਰਕੇ ਸਾਰਾ ਪਰਿਵਾਰ ਚਾਚਾ ਜੀ ਦੀ ਇੱਜ਼ਤ ਕਰਦਾ ਸੀ। ਡਰਦਾ ਕੋਈ ਅੱਗੇ ਨਹੀਂ ਸੀ ਬੋਲਦਾ।

ਸੱਤਾਸੀ ਵਿਚ ਮੈਂ ਨੌਵੀਂ ਜਮਾਤ ਵਿਚ ਸੀ। ਉਸ ਸਮੇਂ ਚਾਚਾ ਜੀ ਨੇ ਮੇਰਾ ਪਾਸਪੋਰਟ ਬਣਾ ਕੇ ਏਜੰਟ ਨੂੰ ਦੇ ਦਿੱਤਾ। ਮੇਰਾ ਪੇਪਰ ਵਰਕ ਚੱਲਦਾ ਸੀ ਕਿ ਅਚਾਨਕ ਚਾਚੇ ਹੁਰੀਂ ਬੀਮਾਰ ਹੋ ਗਏ। ਚੈਕਅੱਪ ਕਰਵਾਇਆ। ਡਾਕਟਰਾਂ ਦੱਸਿਆ ਕਿ ਜ਼ਿਆਦਾ ਸ਼ਰਾਬ ਪੀਣ ਨਾਲ ਲੀਵਰ ਖ਼ਤਮ ਹੋ ਗਿਆ। ਝੋਨੇ ਦੀ ਲਵਾਈ ਜ਼ੋਰਾਂ 'ਤੇ ਸੀ ਅਤੇ ਮੈਂ ਚਾਚਾ ਜੀ ਦੀ ਦੇਖਭਾਲ ਕਰਦਾ, ਖੇਤਾਂ ਵਿਚ ਵੀ ਕੰਮ ਦਾ ਜ਼ੋਰ ਸੀ। ਅਤਿ ਦੀ ਗਰਮੀ ਪੈ ਰਹੀ ਸੀ। ਫਿਰ ਅਸੀਂ ਚਾਚਾ ਜੀ ਨੂੰ ਸੀ.ਐਮ.ਸੀ. ਲੁਧਿਆਣਾ ਦਾਖ਼ਲ ਕਰਵਾਇਆ। ਉਥੋਂ ਚਾਚਾ ਜੀ ਦੀ ਲਾਸ਼ ਹੀ ਆਈ।

ਸਾਰੀ ਰਾਤ ਚਾਚਾ ਜੀ ਦੀ ਦੇਹ ਦੁਆਲੇ ਬਰਫ਼ ਰੱਖਦੇ ਰਹੇ। ਠੇਕਿਆਂ ਵਿਚੋਂ ਸ਼ਰਾਬ ਨਹੀਂ ਮੁੱਕੀ ਪਰ ਚਾਚਾ ਜੀ ਮੁੱਕ ਗਏ। ਚਾਚੀ ਜੀ ਦੇ ਹੱਥਾਂ ਦੀ ਮਹਿੰਦੀ ਅਜੇ ਉਤਰੀ ਨਹੀਂ ਸੀ ਕਿ ਚਿੱਟਾ ਸੂਟ ਪਾਉਣਾ ਪੈ ਗਿਆ। ਚਾਚਾ ਜੀ ਤੋਂ ਬਾਅਦ ਚਾਚੀ ਨੇ ਬਹੁਤ ਦੁੱਖ ਹੰਢਾਏ। ਮੇਰਾ ਬਾਹਰ ਆਉਣਾ ਵੀ ਵਿਚੇ ਰਹਿ ਗਿਆ। ਚਾਚਾ ਜੀ ਦੀ ਮੌਤ ਨੇ ਸਾਡੇ ਪਰਿਵਾਰ ਦਾ ਲੱਕ ਤੋੜ ਦਿੱਤਾ। ਦਾਦਾ ਜੀ ਵੀ ਪੁੱਤ ਦੇ ਵਿਛੋੜੇ ਵਿਚ ਛੇਤੀ ਹੀ ਚਾਚੇ ਪਿੱਛੇ ਤੁਰ ਗਏ। ਅਸੀਂ ਅੱਜ ਵੀ ਚਾਚਾ ਜੀ ਨੂੰ ਯਾਦ ਕਰ ਕੇ ਰੋਂਦੇ ਹਾਂ। ਅੱਜ ਵੀ ਪੰਜਾਬ ਵਿਚ ਠੇਕਿਆਂ ਦੀ ਗਿਣਤੀ ਵਧਦੀ ਜਾਂਦੀ ਹੈ। ਪਿਛੇ ਜਿਹੇ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਬਿਆਨ ਦਿੱਤਾ ਸੀ ਕਿ ਐਕਸਾਈਜ਼ ਤੋਂ ਆਮਦਨ ਤਿੰਨ ਗੁਣਾਂ ਵਧ ਗਈ ਹੈ, ਮਤਲਬ ਸ਼ਰਾਬ ਦੀ ਖਪਤ ਤਿੰਨ ਗੁਣਾਂ ਵਧ ਗਈ ਹੈ। ਕਿਹੀ ਤਰੱਕੀ ਹੈ? ਇਸ ਜੱਗ ਤੋਂ ਨਸ਼ਾ ਨਹੀਂ ਮੁੱਕ ਸਕਦਾ; ਜਦੋਂ ਮੁੱਕਣੀ ਹੈ ਤਾਂ ਜਿੰਦ ਮੁੱਕਣੀ ਹੈ, ਨਸ਼ਿਆਂ ਨੇ ਜਿੰਦ ਖਾਣੀ ਹੈ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਿਹਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।


ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖ਼ਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627




ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu
Cell:916-502-7733


4585 Pell Dr. Secramento CA, 95838

# ਸਾਜ਼ਿਸ਼ੀ ਕੌਣ:ਡਾ. ਬਿਨਾਇਕ ਸੇਨ ਜਾਂ ਸਟੇਟ?

## ਸੈਸ਼ਨ ਅਦਾਲਤ ਦਾ ਫ਼ੈਸਲਾ ਤੱਥਾਂ ਤੋਂ ਕੋਹਾਂ ਦੂਰ ਅਤੇ ਪੱਖਪਾਤੀ

**ਰਾਏਪੁਰ (ਛਤੀਸਗੜ੍ਹ) ਦੇ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਨੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀ.ਯੂ.ਸੀ.ਐਲ.) ਦੇ ਕੌਮੀ ਮੀਤ ਪ੍ਰਧਾਨ ਡਾ. ਬਿਨਾਇਕ ਸੇਨ, ਮਾਓਵਾਦੀ ਆਗੂ ਨਾਰਾਇਣ ਸਾਨਿਆਲ ਅਤੇ ਵਪਾਰੀ ਪਿਯੂਸ਼ ਗੁਹਾ ਨੂੰ ਉਮਰ ਕੈਦ ਦੀ ਸਜ਼ਾ ਸਣਾਈ ਸੀ। ਪੀ.ਯੂ.ਸੀ.ਐਲ.ਵੱਲੋਂ ਅਦਾਲਤ ਦੇ ਇਸ ਫ਼ੈਸਲੇ ਬਾਰੇ ਟਿੱਪਣੀ ਕੀਤੀ ਗਈ ਹੈ। ਇਸ ਵਿਚ ਇਕ-ਇਕ ਨੁਕਤੇ ਨੂੰ ਆਧਾਰ ਬਣਾ ਕੇ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਸਬੂਤਾਂ ਅਤੇ ਗਵਾਹਾਂ ਨੂੰ ਵੀ ਦਰਕਿਨਾਰ ਕਰਕੇ ਇਹ ਫ਼ੈਸਲਾ ਸੁਣਾਇਆ ਗਿਆ। ਸਟੇਟ ਕਿਸ ਤਰ੍ਹਾਂ ਨਿਆਂਪਾਲਿਕਾ ਨੂੰ ਆਪਣੀ ਮੁੱਠੀ ਵਿਚ ਨੱਪ ਸਕਦੀ ਹੈ, ਇਹ ਗੱਲ ਇਸ ਫ਼ੈਸਲੇ ਤੋਂ ਸਪਸ਼ਟ ਹੋ ਗਈ ਹੈ।**

ਰਾਏਪੁਰ ਦੇ ਦੂਜੇ ਵਧੀਕ ਸੈਸ਼ਨ ਜੱਜ ਬੀ ਪੀ ਵਰਮਾ ਨੇ ਮਨੁੱਖੀ ਹੱਕਾਂ ਦੇ ਘੁਲਾਟੀਏ ਡਾ. ਬਿਨਾਇਕ ਸੇਨ, ਕਲਕੱਤਾ ਦੇ ਵਪਾਰੀ ਪਿਯੂਸ਼ ਗੁਹਾ ਅਤੇ ਮਾਓਵਾਦੀ ਸਿਧਾਂਤਕਾਰ ਨਾਰਾਇਣ ਸਾਨਿਆਲ ਨੂੰ ਉਮਰ ਕੈਦ ਦੀ ਸਖ਼ਤ ਸਜ਼ਾ ਸੁਣਾ ਦਿੱਤੀ ਹੈ। ਇਹ ਸਜ਼ਾ ਭਾਰਤੀ ਦੰਡਵਿਧਾਨ ਦੀ ਧਾਰਾ 124-ਏ ਅਤੇ ਧਾਰਾ 120-ਬੀ, ਛੱਤੀਸਗੜ੍ਹ ਵਿਸ਼ੇਸ਼ ਜਨ ਸੁਰੱਖਿਆ ਕਾਨੂੰਨ-2005 (ਸੀ ਐੱਸ ਪੀ ਐੱਸ ਏ-2005) ਦੀਆਂ ਮੱਦਾਂ 8(1), 8(2), 8(3), 8(4) ਅਤੇ 8(5) ਅਤੇ ਗ਼ੈਰ-ਕਾਨੂੰਨੀ ਕਾਰਵਾਈਆਂ ਰੋਕੂ ਕਾਨੂੰਨ-1967 ਦੀ ਧਾਰਾ 39(2) ਤਹਿਤ ਦਿੱਤੀ ਗਈ ਹੈ। ਇਨ੍ਹਾਂ ਵੱਖ-ਵੱਖ ਕਾਨੂੰਨਾਂ ਤਹਿਤ ਦਿੱਤੀਆਂ ਗਈਆਂ ਸਜ਼ਾਵਾਂ ਉਮਰ ਕੈਦ ਦੀ ਮੁੱਖ ਸਜ਼ਾ ਦੇ ਨਾਲ-ਨਾਲ ਚੱਲਣਗੀਆਂ। ਨਰਾਇਣ ਸਾਨਿਆਲ ਨੂੰ ਯੂ ਏ ਪੀ ਏ ਕਾਨੂੰਨ-1967 ਦੀ ਧਾਰਾ-20 ਤਹਿਤ ਇਸ ਤੋਂ ਵੱਖਰੀ ਸਜ਼ਾ ਵੀ ਸੁਣਾਈ ਗਈ ਹੈ। ਭਾਰਤੀ ਦੰਡਵਿਧਾਨ ਦੀਆਂ 124-ਏ ਅਤੇ ਅਤੇ 120-ਬੀ ਧਾਰਾਵਾਂ ਦੇਸ਼ ਧ੍ਰੋਹ ਅਤੇ ਦੇਸ਼ ਧ੍ਰੋਹ ਦੀ ਸਾਜ਼ਿਸ਼ ਰਚਣ ਨਾਲ ਸਬੰਧਤ ਹਨ। ਛੱਤੀਸਗੜ੍ਹ ਵਿਸ਼ੇਸ਼ ਜਨ ਸੁਰੱਖਿਆ ਕਾਨੂੰਨ-2005 ਉਨ੍ਹਾਂ 'ਤੇ ਲਗਾਇਆ ਜਾਂਦਾ ਹੈ ਜੋ ਇਸ ਕਾਨੂੰਨ ਤਹਿਤ ਪਾਬੰਦੀਸ਼ੁਦਾ ਜਥੇਬੰਦੀਆਂ ਦੀ ਸੂਚੀ 'ਚ ਸ਼ਾਮਲ ਕੀਤੀ ਗਈ ਅਤੇ ਪਾਬੰਦੀਸ਼ੁਦਾ ਐਲਾਨੀ ਗਈ ਜਥੇਬੰਦੀ ਦੇ ਮੈਂਬਰ ਹੋਣ, ਇਸ ਨਾਲ ਜੁੜੇ ਹੋਣ ਅਤੇ ਇਸ ਦੇ ਹਿੱਤਾਂ ਲਈ, ਵਿਤੀ ਜਾਂ ਹੋਰ ਤਰੀਕੇ ਨਾਲ ਕੰਮ ਕਰਦੇ ਹੋਣ। ਯੂ ਏ ਪੀ ਏ-1967 ਦਹਿਸ਼ਤਪਸੰਦ ਗ੍ਰੋਹ ਜਾਂ ਜਥੇਬੰਦੀ ਦੇ ਮੈਂਬਰਾਂ ਉੱਪਰ, ਦਹਿਸ਼ਤਪਸੰਦਾਂ ਨੂੰ ਪੈਸਾ ਤੇ




ਹੋਰ ਰੂਪਾਂ 'ਚ ਹਮਾਇਤ ਦੇਣ ਵਾਲਿਆਂ 'ਤੇ ਲਗਾਇਆ ਜਾਂਦਾ ਹੈ।

ਉਪਰੋਕਤ ਕਾਨੂੰਨਾਂ ਤਹਿਤ ਤਿੰਨਾਂ ਨੂੰ ਦੋਸ਼ੀ ਠਹਿਰਾਉਣ ਲਈ ਇਹ ਜ਼ਰੂਰੀ ਸੀ ਕਿ ਜੱਜ ਸਪਸ਼ਟ ਰੂਪ 'ਚ ਇਹ ਦਰਸਾਉਂਦਾ ਕਿ ਇਹ ਸ਼ਖ਼ਸ ਵਿਅਕਤੀਗਤ ਰੂਪ 'ਚ ਜਾਂ ਕਿਸੇ ਜਥੇਬੰਦੀ ਦੇ ਮੈਂਬਰਾਂ ਵਜੋਂ ਸਿੱਧੇ ਤੌਰ 'ਤੇ ਦੇਸ਼ ਧ੍ਰੋਹੀ ਕਾਰਵਾਈਆਂ ਵਿਚ ਜੁਟੇ ਹੋਏ ਸਨ ਜਾਂ ਹੋਰ ਵਿਅਕਤੀਆਂ ਜਾਂ ਜਥੇਬੰਦੀਆਂ ਵਲੋਂ ਦੇਸ਼ ਧ੍ਰੋਹੀ ਕਾਰਵਾਈਆਂ ਦੀ ਸਾਜ਼ਿਸ਼ ਰਚਣ 'ਚ ਸ਼ਾਮਲ ਸਨ। ਨਾਲ ਹੀ ਇਹ ਸਾਬਤ ਕਰਨਾ ਵੀ ਜ਼ਰੂਰੀ ਸੀ ਕਿ ਇਹ ਵਿਅਕਤੀ ਜਾਂ ਤਾਂ ਸੀ ਐੱਸ ਪੀ ਐੱਸ ਏ ਜਾਂ/ਅਤੇ ਯੂ ਏ ਪੀ ਏ ਤਹਿਤ ਗ਼ੈਰ-ਕਾਨੂੰਨੀ ਐਲਾਨੀ ਗਈ ਜਥੇਬੰਦੀ ਦੇ ਮੈਂਬਰ ਸਨ ਜਾਂ ਅਜਿਹੀਆਂ ਗ਼ੈਰ-ਕਾਨੂੰਨੀ ਜਥੇਬੰਦੀਆਂ ਦੀਆਂ ਕਾਰਵਾਈਆਂ 'ਚ ਮਦਦ ਕਰ ਰਹੇ ਸਨ। ਜੱਜ ਵਰਮਾ ਨੇ ਇਹ ਸਬੰਧ ਦਰਸਾਉਣ ਲਈ ਜੋ ਵਿਆਖਿਆ ਦਿੱਤੀ ਹੈ ਉਹ ਕਾਨੂੰਨੀ ਪੱਖ ਤੋਂ ਖੋਖਲੀ ਹੈ।

ਜੱਜ ਵਰਮਾ ਦੀ ਵਿਆਖਿਆ ਦੇ ਮੁੱਖ ਨੁਕਤੇ

* ਨਰਾਇਣ ਸਾਨਿਆਲ ਸੀ.ਪੀ.ਆਈ. (ਮਾਓਵਾਦੀ) ਦੇ ਉੱਚਤਮ ਫ਼ੈਸਲਾਕੁਨ ਅਦਾਰੇ ਪੋਲਿਟ ਬਿਊਰੋ ਦਾ ਮੈਂਬਰ ਹੈ ਜੋ ਸੀ.ਐੱਸ.ਪੀ. ਐੱਸ ਏ ਅਤੇ ਯੂ.ਏ.ਪੀ.ਏ. ਤਹਿਤ ਪਾਬੰਦੀਸ਼ੁਦਾ ਜਥੇਬੰਦੀ ਹੈ। ਉਸ ਨੂੰ ਦੋਸ਼ੀ ਸਾਬਤ ਕਰਨ ਲਈ ਕੁਝ ਰਸਾਲਿਆਂ (ਜਿਨ੍ਹਾਂ ਨੂੰ ਮਾਓਵਾਦੀ ਪਾਰਟੀ ਦੇ ਤਰਜਮਾਨ ਦੱਸਿਆ ਗਿਆ ਹੈ) ਦੇ ਹਵਾਲੇ ਅਤੇ ਆਂਧਰਾ ਪ੍ਰਦੇਸ਼ ਤੇ ਝਾਰਖੰਡ ਸੂਬਿਆਂ ਅੰਦਰ ਮਾਓਵਾਦੀ ਸਰਗਰਮੀਆਂ ਸਬੰਧੀ ਦਰਜ ਕੁਝ ਮਾਮਲੇ ਪੇਸ਼ ਕੀਤੇ ਗਏ ਹਨ। ਇਹ ਰਸਾਲੇ ਪਿਯੂਸ ਗੁਹਾ ਕੋਲੋਂ ਬਰਾਮਦ ਹੋਏ ਦੱਸੇ ਜਾਂਦੇ ਹਨ ਜਿਸ ਦਾ ਕਹਿਣਾ ਹੈ ਕਿ ਇਹ ਪੁਲਿਸ ਨੇ ਆਪਣੇ ਕੋਲੋਂ ਦਿਖਾਏ ਹਨ। ਜੱਜ ਨੇ ਬਿਨਾ ਕਿੰਤੂ-ਪ੍ਰੰਤੂ ਕੀਤਿਆਂ ਪੁਲਿਸ ਵਲੋਂ ਪੇਸ਼ ਕੀਤੀ ਕਹਾਣੀ ਨੂੰ ਸਹੀ ਮੰਨ ਲਿਆ। ਇਸ ਦੀ ਪੁਸ਼ਟੀ ਲਈ ਪੁਲਿਸ ਨੇ ਬਰਾਮਦਗੀ ਦੇ ਸਰਕਾਰੀ ਗਵਾਹ ਵਜੋਂ ਅਨਿਲ ਸਿੰਘ ਨਾਂ ਦੇ ਬੰਦੇ ਨੂੰ ਭੁਗਤਾਇਆ ਸੀ। ਜੱਜ ਨੇ ਪਿਯੂਸ ਗੁਹਾ ਅਤੇ ਦੂਜੇ ਦੋਸ਼ੀ ਡਾ. ਬਿਨਾਇਕ ਸੇਨ ਦੇ ਇਨ੍ਹਾਂ ਇਤਰਾਜ਼ਾਂ ਨੂੰ ਪੂਰੀ ਤਰ੍ਹਾਂ ਅਣਡਿੱਠ ਕਰ ਦਿੱਤਾ ਜਿਨ੍ਹਾਂ ਦਾ ਕਹਿਣਾ ਸੀ ਕਿ ਪਿਯੂਸ ਦੀ ਤਲਾਸ਼ੀ ਲੈਣ ਸਮੇਂ ਇਹ ਗਵਾਹ ਪੁਲਿਸ ਦੇ ਨਾਲ ਨਹੀਂ ਸੀ ਬਲਕਿ ਉਸ ਨੂੰ ਗ੍ਰਿਫ਼ਤਾਰ ਕਰਨ ਸਮੇਂ ਇਸ ਗਵਾਹ ਨੇ ਇਸ ਬਾਰੇ ਪੁਲਿਸ ਅਤੇ ਗੁਹਾ ਦੀ ਗੱਲਬਾਤ ਹੀ ਸੁਣੀ ਸੀ। ਗੁਹਾ ਉਸ ਸਮੇਂ ਪੁਲਿਸ ਦੀ ਹਿਰਾਸਤ 'ਚ ਸੀ ਅਤੇ ਹਿਰਾਸਤ 'ਚ ਲਏ ਵਿਅਕਤੀ ਦਾ ਬਿਆਨ ਭਾਰਤੀ ਗਵਾਹੀ ਕਾਨੂੰਨ-1872 ਤਹਿਤ ਮੰਨਣਯੋਗ ਨਹੀਂ ਹੈ।

ਯਾਦ ਰਹੇ ਕਿ ਸਰਕਾਰੀ ਗਵਾਹ ਅਨਿਲ ਸਿੰਘ ਅਨੁਸਾਰ ਉਸ ਨੂੰ ਪੁਲਿਸ ਵੱਲੋਂ ਰਾਹ ਜਾਂਦੇ ਨੂੰ ਰੋਕ ਕੇ ਮੌਕੇ ਦਾ ਗਵਾਹ ਬਣਾਇਆ ਗਿਆ ਸੀ। ਇਸੇ ਤਰ੍ਹਾਂ ਜੱਜ ਨੇ ਹੋਰ ਸੂਬਿਆਂ 'ਚ ਸ੍ਰੀ ਸਾਨਿਆਲ ਖਿਲਾਫ਼ ਦਰਜ ਮਾਮਲਿਆਂ ਦੇ ਅਧਾਰ 'ਤੇ ਉਸ ਨੂੰ ਸੀ ਪੀ ਆਈ (ਮਾਓਵਾਦੀ) ਦਾ ਮੈਂਬਰ ਦਰਸਾਇਆ ਹੈ ਜਦਕਿ ਇਨ੍ਹਾਂ ਮਾਮਲਿਆਂ 'ਚ ਉਸ ਨੂੰ ਅਜੇ ਦੋਸ਼ੀ ਹੀ ਸਾਬਤ ਨਹੀਂ ਕੀਤਾ ਗਿਆ।

* ਸਜ਼ਾ ਦਾ ਕੇਂਦਰੀ ਨੁਕਤਾ ਗ੍ਰਿਫ਼ਤਾਰੀ ਅਤੇ ਕੁਝ ਚੀਜ਼ਾਂ ਬਰਾਮਦ ਹੋਣ ਨੂੰ ਬਣਾਇਆ ਗਿਆ। ਇਨ੍ਹਾਂ ਵਿਚ ਉੱਪਰ ਜ਼ਿਕਰ ਕੀਤੇ ਰਸਾਲੇ ਅਤੇ ਤਿੰਨ ਚਿੱਠੀਆਂ ਸ਼ਾਮਲ ਹਨ ਜਿਨ੍ਹਾਂ ਬਾਰੇ ਪੁਲਿਸ ਦਾ ਕਹਿਣਾ ਹੈ ਕਿ ਸ੍ਰੀ ਸਾਨਿਆਲ ਇਹ ਚਿੱਠੀਆਂ ਲਿਖ ਕੇ ਬਿਨਾਇਕ ਸੇਨ ਨੂੰ ਦਿੰਦਾ ਰਿਹਾ ਜਦੋਂ ਉਹ ਜੇਲ੍ਹ 'ਚ ਉਸ ਦੀ ਮੁਲਾਕਾਤ ਕਰਨ ਜਾਂਦਾ ਸੀ। ਉਸ ਵਲੋਂ ਇਹ ਅਗਾਂਹ ਪਿਯੂਸ ਗੁਹਾ ਨੂੰ ਦਿੱਤੀਆਂ ਦਰਸਾਈਆਂ ਗਈਆਂ ਜਿਸ ਬਾਰੇ ਪੁਲਿਸ ਦਾ ਕਹਿਣਾ ਹੈ ਉਸ ਨੇ ਇਹ ਸਾਨਿਆਲ ਦੇ ਪਾਰਟੀ ਸਾਥੀਆਂ ਨੂੰ ਪਹੁੰਚਾਉਣੀਆਂ ਸਨ। ਇਸ ਤਰ੍ਹਾਂ ਤਿੰਨਾਂ ਨੂੰ ਸਾਜ਼ਿਸ਼ 'ਚ ਸ਼ਾਮਲ ਦਰਸਾ ਦਿੱਤਾ ਗਿਆ। ਇਸ ਸਿਲਸਿਲੇ ਅਨੁਸਾਰ ਸਾਨਿਆਲ ਦੇਸ਼ ਧ੍ਰੋਹੀ, ਗ਼ੈਰਕਾਨੂੰਨੀ ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਹੈ; ਬਿਨਾਇਕ ਸੇਨ ਸਾਨਿਆਲ ਨਾਲ ਮਿਲ ਕੇ ਉਸ ਦੀਆਂ ਚਿੱਠੀਆਂ ਉਸ ਦੇ ਪਾਰਟੀ ਸਾਥੀਆਂ ਤੱਕ ਗੁਹਾ ਰਾਹੀਂ ਪਹੁੰਚਾਉਣ ਦੀ ਸਾਜ਼ਿਸ਼ ਰਚਣ ਵਾਲਾ ਹੈ। ਇਸ ਤਰ੍ਹਾਂ ਸੇਨ ਅਤੇ ਗੁਹਾ ਦੋਵੇਂ ਦੇਸ਼ ਧ੍ਰੋਹੀ ਅਤੇ ਗ਼ੈਰਕਾਨੂੰਨੀ ਜਥੇਬੰਦੀ ਦੀਆਂ ਕਾਰਵਾਈਆਂ 'ਚ ਸਹਿਯੋਗ ਦੇ ਰਹੇ ਹਨ। ਇਸ ਸਾਜ਼ਿਸ਼ ਦੀਆਂ ਕੜੀਆਂ ਜੋੜਨ ਲਈ ਜੱਜ ਨੇ ਫੋਰੈਂਸਿਕ ਸਬੂਤਾਂ ਨੂੰ ਅਧਾਰ ਬਣਾਇਆ ਹੈ ਜਿਨ੍ਹਾਂ 'ਚ ਦਰਸਾਇਆ ਗਿਆ ਹੈ ਕਿ ਇਹ ਚਿੱਠੀਆਂ ਸਾਨਿਆਲ ਦੀਆਂ ਲਿਖੀਆਂ ਹੋਈਆਂ ਹਨ। ਇਹ ਚਿੱਠੀਆਂ ਪਿਯੂਸ ਗੁਹਾ ਕੋਲੋਂ ਬਰਾਮਦ ਹੋਈਆਂ ਦਰਸਾਉਣ ਲਈ ਜੱਜ ਨੇ ਸਿਰਫ਼ ਪੁਲਿਸ ਅਧਿਕਾਰੀਆਂ ਅਤੇ ਬਰਾਮਦਗੀ ਦੇ ਗਵਾਹ ਅਨਿਲ ਸਿੰਘ ਦੇ ਬਿਆਨਾਂ ਨੂੰ ਅਧਾਰ ਬਣਾਇਆ ਹੈ। ਇਸ ਸਬੰਧ ਵਿਚ ਗੁਹਾ ਵਲੋਂ ਕੀਤਾ ਇਤਰਾਜ਼ ਵੀ ਉਸ ਨੇ ਅਣਸੁਣਿਆ ਕਰ ਦਿੱਤਾ। ਗੁਹਾ ਨੇ ਆਪਣੇ ਬਿਆਨ 'ਚ ਕਿਹਾ ਸੀ ਕਿ ਉਸ ਨੂੰ ਪੁਲਿਸ ਨੇ ਪਹਿਲੀ ਮਈ 2007 ਨੂੰ ਮਹਿੰਦਰਾ ਹੋਟਲ ਵਿਚੋਂ ਗ੍ਰਿਫ਼ਤਾਰ ਕੀਤਾ ਅਤੇ ਛੇ ਦਿਨ ਅੱਖਾਂ ਬੰਨ੍ਹ ਕੇ ਗ਼ੈਰਕਾਨੂੰਨੀ ਹਿਰਾਸਤ 'ਚ ਰੱਖਿਆ ਅਤੇ 6 ਮਈ 2007 ਨੂੰ ਮੈਜਿਸਟਰੇਟ ਦੇ ਪੇਸ਼ ਕੀਤਾ ਗਿਆ। ਜੱਜ ਨੇ ਤਾਂ ਗੁਹਾ ਵਲੋਂ ਮੈਜਿਸਟਰੇਟ ਸਾਹਮਣੇ ਉਸ ਸਮੇਂ ਦਿੱਤਾ ਬਿਆਨ ਵੀ ਅਣਡਿੱਠ ਕਰ ਦਿੱਤਾ ਜੋ ਉਸ ਨੇ ਅਦਾਲਤ 'ਚ ਪੇਸ਼ ਕੀਤੇ ਜਾਣ ਸਮੇਂ ਦਿੱਤਾ ਸੀ। ਉਲਟਾ ਜੱਜ ਨੇ ਫ਼ੈਸਲਾ ਦੇਣ ਸਮੇਂ ਕਿਹਾ ਕਿ ਗੁਹਾ ਆਪਣੀ ਸਫ਼ਾਈ ਲਈ ਕੋਈ ਤੱਥ ਪੇਸ਼ ਨਹੀਂ ਕਰ ਸਕਿਆ। ਇਸ ਤਰ੍ਹਾਂ ਜੱਜ ਨੇ ਸਬੂਤ ਪੇਸ਼ ਕਰਨ ਦੀ ਜ਼ਿੰਮੇਵਾਰੀ ਇਸਤਗਾਸਾ ਦੀ ਬਜਾਏ ਦੋਸ਼ੀ ਦੇ ਗਲ ਮੜ੍ਹ ਦਿੱਤੀ ਜੋ ਕਾਨੂੰਨੀ ਤੌਰ 'ਤੇ ਗ਼ਲਤ ਹੈ। ਜੱਜ ਨੇ ਪੁਲਿਸ ਦੇ ਆਪਾ ਵਿਰੋਧੀ ਬਿਆਨਾਂ ਨੂੰ ਵੀ ਨਜ਼ਰਅੰਦਾਜ਼ ਕਰ ਦਿੱਤਾ। ਪੁਲਿਸ ਨੇ ਬਿਨਾਇਕ ਸੈਨ ਦੀ ਜ਼ਮਾਨਤ ਲਈ ਸੁਪਰੀਮ ਕੋਰਟ 'ਚ ਦਿੱਤੀ ਦਰਖਾਸਤ ਵਿਰੁੱਧ ਜੋ ਹਲਫ਼ੀਆ ਬਿਆਨ ਦਿੱਤਾ ਸੀ ਅਤੇ ਸੈਸ਼ਨ ਅਦਾਲਤ 'ਚ ਜੋ ਚਲਾਣ ਪੇਸ਼ ਕੀਤਾ ਸੀ, ਇਹ ਆਪਾ ਵਿਰੋਧੀ ਹਨ। ਸੁਪਰੀਮ ਕੋਰਟ 'ਚ ਪੁਲਿਸ ਨੇ ਕਿਹਾ ਸੀ ਕਿ ਗੁਹਾ ਨੂੰ ਮਹਿੰਦਰਾ ਹੋਟਲ ਤੋਂ ਗ੍ਰਿਫ਼ਤਾਰ ਕੀਤਾ ਗਿਆ (ਗੁਹਾ ਨੇ ਵੀ ਇਹੀ ਬਿਆਨ ਕੀਤਾ ਹੈ) ਪਰ ਸੈਸ਼ਨ ਅਦਾਲਤ 'ਚ ਪੁਲਿਸ ਨੇ ਕਿਹਾ ਕਿ ਉਸ ਨੂੰ ਸਟੇਸ਼ਨ ਰੋਡ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ ਜਿੱਥੇ ਪੁਲਿਸ ਨੇ ਰਾਹਗੀਰ ਅਨਿਲ ਸਿੰਘ ਦੀ ਮੌਜੂਦਗੀ 'ਚ ਉਪਰੋਕਤ ਗ਼ੈਰਕਾਨੂੰਨੀ ਸਮਾਨ ਬਰਾਮਦ ਹੋਇਆ ਦਿਖਾਇਆ। ਇਸ ਆਪਾ ਵਿਰੋਧ ਦੀ ਪੁਲਿਸ ਨੇ ਇਹ ਕੱਚਘਰੜ ਸਫ਼ਾਈ ਦਿੱਤੀ ਕਿ ਸੁਪਰੀਮ ਕੋਰਟ ਨੂੰ ਹਲਫ਼ੀਆ ਬਿਆਨ ਦੇਣ ਸਮੇਂ ਟਾਈਪ ਕਰਨ ਸਮੇਂ ਗ਼ਲਤੀ ਕਾਰਨ ਇਸ ਤਰ੍ਹਾਂ ਹੋਇਆ ਸੀ। ਜੱਜ ਨੇ ਇਹ ਹਾਸੋਹੀਣੀ ਦਲੀਲ ਵੀ ਕਬੂਲ ਕਰ ਲਈ। ਅਸਲ ਵਿਚ, ਜਾਂ ਤਾਂ ਹਲਫ਼ੀਆ ਬਿਆਨ ਦੇਣ ਵਾਲੇ ਪੁਲਿਸ ਅਧਿਕਾਰੀ ਉੱਪਰ ਅਦਾਲਤ 'ਚ ਝੂਠਾ ਬਿਆਨ ਦੇਣ ਦਾ ਮੁਕੱਦਮਾ ਦਰਜ ਕਰਨਾ ਬਣਦਾ ਸੀ ਜਾਂ ਸੈਸ਼ਨ ਅਦਾਲਤ 'ਚ ਸਹੁੰ ਖਾ ਕੇ ਝੂਠ ਬੋਲਣ ਦਾ। ਜੇ ਗੁਹਾ ਦੇ ਬਿਆਨ ਨੂੰ ਮੰਨ ਲਿਆ ਜਾਂਦਾ ਤਾਂ ਬਰਾਮਦਗੀ ਦੇ ਗਵਾਹ ਦੇ ਬਿਆਨ ਨੂੰ ਅਧਾਰ ਬਣਾ ਕੇ ਫ਼ੈਸਲਾ ਦੇਣ ਦਾ ਜੱਜ ਦਾ ਕੇਂਦਰੀ ਮੁੱਦਾ ਹੀ ਖ਼ਤਮ ਹੋ ਜਾਣਾ ਸੀ। ਇਸ ਦੇ ਸਿੱਟੇ ਵਜੋਂ ਸਾਰੇ ਦੋਸ਼ੀਆਂ ਖਿਲਾਫ਼ ਮੁਕੱਦਮਾ ਬਰਖਾਸਤ ਕਰਨਾ ਪੈਣਾ ਸੀ, ਖ਼ਾਸ ਕਰਕੇ ਗੁਹਾ ਅਤੇ ਬਿਨਾਇਕ ਸੇਨ ਵਿਰੁੱਧ, ਜਿਨ੍ਹਾਂ ਵਿਰੁੱਧ ਨਾ ਤਾਂ ਮਾਓਵਾਦੀ ਪਾਰਟੀ ਦੇ ਮੈਂਬਰ ਹੋਣ ਦਾ ਕੋਈ ਠੋਸ ਸਬੂਤ ਸੀ, ਨਾ ਜੱਜ ਵਰਮਾ ਦੇ ਫ਼ੈਸਲੇ ਦੇ ਮੁੱਖ ਪਾਤਰ ਸਾਨਿਆਲ ਨਾਲ ਸਾਜ਼ਿਸ਼ 'ਚ ਸ਼ਾਮਲ ਹੋਣ ਦਾ ਕੋਈ ਸਬੂਤ ਸੀ।

* ਅਦਾਲਤੀ ਫ਼ੈਸਲੇ 'ਚ ਸਾਜ਼ਿਸ਼ ਅਤੇ ਘਟਨਾ ਦਾ ਕੇਂਦਰੀ ਨੁਕਤਾ ਮਿਥਣ ਤੋਂ ਬਾਅਦ, ਜੱਜ ਲਈ ਇਹ ਜ਼ਰੂਰੀ ਸੀ ਕਿ ਤਿੰਨਾਂ ਦੋਸ਼ੀਆਂ ਦੇ ਇਸ ਤੋਂ ਪਹਿਲੇ ਸਬੰਧਾਂ, ਉਨ੍ਹਾਂ ਦੀਆਂ ਸਾਂਝੀਆਂ ਕਾਰਵਾਈਆਂ ਅਤੇ ਸਾਂਝੇ ਉਦੇਸ਼ ਨੂੰ ਸਾਬਤ ਕਰਦਾ। ਜੱਜ ਨੇ ਪਿਯੂਸ ਗੁਹਾ ਦੇ ਮਾਮਲੇ 'ਚ ਉਸ ਵਲੋਂ ਅਕਸਰ ਹੀ ਰਾਏਪੁਰ ਆਉਂਦੇ ਰਹਿਣ ਅਤੇ ਪਰੂਲੀਆ (ਪੱਛਮੀ ਬੰਗਾਲ) 'ਚ ਉਸ ਵਿਰੁੱਧ ਹਾਲੇ ਵਿਚਾਰ ਅਧੀਨ ਕੇਸ ਦਾ ਹਵਾਲਾ ਦਿੱਤਾ ਹੈ। ਜੱਜ ਵਰਮਾ ਨੇ ਇਹ ਤੱਥ ਉੱਕਾ ਹੀ ਨਜ਼ਰਅੰਦਾਜ਼ ਕਰ ਦਿੱਤਾ ਕਿ ਪੁਲਿਸ ਨੇ ਉਸ ਨੂੰ 6 ਮਈ ਨੂੰ ਗ੍ਰਿਫ਼ਤਾਰ ਕੀਤਾ ਦਰਸਾਇਆ ਹੈ ਅਤੇ ਪਰੂਲੀਆ ਕੇਸ ਇਸ ਤੋਂ ਬਾਅਦ ਦਰਜ ਕੀਤਾ ਗਿਆ। ਇਸ ਤੋਂ ਇਹ ਸ਼ੱਕ ਪੈਦਾ ਹੁੰਦਾ ਹੈ ਕਿ ਅਸਲ ਵਿਚ ਪਰੂਲੀਆ ਕੇਸ ਦੋਵਾਂ ਸੂਬਿਆਂ ਦੀ ਪੁਲਿਸ ਨੇ ਬਾਅਦ 'ਚ ਸੋਚ-ਵਿਚਾਰ ਕੇ ਆਪਸੀ ਮਿਲੀਭੁਗਤ ਨਾਲ ਬਣਾਇਆ ਹੈ। ਜੱਜ ਵਰਮਾ ਨੇ ਪਿਯੂਸ਼ ਗੁਹਾ ਦੇ ਇਸ ਠੋਸ ਬਿਆਨ ਨੂੰ ਵੀ ਨਹੀਂ ਸੁਣਿਆ ਕਿ ਉਹ ਛੱਤੀਸਗੜ੍ਹ 'ਚ ਤੇਂਦੂ ਪੱਤੇ ਦੇ ਵਪਾਰ ਦੇ ਸਿਲਸਿਲੇ 'ਚ ਇੱਥੇ ਆਉਂਦਾ ਸੀ।

* ਬਿਨਾਇਕ ਸੇਨ ਦਾ ਨਾਰਾਇਣ ਸਾਨਿਆਲ ਅਤੇ ਉਸ ਦੇ ਦੇਸ਼ ਧ੍ਰੋਹੀ ਮਾਓਵਾਦੀ ਕਾਜ ਨਾਲ ਸਾਜ਼ਿਸ਼ੀ ਸਬੰਧ ਇਨ੍ਹਾਂ ਮੁੱਖ ਨੁਕਤਿਆਂ ਦੇ ਅਧਾਰ 'ਤੇ ਦਰਸਾਇਆ ਗਿਆ :

1. ਦੀਪਕ ਚੌਬੇ ਦੀ ਗਵਾਹੀ ਨੂੰ ਅਧਾਰ ਬਣਾ ਕੇ ਕਿ ਉਸ ਨੇ ਸਾਨਿਆਲ ਦੀ ਗਿਫ਼ਤਾਰੀ ਤੋਂ ਕੁਝ ਮਹੀਨੇ ਪਹਿਲਾਂ ਬਿਨਾਇਕ ਸੇਨ ਦੀ ਸਿਫਾਰਸ਼ 'ਤੇ ਉਸ ਨੂੰ ਆਪਣਾ ਮਕਾਨ ਕਿਰਾਏ 'ਤੇ ਦਿੱਤਾ ਸੀ।

ਜੱਜ ਨੇ ਇਹ ਤੱਥ ਅੱਖੋਂ ਓਹਲੇ ਕਰ ਦਿੱਤਾ ਕਿ ਦੀਪਕ ਚੌਬੇ, ਮਕਾਨ ਦਾ ਮਾਲਕ ਨਹੀਂ ਹੈ ਸਗੋਂ ਆਪਣੇ ਸਾਲੇ ਲਈ ਕੰਮ ਕਰਦਾ ਸੀ। ਇਸ ਤੋਂ ਵੀ ਅਹਿਮ ਬਿਨਾਇਕ ਸੇਨ ਦਾ ਇਹ ਨੁਕਤਾ ਸੀ ਕਿ ਚੌਬੇ ਨੇ ਇਹ ਬਿਆਨ ਆਪ ਨਹੀਂ ਦਿੱਤਾ ਬਲਕਿ ਸਰਕਾਰੀ ਵਕੀਲ ਵਲੋਂ ਸਵਾਲ ਨੂੰ ਇਸ ਪਾਸੇ ਖਿੱਚ ਲਿਜਾਣ 'ਤੇ ਇੰਵ ਕਿਹਾ ਸੀ। ਜੱਜ ਨੇ ਇਸ ਅਹਿਮ ਨੁਕਤੇ ਵੱਲ ਗ਼ੌਰ ਹੀ ਨਹੀਂ ਕੀਤਾ। ਜੱਜ ਨੇ ਇਹ ਸਪਸ਼ਟ ਕਰਨ ਦੀ ਜ਼ਰੂਰਤ ਵੀ ਨਹੀਂ ਸਮਝੀ ਕਿ ਉਸ ਨੇ ਬਿਨਾਇਕ ਸੇਨ ਦਾ ਇਹ ਨੁਕਤਾ ਕਿਉਂ ਰੱਦ ਕੀਤਾ ਕਿ ਚੌਬੇ ਨੇ ਪੁਲਿਸ ਵਲੋਂ ਧਮਕਾਏ ਜਾਣ 'ਤੇ ਇਹ ਬਿਆਨ ਦਿੱਤਾ ਹੈ ਕਿ ਉਸ ਨੂੰ ਵੀ ਕੇਸ 'ਚ ਉਲਝਾ ਲਿਆ ਜਾਵੇਗਾ। ਜੱਜ ਨਰਾਇਣ ਸਾਨਿਆਲ ਨੂੰ ਗ੍ਰਿਫ਼ਤਾਰ ਕੀਤੇ ਜਾਣ ਦੀ ਸਵੈ-ਵਿਰੋਧੀ ਕਹਾਣੀ ਵੱਲ ਵੀ ਕੋਈ ਧਿਆਨ ਨਹੀਂ ਦਿੰਦਾ। ਜਦਕਿ ਆਂਧਰਾ ਪ੍ਰਦੇਸ਼ ਪੁਲਿਸ ਨੇ ਪੁਸ਼ਟੀ ਕੀਤੀ ਸੀ ਕਿ ਉਸ ਨੂੰ ਭੱਦਰਾਚਲਮ (ਆਂਧਰਾ ਪ੍ਰਦੇਸ਼) ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।



### ਸ਼ਾਇਰੀ ਦਾ ਸਲਾਮ

**ਤੁਮ ਅਕੇਲੇ ਨਹੀਂ ਹੋ ਬਿਨਾਇਕ ਸੇਨ**

***ਹਿਮਾਂਸ਼ੂ ਕੁਮਾਰ****

ਤੁਮ ਅਕੇਲੇ ਨਹੀਂ ਹੋ ਬਿਨਾਇਕ ਸੇਨ
ਜਬ ਤੁਮ ਬੱਚੋਂ ਕੋ ਦਵਾ ਪਿਲਾ ਰਹੇ ਥੇ
ਤਬ ਵੁਹ ਗੁਲਛੱਰੇ ਉਡਾ ਰਹੇ ਥੇ
ਜਬ ਤੁਮ ਮਰੀਜ਼ ਕੀ ਨਬਜ਼ ਟਟੋਲ ਰਹੇ ਥੇ
ਵੁਹ ਤਿਜੌਰੀਆਂ ਖੋਲ ਰਹੇ ਥੇ
ਜਬ ਤੁਮ ਗ਼ਰੀਬ ਆਦਮੀ ਕੋ ਢਾਂਢਸ ਬੰਧਾ ਰਹੇ ਥੇ
ਵੁਹ ਗ਼ਰੀਬਾਂ ਕੋ ਉਜਾੜਨੇ ਕੀ ਯੋਜਨਾਏਂ ਬਨਾ ਰਹੇ ਥੇ
ਜਬ ਤੁਮ ਜ਼ੁਲਮ ਕੇ ਖ਼ਿਲਾਫ਼ ਆਵਾਜ਼ ਉਠਾ ਰਹੇ ਥੇ
ਵੁਹ ਸੰਵਿਧਾਨ ਮੇਂ ਸੇਂਧ ਲਗਾ ਰਹੇ ਥੇ
ਵੁਹ ਦੇਸ਼ਭਗਤ ਹੈਂ...
ਕਿਉਂਕਿ ਵੁਹ ਵਿਵਸਥਾ ਕੇ ਹਥਿਆਰੋਂ ਸੇ ਲੈਸ ਹੈਂ
ਔਰ ਤੁਮ, ਦੇਸ਼ਧਰੋਹੀ ਕਰਾਰ ਦੀਏ ਗਏ
ਜਿਨਹੋਂ ਨੇ 1984 ਕੀਆ
ਜਿਨਹੋਂ ਨੇ ਉਸੇ ਗੁਜਰਾਤ ਮੇਂ ਦੋਹਰਾਇਆ
ਜਿਨਹੋਂ ਨੇ ਭੋਪਾਲ ਗੈਸ ਕਾਂਡ ਕੀਆ
ਔਰ ਜੋ ਲਾਖੋਂ ਟਨ ਅਨਾਜ ਗੋਦਾਮੋਂ ਮੇਂ ਸੜਾਤੇ ਰਹੇ
ਉਨਕਾ ਕੁਛ ਨਹੀਂ ਬਿਗੜਾ
ਔਰ ਤੁਮ... ਗੁਨਾਹਗਾਰ ਠਹਿਰਾ ਦੀਏ ਗਏ
ਲੇਕਿਨ ਉਦਾਸ ਮਤ ਹੋ
ਤੁਮ ਅਕੇਲੇ ਨਹੀਂ ਹੋ ਬਿਨਾਇਕ ਸੇਨ
ਤੁਮ ਹੋ ਹਮਾਰੇ ਆਂਗ ਸਾਨ ਸੂ ਚੀ
ਤੁਮ ਹੋ ਹਮਾਰੇ ਲੀਏ ਲਿਓ ਸ਼ਾਓ ਵੋ
ਤੁਮਹਾਰੀ ਜੈ ਹੋ...

**ਪ੍ਰਸਿੱਧ ਗਾਂਧੀਵਾਦੀ ਹਿਮਾਂਸ਼ੂ ਕੁਮਾਰ ਨੇ 17 ਸਾਲ ਕਬਾਇਲੀ ਇਲਾਕਿਆਂ ਵਿਚ ਕਬਾਇਲੀਆਂ ਦੀ ਮਦਦ ਲਈ ਆਸ਼ਰਮ ਚਲਾਇਆ ਪਰ ਦੋ ਸਾਲ ਪਹਿਲਾਂ ਸਰਕਾਰ ਨੇ ਇਹ ਆਸ਼ਰਮ ਇਹ ਕਹਿ ਕੇ ਢਾਹ ਦਿੱਤਾ ਕਿ ਹਿਮਾਂਸ਼ੂ ਕੁਮਾਰ ਮਾਓਵਾਦੀਆਂ ਦੀ ਸਹਾਇਤਾ ਕਰ ਰਹੇ ਹਨ। ਬਾਅਦ ਵਿਚ ਹਿਮਾਂਸ਼ੂ ਕੁਮਾਰ ਖੁੱਲ੍ਹੇਆਮ ਮਾਓਵਾਦੀਆਂ ਦੀ ਹਮਾਇਤ 'ਤੇ ਆ ਗਏ। ਉਨ੍ਹਾਂ ਦੀ ਇਹ ਕਵਿਤਾ ਬੀ.ਬੀ.ਸੀ. (ਹਿੰਦੀ) ਨੇ 30 ਦਸੰਬਰ ਨੂੰ 'ਇਸ ਵਕਤ' ਪ੍ਰੋਗਰਾਮ ਵਿਚ ਨਸ਼ਰ ਕੀਤੀ ਸੀ।*

2. ਜੇਲ੍ਹਬੰਦ ਨਰਾਇਣ ਸਾਨਿਆਲ ਨਾਲ ਡੇਢ ਸਾਲ 'ਚ ਬਿਨਾਇਕ ਸੇਨ ਦੀਆਂ 33 ਮੁਲਾਕਾਤਾਂ-

ਜੱਜ ਨੇ ਬਿਨਾ ਕੋਈ ਕਾਰਨ ਦੱਸੇ ਬਿਨਾਇਕ ਸੇਨ ਵਲੋਂ ਪੇਸ਼ ਕੀਤੇ ਇਸ ਪੱਖ ਨੂੰ ਰੱਦ ਕਰ ਦਿੱਤਾ ਕਿ ਉਹ ਤਾਂ ਸਿਰਫ਼ ਜੇਲ੍ਹਬੰਦ ਸਾਨਿਆਲ ਦੇ ਰਿਸ਼ਤੇਦਾਰਾਂ ਦੀ ਬੇਨਤੀ 'ਤੇ ਮਨੁੱਖੀ ਹੱਕਾਂ ਦੇ ਕਾਰਕੁਨ ਅਤੇ ਇਕ ਡਾਕਟਰ ਦੀ ਹੈਸੀਅਤ 'ਚ ਇਸ ਬੀਮਾਰ ਕੈਦੀ ਨਾਲ ਮੁਲਾਕਾਤਾਂ ਕਰਦਾ ਸੀ। ਇਸ ਦੀ ਬਜਾਏ, ਜੱਜ ਵਰਮਾ ਨੇ ਆਪਣੇ ਫ਼ੈਸਲੇ 'ਚ ਹੋਰ ਹੀ ਦਲੀਲ ਪੇਸ਼ ਕਰ ਦਿੱਤੀ ਕਿ ਸਾਨਿਆਲ ਦੀ ਭਰਜਾਈ (ਬੂਲਾ ਸਾਨਿਆਲ) ਵਲੋਂ ਬਿਨਾਇਕ ਸੇਨ ਨੂੰ ਫੋਨ ਕਰਨ ਤੋਂ ਉਸ ਦੇ ਅਤੇ ਨਰਾਇਣ ਸਾਨਿਆਲ ਦੇ ਸਾਜ਼ਿਸ਼ੀ ਸਬੰਧਾਂ ਦੀ ਪੁਸ਼ਟੀ ਹੁੰਦੀ ਹੈ। ਸਰਕਾਰੀ ਧਿਰ, ਇਕ ਵੀ ਜੇਲ੍ਹ ਅਧਿਕਾਰੀ ਜਾਂ ਚਸ਼ਮਦੀਦ ਗਵਾਹ ਨੂੰ ਸਬੂਤ ਵਜੋਂ ਪੇਸ਼ ਨਹੀਂ ਕਰ ਸਕੀ ਜੋ ਇਹ ਪੁਸ਼ਟੀ ਕਰਦਾ ਹੋਵੇ ਕਿ ਨਾਰਾਇਣ ਸਾਨਿਆਲ ਵਲੋਂ ਬਿਨਾਇਕ ਸੇਨ ਨੂੰ ਕੋਈ ਚਿੱਠੀ ਜਾਂ ਸੁਨੇਹਾ, ਲਿਖਤੀ ਜਾਂ ਜ਼ਬਾਨੀ, ਦਿੱਤਾ ਗਿਆ। ਇਸ ਤੱਥ ਨੂੰ ਅਹਿਮੀਅਤ ਦੇਣ ਦੀ ਬਜਾਏ ਜੱਜ ਜੇਲ੍ਹ ਦੇ ਰੋਜ਼ਨਾਮਚੇ 'ਚ ਬਿਨਾਇਕ ਸੇਨ ਦੇ ਨਾਂ ਹੇਠ ਰਿਸ਼ਤੇਦਾਰ ਵਜੋਂ ਮੁਲਾਕਾਤਾਂ ਕਰਨ ਦੇ ਇੰਦਰਾਜਾਂ ਨੂੰ ਅਧਾਰ ਬਣਾਉਂਦਾ ਅਤੇ ਸਫ਼ਾਈ ਪੱਖ ਦੀ ਇਹ ਦਲੀਲ ਵੀ ਨਹੀਂ ਸੁਣਦਾ ਕਿ ਰਿਕਾਰਡ ਤੋਂ ਸਪਸ਼ਟ ਹੈ ਕਿ ਇਹ ਇੰਦਰਾਜ ਜੇਲ੍ਹ ਅਧਿਕਾਰੀਆਂ ਦੇ ਕੀਤੇ ਹੋਏ ਹਨ, ਨਾ ਇਹ ਮੁਲਾਕਾਤ ਕਰਨ ਵਾਲੇ ਦੇ ਹਨ, ਨਾ ਉਸ ਦੇ ਜਿਸ ਨਾਲ ਮੁਲਾਕਾਤ ਕੀਤੀ ਜਾਂਦੀ ਸੀ। ਇਸ ਦੇ ਉਲਟ, ਬਿਨਾਇਕ ਸੇਨ ਨੇ ਸਾਨਿਆਲ ਨਾਲ ਮੁਲਾਕਾਤਾਂ ਕਰਨ ਲਈ ਜਿੰਨੀਆਂ ਵੀ ਦਰਖ਼ਾਸਤਾਂ ਦਿੱਤੀਆਂ ਉਹ ਪੀ ਯੂ ਸੀ ਐੱਲ ਦੇ ਲੈਟਰ ਹੈੱਡ 'ਤੇ ਲਿਖ ਕੇ ਦਿੱਤੀਆਂ ਸਨ। (ਸ਼ਹਿਰੀ ਆਜ਼ਾਦੀਆਂ ਅਤੇ ਜਮਹੂਰੀ ਹੱਕਾਂ ਦੀ ਇਸ ਜਥੇਬੰਦੀ ਦੀ ਸਥਾਪਨਾ ਸਰਵੋਦਿਆ ਆਗੂ ਜੈਪ੍ਰਕਾਸ਼ ਨੇ ਕੀਤੀ ਸੀ)। ਜੇਲ੍ਹ ਅਧਿਕਾਰੀ ਹਰ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਕਰਨ ਤੋਂ ਬਾਅਦ ਮੁਲਾਕਾਤਾਂ ਦੀ ਇਜਾਜ਼ਤ ਦਿੰਦੇ ਰਹੇ ਅਤੇ ਉਨ੍ਹਾਂ ਦੀ ਨਿਗਰਾਨੀ ਹੇਠ ਹੀ ਇਹ ਮੁਲਾਕਾਤਾਂ ਹੁੰਦੀਆਂ ਰਹੀਆਂ।

3. ਮਾਓਵਾਦੀ ਪਾਰਟੀ ਨਾਲ ਬਿਨਾਇਕ ਸੇਨ ਦਾ ਗੂੜ੍ਹਾ ਸਬੰਧ ਦਰਸਾਉਣ ਲਈ ਪੁਲਿਸ ਅਧਿਕਾਰੀਆਂ ਦੀਆਂ ਗਵਾਹੀਆਂ ਨੂੰ ਅਧਾਰ ਬਣਾਇਆ ਗਿਆ। ਅਧਿਕਾਰੀਆਂ ਦਾ ਦਾਅਵਾ ਸੀ ਕਿ ਬਿਨਾਇਕ ਸੈਨ ਅਤੇ ਉਸ ਦੀ ਪਤਨੀ ਇਲਿਨਾ ਸੇਨ ਅਖੌਤੀ ਕੱਟੜ ਮਾਓਵਾਦੀਆਂ ਸ਼ੰਕਰ ਸਿੰਘ ਅਤੇ ਅਮਿਤਾ ਸ੍ਰੀਵਾਸਤਵ ਦੀ ਸਹਾਇਤਾ ਕਰਦੇ ਰਹੇ ਹਨ। ਬਿਨਾਇਕ ਸੇਨ ਨੇ ਇਸ ਨੂੰ ਨਹੀਂ ਝੁਠਲਾਇਆ ਕਿ ਸ਼ੰਕਰ ਨੂੰ ਉਸ ਦੀ ਪਤਨੀ ਇਲਿਨਾ ਵਜੋਂ ਚਲਾਈ ਜਾ ਰਹੀ ਐੱਨ ਜੀ ਓ 'ਰੂਪਾਂਤਰ'ਚ ਨੌਕਰੀ ਦਿੱਤੀ ਗਈ। ਨਾ ਹੀ ਉਸ ਨੇ ਇਹ ਝੁਠਲਾਇਆ ਕਿ ਉਹ ਅਤੇ ਉਸ ਦੀ ਪਤਨੀ ਇਲਿਨਾ ਅਮਿਤਾ ਸ੍ਰੀਵਾਸਤਵ ਨੂੰ ਨਹੀਂ ਜਾਣਦੇ ਜਿਸ ਨੂੰ ਉਨ੍ਹਾਂ ਨੇ ਆਪਣੇ ਇਕ ਦੋਸਤ ਦੇ ਕਹਿਣ 'ਤੇ ਸਕੂਲ ਦੀ ਨੌਕਰੀ ਲੱਭਣ 'ਚ ਸਹਾਇਤਾ ਕੀਤੀ ਸੀ। ਪਰ ਜੱਜ ਨੇ ਕਿਸੇ ਗਵਾਹੀ ਜਾਂ ਸਬੂਤ ਤੋਂ ਬਿਨਾ ਹੀ ਪੁਲਿਸ ਦੀ ਕਹਾਣੀ ਮੰਨ ਲਈ ਕਿ ਸ਼ੰਕਰ ਅਤੇ ਅਮਿਤਾ ਮਾਓਵਾਦੀ ਹਨ।

4. ਜੱਜ ਵਰਮਾ ਨੇ ਪੁਲਿਸ ਦੀ ਇਸ ਸੁਣੀ-ਸੁਣਾਈ ਗੱਲ ਦੇ ਅਧਾਰ 'ਤੇ ਇਹ

**(ਬਾਕੀ ਅਗਲੇ ਸਫੇ 'ਤੇ)**

ਗ਼ਲਤ ਸਿੱਟਾ ਵੀ ਕੱਢ ਲਿਆ ਕਿ 'ਰੂਪਾਂਤਰ' ਨੇ ਮਾਲਤੀ ਨਾਂ ਦੀ ਜਿਸ ਔਰਤ ਨੂੰ ਨੌਕਰੀ 'ਤੇ ਰੱਖਿਆ ਸੀ, ਇਹੀ ਸ਼ਾਂਤੀਪ੍ਰਿਯਾ ਹੈ। ਇਸੇ ਨਾਂ ਦੀ ਇਕ ਮਾਓਵਾਦੀ ਆਗੂ ਦੀ ਪਤਨੀ ਨੂੰ ਰਾਇਪੁਰ ਦੀ ਇਕ ਹੋਰ ਅਦਾਲਤ ਵਲੋਂ ਇਕ ਕੇਸ 'ਚ 10 ਸਾਲ ਦੀ ਸਜ਼ਾ ਸੁਣਾਈ ਗਈ ਸੀ ਅਤੇ ਉਹ ਵੀ ਮਾਲਤੀ ਨਾਂ ਵਰਤਦੀ ਰਹੀ ਸੀ। ਜੱਜ ਨੇ ਫ਼ੈਸਲੇ 'ਚ ਸਫ਼ਾਈ ਧਿਰ ਵਲੋਂ ਪੇਸ਼ ਕੀਤੇ ਸਬੂਤ ਦਾ ਵੀ ਕੋਈ ਜ਼ਿਕਰ ਨਹੀਂ ਕੀਤਾ ਅਤੇ ਨਾ ਇਸ ਦੀ ਪੁਸ਼ਟੀ ਕਰਨ ਦੀ ਲੋੜ ਮਹਿਸੂਸ ਕੀਤੀ ਜਿਸ ਵਿਚ ਦਰਸਾਇਆ ਗਿਆ ਸੀ ਕਿ 'ਰੂਪਾਂਤਰ' ਨੇ ਜਿਸ ਮਾਲਤੀ ਨੂੰ ਨੌਕਰੀ ਦਿੱਤੀ ਸੀ, ਉਹ ਅਸਲ ਵਿਚ ਮਾਲਤੀ ਯਾਦਵ ਸੀ।

5. ਜੱਜ ਵਰਮਾ ਦੀ ਵਿਆਖਿਆ ਤੋਂ ਲੱਗਦਾ ਹੈ ਕਿ ਜਿਵੇਂ ਉਸ ਨੇ ਪੁਲਿਸ ਦੀਆਂ ਸੁਣੀਆਂ-ਸੁਣਾਈਆਂ ਗੱਲਾਂ ਨੂੰ ਅੱਖਾਂ ਮੀਟ ਕੇ ਸਬੂਤ ਮੰਨ ਲਿਆ, ਪੁਲਿਸ ਉਸ ਦੀ ਖ਼ਾਸ ਚਹੇਤੀ ਹੈ। ਉਸ ਨੇ ਕੋਂਟਾ ਅਤੇ ਛੂਰੀਆ ਥਾਣਿਆਂ ਦੇ ਇੰਚਾਰਜ ਪੁਲਿਸ ਅਧਿਕਾਰੀਆਂ ਵਿਜੇ ਠਾਕੁਰ ਅਤੇ ਸ਼ੇਰ ਸਿੰਘ ਬਾਂਦੇ ਦੇ ਇਨ੍ਹਾਂ ਵਾਹਿਆਤ ਦੋਸ਼ਾਂ ਦੀ ਕਿਸੇ ਗਵਾਹੀ ਜਾਂ ਲਿਖਤੀ ਸਬੂਤ ਰਾਹੀਂ ਤਸਦੀਕ ਕਰਨ ਦੀ ਲੋੜ ਵੀ ਨਹੀਂ ਸਮਝੀ ਕਿ ਬਿਨਾਇਕ ਸੇਨ, ਉਸ ਦੀ ਪਤਨੀ ਇਲਿਨਾ ਸੇਨ ਅਤੇ ਪੀ ਯੂ ਸੀ ਐੱਲ ਦੇ ਹੋਰ ਮੈਂਬਰ ਅਤੇ ਮਨੁੱਖੀ ਹੱਕਾਂ ਦੇ ਕਾਰਕੁਨ ਉਨ੍ਹਾਂ ਦੇ ਥਾਣਿਆਂ ਅਧੀਨ ਪੈਂਦੇ ਹਲਕਿਆਂ 'ਚ ਮਾਓਵਾਦੀਆਂ ਦੀਆਂ ਮੀਟਿੰਗਾਂ 'ਚ ਜਾਂਦੇ ਸਨ। ਇਨ੍ਹਾਂ ਅਧਿਕਾਰੀਆਂ ਨੇ ਜੋ ਬਿਆਨ ਦਿੱਤੇ ਉਹ ਚਲਾਣ ਨਾਲ ਨਹੀਂ ਲਗਾਏ ਗਏ। ਇਸ ਸਬੰਧ 'ਚ ਸਫ਼ਾਈ ਧਿਰ ਦੇ ਕਿਸੇ ਵੀ ਇਤਰਾਜ਼ ਨੂੰ ਜੱਜ ਨੇ ਨਹੀਂ ਸੁਣਿਆ।




6. ਜੱਜ ਵਰਮਾ ਦੇ ਫ਼ੈਸਲੇ 'ਚ ਇਕ ਖ਼ਾਸ ਚਿੱਠੀ, ਸਬੂਤ ਏ-37 ਦਾ ਜ਼ਿਕਰ ਆਉਂਦਾ। ਇਹ ਚਿੱਠੀ ਬਿਨਾਂ ਦਸਤਖ਼ਤਾਂ ਤੋਂ ਹੈ ਅਤੇ ਇਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਮਾਓਵਾਦੀ ਪਾਰਟੀ ਦੀ ਕੇਂਦਰੀ ਕਮੇਟੀ ਨੇ ਬਿਨਾਇਕ ਸੇਨ ਨੂੰ ਲਿਖੀ ਸੀ। ਪੁਲਿਸ ਨੇ ਦਾਅਵਾ ਕੀਤਾ ਹੈ ਕਿ ਜਦੋਂ ਸੇਨ ਦੇ ਘਰ ਦੀ ਤਲਾਸ਼ੀ ਲਈ ਗਈ, ਇਹ ਚਿੱਠੀ ਉਥੋਂ ਬਰਾਮਦ ਹੋਈ ਸੀ ਪਰ ਬਰਾਮਦ ਸਮਾਨ ਦੀ ਸੂਚੀ 'ਚ ਇਸ ਦਾ ਕੋਈ ਜ਼ਿਕਰ ਨਹੀਂ ਹੈ। ਸਹੀ ਕਾਇਦੇ ਅਨੁਸਾਰ ਇਸ ਉਪਰ ਨਾ ਸੇਨ ਦੇ ਦਸਤਖ਼ਤ ਹਨ ਨਾ ਤਫ਼ਤੀਸ਼ੀ ਅਧਿਕਾਰੀ ਜਾਂ ਤਲਾਸ਼ੀ ਲੈਣ ਮੌਕੇ ਦੇ ਕਿਸੇ ਗਵਾਹ ਦੇ। ਅਦਾਲਤ 'ਚ ਚਲਾਣ ਦੀ ਜਿਹੜੀ ਕਾਪੀ ਬਿਨਾਇਕ ਸੇਨ ਨੂੰ ਦਿੱਤੀ ਗਈ ਉਸ ਵਿਚ ਵੀ ਇਹ ਸ਼ਾਮਲ ਨਹੀਂ ਸੀ। ਇਸ ਦੇ ਬਾਵਜੂਦ ਜੱਜ ਨੇ ਇਹ ਨਜ਼ਰਅੰਦਾਜ਼ ਕਰ ਦਿੱਤਾ ਕਿ ਇਹ ਸਬੂਤ ਪੁਲਿਸ ਨੇ ਕੋਲੋਂ ਬਣਾਇਆ ਹੋਇਆ ਹੈ। ਉਸ ਨੇ ਤਫ਼ਤੀਸ਼ੀ ਅਧਿਕਾਰੀਆਂ ਬੀ ਐੱਸ ਜਾਗਰਿਤ ਅਤੇ ਬੀ ਬੀ ਐੱਸ ਰਾਜਪੂਤ ਦਾ ਇਹ ਹਾਸੋਹੀਣਾ ਸਪਸ਼ਟੀਕਰਨ ਕਬੂਲ ਕਰ ਲਿਆ ਜਿਸ ਵਿਚ ਉਨ੍ਹਾਂ ਨੇ ਕਿਹਾ ਕਿ ਸ਼ਾਇਦ ਸਬੂਤ ਏ-37 ਕਿਸੇ ਹੋਰ ਕਾਗਜ਼ ਨਾਲ ਜੁੜਿਆ ਰਹਿ ਗਿਆ ਹੋਵੇਗਾ ਇਸ ਕਰਕੇ ਇਸ ਉਪਰ ਸੇਨ ਜਾਂ ਤਫ਼ਤੀਸ਼ੀ ਅਧਿਕਾਰੀ ਜਾਂ ਤਲਾਸ਼ੀ ਮੌਕੇ ਦੇ ਗਵਾਹ ਦੇ ਦਸਤਖ਼ਤ ਨਹੀਂ ਹਨ। ਦੂਜੇ ਪਾਸੇ ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਜੱਜ ਨੇ ਸਫ਼ਾਈ ਧਿਰ ਦੇ ਗਵਾਹਾਂ ਅਮਿਤ ਬੈਨਰਜੀ ਅਤੇ ਮਹੇਸ਼ ਮਰੋਬੇ ਦੀਆਂ ਇਸੇ ਸਬੰਧੀ ਪੂਰੀ ਤਰ੍ਹਾਂ ਸਹੀ ਗਵਾਹੀਆਂ ਨੂੰ ਵੀ ਨਜ਼ਰਅੰਦਾਜ਼ ਕਰ ਦਿੱਤਾ।

7. ਪਰ ਇਸ ਫ਼ੈਸਲੇ ਦਾ ਵਿਚਾਰਧਾਰਕ ਪੱਖਪਾਤ ਓਦੋਂ ਨੰਗਾ ਹੋ ਜਾਂਦਾ ਹੈ, ਜਦੋਂ ਜੱਜ ਦਾਂਤੇਵਾੜਾ ਜ਼ਿਲ੍ਹੇ ਦੇ ਜ਼ਿਲ੍ਹਾ ਕੁਲੈਕਟਰ ਕੇ ਆਰ ਪਿਸਦਾ ਦੀ ਗਵਾਹੀ ਨੂੰ ਸੁਪਰੀਮ ਕੋਰਟ ਦੇ ਸੁਭਵਾਨ ਅਦਾਲਤੀ ਫ਼ੈਸਲਿਆਂ ਨਾਲੋਂ ਵੱਧ ਅਹਿਮੀਅਤ ਦਿੰਦਾ ਹੈ ਜੋ ਸ੍ਰੀ ਸੇਨ ਨੇ ਮੁਕੱਦਮੇ ਸਮੇਂ ਪੇਸ਼ ਕੀਤੇ। ਜ਼ਿਲ੍ਹਾ ਕੁਲੈਕਟਰ ਦਾ ਕਹਿਣਾ ਸੀ ਕਿ ਸਲਵਾ ਜੁਡਮ ਮਾਓਵਾਦੀਆਂ ਦੇ ਅੱਤਿਆਚਾਰਾਂ ਵਿਰੁੱਧ ਆਦਿਵਾਸੀਆਂ ਦੀ ਸ਼ਾਂਤਮਈ ਅਤੇ ਆਪਮੁਹਾਰੀ ਲਹਿਰ ਸੀ ਅਤੇ ਇਹ ਰਾਜ ਦੀ ਸਰਪ੍ਰਸਤੀ ਪ੍ਰਾਪਤ ਵਹਿਸ਼ੀ ਹਥਿਆਰਬੰਦ ਗੁਪਤ ਕਾਰਵਾਈ ਨਹੀਂ ਸੀ। ਪਰਲੋ ਅਤੇ ਹਿੰਸਾ ਢਾਹੁਣ ਵਾਲੀ ਅਜਿਹੀ ਗ਼ੈਰਕਾਨੂੰਨੀ, ਜਾਬਰ, ਵਹਿਸ਼ੀ ਗੁਪਤ ਕਾਰਵਾਈ ਜੋ ਮਾਓਵਾਦੀਆਂ ਵਿਰੁੱਧ ਸੇਧਤ ਸੀ, ਇਸ ਬਾਰੇ ਜੱਜ ਵਰਮਾ ਆਪਣੇ ਫ਼ੈਸਲੇ 'ਚ ਕਹਿੰਦਾ ਹੈ ਕਿ ਮਨੁੱਖੀ ਹੱਕਾਂ ਦੀ ਰਾਖੀ ਕਰਨ ਵਾਲੇ ਬਿਨਾਇਕ ਸੈਨ ਵਲੋਂ ਇਸ ਦਾ ਜੋ ਅਸੂਲੀ ਵਿਰੋਧ ਕੀਤਾ ਗਿਆ, ਉਸ ਨਾਲ ਉਹ ਮਾਓਵਾਦੀ ਧਿਰ ਦਾ ਹਿੱਸਾ ਬਣ ਗਿਆ।

ਬਿਨਾਇਕ ਸੇਨ ਅਤੇ ਇਸ ਮੁਕੱਦਮੇ 'ਚ ਸ਼ਾਮਲ ਦੂਜੇ ਵਿਅਕਤੀਆਂ ਨੂੰ ਦੇਸ਼ ਧ੍ਰੋਹ ਦੇ ਦੋਸ਼ੀ ਠਹਿਰਾਉਣ ਸਮੇਂ, ਸੈਸ਼ਨ ਅਦਾਲਤ ਦਾ ਫ਼ੈਸਲਾ ਸੁਪਰੀਮ ਕੋਰਟ ਵੱਲੋਂ ਦੇਸ਼ ਧ੍ਰੋਹ ਦੇ ਮਾਮਲਿਆਂ ਬਾਰੇ ਤੈਅ ਕੀਤੇ ਅਦਾਲਤੀ ਅਸੂਲ ਦੀਆਂ ਧੱਜੀਆਂ ਉਡਾ ਦਿੰਦਾ ਹੈ। ਕੇਦਾਰ ਨਾਥ ਸਿੰਘ ਬਨਾਮ ਬਿਹਾਰ ਰਾਜ ਸਰਕਾਰ ਮੁਕੱਦਮੇ 'ਚ ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਭਾਰਤੀ ਦੰਡਵਿਧਾਨ ਦੀ ਦੇਸ਼ ਧ੍ਰੋਹ ਦੀ ਮੱਦ ਦੀ ਵਿਆਖਿਆ ਲਾਜ਼ਮੀ ਤੌਰ 'ਤੇ ਉਸ ਬੁਨਿਆਦੀ ਅਧਿਕਾਰ ਨਾਲ ਮੇਲ ਖਾਂਦੀ ਹੋਣੀ ਚਾਹੀਦੀ ਹੈ ਜਿਸ ਅਧਿਕਾਰ ਦੀ ਗਾਰੰਟੀ ਭਾਰਤੀ ਸੰਵਿਧਾਨ 'ਚ ਕੀਤੀ ਗਈ ਹੈ। ਇਸ ਸਬੰਧੀ ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਜਿਵੇਂ ਦੇਸ਼ ਧ੍ਰੋਹ ਨੂੰ ਰਾਜ ਵਿਰੁੱਧ ਬੇਚੈਨੀ ਫੈਲਾਉਣ ਦੀ ਕਾਰਵਾਈ ਦੇ ਰੂਪ 'ਚ ਪ੍ਰਿਭਾਸ਼ਤ ਕੀਤਾ ਗਿਆ ਹੈ, ਇਹ ਦੋਸ਼ ਤਦ ਹੀ ਮੰਨਿਆ ਜਾਣਾ ਚਾਹੀਦਾ ਹੈ ਜੇ ਸਿੱਧੇ ਰੂਪ 'ਚ ਹਿੰਸਾ ਲਈ ਉਕਸਾਇਆ ਗਿਆ ਹੋਵੇ ਜਾਂ ਇਸ ਦੇ ਸਿੱਟੇ ਵਜੋਂ ਗੰਭੀਰ ਜਨਤਕ ਗੜਬੜ ਹੋਈ ਹੋਵੇ। ਇਸ ਤੋਂ ਘੱਟ ਕਿਸੇ ਤਕਰੀਰ ਜਾਂ ਕਾਰਵਾਈ ਨੂੰ ਦੇਸ਼ ਧ੍ਰੋਹ ਨਹੀਂ ਮੰਨਿਆ ਜਾਣਾ ਚਾਹੀਦਾ। ਬਿਨਾਇਕ ਸੇਨ ਅਤੇ ਹੋਰਨਾਂ ਵਿਰੁੱਧ ਮੁਕੱਦਮੇ ਬਾਰੇ ਸੈਸ਼ਨ ਕੋਰਟ ਦਾ ਫ਼ੈਸਲਾ ਇਹ ਸਾਬਤ ਨਹੀਂ ਕਰ ਸਕਿਆ ਕਿ ਦੋਸ਼ੀ ਠਹਿਰਾਏ ਗਏ ਵਿਅਕਤੀਆਂ ਦੀ ਗੱਲਬਾਤ ਜਾਂ ਕਾਰਵਾਈਆਂ ਹਿੰਸਾ ਲਈ ਸਿੱਧਾ ਉਕਸਾਉਣ ਵਾਲੀਆਂ ਸਨ ਜਾਂ ਇਨ੍ਹਾਂ ਦੇ ਸਿੱਟੇ ਵਜੋਂ ਗੰਭੀਰ ਜਨਤਕ ਗੜਬੜ ਹੋਣ ਦਾ ਖ਼ਤਰਾ ਸੀ। ਜੇ ਇਹ ਵੀ ਸਾਬਤ ਕਰ ਦਿੱਤਾ ਜਾਂਦਾ ਕਿ ਬਿਨਾਇਕ ਨਰਾਇਣ ਸਾਨਿਆਲ ਦੀਆਂ ਚਿੱਠੀਆਂ ਪਿਯੂਸ਼ ਗੁਹਾ ਨੂੰ ਦਿੰਦਾ ਸੀ, ਜਾਂ ਪਿਯੂਸ਼ ਨੇ ਮਾਓਵਾਦੀ ਪਾਰਟੀ ਦੇ ਹੋਰ ਮੈਂਬਰਾਂ ਨੂੰ ਇਹ ਚਿੱਠੀਆਂ ਦੇਣੀਆਂ ਸਨ ਜਾਂ ਨਾਰਾਇਣ ਸਾਨਿਆਲ ਸੀ.ਪੀ.ਆਈ. (ਮਾਓਵਾਦੀ) ਦਾ ਪੋਲਿਟ ਬਿਊਰੋ ਮੈਂਬਰ ਸੀ, ਫੇਰ ਵੀ ਮੁਕੱਦਮੇ ਦਾ ਕੋਈ ਮੂੰਹ-ਸਿਰ ਬਣ ਜਾਣਾ ਸੀ।

# ਭਾਰਤ-ਪਾਕਿਸਤਾਨ ਵੱਲੋਂ ਫਿਰ ਦੋਸਤੀ ਦਾ 'ਨਾਅਰਾ'

**ਨਵੀਂ ਦਿੱਲੀ:** ਭਾਰਤ-ਪਾਕਿ ਵੱਲੋਂ ਨਵੇਂ ਸਾਲ ਦੀ ਆਮਦ 'ਤੇ ਫਿਰ ਦੋਸਤੀ ਦਾ 'ਨਾਅਰਾ' ਲਾਇਆ ਹੈ ਪਰ ਨਾਲ ਹੀ ਇਕ-ਦੂਜੇ 'ਤੇ ਕੁਝ ਉਜਾਂ ਵੀ ਲਾਈਆਂ ਹਨ। ਭਾਰਤ ਨੇ ਪਾਕਿ ਨੂੰ ਸਪੱਸ਼ਟ ਸੁਨੇਹਾ ਦਿੰਦਿਆਂ ਕਿਹਾ ਹੈ ਕਿ 'ਧੱਕੇ ਨਾਲ ਪਾਲੀ ਹੋਈ ਦੁਸ਼ਮਣੀ' ਵਾਲਾ ਵਤੀਰਾ ਹੀ ਦੋਵੇਂ ਮੁਲਕਾਂ ਵਿਚਾਲੇ 'ਗੰਭੀਰ ਤੇ ਨਿਰੰਤਰ ਜਾਰੀ ਰਹਿਣ ਵਾਲੀ' ਗੱਲਬਾਤ ਦੇ ਰਾਹ 'ਚ ਵੱਡਾ ਅੜਿੱਕਾ ਹੈ। ਉਧਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਨੇ ਕਿਹਾ ਹੈ ਕਿ ਦੋਵਾਂ ਮੁਲਕਾਂ ਨੂੰ ਯੁੱਧ ਕਿਵੇਂ ਵੀ ਵਾਰਾ ਨਹੀਂ ਖਾਂਦਾ ਤੇ ਦੋਵੇਂ ਗੁਆਂਢੀਆਂ ਨੂੰ ਲਟਕਦੇ ਆ ਰਹੇ ਮਸਲਿਆਂ ਦੇ ਹੱਲ ਲਈ ਗੱਲਬਾਤ ਦਾ ਰਾਹ ਹੀ ਅਪਨਾਉਣਾ ਪੈਣਾ ਹੈ। ਇਕ ਟੀ.ਵੀ. ਸ਼ੋਅ 'ਚ ਉਨ੍ਹਾਂ ਕਿਹਾ ਕਿ ਮਸਲਿਆਂ ਦਾ ਹੱਲ ਕੇਵਲ ਸੰਵਾਦ ਰਾਹੀਂ ਹੀ ਹੋ ਸਕਦਾ ਹੈ ਕਿਉਂਕਿ ਦੋਵੇਂ ਮੁਲਕਾਂ ਲਈ ਜੰਗ ਘਾਤਕ ਸਾਬਤ ਹੋਵੇਗੀ। ਉਨ੍ਹਾਂ ਨੇ ਗੁੱਝੇ ਰੂਪ ਵਿਚ ਭਾਰਤ ਉਤੇ ਗੱਲਬਾਤ ਨੂੰ ਅੱਗੇ ਨਾ ਤੋਰਨ ਦੇ ਦੋਸ਼ ਲਾਏ ਤੇ ਕਿਹਾ ਕਿ ਨਵੀਂ ਦਿੱਲੀ ਪਾਕਿਸਤਾਨ ਨਾਲ ਕੋਈ ਵੀ ਸਮਝੌਤਾ ਕਰਨ ਦੇ ਰੌਂਅ 'ਚ ਨਹੀਂ ਹੈ।



ਦੂਜੇ ਪਾਸੇ ਭਾਰਤ ਦੇ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਗੁਆਂਢੀਆਂ ਤੱਕ ਖ਼ੁਦ ਚੱਲ ਕੇ ਪੁੱਜਿਆ ਹੈ। ਉਨ੍ਹਾਂ ਨੇ ਆਸ ਪ੍ਰਗਟ ਕੀਤੀ ਕਿ ਗੁਆਂਢੀ ਮੁਲਕ ਉਸਾਰੂ ਗੱਲਬਾਤ ਦੇ ਲਾਭ ਸਮਝਦਿਆਂ, 'ਧੱਕੇ ਨਾਲ ਦੁਸ਼ਮਣੀ ਪਾਲਣ' ਵਾਲਾ ਰੌਅ ਛੱਡੇਗਾ। ਇਕ ਵਿਸ਼ੇਸ਼ ਇੰਟਰਵਿਊ 'ਚ ਉਨ੍ਹਾਂ ਕਿਹਾ ਕਿ ਭਾਰਤ ਨੂੰ ਪਾਕਿਸਤਾਨ ਤੋਂ ਇਕੋ-ਇਕ ਵੱਡੀ ਝਾਕ ਇਹ ਹੈ ਕਿ ਉਹ ਆਪਣੇ ਕਬਜ਼ੇ ਹੇਠਲੇ ਖਿੱਤਿਆਂ 'ਚੋਂ ਚਲਾਇਆ ਜਾ ਰਿਹਾ ਦਹਿਸ਼ਤਗਰਦੀ ਦਾ ਢਾਂਚਾ ਖ਼ਤਮ ਕਰੇ ਕਿਉਂਕਿ ਗੰਭੀਰ ਤੇ ਨਿਰੰਤਰ ਸੰਵਾਦ ਤਾਂ ਅਮਨ-ਭਰੇ ਤੇ ਦਹਿਸ਼ਤ-ਮੁਕਤ ਵਾਤਾਵਰਣ 'ਚ ਹੀ ਹੋ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਤਿਵਾਦ ਭਾਵੇਂ ਕਿਸੇ ਸਰਕਾਰ ਦੀ ਸ਼ਹਿ 'ਤੇ ਹੋਵੇ ਜਾਂ ਜਿਵੇਂ ਦਾ ਵੀ ਹੋਵੇ, ਅੱਜ ਦੇ ਸੰਸਾਰ 'ਚ ਇਸ ਦੀ ਕੋਈ ਥਾਂ ਨਹੀਂ ਹੈ ਤੇ ਇਸ ਨੂੰ ਜੜ੍ਹੋਂ ਪੁੱਟਣ ਲਈ ਰਲ ਕੇ ਤੇ ਹਰੇਕ ਨੂੰ ਯਤਨ ਕਰਨ ਦੀ ਲੋੜ ਹੈ।

ਸਾਲ ਦੇ ਅੰਤ ਵਿਚ ਵਿਦੇਸ਼ ਨੀਤੀ ਦਾ ਜਾਇਜ਼ਾ ਤੇ 2011 'ਚ ਦੇਸ਼ ਨੂੰ ਦਰਪੇਸ਼ ਚੁਣੌਤੀਆਂ ਦਾ ਖੁਲਾਸਾ ਕਰਦਿਆਂ ਉਨ੍ਹਾਂ ਨੇ ਭਾਰਤ ਦੇ ਆਪਣੇ ਨਾਲ ਲਗਦੇ ਗੁਆਂਢੀਆਂ ਨਾਲ ਰਿਸ਼ਤਿਆਂ, ਦੇਸ਼ ਦੇ ਏਸੀਆਨ ਮੁਲਕਾਂ ਤੇ ਕੋਰੀਆ ਨਾਲ ਵਧ ਰਹੇ ਆਰਥਿਕ ਰਿਸ਼ਤਿਆਂ ਤੇ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ 'ਚ ਸਥਾਈ ਸੀਟ ਲਈ ਯਤਨਾਂ ਨੂੰ ਸਭ ਪਾਸਿਓਂ ਮਿਲੇ ਹੁੰਗਾਰੇ ਦਾ ਖੁਲਾਸਾ ਕੀਤਾ।

ਉਨ੍ਹਾਂ ਚੀਨ ਨਾਲ ਰਿਸ਼ਤਿਆਂ ਬਾਰੇ ਵੀ ਖੁੱਲ੍ਹ ਕੇ ਗੱਲਬਾਤ ਕੀਤੀ ਤੇ ਕਿਹਾ ਕਿ ਪੇਇਚਿੰਗ ਵੱਲੋਂ ਜੰਮੂ-ਕਸ਼ਮੀਰ ਦੇ ਵਾਸੀ ਭਾਰਤੀਆਂ ਨੂੰ ਨੱਥੀ ਵੀਜ਼ੇ ਦੇਣ ਤੇ ਹੋਰ ਅਹਿਮ ਮੁੱਦਿਆਂ ਦੇ ਬਾਵਜੂਦ ਦੋਵੇਂ ਮੁਲਕਾਂ 'ਚ ਆਪਸੀ ਸਮਝ ਤੇ ਇਕ-ਦੂਜੇ ਦੇ ਸਰੋਕਾਰਾਂ ਪ੍ਰਤੀ ਸੰਵੇਦਨਾ ਵਧੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਭਾਰਤ ਬੜੇ ਪ੍ਰੌੜ੍ਹ ਢੰਗ ਨਾਲ ਚੀਨ ਨਾਲ ਸਾਰੇ ਮਸਲੇ ਨਿਬੇੜ ਲਵੇਗਾ। ਮੁੰਬਈ ਹਮਲਿਆਂ ਦੇ ਸਾਜ਼ਿਸ਼ਕਾਰਾਂ ਵਿਰੁੱਧ ਪਾਕਿਸਤਾਨ ਵੱਲੋਂ ਸਖ਼ਤ ਕਾਰਵਾਈ ਨਾ ਕੀਤੇ ਜਾਣ ਬਾਰੇ ਵੀ ਉਨ੍ਹਾਂ ਨੇ ਭਾਰਤ ਦੀ ਨਾਰਾਜ਼ਗੀ ਜ਼ਾਹਿਰ ਕੀਤੀ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਦੀ ਭਾਰਤ ਫੇਰੀ ਬਾਰੇ ਸ੍ਰੀ ਕ੍ਰਿਸ਼ਨਾ ਨੇ ਕਿਹਾ ਕਿ ਉਹ ਇਸ ਬਾਰੇ ਆਸਵੰਦ ਹਨ ਪਰ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਉਹ ਇਸ ਮਹੀਨੇ ਭਾਰਤ ਆ ਰਹੇ ਹਨ ਜਾਂ ਫਿਰ ਆਉਣਗੇ।



ਉਨ੍ਹਾਂ ਦੁਹਰਾਇਆ ਕਿ ਭਾਰਤ, ਪਾਕਿਸਤਾਨ ਨਾਲ ਸਾਰੇ ਮਸਲੇ ਦੁਵੱਲੇ ਸੰਵਾਦ ਰਾਹੀਂ ਹੱਲ ਕਰਨੇ ਚਾਹੁੰਦਾ ਹੈ। ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਦੇ ਪੰਜ ਸਥਾਈ ਮੈਂਬਰ ਮੁਲਕਾਂ ਦੇ ਮੁਖੀਆਂ ਸਣੇ ਹੋਰ ਮੁਲਕਾਂ ਦੇ ਮੁਖੀਆਂ ਦੀ ਬੀਤੇ ਸਾਲ ਭਾਰਤ ਫੇਰੀ ਦਾ ਵੀ ਉਨ੍ਹਾਂ ਖ਼ੁਸ਼ੀ ਨਾਲ ਜ਼ਿਕਰ ਕੀਤਾ।

ਜਪਾਨ ਸਣੇ ਹੋਰ ਮੁਲਕਾਂ ਨਾਲ ਹੋਏ ਆਰਥਿਕ ਸਮਝੌਤੇ ਵੀ ਗੱਲਬਾਤ 'ਚ ਆਏ। ਉਨ੍ਹਾਂ ਕਿਹਾ ਕਿ ਭਾਰਤ, ਪੱਛਮੀ ਤੇ ਪੂਰਬੀ ਸਾਰੇ ਪ੍ਰਮੁੱਖ ਮੁਲਕਾਂ ਨਾਲ ਰਣਨੀਤਕ ਸਬੰਧਾਂ ਨੂੰ ਨਿਰੰਤਰਤਾ ਦੇਣ ਲਈ ਹਰ ਸੰਭਵ ਯਤਨ ਕਰੇਗਾ।

## ਅਮਰੀਕੀ ਜਲ ਸੈਨਿਕਾਂ 'ਤੇ ਤੰਬਾਕੂਨੋਸ਼ੀ ਦੀ ਪਾਬੰਦੀ

ਵਾਸ਼ਿੰਗਟਨ: ਨਵੇਂ ਸਾਲ ਮੌਕੇ ਅਮਰੀਕੀ ਜਲ ਸੈਨਾ ਵੱਲੋਂ ਤੰਬਾਕੂਨੋਸ਼ੀ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇਸ ਨਵੇਂ ਹੁਕਮ ਅਨੁਸਾਰ ਅਮਰੀਕੀ ਸਮੁੰਦਰੀ ਸੈਨਿਕ ਹੁਣ ਤੰਬਾਕੂਨੋਸ਼ੀ ਨਹੀਂ ਕਰ ਸਕਣਗੇ।

ਇਸ ਦੇ ਨਾਲ ਹੀ ਅਮਰੀਕੀ ਨੇਵੀ ਪਣਡੁੱਬੀਆਂ 'ਤੇ ਤੰਬਾਕੂਨੋਸ਼ੀ 'ਤੇ ਵੀ ਪਾਬੰਦੀ ਰਹੇਗੀ। ਪੈਂਟਾਗਨ ਵੱਲੋਂ ਕਰਵਾਏ ਅਧਿਐਨ ਮੁਤਾਬਕ ਬੰਦ ਥਾਵਾਂ 'ਤੇ ਤੰਬਾਕੂਨੋਸ਼ੀ ਬਹੁਤ ਘਾਤਕ ਹੋ ਸਕਦੀ ਹੈ। ਸਬਮਰੀਨ ਫੋਰਸਿਜ਼ ਕਮਾਂਡਰ ਵਾਈਸ ਐਡਮਿਰਲ ਜੌਹਨ ਡੌਨਲੀ ਨੇ ਸਿਹਤ ਸਰੋਕਾਰਾਂ ਦੇ ਆਧਾਰ 'ਤੇ 73 ਅਮਰੀਕੀ ਪਣ ਡੁੱਬੀਆਂ 'ਤੇ ਤੰਬਾਕੂਨੋਸ਼ੀ 'ਤੇ ਪਾਬੰਦੀ ਲਾਉਣ ਦਾ ਹੁਕਮ ਜਾਰੀ ਕੀਤਾ ਹੈ।


# 2010 ਦੀ ਫ਼ੀਲਡ ਹਾਕੀ ਦੀਆਂ ਆਲ-ਸਟਾਰ ਟੀਮਾਂ ਦਾ ਐਲਾਨ

**ਕੈਲਗਰੀ:** ਫ਼ੀਲਡ ਹਾਕੀ ਦੀ ਕੌਮਾਂਤਰੀ ਹਾਕੀ ਫ਼ੈਡਰੇਸ਼ਨ (ਐਫ਼.ਆਈ.ਐਚ.) ਨੇ 2010 ਦੀਆਂ ਆਲ-ਸਟਾਰ ਟੀਮਾਂ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਟੀਮਾਂ ਵਿਚ ਉਹ ਖਿਡਾਰੀ ਸ਼ਾਮਲ ਕੀਤੇ ਜਾਂਦੇ ਹਨ ਜਿਨ੍ਹਾਂ ਨੇ 2010 ਦੌਰਾਨ ਚੰਗੀ ਕਾਰਗੁਜ਼ਾਰੀ ਦਿਖਾਈ ਹੋਵੇ। ਬੜੇ ਲੰਮੇ ਅਰਸੇ ਬਾਅਦ ਆਲ-ਸਟਾਰ ਮਹਿਲਾ ਹਾਕੀ ਟੀਮ ਵਿਚ ਕੋਈ ਭਾਰਤੀ ਖਿਡਾਰਨ ਸ਼ਾਮਲ ਕੀਤੀ ਗਈ ਹੈ। ਇਹ ਖਿਡਾਰਨ ਸ਼ਾਹਬਾਦ ਮਾਰਕੰਡਾ ਦੀ ਰਾਣੀ ਰਾਮਪਾਲ ਹੈ ਜਿਸ ਨੂੰ 2010 ਦੇ ਵਿਸ਼ਵ ਕੱਪ ਦੌਰਾਨ ਬਿਹਤਰੀਨ ਖਿਡਾਰਨ ਚੁਣਿਆ ਗਿਆ ਸੀ। ਆਲ-ਸਟਾਰ ਟੀਮ ਵਿਚ ਵਿਸ਼ਵ ਚੈਂਪੀਅਨ ਅਰਜਨਟੀਨਾ ਦੀਆਂ ਚਾਰ, ਨੀਦਰਲੈਂਡ ਦੀਆਂ ਤਿੰਨ, ਆਸਟਰੇਲੀਆ, ਚੀਨ ਅਤੇ ਇੰਗਲੈਂਡ ਦੀਆਂ ਦੋ-ਦੋ ਜਦੋਂਕਿ ਜਰਮਨੀ, ਦੱਖਣੀ ਅਫ਼ਰੀਕਾ, ਨਿਊਜ਼ੀਲੈਂਡ ਅਤੇ ਭਾਰਤ ਦੀ ਇਕ-ਇਕ ਖਿਡਾਰਨ ਸ਼ਾਮਲ ਹੈ।

ਪੁਰਸ਼ ਵਰਗ ਦੀ ਆਲ-ਸਟਾਰ ਟੀਮ ਵਿਚ ਜਿਥੇ ਆਸਟਰੇਲੀਆ ਦਾ ਜੈਮੀ ਡਾਇਰ ਤੇ ਨੀਦਰਲੈਂਡ ਦਾ ਟਿਊਨ ਡੀ. ਨੂਜਰ ਪੰਜਵੀਂ ਵਾਰ ਚੁਣੇ ਗਏ ਹਨ, ਉਥੇ ਭਾਰਤ ਦੇ ਸਰਦਾਰਾ ਸਿੰਘ ਨੇ ਇਸ ਟੀਮ ਵਿਚ ਜਗ੍ਹਾ ਬਣਾ ਕੇ ਲੰਮੇ ਸਮੇਂ ਬਾਅਦ ਭਾਰਤ ਦੀ ਹਾਜ਼ਰੀ ਲਵਾਈ ਹੈ। ਇਸ ਟੀਮ ਵਿਚ ਜਰਮਨੀ ਦੇ ਚਾਰ, ਆਸਟਰੇਲੀਆ ਅਤੇ ਇੰਗਲੈਂਡ ਦੇ ਤਿੰਨ-ਤਿੰਨ, ਨੀਦਰਲੈਂਡ ਦੇ ਦੋ ਜਦਕਿ ਪਾਕਿਸਤਾਨ, ਕੋਰੀਆ, ਨਿਊਜ਼ੀਲੈਂਡ, ਅਰਜਨਟੀਨਾ ਅਤੇ ਭਾਰਤ ਦਾ ਇਕ-ਇਕ ਖਿਡਾਰੀ ਸ਼ਾਮਲ ਕੀਤਾ ਗਿਆ ਹੈ।

ਇਨਡੋਰ ਹਾਕੀ ਦਾ ਵਿਸ਼ਵ ਕੱਪ: ਐਫ਼.ਆਈ.ਐਚ. ਦੇ ਬੈਨਰ ਹੇਠ ਪੋਲੈਂਡ ਦੇ ਸ਼ਹਿਰ ਪੋਜ਼ਨਾਨ ਵਿਚ 8 ਤੋਂ 13 ਫਰਵਰੀ ਤਕ ਹੋਣ ਵਾਲੇ ਵਿਸ਼ਵ ਇਨਡੋਰ ਹਾਕੀ ਕੱਪ ਲਈ ਟੀਮਾਂ ਤੈਅ ਹੋ ਗਈਆਂ ਹਨ। ਭਾਰਤੀ ਟੀਮ ਇਸ ਵਿਚ ਭਾਗ ਨਹੀਂ ਲੈ ਰਹੀ ਪਰ ਕੈਨੇਡਾ ਦੀ ਪੁਰਸ਼ਾਂ ਦੀ ਟੀਮ ਹਾਜ਼ਰੀ ਲਵਾਏਗੀ। 2003 ਵਿਚ ਕੈਨੇਡਾ ਦੀ ਪੁਰਸ਼ ਟੀਮ ਛੇਵੇਂ ਸਥਾਨ ਉਪਰ ਅਤੇ 2007 ਵਿਚ ਸੱਤਵੇਂ ਸਥਾਨ 'ਤੇ ਰਹੀ ਸੀ। ਕੈਨੇਡਾ ਦੀ ਮਹਿਲਾ ਹਾਕੀ ਟੀਮ 2007 ਵਿਚ ਨੌਵੇਂ ਸਥਾਨ ਉਪਰ ਰਹੀ ਸੀ ਪਰ ਇਸ ਵਾਰ ਕੈਨੇਡਾ ਦੀ ਮਹਿਲਾ ਟੀਮ ਭਾਗ ਨਹੀਂ ਲਵੇਗੀ। ਪਿਛਲੇ ਵਿਸ਼ਵ ਕੱਪਾਂ ਵਿਚ ਜਰਮਨੀ ਅਤੇ ਨੀਦਰਲੈਂਡ ਦੀਆਂ ਟੀਮਾਂ ਮੋਹਰੀ ਸਥਾਨ ਹਾਸਲ ਕਰਦੀਆਂ ਰਹੀਆਂ ਹਨ। ਪਰ ਇਸ ਵਾਰ ਮੇਜ਼ਬਾਨ ਪੋਲੈਂਡ ਦੀ ਟੀਮ ਵੀ ਚੰਗੀ ਤਿਆਰੀ 'ਚ ਹੈ।

ਚੈਂਪੀਅਨਜ਼ ਟਰਾਫ਼ੀ: ਐਫ਼.ਆਈ.ਐਚ. ਵੱਲੋਂ 2011 ਲਈ ਜਾਰੀ ਕੀਤੇ ਕੈਲੰਡਰ ਅਨੁਸਾਰ ਇਸ ਸਾਲ ਦੋ ਚੈਂਪੀਅਨਜ਼ ਟਰਾਫ਼ੀਆਂ ਤੋਂ ਚੈਂਪੀਅਨ ਚੈਲੇਂਜਰ ਟੂਰਨਾਮੈਂਟ ਖੇਡੇ ਜਾਣਗੇ। ਚੈਂਪੀਅਨਜ਼ ਟਰਾਫ਼ੀ ਵਿਚ ਟੀਮਾਂ ਦੀ ਗਿਣਤੀ ਛੇ ਤੋਂ ਵਧਾ ਕੇ ਅੱਠ ਕਰ ਦਿੱਤੀ ਗਈ ਹੈ। ਪੁਰਸ਼ ਵਰਗ ਦੀ ਚੈਂਪੀਅਨਜ਼ ਟਰਾਫ਼ੀ ਦੀ ਮੇਜ਼ਬਾਨੀ ਨਵੀਂ ਦਿੱਲੀ ਨੂੰ ਮਿਲਣ ਕਰਕੇ ਭਾਰਤ ਨੂੰ ਸਿੱਧਾ ਦਾਖ਼ਲਾ ਮਿਲ ਗਿਆ ਹੈ। ਮਹਿਲਾ ਵਰਗ ਦੀ ਚੈਂਪੀਅਨਜ਼ ਟਰਾਫ਼ੀ ਨੀਦਰਲੈਂਡ ਵਿਚ ਹੋਵੇਗੀ। ਭਾਰਤੀ ਮਹਿਲਾ ਟੀਮ ਡਬਲਿਨ 'ਚ ਹੋਣ ਵਾਲੇ ਚੈਲੇਂਜਰ ਟੂਰਨਾਮੈਂਟ ਵਿਚ ਭਾਗ ਲਵੇਗੀ।



ਘਾਨਾ (ਅਫ਼ਰੀਕਾ) ਵਿਚ ਗੋਲਕੀਪਿੰਗ ਕੋਚਾਂ ਦੀ ਵਰਕਸ਼ਾਪ ਮੌਕੇ ਕੋਚ ਫ਼ੀਲਡ ਕਲਾਸ ਵਿਚ ਹਿੱਸਾ ਲੈਂਦੇ ਹੋਏ

ਅਮਰੀਕਨ 2020: ਅਮਰੀਕਾ ਦੀ ਫ਼ੀਲਡ ਹਾਕੀ ਨੂੰ ਕੌਮਾਂਤਰੀ ਨਕਸ਼ੇ 'ਤੇ ਉਭਾਰਨ ਲਈ ਯੂ.ਐਸ.ਏ. ਫ਼ੀਲਡ ਹਾਕੀ ਨੇ ਨੌਂ-ਸਾਲਾ ਯੋਜਨਾ ਤਿਆਰ ਕੀਤੀ ਹੈ। ਸਾਲ 2020 ਨੂੰ ਨਿਸ਼ਾਨਾ ਰੱਖ ਕੇ ਕਈ ਨੁਕਤਿਆਂ ਉਪਰ ਜੰਗੀ ਪੱਧਰ 'ਤੇ ਕੰਮ ਕੀਤਾ ਜਾਵੇਗਾ। ਇਨ੍ਹਾਂ ਨੁਕਤਿਆਂ ਵਿਚ ਕੌਮਾਂਤਰੀ ਪੱਧਰ 'ਤੇ ਅਮਰੀਕੀ ਫ਼ੀਲਡ ਹਾਕੀ ਦਾ ਅਕਸ ਸੁਧਾਰਨਾ, ਕੌਮਾਂਤਰੀ ਖੇਡ ਭਾਈਚਾਰੇ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣਾ, ਮੁੰਡਿਆਂ ਤੇ ਕੁੜੀਆਂ ਨੂੰ ਹਾਕੀ ਵੱਲ ਪ੍ਰੇਰਿਤ ਕਰਨਾ, ਹਾਕੀ ਬਾਰੇ ਜਾਗ੍ਰਿਤੀ ਮੁਹਿੰਮ ਛੇੜਨੀ, ਕੌਮੀ ਫ਼ੈਡਰੇਸ਼ਨ ਦੇ ਕੰਮ-ਕਾਰ ਨੂੰ ਜ਼ਿੰਮੇਵਾਰਨਾ ਢੰਗ ਨਾਲ ਚਲਾਉਣਾ ਅਤੇ ਕੋਚਾਂ ਤੇ ਅੰਪਾਇਰਾਂ ਦੇ ਸਿਖਲਾਈ ਕੋਰਸਾਂ ਵਿਚ ਵਾਧਾ ਕਰਨਾ ਸ਼ਾਮਲ ਹਨ। ਯੂ.ਐਸ.ਏ. ਫ਼ੀਲਡ ਹਾਕੀ ਦੇ ਇਸ ਹੰਭਲੇ ਨੂੰ ਹੁਣ ਮਾਪਿਆਂ ਅਤੇ ਖਿਡਾਰੀਆਂ ਦੇ ਹੁੰਗਾਰੇ ਦੀ ਲੋੜ ਹੈ।

ਕੈਨੇਡੀਅਨ ਹਾਕੀ: ਫ਼ੀਲਡ ਹਾਕੀ ਕੈਨੇਡਾ ਨੇ ਜੂਨੀਅਰ ਪੁਰਸ਼ ਹਾਕੀ ਟੀਮ ਲਈ ਆਰੋਨ ਗੈਸਟ ਨੂੰ ਕੋਚ ਨਿਯੁਕਤ ਕੀਤਾ ਹੈ। ਆਸਟਰੇਲੀਆਈ ਮੂਲ ਦੇ ਆਰੋਨ ਕੋਲ ਕੋਚਿੰਗ ਦਾ ਲੰਮਾ ਤਜਰਬਾ ਹੈ। ਇਸ ਤੋਂ ਇਲਾਵਾ ਫ਼ੀਲਡ ਹਾਕੀ ਕੈਨੇਡਾ ਨੂੰ ਸੀਨੀਅਰ ਪੁਰਸ਼ ਅਤੇ ਮਹਿਲਾ ਟੀਮਾਂ ਲਈ ਮੈਨੇਜਰਾਂ ਦੀ ਲੋੜ ਹੈ। ਚਾਹਵਾਨ ਉਮੀਦਵਾਰ 14 ਜਨਵਰੀ ਤਕ ਅਰਜ਼ੀਆਂ ਭੇਜ ਸਕਦੇ ਹਨ। ਇਸੇ ਦੌਰਾਨ ਫ਼ੀਲਡ ਹਾਕੀ ਕੈਨੇਡਾ ਨੇ ਸਾਲ 2011 ਲਈ 28 ਖਿਡਾਰਨਾਂ ਦੀ ਸੂਚੀ ਜਾਰੀ ਕੀਤੀ ਹੈ ਜਿਨ੍ਹਾਂ ਵਿਚੋਂ ਟੀਮਾਂ ਚੁਣ ਕੇ ਕੌਮਾਂਤਰੀ ਮੁਕਾਬਲਿਆਂ ਲਈ ਭੇਜੀਆਂ ਜਾਣਗੀਆਂ। ਇਨ੍ਹਾਂ ਖਿਡਾਰਨਾਂ ਵਿਚ ਪੰਜਾਬੀ ਮੂਲ ਦੀ ਖਿਡਾਰਨ ਪੂਨਮ ਸੰਧੂ ਵੀ ਸ਼ਾਮਲ ਹੈ ਜਿਹੜੀ ਕੌਮਾਂਤਰੀ ਹਾਕੀ ਖਿਡਾਰਨ ਨਿੱਕ ਸੰਧੂ ਦੀ ਬੇਟੀ ਹੈ। ਇਸੇ ਤਰ੍ਹਾਂ ਪੁਰਸ਼ ਵਰਗ ਵਿਚ ਜਿਹੜੇ ਸੰਭਾਵੀ ਖਿਡਾਰੀ ਐਲਾਨੇ ਗਏ ਹਨ, ਉਨ੍ਹਾਂ ਵਿਚ ਪੰਜਾਬੀ ਮੂਲ ਦੇ ਰਣਜੀਤ ਸਿੰਘ ਦਿਓਲ, ਸੁਖਵਿੰਦਰ ਸਿੰਘ ਗੱਬਰ, ਸੁਖ ਬੱਟਰ ਅਤੇ ਜਗਦੀਸ਼ ਗਿੱਲ ਸ਼ਾਮਲ ਹਨ।

ਗੋਲਕੀਪਰਾਂ ਦੀ ਕਲਾਸ: ਗੋਲਕੀਪਿੰਗ ਕੋਚਾਂ ਦੇ ਗਿਆਨ ਵਿਚ ਵਾਧਾ ਕਰਨ ਲਈ ਐਫ਼.ਆਈ.ਐਚ. ਵੱਲੋਂ ਘਾਨਾ (ਅਫ਼ਰੀਕਾ) ਵਿਚ ਵਰਕਸ਼ਾਪ ਲਗਾਈ ਗਈ ਜਿਸ ਵਿਚ 22 ਕੋਚਾਂ ਨੇ ਭਾਗ ਲਿਆ। ਹਾਲੈਂਡ ਦੇ ਕੈਰਲ ਵੌਨ ਸਟਾਕ ਅਤੇ ਇੰਗਲੈਂਡ ਦੇ ਰੋਜਰ ਨਿਊਕੌਂਬ ਨੇ ਕੁੰਜੀਵਤ ਭਾਸ਼ਣ ਦਿੱਤੇ।

# ਦੋਸਤਾਂ ਦੀ ਸੱਥ ਵਿਚ ਦਲਬੀਰ ਚੇਤਨ

## ਸ਼ਰਧਾਂਜਲੀ

ਜ਼ਿੰਦਗੀ ਵਿਚ ਕਈਆਂ ਨਾਲ ਅਸੀਂ ਹੱਥ ਮਿਲਾਉਂਦੇ ਹਾਂ ਅਤੇ ਕਈਆਂ ਨਾਲ ਸਾਡੀਆਂ ਗਲਵਕੜੀਆਂ ਵੀ ਪੈਂਦੀਆਂ ਹਨ। ਕਈ ਹੱਥਾਂ ਵਿਚੋਂ ਸਾਨੂੰ ਠੰਢਕ ਵੀ ਮਿਲਦੀ ਏ ਅਤੇ ਕਈਆਂ ਵਿਚੋਂ ਨਿੱਘ ਵੀ ਪ੍ਰਾਪਤ ਹੁੰਦਾ ਏ। ਅਖ਼ੀਰ ਉਨ੍ਹਾਂ ਦਾ ਜਦ ਲੇਖਾ-ਜੋਖਾ ਕਰਦੇ ਹਾਂ ਤਾਂ ਨਿੱਘ ਦੇਣ ਵਾਲੇ ਅਤੇ ਠੰਢ ਵਰਤਾਉਣ ਵਾਲੇ ਹੱਥ ਸਿਰਫ਼ ਪੋਟਿਆਂ 'ਤੇ ਗਿਣਨ ਵਾਲੇ ਰਹਿ ਜਾਂਦੇ ਹਨ।

ਸਾਧਾਰਨ ਦਿਨ ਯਾਦਾਂ ਦੀ ਸੂਚੀ ਦਾ ਹਿੱਸਾ ਨਹੀਂ ਬਣਦੇ, ਸਮ੍ਰਿਤੀਆਂ ਵਿਚ ਸਮੋਏ ਰਹਿਣ ਵਾਲੇ ਦਿਨ ਖ਼ੁਸ਼ਗਵਾਰ ਵੀ ਹੁੰਦੇ ਹਨ, ਉਦਾਸ ਵੀ ਅਤੇ ਦੁਖਦਾਇਕ ਵੀ; ਸੌਖੇ ਵੀ, ਨੀਵੇਂ ਵੀ ਅਤੇ ਉਚੇ ਵੀ ਪਰ ਉਹ ਸਾਧਾਰਨ ਨਹੀਂ ਹੁੰਦੇ। ਆਮ ਜਿਹੇ ਦਿਨ ਤਾਂ ਚੜ੍ਹਦੇ ਹਨ ਤੇ ਡੁੱਬ ਜਾਂਦੇ ਹਨ। ਉਨ੍ਹਾਂ ਵਿਚ ਕੁਝ ਵੀ ਵੱਖਰਾ ਨਹੀਂ ਹੁੰਦਾ ਪਰ ਕੁਝ ਦਿਨ ਸਾਡੇ ਮੱਥੇ ਦੀਆਂ ਸੋਚਾਂ 'ਚ ਉਕਰੇ ਜਾਂਦੇ ਹਨ, ਮਿਟਾਇਆਂ ਵੀ ਨਹੀਂ ਮਿਟਦੇ; ਭੁਲਾਇਆਂ ਭੁੱਲਦੇ ਵੀ ਨਹੀਂ।

ਪਿਛਲ-ਝਾਤ ਮਾਰੀਏ ਤਾਂ ਕਦੇ ਅਸੀਂ ਬੜਾ ਡਰੇ ਵੀ ਹੋਵਾਂਗੇ, ਜਵਾਨੀ ਦੇ ਦਿਨਾਂ ਵਿਚ ਇਹੋ ਜਿਹੇ ਖ਼ਤਰਿਆਂ ਨਾਲ ਦੋ-ਚਾਰ ਵੀ ਹੋਏ ਹੋਵਾਂਗੇ। ਜਦ ਲੱਗਾ ਹੋਵੇਗਾ ਕਿ ਇਸ ਤੋਂ ਬਾਅਦ ਕੁਝ ਵੀ ਨਹੀਂ, ਕਦੇ ਆਪਣੇ ਸਵੈ-ਮਾਣ ਲਈ ਕਿਸੇ ਖੱਬੀ ਖ਼ਾਂ ਨੂੰ ਵੀ ਤੁੱਛ ਸਮਝਿਆ ਹੋਵੇਗਾ, ਉਸ ਦੀ ਲਲਕਾਰ ਦਾ ਸਾਹਮਣਾ ਕੀਤਾ ਹੋਵੇਗਾ। ਕਦੇ ਸਿਸਟਮ ਦਾ ਹਿੱਸਾ ਹੁੰਦੇ ਹੋਏ ਵੀ ਇਸ ਨੂੰ ਵੰਗਾਰਿਆ ਹੋਵੇਗਾ। ਬਸ, ਇਹੀ ਦਿਨ ਹਨ ਜਿਨ੍ਹਾਂ ਦਾ ਅਸੀਂ ਵਾਰ-ਵਾਰ ਜ਼ਿਕਰ ਕਰਦੇ ਹਾਂ। ਜੇ ਗਹੁ ਨਾਲ ਵੇਖੀਏ ਤਾਂ ਕਿਸੇ ਨੂੰ ਦੱਸਣਯੋਗ ਜਾਂ ਜ਼ਿਕਰਯੋਗ ਘਟਨਾਵਾਂ ਜਾਂ ਗੱਲਾਂ ਸਾਡੇ ਕੋਲ ਕਿੰਨੀਆਂ ਕੁ ਹੋਣਗੀਆਂ ਭਲਾ? ਯਕੀਕਨ ਬਹੁਤ ਥੋੜ੍ਹੀਆਂ। ਜੇ ਬਹੁਤ ਸਾਰੀਆਂ ਹੁੰਦੀਆਂ ਤਾਂ ਅਸੀਂ ਉਨ੍ਹਾਂ ਥੋੜ੍ਹੀਆਂ ਦਾ ਹੀ ਵਾਰ-ਵਾਰ ਜ਼ਿਕਰ ਕਿਉਂ ਕਰਦੇ। ਬਸ ਰਹਿ ਜਾਂਦੀਆਂ ਹਨ ਪੋਟਿਆਂ 'ਤੇ ਗਿਣਨ ਵਾਲੀਆਂ!



*ਬਹਾਰ ਦੇ ਮੌਸਮ ਵੇਲੇ ਹਰਭਜਨ ਜੱਬਲ ਦੇ ਘਰ ਦੀ ਮਹਿਫਲ! (ਬੈਠੇ ਹੋਏ) ਬੀਬਾ ਬਲਵੰਤ, ਦਲਬੀਰ ਚੇਤਨ, ਸ੍ਰੀਮਤੀ ਜੱਬਲ, ਹਰਭਜਨ ਜੱਬਲ-ਰੰਗਕਰਮੀ, ਅਦਾਕਾਰ ਅਤੇ ਜਸਬੀਰ ਭੁੱਲਰ। (ਖੜ੍ਹੇ) ਮੁਹਿੰਦਰਬੀਰ, ਪਰਸ਼ਿੰਦਰ ਬਿੱਲਾ ਅਤੇ ਡਾ. ਜੋਗਿੰਦਰ ਕੈਰੋਂ*

ਦਲਬੀਰ ਚੇਤਨ ਵੱਲੋਂ ਇਸ ਦੁਨੀਆਂ ਨੂੰ ਅਲਵਿਦਾ ਕਹਿਣ ਤੋਂ ਬਾਅਦ ਉਨ੍ਹਾਂ ਦੇ ਦੋਸਤਾਂ ਅਤੇ ਲੇਖਕਾਂ ਨੇ 'ਮੌਲਸਰੀ ਦਾ ਰੁੱਖ' ਨਾਂ ਦੀ ਕਿਤਾਬ ਛਪਵਾਈ। ਇਹ ਕਿਤਾਬ ਜਸਬੀਰ ਭੁੱਲਰ ਨੇ ਸੰਪਾਦਤ ਕੀਤੀ ਹੈ ਅਤੇ 'ਅਲਵਿਦਾ ਚੇਤਨ' ਉਸੇ ਹੀ ਕਿਤਾਬ ਵਿਚ ਜਸਬੀਰ ਭੁੱਲਰ ਦਾ ਲੇਖ ਹੈ।

ਜਦ ਮੈਨੂੰ ਇਹ ਕਿਤਾਬ ਮਿਲੀ, ਜਸਬੀਰ ਭੁੱਲਰ ਦਾ ਧੰਨਵਾਦ ਕਰਨ ਤੋਂ ਰਹਿ ਨਾ ਹੋਇਆ। ਭਤੀਜੇ ਤੋਂ ਨੰਬਰ ਲੈ ਕੇ ਮੈਂ ਫ਼ੋਨ ਕੀਤਾ। ਮੇਰੇ ਕੋਲ ਅਲਫ਼ਾਜ਼ ਨਹੀਂ ਜਿਨ੍ਹਾਂ ਨਾਲ ਮੈਂ ਧੰਨਵਾਦ ਕਰ ਸਕਾਂ। ਮੈਨੂੰ ਇਹ ਵੀ ਪਤਾ ਨਹੀਂ ਸੀ ਕਿ ਮੌਲਸਰੀ ਦਾ ਰੁੱਖ ਕੀ ਹੁੰਦਾ ਏ! ਉਨ੍ਹਾਂ ਮੈਨੂੰ ਦੱਸਿਆ ਕਿ ਇਹ ਇਹੋ ਜਿਹਾ ਰੁੱਖ ਏ ਜਿਸ ਦੀ ਸਿਰਫ਼ ਛਾਂ ਹੀ ਠੰਢੀ ਨਹੀਂ ਹੁੰਦੀ ਸਗੋਂ ਸੂਰਜ ਦੀ ਇਕ ਵੀ ਕਿਰਨ ਇਸ ਵਿਚੋਂ ਲੰਘ ਨਹੀਂ ਸਕਦੀ। ਮੈਂ ਦੱਸਿਆ ਕਿ ਚੇਤਨ ਬਾਰੇ 60-65 ਸਫ਼ੇ ਲਿਖੇ ਹਨ ਪਰ ਮੇਰੇ ਕੋਲ ਵਕਤ ਸਿਰ ਤੁਹਾਨੂੰ ਭੇਜ ਨਹੀਂ ਹੋਏ। ਕਹਿੰਦੇ-ਕੋਈ ਨਹੀਂ। ਆਪੇ ਅਗਲੇ ਐਡੀਸ਼ਨ ਵਿਚ ਛਪਵਾ ਦੇਵਾਂਗੇ, ਵੈਸੇ ਵੀ ਛਾਪਣ ਦੀ ਥੋੜ੍ਹੀ ਕਾਹਲੀ ਸੀ। ਹੋਰ ਵੀ ਬਹੁਤ ਦੋਸਤ ਰਹਿ ਗਏ ਹਨ। ਉਂਜ ਵੀ ਲਿਖਣਾ ਇੰਨਾ ਆਸਾਨ ਨਹੀਂ, ਉਹ ਵੀ ਕਿਸੇ ਬਾਰੇ। ਮੈਂ ਕਿਹਾ, "ਲਿਖਣਾ ਆਸਾਨ ਹੁੰਦਾ ਤਾਂ ਸਾਰੇ ਫੇਰ ਦਲਬੀਰ ਚੇਤਨ ਅਤੇ ਜਸਬੀਰ ਭੁੱਲਰ ਨਾ ਬਣ ਜਾਂਦੇ!" ਅੱਗਿਓਂ ਹੱਸ ਪਏ।

ਜਦੋਂ ਦਾ ਮੈਂ ਦਲਬੀਰ ਚੇਤਨ ਨੂੰ ਪੜ੍ਹਦਾ ਹਾਂ, ਉਦੋਂ ਦਾ ਹੀ ਜਸਬੀਰ ਭੁੱਲਰ ਨੂੰ ਪੜ੍ਹਦਾ ਹਾਂ। ਉਸ ਪੀੜ੍ਹੀ ਦੇ ਬਹੁਤ ਸਾਰੇ ਲੇਖਕਾਂ ਨੂੰ ਮਿਲ ਚੁੱਕਾ ਹਾਂ। ਉਨ੍ਹਾਂ ਦੀਆਂ ਮਿਲਣੀਆਂ, ਉਨ੍ਹਾਂ ਦੀਆਂ ਮਹਿਫ਼ਲਾਂ ਮੇਰੀਆਂ ਉਂਗਲੀਆਂ ਦੇ ਪੋਟਿਆਂ 'ਤੇ ਹਨ ਪਰ ਜਸਬੀਰ ਦੀ ਮਿਲਣੀ ਲਈ ਬਹੁਤ ਇੰਤਜ਼ਾਰ ਕੀਤਾ। ਪਹਿਲੀ ਵਾਰੀ ਮੈਂ ਜਦ ਫ਼ੋਟੋ ਦੇਖੀ, ਮੈਂ ਕਿਹਾ, ਇਹ ਫ਼ੌਜ ਦਾ ਅਫ਼ਸਰ ਲਗਦੈ। ਭਾਅਜੀ ਹੁਰੀਂ ਕਹਿੰਦੇ, ਅਫ਼ਸਰ ਲੱਗਦਾ ਹੀ ਨਹੀਂ, ਇਹ ਸੱਚੀਂ ਫ਼ੌਜ ਦਾ ਅਫ਼ਸਰ ਏ, ਤਾਂ ਹੀ ਉਹਦੀਆਂ ਕਹਾਣੀਆਂ ਵਿਚ ਬਰਫ਼ਾਂ ਦਾ ਜ਼ਿਕਰ ਹੁੰਦਾ ਏ। 2000 ਵਿਚ ਵਤਨੀਂ ਫੇਰਾ ਪਿਆ। ਘਰ ਵਿਚ ਬੈਠਾ ਸਾਂ, ਮੇਰੀ ਭਤੀਜੀ ਸਰਘੀ ਭੱਜੀ-ਭੱਜੀ ਆਈ, "ਚਾਚਾ ਜੀ, ਆਓ...ਮੈਂ ਤੁਹਾਨੂੰ ਇਕ ਬਹੁਤ ਵਧੀਆ ਸ਼ਖ਼ਸੀਅਤ ਨਾਲ ਮਿਲਾਉਂਦੀ ਹਾਂ।" ਕਮਰੇ ਵਿਚ ਗਿਆ ਤਾਂ ਅੱਗੇ ਜਸਬੀਰ ਭੁੱਲਰ ਬੈਠੇ ਸਨ। ਗਲਵਕੜੀ ਦਾ ਨਿੱਘ ਮਾਣਨ ਤੋਂ ਬਾਅਦ ਕਹਿਣ ਲੱਗੇ, ਮੈਂ ਜਦ ਵੀ ਚੇਤਨ ਨੂੰ ਮਿਲਦਾ ਹਾਂ, ਤਾਂ ਉਹ ਤੇਰਾ ਜ਼ਿਕਰ ਜ਼ਰੂਰ ਕਰਦੈ। ਜਦ ਭਰਾਵਾਂ ਨੂੰ ਦੋਸਤੀ ਵਿਚ ਵੇਖਦਾ ਹਾਂ ਤਾਂ ਮਨ ਖ਼ੁਸ਼ ਹੋ ਜਾਂਦੈ। ਸਰਘੀ ਕਹਿਣ ਲੱਗੀ, ਜਸਬੀਰ ਅੰਕਲ ਬਹੁਤ ਦੂਰੋਂ ਆਏ ਨੇ, ਇਨ੍ਹਾਂ ਲਈ ਮੈਂ ਵਧੀਆ ਚਾਹ ਬਣਾਉਂਦੀ ਹਾਂ। ਭੁੱਲਰ ਮੇਰੇ ਵੱਲ ਹੱਥ ਕਰ ਕੇ ਕਹਿਣ ਲੱਗਾ, ਜੇ ਦੂਰੀ ਵਾਲੀ ਚਾਹ ਮਿਲਦੀ ਏ ਤਾਂ ਬਿੱਲੇ ਵਾਲੀ ਚਾਹ 'ਚੋਂ ਮੈਨੂੰ ਦੇ ਦੇਣੀ। ਇਹ ਹਜ਼ਾਰਾਂ ਮੀਲਾਂ ਦੀ ਦੂਰੀ ਤੋਂ ਆਇਐ!

ਜਸਬੀਰ ਭੁੱਲਰ ਨੂੰ ਬਹੁਤ ਦੇਰ ਤੋਂ ਪੜ੍ਹਦਾ ਆ ਰਿਹਾ ਹਾਂ ਪਰ ਮਿਲਣ ਦੀ ਰੁੱਤ ਬੜੀ ਦੇਰ ਬਾਅਦ ਆਈ। ਅਸਲ ਵਿਚ ਉਹ ਫ਼ੌਜ ਵਿਚ ਸਨ ਅਤੇ ਮੈਂ ਪਰਦੇਸੀ। ਉਨ੍ਹਾਂ ਦੀ ਫੇਰੀ ਵੇਲੇ ਮੈਂ ਨਾ ਹੁੰਦਾ, ਮੇਰੀ ਫੇਰੀ ਵੇਲੇ ਉਹ ਨਾ ਹੁੰਦੇ। ਕਹਿਣ ਲੱਗੇ, ਕੱਲ ਨੂੰ ਪਰਮਿੰਦਰਜੀਤ ਦੀ ਬੇਟੀ ਦੀ ਸ਼ਾਦੀ ਏ, ਉਥੇ ਹੋਰ ਵੀ ਲੇਖਕ ਆਉਣਗੇ। ਉਹ ਅਜੇ ਘਰ ਆਏ ਨਹੀਂ ਸਨ। ਫਿਰ ਕੁਝ ਕਿਤਾਬਾਂ ਕਹਾਣੀਆਂ ਅਤੇ ਕੁਝ ਅਮਰੀਕਾ ਦੀਆਂ ਗੱਲਾਂ ਤੋਂ ਬਾਅਦ ਮੈਂ ਪੁੱਛਿਆ, ਅੱਜ ਕੱਲ੍ਹ ਕਿਹੜੀ ਜਗ੍ਹਾ ਜੇ? ਕਹਿਣ ਲੱਗੇ, ਮੈਂ ਤਾਂ ਸੇਵਾਮੁਕਤ ਹੋ ਗਿਆਂ, ਫ਼ੌਜ ਦੀ ਨੌਕਰੀ ਪੂਰੀ ਹੋ ਗਈ। ਬਾਕੀ ਦੀ ਜ਼ਿੰਦਗੀ ਕਿਤਾਬਾਂ ਅਤੇ ਦੋਸਤੀ ਵਾਸਤੇ...! ਮੈਂ ਕਿਹਾ, ਤੁਹਾਡੀਆਂ ਕਹਾਣੀਆਂ ਵਿਚ ਫ਼ੌਜ ਦੀ ਝਲਕ ਪੈਂਦੀ ਏ। ਕਹਿਣ ਲੱਗੇ, ਜਿਸ ਕਿੱਤੇ ਨਾਲ ਬੰਦਾ ਜੁੜਿਆ ਹੋਵੇ, ਉਸ ਥਾਂ 'ਤੇ ਆਮ ਘਟਨਾਵਾਂ ਜੁੜਦੀਆਂ ਹਨ। ਉਨ੍ਹਾਂ ਘਟਨਾਵਾਂ ਦੇ ਨਾਲ ਪਾਤਰ ਵੀ ਮਿਲ ਜਾਂਦੇ ਹਨ ਜਿਵੇਂ ਚੇਤਨ ਦੀਆਂ ਵੀ ਪੰਜ-ਛੇ ਕਹਾਣੀਆਂ ਏਅਰ ਫੋਰਸ ਨਾਲ ਸਬੰਧਤ ਹਨ। ਪੁੱਛਿਆ-ਲੰਮਾ ਸਮਾਂ ਤੁਸੀਂ ਫ਼ੌਜ ਦੀ ਸੇਵਾ ਕੀਤੀ ਏ, ਕੋਈ ਇਹੋ ਜਿਹੀ ਗੱਲ ਜਿਹੜੀ ਵੱਖਰੀ ਹੋਵੇ। ਕਹਿਣ ਲੱਗੇ, ਏਅਰ ਫ਼ੋਰਸ ਦੀਆਂ ਗੱਲਾਂ ਚੇਤਨ ਨੇ ਕਾਫ਼ੀ ਸੁਣਾਈਆਂ ਹੋਣਗੀਆਂ ਅਤੇ ਮੈਨੂੰ ਪਤਾ ਏ ਕਿ ਤੁਹਾਡੇ ਪਿਤਾ ਜੀ ਵੀ ਫ਼ੌਜ ਵਿਚ ਰਹੇ ਹਨ, ਫ਼ੌਜ ਦੀਆਂ ਗੱਲਾਂ ਵੀ ਸੁਣੀਆਂ ਹੋਣਗੀਆਂ ਪਰ ਅੱਜ ਮੈਂ ਫ਼ੌਜ ਦੀ ਹੀ ਇਕ ਗੱਲ ਸੁਣਾਉਂਦਾ ਹਾਂ।

ਮੇਰੀ ਆਖ਼ਰੀ ਤਾਇਨਾਤੀ ਜਦ ਖ਼ਤਮ ਹੋਣ 'ਤੇ ਆਈ ਤਾਂ ਮੇਰੀ ਬਦਲੀ ਦੇ ਹੁਕਮ ਸਿਆਚਿਨ੍ਹ ਗਲੇਸ਼ੀਅਰ ਦੇ ਆ ਗਏ। ਗਲੇਸ਼ੀਅਰ ਦਾ ਨਾਂ ਸੁਣ ਕੇ ਮੇਰੇ ਕੰਨ ਖੜ੍ਹੇ ਹੋ ਗਏ। ਗਲੇਸ਼ੀਅਰ ਬਾਰੇ ਪੜ੍ਹਿਆ ਏ ਕਿ ਉਥੇ ਬਰਫ਼ ਦੀ ਧਰਤੀ ਹੁੰਦੀ ਏ ਪਰ ਉਥੇ ਫ਼ੌਜੀ ਕੀ ਕਰਦੇ ਨੇ। ਕਹਿਣ ਲੱਗੇ, ਦੇਸ਼ ਦੀ ਰਾਖੀ। ਉਥੇ ਸਿਰਫ਼ ਛੇ ਮਹੀਨਿਆਂ ਲਈ ਬੰਦਾ ਜਾਂਦਾ ਏ, ਇਸ ਤੋਂ ਜ਼ਿਆਦਾ ਉਥੇ ਰਹਿਣ ਦਾ ਹੁਕਮ ਨਹੀਂ ਹੁੰਦਾ। ਬਹੁਤੇ ਫ਼ੌਜੀ ਉਥੋਂ ਜਿਉਂਦੇ ਨਹੀਂ ਮੁੜਦੇ। ਬੜੀ ਵੱਖਰੀ ਗੱਲ ਏ ਨਾ ਜਿਉਣ ਦਾ ਮਤਲਬ, ਉਥੇ ਲਗਾਤਾਰ ਮਨਫ਼ੀ ਤਾਪਮਾਨ ਹੁੰਦਾ ਏ। ਮੈਂ ਕਿਹਾ, ਜਦੋਂ ਅਸੀਂ ਜਹਾਜ਼ ਦੇ ਵਿਚ ਆਉਂਦੇ ਹਾਂ, ਇੰਨਾ ਤਾਪਮਾਨ ਹੁੰਦਾ ਏ ਉਪਰ। ਜਹਾਜ਼ ਪੈਂਤੀ-ਚਾਲੀ ਹਜ਼ਾਰ ਫੁੱਟ 'ਤੇ ਉਡਦਾ ਏ। ਇਸ ਦਾ ਮਤਲਬ ਉਹ ਇੰਨੀ ਉਚਾਈ 'ਤੇ ਹੈ।

ਜਦੋਂ ਵੀ ਕਿਸੇ ਫ਼ੌਜੀ ਨੂੰ ਉਥੋਂ ਦੇ ਹੁਕਮ ਹੁੰਦੇ ਹਨ ਤਾਂ ਉਹ ਭਾਵੇਂ ਕਿਸੇ ਵੀ ਧਰਮ ਨਾਲ ਸਬੰਧਤ ਹੋਵੇ, ਉਹ ਪਾਠ-ਪੂਜਾ ਪਹਿਲੋਂ ਕਰਵਾ ਦਿੰਦਾ ਹੈ ਕਿ ਪਤਾ ਨਹੀਂ, ਉਥੋਂ ਵਾਪਸ ਆਉਣਾ ਜਾਂ ਨਹੀਂ। ਸਾਰੇ ਫ਼ੌਜੀ ਕਹਿੰਦੇ ਹਨ, ਅਸੀਂ ਸ਼ਹੀਦ ਹੋਣ ਲਈ ਫ਼ੌਜ ਵਿਚ ਭਰਤੀ ਹੋਏ ਹਾਂ, ਮਰਨ ਲਈ ਨਹੀਂ। ਇੰਨੀ ਠੰਢ ਵਿਚ ਉਥੇ ਕਿਸ ਤਰ੍ਹਾਂ ਰਹਿੰਦੇ ਹਨ? ਦੱਸਿਆ-ਸਪੈਸ਼ਲ ਵਰਦੀਆਂ ਹੁੰਦੀਆਂ ਨੇ। ਖਾਣ-ਪੀਣ ਨੂੰ ਸਭ ਕੁਝ ਸੁੱਕਾ ਡੱਬਿਆਂ ਵਿਚ ਹੁੰਦਾ ਏ। ਜਦੋਂ ਉਥੋਂ ਵਾਪਸ ਆਉਂਦੇ ਹਨ ਤਾਂ ਸਿਰ ਅਤੇ ਦਾੜ੍ਹੀ ਦੇ ਵਾਲ ਵਧੇ ਹੁੰਦੇ ਹਨ। ਚਾਹੇ ਉਹ ਕਿਸੇ ਧਰਮ ਦਾ ਵੀ ਬੰਦਾ ਹੋਵੇ, ਇੰਨੀ ਜ਼ਿਆਦਾ ਠੰਢ ਵਿਚ ਕੋਈ ਵੀ ਦਾੜ੍ਹੀ ਦੀ ਸ਼ੇਵ ਨਹੀਂ ਕਰਦਾ।

ਫਿਰ ਮਰਨ ਦੀ ਗੱਲ ਕਿਸ ਤਰ੍ਹਾਂ? ਕਹਿੰਦੇ-ਜਦ ਸਿਪਾਹੀ ਡਿਊਟੀ 'ਤੇ ਖੜ੍ਹਦੇ ਹਨ, ਜਦੋਂ ਹਵਾ ਵਗਦੀ ਏ, ਤੇ ਬਰਫ਼ ਦੇ ਵੱਡੇ-ਵੱਡੇ ਪਹਾੜ ਥੱਲੇ ਰਿੜ੍ਹਦੇ ਆਉਂਦੇ ਹਨ; ਉਹ ਇੰਨੀ ਗਿਣਤੀ ਵਿਚ ਹੁੰਦੇ ਹਨ ਕਿ ਕਿਸੇ ਪਾਸੇ ਵੀ ਆਦਮੀ ਭੱਜ ਨਹੀਂ ਸਕਦਾ। ਉਨ੍ਹਾਂ ਦੇ ਥੱਲੇ ਆ ਕੇ ਹੀ ਮਾਰਿਆ ਜਾਂਦਾ ਹੈ। ਉਨ੍ਹਾਂ ਦਾ ਸਸਕਾਰ ਕਰਨ ਦੀ ਵੀ ਲੋੜ ਨਹੀਂ ਪੈਂਦੀ। ਮੈਂ 6 ਮਹੀਨੇ ਵਿਚ ਇੰਨੀਆਂ ਮੌਤਾਂ ਦੇਖੀਆਂ ਕਿ ਗਿਣਤੀ ਕਰਨੀ ਔਖੀ ਹੈ।...ਉਨ੍ਹਾਂ ਦੀਆਂ ਗੱਲਾਂ ਸੁਣ ਕੇ ਮੈਨੂੰ ਕੰਬਣੀ ਆ ਰਹੀ ਸੀ।

ਮੈਂ ਫਿਰ ਪੁੱਛਿਆ-ਤੁਸੀਂ ਫ਼ੌਜੀ ਹੋਣ ਦੇ ਨਾਲ ਨਾਲ ਲੇਖਕ ਵੀ ਹੋ। ਇਨ੍ਹਾਂ ਦੁੱਖ-ਤਕਲੀਫ਼ਾਂ ਭਰੀਆਂ ਘਟਨਾਵਾਂ ਤੋਂ ਇਲਾਵਾ ਹੋਰ ਉਥੇ ਕੀ ਹੈ? ਕਹਿਣ ਲੱਗੇ-ਜਦੋਂ ਚੰਨ ਦੀ ਚਾਨਣੀ ਰਾਤ ਹੋਵੇ ਅਤੇ ਆਸਮਾਨ ਸਾਫ਼ ਹੋਵੇ ਤਾਂ ਚੰਦ ਦੀ ਚਾਨਣੀ ਜਦੋਂ ਬਰਫ਼ ਨਾਲ ਟਕਰਾਉਂਦੀ ਏ ਤਾਂ ਸਾਰਾ ਆਕਾਸ਼ ਹੀ ਚਾਂਦੀ ਵਰਗਾ ਹੋ ਜਾਂਦਾ ਏ। ਇਹ ਸਭ ਤੋਂ ਖ਼ੂਬਸੂਰਤ ਦ੍ਰਿਸ਼ ਸਿਰਫ਼ ਉਥੇ ਹੀ ਮਿਲ ਸਕਦੈ।

ਅਸੀਂ ਅਗਲੇ ਦਿਨ ਵੀ ਇਕੱਠੇ ਰਹੇ ਅਤੇ ਪਰਮਿੰਦਰਜੀਤ ਦੀ ਬੇਟੀ ਦੀ ਸ਼ਾਦੀ ਵਿਚ ਸ਼ਾਮਲ ਹੋਏ।

ਜਸਬੀਰ ਭੁੱਲਰ ਮੇਰਾ ਚਹੇਤਾ ਕਹਾਣੀਕਾਰ ਹੈ। ਵਾਵਰੋਲਿਆਂ ਦੀ ਗੱਲ ਕਰਦਾ ਹੈ ਅਤੇ ਕਿਤੇ 'ਨੋ ਮੈਨਜ਼ ਲੈਂਡ' ਦੀ, ਕਦੇ ਬੱਚਿਆਂ ਲਈ ਬਿਹਤਰੀਨ ਕਹਾਣੀਆਂ ਲਿਖਦਾ ਹੈ। ਮੇਰੇ ਬੀਜੀ ਅੱਲ੍ਹੜ-ਬੱਲ੍ਹੜ ਵਾਲਾ ਜਸਬੀਰ ਕਹਿੰਦੇ ਹੁੰਦੇ ਸਨ। ਇਹ ਉਨ੍ਹਾਂ ਦੀ ਕਹਾਣੀ ਦਾ ਨਾਂ ਹੈ। ਉਨ੍ਹਾਂ ਨੇ 6 ਨਾਵਲ ਅਤੇ 6 ਕਹਾਣੀ ਸੰਗ੍ਰਹਿ ਅਤੇ ਬੱਚਿਆਂ ਦੀਆਂ 13-14 ਕਿਤਾਬਾਂ ਮਾਂ-ਬੋਲੀ ਦੀ ਝੋਲੀ ਪਾਈਆਂ ਹਨ। ਇਕ ਦਿਨ ਫ਼ੋਨ 'ਤੇ ਗੱਲ ਹੋਈ। ਮੈਨੂੰ ਪਤਾ ਲੱਗਾ ਕਿ ਸਾਹਿਤ ਅਕਾਦਮੀ ਵਾਲਿਆਂ ਨੇ ਉਨ੍ਹਾਂ ਨੂੰ ਸਨਮਾਨਿਆ ਇਸ ਸਾਲ ਵਾਸਤੇ ਬੱਚਿਆਂ ਦੀਆਂ ਕਹਾਣੀਆਂ ਲਈ। ਦਲਬੀਰ ਚੇਤਨ ਅਕਸਰ ਕਿਹਾ ਕਰਦੇ ਸਨ, ਮੈਂ ਦੋਸਤੀਆਂ ਕਦੇ ਗ਼ਰਜ਼ ਲਈ ਨਹੀਂ ਬਣਾਈਆਂ ਅਤੇ ਨਾ ਹੀ ਕਿਸੇ ਅਹੁਦੇ ਨੂੰ ਵੇਖ ਕੇ। ਦੋਸਤਾਂ ਨੂੰ ਮੈਂ ਆਪਣੇ ਨਿੱਕੇ ਰੱਬ ਸਮਝਦਾ ਹਾਂ ਅਤੇ ਇਨ੍ਹਾਂ ਦੋਸਤੀਆਂ ਸਾਹਮਣੇ ਮੈਂ ਆਪਣੀ ਹਰ ਕਮਜ਼ੋਰੀ ਨੂੰ ਨਿਮਾਣਾ ਹੋ ਕੇ ਮੰਨ ਸਕਦਾ ਹਾਂ। ਦੋਸਤੀਆਂ ਵਾਸਤੇ ਉਹ ਲਿਖਦੇ ਹਨ:

"ਦੋਸਤੀ ਜ਼ਿੰਦਗੀ ਦਾ ਕੱਜਲ ਹੈ, ਦੋਸਤੀ ਜ਼ਿੰਦਗੀ ਦਾ ਉਹ ਸਰਮਾਇਆ ਹੈ ਜਿਸ ਨਾਲੋਂ ਹਰ ਦੁਨਿਆਵੀ ਰਿਸ਼ਤਾ ਅਤੇ ਵਸਤੂਆਂ ਬਹੁਤ ਸਸਤੀਆਂ ਤੇ ਥੋੜ੍ਹ-ਚਿਰੀਆਂ ਹਨ। ਦੋਸਤੀ ਜ਼ਿੰਦਗੀ ਦਾ ਮੋਢਾ ਹੈ ਜਿਥੇ ਸਿਰ ਰੱਖ ਕੇ ਹੱਸਿਆ ਅਤੇ ਰੋਇਆ ਜਾ ਸਕਦਾ ਹੈ। ਦੋਸਤੀ ਅੱਥਰੂ ਨਹੀਂ, ਅੱਥਰੂ ਪੂੰਝਣ ਵਾਲੇ ਪੋਟਿਆਂ ਦਾ ਨਾਂ ਹੈ। ਦੋਸਤੀ ਵਿਚ ਸਿਰਫ਼ ਵਧੀਆ ਗੱਲਾਂ ਜਾਂ ਸੁੱਚੇ ਖ਼ਿਆਲਾਂ ਦੀ ਹੀ ਸਾਂਝ ਨਹੀਂ ਹੁੰਦੀ ਸਗੋਂ ਕਮੀਨਗੀਆਂ ਅਤੇ ਕਮਜ਼ੋਰੀਆਂ ਵੀ ਸਾਂਝੀਆਂ ਹੁੰਦੀਆਂ ਹਨ। ਦੋਸਤੀ ਵਿਚ ਰਾਖਵੇਂਪਣ ਦਾ ਹੱਕ ਨਹੀਂ ਹੁੰਦਾ ਸਗੋਂ ਸਭ ਕੁਝ ਬਿਨਾਂ ਸ਼ਰਤ ਸਮਰਪਿਤ ਕਰਨ ਦਾ ਵਾਅਦਾ ਹੁੰਦਾ ਹੈ। ਉਂਜ ਜੇ ਵੇਖਿਆ ਜਾਵੇ ਤਾਂ ਦੋਸਤੀ ਸ਼ਬਦ ਵੀ ਕੋਈ ਨਵਾਂ ਨਹੀਂ, ਇਹ ਵੀ ਦੁਨਿਆਵੀ ਰਿਸ਼ਤਿਆਂ ਜਿੰਨਾ ਹੀ ਪੁਰਾਣਾ ਹੈ। ਦੁਨਿਆਵੀ ਰਿਸ਼ਤਿਆਂ ਦੀ ਜੁਗਾਲੀ ਕਰ ਕੇ ਅਸੀਂ ਹੰਭ ਗਏ ਹਾਂ। ਦੋਸਤੀ ਦਾ ਸ਼ਬਦ ਹਰ ਰੋਜ਼ ਨਵਾਂ-ਨਕੋਰ ਹੈ। ਸ਼ਾਇਦ ਇਸ ਲਈ ਕਿ ਇਸ ਵਿਚ ਦੁਨਿਆਵੀ ਰਿਸ਼ਤਿਆਂ ਵਰਗੇ ਬੰਧਨ ਨਹੀਂ, ਇਹ ਰਿਸ਼ਤਾ ਅਸੀਂ ਆਪਣੀ ਸੂਝ ਨਾਲ ਲੱਭਿਆ ਹੈ। ਇਸ ਵਿਚ ਬੁਨਿਆਦੀ ਸਾਂਝ ਹਮਖ਼ਿਆਲ ਹੋਣ ਦੀ ਹੈ। ਇਸ ਲਈ ਇਹ ਸਾਨੂੰ ਪਿਆਰਾ ਲੱਗਦਾ ਹੈ। ਦੁਨਿਆਵੀ ਰਿਸ਼ਤੇ ਸਾਨੂੰ ਅਣਚਾਹਿਆਂ ਵੀ ਢੋਣੇ ਪੈਂਦੇ ਹਨ। ਅਣਚਾਹੇ ਰਿਸ਼ਤੇ ਦਾ ਮੁਹਾਵਰਾ ਵੱਖਰਾ ਹੈ। ਅੱਵਲ ਤਾਂ ਉਹ ਭਾਰਾ ਹੁੰਦਾ ਹੀ ਨਹੀਂ, ਜੇ ਕਦੇ ਹੋ ਵੀ ਜਾਵੇ ਤਾਂ ਵੀ ਭਾਰਾ ਹੋ ਕੇ ਵੀ ਭਾਰਾ ਅਤੇ ਬੇਲੋੜਾ ਨਹੀਂ ਲੱਗਦਾ। ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਕਿ ਦੋਸਤੀ ਵਿਚ ਹਮੇਸ਼ਾ ਹੀ ਸਭ ਕੁਝ ਚੰਗਾ ਹੁੰਦਾ ਹੈ ਜਾਂ ਇਹਦੇ ਵਿਚ ਤਕਰਾਰ ਨਹੀਂ ਹੁੰਦਾ। ਇਹ ਸਭ ਕੁਝ ਹੁੰਦਾ ਹੈ ਪਰ ਦੋਸਤੀ ਦਾ ਬਹਿਸ ਮੁਬਾਹਿਸਾ, ਉਸਾਰੂ ਆਲੋਚਨਾ ਵਰਗਾ ਹੁੰਦਾ ਹੈ। ਜਦੋਂ ਕਿ ਰਿਸ਼ਤਿਆਂ ਦੀ ਦਲੀਲਬਾਜ਼ੀ ਸ਼ਰੀਕ ਦੀ ਲੜਾਈ ਵਾਂਗ ਹੋ ਨਿਬੜਦੀ ਹੈ। ਰਿਸ਼ਤੇ ਸਾਡੇ ਉਤੇ ਥੋਪੇ ਜਾਂਦੇ ਹਨ। ਰੱਬ ਦਾ ਸ਼ੁਕਰ ਹੈ ਕਿ ਦੋਸਤੀਆਂ ਅਸੀਂ ਆਪਣੇ ਹੱਥੀਂ ਆਪ ਵਿਹਾਜਦੇ ਹਾਂ। ਰਿਸ਼ਤਿਆਂ ਨੂੰ ਜਿਹੜੇ ਰੰਗੀਂ ਮਰਜ਼ੀ ਰੰਗ ਲਓ, ਇਹ ਉਘੜਵਾਂ ਦੁਨਿਆਵੀ ਰੰਗ ਹੀ ਹੈ ਪਰ ਦੋਸਤੀ ਦਾ ਰੰਗ ਮਜੀਠ ਵਰਗਾ ਹੁੰਦਾ ਹੈ, ਪੱਕਾ ਤੇ ਸਦੀਵੀ ਅਤੇ ਰੰਗ ਵੀ ਤੁਹਾਡੀ ਆਪਣੀ ਮਰਜ਼ੀ ਦਾ।

ਉਂਜ ਜਿਨ੍ਹਾਂ ਕੁਝ ਲੋਕਾਂ ਨੇ ਦੁਨਿਆਵੀ ਰਿਸ਼ਤਿਆਂ ਨੂੰ ਵੀ ਦੋਸਤੀ ਦੀ ਰੰਗਤ ਚਾੜ੍ਹਨ ਦੀ ਜਾਚ ਸਿਖ ਲਈ ਹੋਵੇ, ਉਨ੍ਹਾਂ ਤੋਂ ਸਦਾ ਕੁਰਬਾਨ ਜਾਣ ਨੂੰ ਜੀਅ ਕਰਦੈ। ਦੁਨਿਆਵੀ ਰਿਸ਼ਤਿਆਂ ਦੇ ਝੁੰਡ ਸਾਹਮਣੇ ਦੋਸਤੀ ਦਾ ਸ਼ਬਦ ਇਕੱਲਾ ਹੀ ਖੜ੍ਹਾ ਹੈ। ਫੇਰ ਵੀ ਇਸ ਨੂੰ ਕੋਈ ਘਬਰਾਹਟ ਨਹੀਂ, ਕੋਈ ਭੈਅ ਨਹੀਂ। ਜੇ ਕੋਈ ਆ ਕੇ ਇਹਦੀ ਉਂਗਲ ਫੜ ਲੈਂਦਾ ਹੈ, ਇਹ ਨਿਝੱਕ ਹੋ ਕੇ ਉਹਦੇ ਨਾਲ ਤੁਰ ਪੈਂਦਾ ਹੈ। ਜੇ ਕੋਈ ਪਾਸਾ ਵੱਟ ਕੇ ਲੰਘ ਜਾਵੇ ਤਾਂ ਵੀ ਮੱਥੇ ਵੱਟ ਨਹੀਂ।

ਰਿਸ਼ਤਿਆਂ ਦੇ ਜੰਗਲ ਵਿਚ ਦੋਸਤੀ ਚੰਬੇ ਦਾ ਬੂਟਾ ਹੈ।"

ਉਨ੍ਹਾਂ ਦੀਆਂ ਦੋਸਤੀਆਂ ਦਾ ਨਿੱਘ ਮੈਂ ਸੱਤ ਸਮੁੰਦਰੋਂ ਪਾਰ ਬੈਠਾ ਵੀ ਮਾਣਦਾ ਹਾਂ। ਦੋ-ਤਿੰਨ ਸਾਲ ਪਹਿਲਾਂ ਦੀ ਗੱਲ ਹੈ। ਸਾਡੇ ਡੈਲਸ ਸ਼ਹਿਰ ਵਿਚ ਲਹਿੰਦੇ ਅਤੇ ਚੜ੍ਹਦੇ ਪੰਜਾਬ ਵਾਲਿਆਂ ਨੇ ਕਵੀ ਦਰਬਾਰ ਕਰਵਾਇਆ, ਇਨ੍ਹਾਂ ਵਿਚ ਸੁਰਜੀਤ ਪਾਤਰ ਵੀ ਸਨ। ਸੁਰਜੀਤ ਪਾਤਰ ਨੂੰ ਮੈਂ ਘਰ ਵਿਚ ਬੈਠ ਕੇ ਵੀ ਸੁਣਿਆ ਏ। ਕੁਝ ਅਰਸਾ ਬਾਅਦ ਭਾਅਜੀ ਦੇ ਬੇਟੇ ਨਵਚੇਤਨ ਦਾ ਫ਼ੋਨ ਆਇਆ। ਕਹਿਣ ਲੱਗਾ ਕਿ ਮੇਰੀ ਗੱਲ ਅੰਕਲ ਸੁਰਜੀਤ ਪਾਤਰ ਨਾਲ ਹੋਈ ਸੀ। ਉਸ ਹੁੰਗਾਰੇ ਦੀ ਮੈਨੂੰ ਸਦਾ ਉਡੀਕ ਰਹੇਗੀ। ਨਿਊ ਜਰਸੀ ਤੋਂ ਮੇਰੇ ਪਿੰਡ ਦੇ ਮੁੰਡਿਆਂ ਨੇ ਕਿਹਾ, ਦਲਬੀਰ ਚੇਤਨ ਦੀਆਂ ਕਹਾਣੀਆਂ ਜਦ ਅਸੀਂ ਪੜ੍ਹਦੇ ਹਾਂ ਤਾਂ ਪਿੰਡ ਪਹੁੰਚ ਜਾਂਦੇ ਹਾਂ। ਇਹ ਵੀ ਸ਼ੁਕਰ ਏ ਕਿ 20 ਸਾਲਾਂ ਬਾਅਦ ਗੁਆਚਾ ਤੂੰ ਵੀ ਲੱਭ ਗਿਆ।

ਦਲਬੀਰ ਚੇਤਨ ਦਾ ਸਾਡੇ ਕੋਲ ਕਾਫ਼ੀ ਖ਼ਜ਼ਾਨਾ ਏ ਜੋ ਉਨ੍ਹਾਂ ਨੇ ਪੰਜਾਬੀ ਮਾਂ-ਬੋਲੀ ਦੀ ਝੋਲੀ ਵਿਚ ਪਾਇਆ। ਕੁਝ ਦਿਲਾਂ ਵਿਚ ਸਾਂਭਿਆ ਪਿਆ ਏ ਅਤੇ ਬਾਕੀ ਦਾ ਕਿਤਾਬਾਂ ਵਿਚ ਹੌਲੀ-ਹੌਲੀ ਪਾਠਕਾਂ ਦੇ ਰੂਬਰੂ ਕਰਵਾਉਂਦਾ ਰਹਾਂਗਾ।

ਉਸ ਤੁਰ ਗਈ ਰੂਹ ਨੂੰ ਉਨ੍ਹਾਂ ਦੀ ਬਰਸੀ 'ਤੇ ਪਰਿਵਾਰ ਵੱਲੋਂ ਅਤੇ ਉਨ੍ਹਾਂ ਦੇ ਵੱਡੇ ਪਰਿਵਾਰ, ਪਾਠਕਾਂ ਵੱਲੋਂ ਮੋਹ ਭਰੀ ਸ਼ਰਧਾਂਜਲੀ! ਪਿਆਰ ਤੇ ਅਪਣੱਤ ਨਾਲ!!

*-ਪਰਸ਼ਿੰਦਰ ਸਿੰਘ*
*ਫੋਨ: 469-335-2263*

## ਤੇਰਾ ਖਾਲਸਾ...

ਕਿਹੜੇ ਕੰਮ ਵਾਸਤੇ ਸਾਜਿਆ ਸੀ, ਸੱਚੇ ਪਾਤਸ਼ਾਹ ਜੀ।
ਕਿਹੜੇ ਕੰਮਾਂ ਵਿਚ ਅੱਜ ਪੈ ਗਿਆ ਤੇਰਾ ਖਾਲਸਾ।
ਰੱਖਿਆ ਗਰੀਬ ਤੇ ਮਜ਼ਲੂਮ ਦੀ ਹੈ ਦੂਰ ਰਹਿ ਗਈ,
ਨਾਹਰਿਆਂ-ਜੈਕਾਰਿਆਂ ਜੋਗਾ ਰਹਿ ਗਿਆ ਤੇਰਾ ਖਾਲਸਾ।

ਪੂਰਨੇ ਜੋ ਤੈਂ ਸੀ ਪਾਏ, ਉਨ੍ਹਾਂ ਨੂੰ ਵਿਸਾਰ ਬੈਠਾ,
ਨਵੀਂਆਂ ਲਕੀਰਾਂ ਨਿੱਤ ਵਾਹੀ ਜਾਂਦਾ, ਦੇਖ ਲੈ।
ਬਿਪਰਾਂ ਦੇ ਕੰਮ ਸਾਰੇ ਕਰਦਾ ਹੈ ਚਾਅਵਾਂ ਨਾਲ,
ਫਿਰ ਵੀ ਹੈ ਸਿੰਘ ਸਦਵਾਈ ਜਾਂਦਾ, ਦੇਖ ਲੈ।
ਹਾਥੀਆਂ ਦੇ ਹੱਥੇ ਕਦੇ ਨਾਗਣੀ ਨਾਲ ਵਿੰਨ੍ਹਦਾ ਸੀ,
ਮੜ੍ਹੀਆਂ ਤੇ ਮੱਥੇ ਟੇਕਣ ਡਹਿ ਗਿਆ ਤੇਰਾ ਖਾਲਸਾ।

ਵੰਡ ਕੇ ਛਕਣ ਦੀ ਜੋ ਗੱਲ ਸੀ ਦੱਸੀ ਬਾਪੂ,
ਗੱਲ ਸਾਰੀ ਮਨ ਤੋਂ ਭੁਲਾਈ ਬੈਠਾ, ਦੇਖ ਲੈ।
ਗੋਲਕਾਂ 'ਤੇ ਕਬਜ਼ਿਆਂ ਦੀ ਲੜਾਈ ਗੁਰੂ ਘਰਾਂ 'ਚ,
ਮਾਲ ਛਕ ਗੋਗੜਾ ਵਧਾਈ ਬੈਠਾ, ਦੇਖ ਲੈ।
ਵੱਡੇ-ਵੱਡੇ ਸੰਤਾਂ, ਜਥੇਦਾਰਾਂ ਨੂੰ ਖਾ ਗਈ ਮਾਇਆ,
ਸ਼ੇਰ ਬਣ ਬਿੱਲੀ ਕੋਲੋਂ ਢਹਿ ਗਿਆ ਤੇਰਾ ਖਾਲਸਾ।

ਜੰਗ-ਏ-ਮੈਦਾਨ ਵਿਚ ਕਦੀ ਸੀ ਜੋ ਖੰਡੇ ਵਾਹੁੰਦਾ,
ਆਪੇ ਵਿਚ ਡਾਂਗ ਖੜਕਾਈ ਜਾਂਦਾ, ਦੇਖ ਲੈ।
ਕਦੇ ਜੋ ਨਿਥਾਵਿਆਂ ਨੂੰ ਹੱਥ ਦੇ ਕੇ ਰੱਖਦਾ ਸੀ,
ਭਰਾਵਾਂ ਦੇ ਗਲਾਵੇ ਹੱਥ ਪਾਈ ਜਾਂਦਾ, ਦੇਖ ਲੈ।
ਤਾਰੂ ਸੱਤ ਪੱਤਣਾਂ ਦਾ ਜਿਸ ਨੂੰ ਬਣਾਇਆ ਬਾਪੂ,
ਬੇਹੇ ਪਾਣੀ ਵਿਚ ਕਾਹਤੋਂ ਬਹਿ ਗਿਆ ਤੇਰਾ ਖਾਲਸਾ...।

*-ਅਮਰਦੀਪ ਸਿੰਘ ਅਮਰ*

# ਵਿਸ਼ਵ ਸਿੱਖ ਸੰਮੇਲਨ ਦਾ ਸੁਪਨਾ

ਡਾ. ਗੁਰਨਾਮ ਕੌਰ




ਡਾ. ਗੁਰਨਾਮ ਕੌਰ

ਤਖਤ ਸ੍ਰੀ ਕੇਸ ਗੜ੍ਹ ਦੇ ਜਥੇਦਾਰ ਅਤੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਹੁੰਦਿਆਂ ਭਾਈ ਮਨਜੀਤ ਸਿੰਘ ਦੀ ਹਮੇਸ਼ਾ ਹੀ ਇਹ ਦਿਲੀ ਇੱਛਾ ਰਹੀ ਹੈ ਕਿ ਸਿੱਖ ਕੌਮ ਦੀ ਚੜ੍ਹਦੀ ਕਲਾ, ਸਰਬੱਤ ਦੇ ਭਲੇ, ਖ਼ਾਲਸਾ ਜੀ ਕੇ ਬੋਲ ਬਾਲੇ ਵੱਲ ਯਤਨ ਕੀਤੇ ਜਾਣ ਅਤੇ ਸਿੱਖ ਕੌਮ ਦੀ ਮਾਨਸਿਕਤਾ ਵਿਚ ਅਕਾਲ ਤਖਤ ਦੀ ਪਾਵਨਤਾ ਪੂਰੀ ਤਰ੍ਹਾਂ ਬੈਠ ਜਾਵੇ। ਟੋਰਾਂਟੋ ਯੂਨੀਵਰਸਿਟੀ ਦੇ ਡੀਨ ਅਤੇ ਹੋਰ ਉਚ ਅਧਿਕਾਰੀਆਂ ਨਾਲ ਮੀਟਿੰਗ ਕਰਨ ਦਾ ਵੀ ਇਹੀ ਮਕਸਦ ਸੀ ਕਿਉਂਕਿ ਟੋਰਾਂਟੋ ਯੂਨੀਵਰਸਿਟੀ ਵਿਚ ਸਿੱਖ ਸਟੱਡੀਜ਼ ਦੀ ਸਥਾਪਨਾ ਉਥੋਂ ਦੀ ਸਿੱਖ ਸੰਗਤ ਦੇ ਪੈਸੇ ਨਾਲ ਹੋਈ ਸੀ ਪਰ ਜਿਸ ਕਿਸਮ ਦਾ ਕੰਮ ਡਾ. ਮੈਕਲੋਡ ਸਿੱਖ ਸਟੱਡੀਜ਼ ਚੇਅਰ ਤੋਂ ਕਰ ਰਿਹਾ ਸੀ, ਉਸ ਵਿਚ ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤਾਂ ਦੀ ਤੋੜ-ਮਰੋੜ ਸ਼ਾਮਲ ਸੀ ਜੋ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਸਿੱਧੇ ਰੂਪ ਵਿਚ ਠੇਸ ਪਹੁੰਚਾਉਣਾ ਸੀ। ਇਸੇ ਤਰ੍ਹਾਂ ਦਾ ਕੰਮ ਡਾ. ਹਰਜੋਤ ਓਬਰਾਏ ਕਰ ਰਿਹਾ ਸੀ ਜੋ ਪੰਜਾਬੀ ਸਭਿਆਚਾਰ ਵਿਚ ਸ਼ਾਮਲ ਅਨੇਕ ਪੂਜਾ ਵਿਧੀਆਂ, ਮਨੌਤਾਂ, ਮੇਲੇ ਮੁਸਾਹਬਿਆਂ ਨੂੰ ਵੀ ਸਿੱਖ ਧਰਮ ਦਾ ਹਿੱਸਾ ਬਣਾ ਕੇ ਆਪਣੀਆਂ ਲਿਖਤਾਂ ਵਿਚ ਪੇਸ਼ ਕਰ ਰਿਹਾ ਸੀ, ਜਿਨ੍ਹਾਂ ਦਾ ਸਿੱਖ ਸਿਧਾਂਤਾਂ ਨਾਲ ਕੋਈ ਤੁਅੱਲਕ ਨਹੀਂ ਸੀ। ਭਾਈ ਮਨਜੀਤ ਸਿੰਘ ਨੇ ਕੈਨੇਡਾ ਅਤੇ ਅਮਰੀਕਾ ਦੀ ਸਿੱਖ ਸੰਗਤ, ਖਾਸ ਕਰਕੇ ਇਥੋਂ ਦੇ ਬੁੱਧੀਜੀਵੀ ਵਰਗ ਜਿਵੇਂ ਡਾ. ਜਸਵੀਰ ਸਿੰਘ ਮਾਨ ਜਿਹੜੇ ਲਗਾਤਾਰ ਇਸ ਤੱਥ ਪ੍ਰਤੀ ਚੇਤੰਨ ਸਨ ਅਤੇ ਕਈ ਵਾਰ ਸਿੱਖ ਸਿਧਾਂਤਾਂ ਦੀ ਵਿਲੱਖਣਤਾ ਦੀ ਸਥਾਪਤੀ ਲਈ ਸੈਮੀਨਾਰ ਵੀ ਕਰਾ ਚੁੱਕੇ ਸਨ, ਦੀ ਬੇਨਤੀ 'ਤੇ ਇਹ ਮੀਟਿੰਗਾਂ ਕੀਤੀਆਂ। ਨਿਊ ਯਾਰਕ, ਟੋਰਾਂਟੋ ਅਤੇ ਵੈਨਕੂਵਰ ਦੇ ਸੈਮੀਨਾਰਾਂ ਅਤੇ ਕਾਨਫਰੰਸਾਂ ਵਿਚ ਵੀ ਉਨ੍ਹਾਂ ਨੇ ਇਹੀ ਗੱਲ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ। ਨਿਊ ਯਾਰਕ ਦੀ ਆਖ਼ਰੀ ਦਿਨ ਦੀ ਕਾਨਫਰੰਸ ਵਿਚ ਦੂਰੋਂ-ਨੇੜਿਓਂ ਸਾਰੇ ਨਾਰਥ ਅਮਰੀਕਾ ਵਿਚੋਂ ਹਰ ਸ਼ੇਡ ਦੇ ਸਿੱਖ ਆਗੂ ਸ਼ਾਮਲ ਹੋਏ ਅਤੇ ਖੁੱਲ੍ਹ ਕੇ ਵਿਚਾਰਾਂ ਕੀਤੀਆਂ। ਜਦੋਂ ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ ਤੋਂ ਸਿੱਖ ਵਿਦਾਵਾਨਾਂ ਦੀਆਂ ਪੁਸਤਕਾਂ ਸਵਰਗੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਹੱਥੋਂ ਰਿਲੀਜ਼ ਕਰਾਉਣ ਦਾ ਪ੍ਰਬੰਧ ਕੀਤਾ ਤਾਂ ਵੀ ਮਕਸਦ ਸਿੱਖ ਵਿਦਵਾਨਾਂ ਨੂੰ ਵੱਧ ਤੋਂ ਵੱਧ ਸਿੱਖ ਸੰਸਥਾਵਾਂ ਨਾਲ ਜੋੜਨਾ ਸੀ। ਵੈਨਕੂਵਰ ਤੋਂ ਭਾਈ ਮਨਜੀਤ ਸਿੰਘ, ਡਾ. ਕੇਹਰ ਸਿੰਘ ਅਤੇ ਸ. ਮਹਿੰਦਰਪਾਲ ਸਿੰਘ ਇੰਗਲੈਂਡ ਅਤੇ ਆਇਰਲੈਂਡ ਦੀ ਸੰਗਤ ਦੇ ਬੁਲਾਵੇ 'ਤੇ ਚਲੇ ਗਏ। ਇੱਥੋਂ ਦਾ ਵੀਜ਼ਾ ਤਾਂ ਡਾ. ਕੇਹਰ ਸਿੰਘ ਦੇ ਕਹਿਣ 'ਤੇ ਮੈਂ ਵੀ ਲੁਆਇਆ ਸੀ ਪਰ ਮੇਰਾ ਨਾਲ ਜਾਣ ਦਾ ਪ੍ਰਬੰਧ ਨਹੀਂ ਹੋ ਸਕਿਆ, ਇਸ ਗੱਲ ਦਾ ਪਤਾ ਮੈਨੂੰ ਵੈਨਕੂਵਰ ਤੋਂ ਤੁਰਨ ਤੋਂ ਇੱਕ ਦਿਨ ਪਹਿਲਾਂ ਹੀ ਚੱਲਿਆ।

ਵੈਨਕੂਵਰ ਸਾਡੀ ਰਿਹਾਇਸ਼ ਦਾ ਪ੍ਰਬੰਧ ਸ. ਪੂਰਨ ਸਿੰਘ ਗਿੱਲ ਦੇ ਘਰ ਸੀ। ਉਦੋਂ ਤੋਂ ਹੀ ਸ. ਪੂਰਨ ਸਿੰਘ ਗਿੱਲ ਦੇ ਪਰਿਵਾਰ ਨਾਲ ਮੇਰਾ ਬਹੁਤ ਸਨੇਹ ਹੈ। ਮੈਂ ਇੰਗਲੈਂਡ ਦਾ ਪ੍ਰਬੰਧ ਨਾ ਹੋਣ 'ਤੇ ਘਬਰਾਹਟ ਵਿਚ ਸੀ ਕਿਉਂਕਿ ਨਿਊ ਯਾਰਕ ਵਾਲੀ ਮੇਰੀ ਸਹੇਲੀ ਸੁਸ਼ਮਾ ਇੰਗਲੈਂਡ ਆਪਣੇ ਭਾਣਜੇ ਦੇ ਵਿਆਹ 'ਤੇ ਜਾ ਚੁੱਕੀ ਸੀ ਅਤੇ ਸਾਡੀ ਵਾਪਸੀ ਸਭ ਦੀ ਇਕੱਠੀ ਰੱਖੀ ਹੋਈ ਸੀ। ਹਰਜੋਤ ਓਬਰਾਏ ਨਾਲ ਮੀਟਿੰਗ ਵਿਚ ਸ਼ਾਮਲ ਹੋਣ ਲਈ ਡਾ. ਜਸਵੀਰ ਸਿੰਘ ਮਾਨ ਕੈਲੀਫੋਰਨੀਆਂ ਤੋਂ ਆਏ ਹੋਏ ਸਨ। ਉਨ੍ਹਾਂ ਨੂੰ ਜਦੋਂ ਮੇਰੀ ਸਮੱਸਿਆ ਦਾ ਸ. ਨਰਿੰਦਰ ਸਿੰਘ ਓਟਵਾ ਤੋਂ ਪਤਾ ਲੱਗਿਆ ਤਾਂ ਉਨ੍ਹਾਂ ਨੇ ਇੱਕਦਮ ਮੇਰੀ ਨਿਊ ਯਾਰਕ ਤੋਂ ਸਾਊਥ ਕੈਰੋਲੀਨਾ ਮੇਰੀ ਭਤੀਜੀ ਲਿਵਲੀਨ ਕੋਲ ਜਾਣ ਲਈ ਔਗਸਟਾ ਤੱਕ ਵਾਪਸੀ ਟਿਕਟ ਦਾ ਪ੍ਰਬੰਧ ਕਰ ਦਿੱਤਾ।

ਨਿਊ ਯਾਰਕ ਨੂੰ ਆਉਂਦਿਆਂ ਟੋਰਾਂਟੋ ਹਵਾਈ ਅੱਡੇ 'ਤੇ ਸਾਨੂੰ ਕੁਝ ਸਮਾਂ ਅਗਲੀ ਫਲਾਈਟ ਦਾ ਇੰਤਜ਼ਾਰ ਕਰਨਾ ਪੈਣਾ ਸੀ। ਇਥੇ ਹੀ ਮੇਰੀ ਸਹੇਲੀ ਮਹਿੰਦਰ ਕੌਰ ਸੰਧੂ ਸਕਿਉਰਟੀ ਵਿਚ ਕਾਫੀ ਅੱਛੀ ਪੋਜੀਸ਼ਨ 'ਤੇ ਕੰਮ ਕਰਦੀ ਹੈ। ਉਸ ਨੇ ਸਾਨੂੰ ਪੰਜਾਬੀ ਯੂਨੀਵਰਸਿਟੀ ਦੇ ਕੁਝ ਸਾਬਕਾ ਵਿਦਿਆਰਥੀਆਂ ਨਾਲ ਮਿਲਾਇਆ ਜੋ ਹੁਣ ਸਕਿਉਰਟੀ ਵਿਚ ਕੰਮ ਕਰਦੇ ਸਨ। ਮਹਿੰਦਰ ਨੇ ਪੀਜ਼ਾ ਲੈ ਆਂਦਾ ਅਤੇ ਰਲ ਕੇ ਸਾਰਿਆਂ ਨੇ ਖਾਧਾ। ਇਸ ਤਰ੍ਹਾਂ ਇੰਤਜ਼ਾਰ ਕਰਨਾ ਔਖਾ ਨਹੀਂ ਲੱਗਿਆ। ਨਿਊ ਯਾਰਕ ਪਹੁੰਚ ਕੇ ਦੂਸਰੇ ਦਿਨ ਮੈਂ ਅਤੇ ਡਾ. ਓਅੰਕਾਰ ਸਿੰਘ ਨੇ ਏਅਰਪੋਰਟ ਤੋਂ ਸਭ ਦਾ ਗੁਆਚਿਆ ਹੋਇਆ ਸਾਮਾਨ ਲਿਆ ਜੋ ਪਹਿਲਾਂ ਹੀਥਰੋ ਹਵਾਈ ਅੱਡੇ 'ਤੇ ਫਲਾਈਟ ਬਦਲਣ ਵੇਲੇ ਏਅਰਲਾਈਨ ਵਾਲਿਆਂ ਕੋਲੋਂ ਗੁਆਚ ਗਿਆ ਸੀ। ਦੂਸਰੇ ਦਿਨ ਮੈਂ ਸਾਊਥ ਕੈਰੋਲੀਨਾ ਆਪਣੀ ਭਤੀਜੀ ਲਿਵਲੀਨ ਕੋਲ ਚਲੀ ਗਈ। ਉਥੋਂ ਇੱਕ ਦਿਨ ਉਸ ਨਾਲ ਜਾਰਜੀਆ ਯੂਨੀਵਰਸਿਟੀ ਗਈ ਜਿਥੇ ਉਹ ਡਾਈਟੀਸ਼ੀਅਨ ਦਾ ਦੋ ਸਾਲ ਦਾ ਕੋਰਸ ਕਰਨ ਲੱਗੀ ਸੀ। ਉਥੇ ਉਸ ਦੀ ਚੀਨਣ-ਅਮਰੀਕਣ ਗਾਈਡ ਨੂੰ ਮਿਲੀ। ਉਹ ਬੜੀ ਮਿਲਣਸਾਰ ਸੀ। ਜਦੋਂ ਮੈਂ ਉਸ ਨੂੰ ਆਪਣੇ ਬਾਰੇ ਦੱਸਿਆ ਤਾਂ ਉਹ ਹਿੰਦੋਸਤਾਨ ਬਾਰੇ ਗੱਲ ਕਰਦੀ ਅੰਗਰੇਜ਼ੀ ਵਿਚ ਕਹਿਣ ਲੱਗੀ, "ਇੰਡੀਆ ਕੈਨ ਪਰੋਗਰੈਸ ਵੈਰੀ ਫਾਸਟ ਇਫ ਇਟ ਕੰਟਰੋਲਜ਼ ਇਟ'ਸ ਪਾਪੂਲੇਸ਼ਨ ਲਾਈਕ ਚਾਈਨਾ।" ਮੇਰਾ ਜਵਾਬ ਸੀ, "ਇੰਡੀਆ ਕੈਨ ਨੌਟ ਫੋਰਸ ਇਟ'ਸ ਪੀਪਲ ਲਾਈਕ ਚਾਈਨਾ ਬੀਕਾਜ਼ ਇਟ ਇਜ਼ ਏ ਡੈਮੋਕਰੈਟਿਕ ਕੰਟਰੀ।"

ਬਾਕੀ ਦਾ ਜਥਾ ਇੰਗਲੈਂਡ ਤੋਂ ਵਾਪਸ ਆ ਕੇ ਸਿੰਘ ਸਾਹਿਬ ਯੋਗੀ ਹਰਭਜਨ ਸਿੰਘ ਕੋਲ ਪਹੁੰਚ ਗਿਆ ਸੀ ਜਿਥੋਂ ਫਿਰ ਉਨ੍ਹਾਂ ਨੇ ਵਾਸ਼ਿੰਗਟਨ ਜਾਣਾ ਸੀ। ਯੋਗੀ ਜੀ ਨੇ ਭਾਈ ਸਾਹਿਬ ਨੂੰ ਆਪਣੇ ਸਥਾਨ 'ਤੇ ਆਉਣ ਲਈ ਬੇਨਤੀ ਕੀਤੀ ਸੀ।



ਭਾਈ ਮਨਜੀਤ ਸਿੰਘ

ਭਾਈ ਮਨਜੀਤ ਸਿੰਘ ਨੇ ਉਤਰ ਵਿਚ ਇੱਕੋ ਗੱਲ ਆਖੀ ਸੀ ਕਿ ਯੋਗੀ ਜੀ ਨੂੰ ਪੂਰੀ ਤਰ੍ਹਾਂ ਸ੍ਰੀ ਅਕਾਲ ਤਖਤ ਨੂੰ ਸਮਰਪਿਤ ਹੋਣਾ ਪਵੇਗਾ ਅਤੇ ਅਕਾਲ ਤਖਤ ਤੋਂ ਪ੍ਰਵਾਣਿਤ ਰਹਿਤ ਮਰਿਯਾਦਾ ਅਨੁਸਾਰ ਚੱਲਣਾ ਪਵੇਗਾ ਤਾਂ ਹੀ ਉਹ ਆਉਣ ਲਈ ਤਿਆਰ ਹੋਣਗੇ। ਯੋਗੀ ਜੀ ਉਨ੍ਹਾਂ ਨਾਲ ਸਹਿਮਤ ਹੋ ਗਏ ਅਤੇ ਅਕਾਲ ਤਖਤ ਦੇ ਜਥੇਦਾਰ ਦੇ ਤੌਰ 'ਤੇ ਉਨ੍ਹਾਂ ਨੂੰ ਪੂਰਾ ਆਦਰ-ਸਤਿਕਾਰ ਦਿੱਤਾ। ਡਾ. ਕੇਹਰ ਸਿੰਘ ਦਾ ਸਾਊਥ ਕੈਰੋਲੀਨਾ ਫੋਨ ਆਇਆ ਕਿ ਮੈਂ ਨਿਊ ਯਾਰਕ ਪਹੁੰਚ ਕੇ ਵਾਪਸ ਭਾਰਤ ਜਾਣ ਲਈ ਸਾਰੇ ਜਥੇ ਦਾ ਇੰਤਜ਼ਾਰ ਕਰਾਂ ਪਰ ਮੈਂ ਉਨ੍ਹਾਂ ਨੂੰ ਨਾਂਹ ਕਰ ਦਿੱਤੀ। ਇਸ ਤਰ੍ਹਾਂ ਮੈਂ 16 ਅਗਸਤ ਨੂੰ ਨਿਊ ਯਾਰਕ ਪਹੁੰਚੀ ਅਤੇ ਸ. ਹਰਬੰਸ ਸਿੰਘ ਨੂੰ ਕਹਿ ਕੇ 18 ਅਗਸਤ ਦੀ ਸੀਟ ਲੈ ਕੇ ਵਾਪਸ ਭਾਰਤ ਚਲੀ ਗਈ।

ਭਾਈ ਮਨਜੀਤ ਸਿੰਘ ਅਕਾਲ ਤਖ਼ਤ ਦੇ ਜਥੇਦਾਰ ਦੀ ਸੇਵਾ ਸੰਭਾਲਣ ਤੋਂ ਬਾਅਦ ਲਗਾਤਾਰ ਸੰਸਾਰ ਪੱਧਰ 'ਤੇ ਹੋਣ ਵਾਲੀਆਂ ਇੰਟਰਫੇਥ ਕਾਨਫਰੰਸਾਂ ਵਿਚ ਸਿੱਖ ਧਰਮ ਦੇ ਨੁਮਾਇੰਦੇ ਦੇ ਤੌਰ 'ਤੇ ਸ਼ਿਰਕਤ ਕਰਦੇ ਆ ਰਹੇ ਸਨ। ਪੜ੍ਹੇ ਲਿਖੇ ਜਥੇਦਾਰ ਹੋਣ ਦਾ ਕੌਮ ਨੂੰ ਇਹ ਇੱਕ ਫਾਇਦਾ ਸੀ ਕਿ ਵੱਖ-ਵੱਖ ਧਰਮਾਂ ਦੇ ਆਗੂਆਂ ਨਾਲ ਧਰਮ ਸਬੰਧੀ ਗੰਭੀਰ ਮਸਲਿਆਂ ਤੇ ਇੱਕ ਆਗੂ ਦੀ ਤਰ੍ਹਾਂ ਵਿਚਾਰ ਕਰ ਸਕਦੇ ਸਨ ਭਾਵੇਂ ਸਿੱਖ ਵਿਦਵਾਨ ਤਾਂ ਪਹਿਲਾਂ ਵੀ ਇਨ੍ਹਾਂ ਕਾਨਫਰੰਸਾਂ ਦਾ ਹਿੱਸਾ ਬਣਦੇ ਆ ਰਹੇ ਸਨ। ਸੰਨ 1993 ਵਿਚ ਪਾਰਲੀਮੈਂਟ ਆਫ ਵਰਲਡ ਰਿਲੀਜਨਸ ਦੀ ਕਾਨਫਰੰਸ 'ਤੇ ਸਿੰਘ ਸਾਹਿਬ ਦੀ ਮੁਲਾਕਾਤ ਜਿਊਇਸ਼ ਕਾਂਗਰਸ ਦੇ ਵਾਈਸ ਪ੍ਰੈਜ਼ੀਡੈਂਟ ਡਾ. ਆਰਥਰ ਹੈਟਜਬਰਗ ਅਤੇ ਆਰਕ ਸੰਸਥਾ ਦੇ ਜਨਰਲ ਸੈਕਟਰੀ ਡਾ. ਮਾਰਟਨ ਪਾਮਰ ਨਾਲ ਹੋਈ। ਵਿਚਾਰ ਕਰਦਿਆਂ ਉਨ੍ਹਾਂ ਨੇ ਸਿੰਘ ਸਾਹਿਬ ਨੂੰ ਕਿਹਾ ਕਿ ਸਿੱਖ ਧਰਮ ਦੀ ਸੰਸਾਰ ਪੱਧਰ 'ਤੇ ਪਛਾਣ ਬਣਾਉਣੀ ਚਾਹੀਦੀ ਹੈ ਅਤੇ ਇਸ ਲਈ ਯਹੂਦੀਆਂ ਦੀ ਤਰ੍ਹਾਂ ਇੱਕ ਵਰਲਡ ਸਿੱਖ ਕਾਨਫਰੰਸ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਭਾਈ ਸਾਹਿਬ ਨੇ ਸਿੱਖ ਕੌਮ ਦੀ ਉਤਮਤਾ ਨੂੰ ਇੱਕ ਥਾਂ ਕਾਨਫਰੰਸ ਦੇ ਰੂਪ ਵਿਚ ਇਕੱਠਾ ਕਰਕੇ ਖ਼ਾਲਸੇ ਜੀ ਕੇ ਬੋਲ ਬਾਲੇ, ਸਰਬੱਤ ਦੇ ਭਲੇ ਅਤੇ ਸਿੱਖ ਕੌਮ ਦੀ ਮਾਨਸਿਕਤਾ ਵਿਚ ਅਕਾਲ ਤਖ਼ਤ ਸਾਹਿਬ ਦੀ ਪਾਵਨਤਾ ਨੂੰ ਪੂਰੀ ਤਰ੍ਹਾਂ ਬਿਠਾਉਣ ਦਾ ਸੁਪਨਾ ਲਿਆ। ਇਸ ਕਾਰਜ ਦੀ ਵਿਉਂਤਬੰਦੀ ਲਈ ਸ੍ਰੀ ਅਕਾਲ ਤਖ਼ਤ ਦੀ ਛਤਰ-ਛਾਇਆ ਹੇਠ ਕੌਮ ਦੇ ਨੁਮਾਇੰਦਿਆਂ, ਬੁੱਧੀਜੀਵੀਆਂ ਅਤੇ ਅਦਾਰਿਆਂ ਨਾਲ ਮੀਟਿੰਗਾਂ ਕਰਕੇ ਸਲਾਹਾਂ ਕੀਤੀਆਂ ਅਤੇ ਮੋਟੇ ਤੌਰ 'ਤੇ ਰੂਪ-ਰੇਖਾ ਤਿਆਰ ਕੀਤੀ ਗਈ। ਭਾਈ ਸਾਹਿਬ ਨੇ ਵੈਸੇ ਵੀ ਅਕਾਲ ਤਖਤ 'ਤੇ ਪੇਸ਼ ਹੋਣ ਵਾਲੇ ਮਸਲਿਆਂ ਨੂੰ ਸੁਲਝਾਉਣ ਵਾਸਤੇ ਸਿੱਖ ਵਿਦਵਾਨਾਂ ਦੀ ਵੱਡੇ ਪੱਧਰ ਦੀ ਸਲਾਹਕਾਰ ਕਮੇਟੀ ਬਣਾਈ ਹੋਈ ਸੀ ਤਾਂ ਕਿ ਹਰ ਮਸਲਾ ਚੰਗੀ ਤਰ੍ਹਾਂ ਵਿਚਾਰ-ਵਟਾਂਦਰਾ ਕਰਕੇ ਪੂਰੀ ਸੁਹਿਰਦਤਾ ਨਾਲ ਨਜਿੱਠਿਆ ਜਾਵੇ, ਜਿਸ ਦੀ ਇੱਕ ਉਦਾਹਰਣ ਅਸੀਂ ਪਹਿਲਾਂ ਸ. ਅਮਰਜੀਤ ਸਿੰਘ ਗਰੇਵਾਲ ਦੀ ਸੰਪਾਦਤ ਕੀਤੀ ਕਿਤਾਬ ਦੀ ਦੇ ਚੁੱਕੇ ਹਾਂ। ਏਡੇ ਵਿਸ਼ਾਲ ਪੱਧਰ ਦਾ ਪ੍ਰੋਗਰਾਮ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਕਹੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਤੋਂ ਬਿਨਾ ਸੰਭਵ ਨਹੀਂ ਸੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਟੌਹੜਾ ਸਨ ਜਿਨ੍ਹਾਂ ਨੇ ਸ਼੍ਰੋਮਣੀ ਕਮੇਟੀ ਵੱਲੋਂ ਹਰ ਤਰ੍ਹਾਂ ਦਾ ਪ੍ਰਬੰਧ ਕਰਨ ਦਾ ਭਰੋਸਾ ਦੁਆਇਆ। ਉਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਖਾਸ ਹੈਸੀਅਤ ਹੁੰਦੀ ਸੀ। ਹੁਣ ਵਾਂਗ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਅਕਾਲੀ ਦਲ ਦੇ ਪ੍ਰਧਾਨ ਦਾ ਹੱਥ-ਠੋਕਾ ਨਹੀਂ ਸੀ ਕਿਉਂਕਿ ਰਾਜਨੀਤਕ ਤੌਰ 'ਤੇ ਅਕਾਲੀ ਦਲ ਦੀ ਆਪਣੀ ਹਾਲਤ ਡਾਂਵਾਂਡੋਲ ਸੀ। ਸੱਤਾ 'ਤੇ ਕਾਬਜ਼ ਹੋ ਸਕਣ ਦਾ ਬਹੁਤਾ ਭਰੋਸਾ ਨਹੀਂ ਸੀ। ਪੰਜਾਬ ਵਿਚ ਕਾਂਗਰਸ ਸੱਤਾ 'ਤੇ ਕਾਬਜ਼ ਸੀ ਅਤੇ ਬੇਅੰਤ ਸਿੰਘ ਮੁੱਖ ਮੰਤਰੀ ਸੀ।

ਸੰਨ 1994 ਦੇ ਅਮਰੀਕਾ ਅਤੇ ਕੈਨੇਡਾ ਦੇ ਸੈਮੀਨਾਰਾਂ ਵਿਚ ਹੋਏ ਇਕੱਠ ਅਤੇ ਸੰਗਤਾਂ ਦੇ ਹਾਂ-ਵਾਚਕ ਹੁੰਗਾਰੇ ਨੇ ਭਾਈ ਮਨਜੀਤ ਸਿੰਘ ਨੂੰ ਹੋਰ ਉਤਸ਼ਾਹ ਬਖਸ਼ਿਆ ਅਤੇ ਹੌਂਸਲੇ ਬੁਲੰਦ ਕੀਤੇ। ਜਥੇਦਾਰ ਟੌਹੜਾ ਨੇ ਅਕਾਲ ਤਖ਼ਤ ਦੀ ਸਰਪ੍ਰਸਤੀ ਹੇਠ ਅਲੱਗ-ਅਲੱਗ ਪ੍ਰਬੰਧ ਕਰਨ ਲਈ ਭਾਈ ਸਾਹਿਬ ਅਤੇ ਵਿਦਵਾਨਾਂ ਦੀ ਸਲਾਹ ਨਾਲ ਕਮੇਟੀਆਂ ਬਣਾ ਦਿੱਤੀਆਂ। ਸੈਮੀਨਾਰਾਂ ਦੀ ਵਿਉਂਤਵੰਦੀ ਲਈ ਸ. ਮਨਜੀਤ ਸਿੰਘ ਕਲਕੱਤਾ ਨਾਲ ਡਾ. ਬਲਕਾਰ ਸਿੰਘ ਦੀ ਡਿਊਟੀ ਲਾ ਦਿੱਤੀ। ਵਿਸ਼ਵ ਸਿੱਖ ਕਾਨਫਰੰਸ ਅੰਮ੍ਰਿਤਸਰ ਕਰਾਉਣ ਦਾ ਫੈਸਲਾ ਹੋਇਆ। ਕਾਨਫਰੰਸ ਸ਼ੁਰੂ ਹੋਣ ਤੋਂ ਕਾਫੀ ਸਮਾਂ ਪਹਿਲਾਂ ਅੰਮ੍ਰਿਤਸਰ ਪੱਕੇ ਡੇਰੇ ਲਾ ਕੇ ਦੋਹਾਂ ਨੇ ਵਿਦਵਾਨਾਂ ਦੀ ਸੂਚੀ ਤਿਆਰ ਕਰਨ ਤੋਂ ਲੈ ਕੇ ਪਰਚੇ ਲਿਖਾਉਣ ਅਤੇ ਚਿੱਠੀ-ਪੱਤਰ ਲਿਖਣ ਆਦਿ ਦਾ ਸਾਰਾ ਕੰਮ ਕੀਤਾ।

ਵਿਸ਼ਵ ਸਿੱਖ ਸੰਮੇਲਨ ਪੂਰੇ ਪੰਜ ਦਿਨ ਚੱਲਿਆ। ਵੀਹਵੀਂ ਸਦੀ ਦਾ ਇਹ ਸਿੱਖਾਂ ਦਾ ਸਭ ਤੋਂ ਵੱਡਾ ਅਤੇ ਸ਼ਾਨਦਾਰ ਸੰਮੇਲਨ ਸੀ ਜਿਸ ਵਿਚ ਦੁਨੀਆਂ ਦੇ ਸਾਰੇ ਦੇਸ਼ਾਂ ਤੋਂ ਦਾਨਿਸ਼ਵਰ ਸਿੱਖ ਇਕੱਤਰ ਹੋਏ ਜਿਨ੍ਹਾਂ ਦੀ ਗਿਣਤੀ ਲੱਗਭਗ ਪੰਜ ਲੱਖ ਸੀ। ਅਲੱਗ-ਅਲੱਗ ਸਮਾਗਮ ਨਾਲ ਨਾਲ ਚੱਲ ਰਹੇ ਸਨ। ਪੰਜ ਦਿਨ ਗੁਰਮਤਿ ਸੰਗੀਤ ਦਾ ਪ੍ਰਵਾਹ ਚੱਲਦਾ ਰਿਹਾ ਜਿਸ ਦੇ ਪ੍ਰਬੰਧ ਦੀ ਮੁੱਖ ਜ਼ਿੰਮੇਵਾਰੀ ਬਾਬਾ ਸੁੱਚਾ ਸਿੰਘ ਜਵੱਦੀ ਕਲਾਂ ਦੀ ਸੀ ਅਤੇ ਪ੍ਰਬੰਧ ਕਰਨ ਲਈ ਉਨ੍ਹਾਂ ਦੀ ਸਹਾਇਤਾ ਵਾਸਤੇ ਬਾਕਾਇਦਾ ਗੁਰਮਤਿ ਸੰਗੀਤ ਦੇ ਮਾਹਿਰਾਂ ਦੀ ਕਮੇਟੀ ਬਣਾਈ ਗਈ ਸੀ। ਇਸੇ ਤਰ੍ਹਾਂ ਬੀਬੀਆਂ ਦੀ ਕਾਨਫਰੰਸ ਦਾ ਪ੍ਰਬੰਧ ਬੀਬੀਆਂ ਦੀ ਕਮੇਟੀ ਕਰ ਰਹੀ ਸੀ। ਇਸ ਕਾਨਫਰੰਸ ਵਿਚ ਬੀਬੀ ਸੁਰਿੰਦਰ ਕੌਰ ਬਾਦਲ ਵੀ ਮੁੱਖ ਮਹਿਮਾਨ ਵੱਜੋਂ ਸ਼ਾਮਲ ਹੋਈ ਪਰ ਸਿੱਖ ਇਸਤਰੀਆਂ ਦੇ ਹੱਕਾਂ ਜਾਂ ਹੋਰ ਕਿਸੇ ਰੋਲ ਬਾਰੇ ਉਸ ਨੇ ਕੋਈ ਵਿਸ਼ੇਸ਼ ਸੁਝਾਅ ਜਾਂ ਵਿਚਾਰ ਨਹੀਂ ਰੱਖਿਆ। ਬੀਬੀਆਂ ਦੀ ਕਾਨਫਰੰਸ ਦੀ ਜ਼ਿੰਮੇਵਾਰੀ ਕਿਸੇ ਲੜਕੀਆਂ ਦੇ ਕਾਲਜ ਦੀ ਪ੍ਰਿੰਸੀਪਲ ਦੀ ਸੀ, ਜਿਸ ਵਿਚ ਪਰਚਿਆਂ ਦਾ ਪੱਧਰ ਬਹੁਤਾ ਪਾਇਦਾਰ ਨਹੀਂ ਸੀ। ਸ਼ਾਇਦ ਉਸ ਨੂੰ ਸਿੱਖ ਅਧਿਐਨ ਦੇ ਖੇਤਰ ਵਿਚ ਕਾਰਜਸ਼ੀਲ, ਖੋਜ ਨਾਲ ਜੁੜੀਆਂ ਬੀਬੀਆਂ ਦੀ ਬਹੁਤੀ ਜਾਣਕਾਰੀ ਹੀ ਨਹੀਂ ਸੀ। ਇਸੇ ਲਈ ਉਸ ਨੇ ਅਕਾਲੀ ਲੀਡਰਾਂ ਜਿਵੇਂ ਸਾਬਕਾ ਵਿਧਾਇਕਾਂ ਜਾਂ ਸਾਬਕਾ ਮੰਤਰੀਆਂ (ਅਕਾਲੀਆਂ ਨੇ ਇਸ ਇਲੈਕਸ਼ਨ ਦਾ ਬਾਈਕਾਟ ਕੀਤਾ ਸੀ ਸ਼ਾਇਦ) ਦੀਆਂ ਪਤਨੀਆਂ ਜਾਂ ਰਾਜਨੀਤੀ ਵਿਚ ਸਰਗਰਮ ਬੀਬੀਆਂ ਨੂੰ ਹੀ ਬੋਲਣ ਲਈ ਬੁਲਾਇਆ ਹੋਇਆ ਸੀ। ਇਸੇ ਤਰ੍ਹਾਂ ਕਾਨਫਰੰਸ ਦਾ ਪੂਰਾ ਇੱਕ ਦਿਨ ਪੰਜਾਬ ਦੀਆਂ ਯੂਨੀਵਰਸਿਟੀਆਂ ਦੇ ਤੱਤਕਾਲੀਨ ਅਤੇ ਸਾਬਕਾ ਵਾਈਸ ਚਾਂਸਲਰਾਂ ਲਈ ਰੱਖਿਆ ਗਿਆ ਸੀ ਜਿਸ ਵਿਚ ਗੁਰੂ ਨਾਨਕ ਦੇਵ ਯੂਨਵਿਰਸਿਟੀ (ਅੰਮ੍ਰਿਤਸਰ), ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਲੁਧਿਆਣਾ) ਅਤੇ ਪੰਜਾਬੀ ਯੂਨੀਵਰਸਿਟੀ (ਪਟਿਆਲਾ) ਦੇ ਵਾਈਸ ਚਾਂਸਲਰ ਇਕੱਠੇ ਹੋਏ ਅਤੇ ਉਨ੍ਹਾਂ ਨੇ ਪੰਜਾਬ ਦੇ ਭਲੇ ਵਾਸਤੇ ਆਪਣੇ ਵਿਚਾਰ ਪ੍ਰਗਟ ਕੀਤੇ।

ਬੋਲਣ ਵਾਲਿਆਂ ਵਿਚ ਪ੍ਰਮੁੱਖ ਡਾ. ਭਗਤ ਸਿੰਘ, ਡਾ. ਐਚ.ਕੇ. ਮਨਮੋਹਣ ਸਿੰਘ, ਡਾ. ਖੇਮ ਸਿੰਘ ਗਿੱਲ ਅਤੇ ਡਾ. ਸਰਦਾਰਾ ਸਿੰਘ ਜੌਹਲ ਸਨ ਪਰ ਸਭ ਤੋਂ ਵਧੀਆ ਅਤੇ ਠੋਸ ਸੁਝਾਵਾਂ ਨਾਲ ਭਰਪੂਰ ਲੈਕਚਰ ਡਾ. ਸਰਦਾਰਾ ਸਿੰਘ ਜੌਹਲ (ਸਾਬਕਾ ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪ੍ਰਸਿੱਧ ਅਰਥ-ਸ਼ਾਸਤਰੀ) ਦਾ ਸੀ। ਡਾ. ਜੌਹਲ ਨੇ ਬਤੌਰ ਖੇਤੀ ਅਰਥ ਸਾਸ਼ਤਰੀ ਪੰਜਾਬ ਦੀ ਬੇਹਤਰੀ ਲਈ ਜੋ ਛੇ-ਨੁਕਾਤੀ ਸੁਝਾਅ ਦਿੱਤੇ, ਉਨ੍ਹਾਂ ਦਾ ਸਾਰ ਤੱਤ ਅੱਜ ਵੀ ਮੇਰੇ ਜ਼ਿਹਨ ਵਿਚ ਹੈ। ਉਨ੍ਹਾਂ ਦਾ ਪਹਿਲਾ ਨੁਕਤਾ ਸੀ ਕਿ ਪੰਜਾਬ ਦੀਆਂ ਸੜਕਾਂ ਦੀ ਹਾਲਤ ਵਧੀਆ ਅਤੇ ਚਹੁੰ-ਮਾਰਗੀ ਹੋਣੀ ਚਾਹੀਦੀ ਹੈ ਤਾਂ ਕਿ ਆਵਾਜਾਈ ਨਿਰਵਿਘਨ ਚੱਲੇ। ਮੁੱਖ ਸੜਕਾਂ ਤੇ ਫਲਾਈ-ਓਵਰ ਬਣਨੇ ਚਾਹੀਦੇ ਹਨ। ਤੀਸਰਾ ਨੁਕਤਾ ਉਨ੍ਹਾਂ ਨੇ ਪੰਜਾਬ ਵਾਸਤੇ ਡਰਾਈ ਪੋਰਟ ਦਾ ਰੱਖਿਆ ਜਿੱਥੋਂ ਪੰਜਾਬ ਦੀ ਫ਼ਸਲ ਛੇਤੀ ਅਤੇ ਆਰਾਮ ਨਾਲ ਬਾਹਰ ਭੇਜੀ ਜਾ ਸਕੇ। ਚੌਥਾ ਨੁਕਤਾ ਪੰਜਾਬ ਦੇ ਝੋਨੇ-ਕਣਕ ਦੇ ਪਰੰਪਰਕ ਫ਼ਸਲੀ ਚੱਕਰ ਨੂੰ ਬਦਲਣ ਦਾ ਰੱਖਿਆ। ਇਸ ਦੀ ਥਾਂ ਫਲਾਂ ਅਤੇ ਸਬਜੀਆਂ, ਤੇਲਾਂ ਦੇ ਬੀਜ ਅਤੇ ਦਾਲਾਂ ਦੀ ਕਾਸ਼ਤ ਦਾ ਸੁਝਾਅ ਦਿੱਤਾ। ਪੰਜਵਾਂ ਨੁਕਤਾ ਬਦਲਵੀਆਂ ਫਸਲਾਂ ਦੇ ਮੰਡੀਕਰਨ ਦਾ ਯੋਗ ਪ੍ਰਬੰਧ ਕਰਨ ਦਾ ਸੀ ਤਾਂ ਕਿ ਫ਼ਸਲੀ ਚੱਕਰ ਨੂੰ ਬਦਲਣ ਲਈ ਕਿਸਾਨ ਕੋਈ ਹਿਚਕਚਾਹਟ ਨਾ ਦਿਖਾਉਣ। ਉਨ੍ਹਾਂ ਦਾ ਕਹਿਣਾ ਸੀ ਕਿ ਪੰਜਾਬ ਖੇਤੀ 'ਤੇ ਨਿਰਭਰ ਸੂਬਾ ਹੈ ਅਤੇ ਕਿਸਾਨ ਦੀ ਖੁਸ਼ਹਾਲੀ ਵਿਚ ਹੀ ਸੂਬੇ ਦੀ ਖੁਸ਼ਹਾਲੀ ਹੈ। ਅਗਲਾ ਨੁਕਤਾ ਉਨ੍ਹਾਂ ਨੇ ਵਿੱਦਿਆ ਨੂੰ ਕਿੱਤਾ-ਮੁਖੀ ਬਣਾਉਣ ਦਾ ਰੱਖਿਆ ਜਿਸ ਦਾ ਤਜ਼ਰਬਾ ਉਹ ਆਪ ਮੁਕੰਦਪੁਰ ਕਾਲਜ ਵਿਚ ਕਰ ਰਹੇ ਹਨ। ਇਸ ਸੈਸ਼ਨ ਦੀ ਪ੍ਰਧਾਨਗੀ ਸ. ਪ੍ਰਕਾਸ਼ ਸਿੰਘ ਬਾਦਲ ਕਰ ਰਹੇ ਸਨ। ਉਨ੍ਹਾਂ ਨੇ ਆਪਣੇ ਭਾਸ਼ਣ ਦੌਰਾਨ ਪਹਿਲੀ ਗੱਲ ਇਹੀ ਕਹੀ ਕਿ ਜੌਹਲ ਸਾਹਿਬ ਅਗਲੀਆਂ ਚੋਣਾਂ ਵਿਚ ਸਾਨੂੰ ਜਿਤਾਓ ਅਤੇ ਮੈਨੂੰ ਚੀਫ਼ ਮਨਿਸਟਰ ਬਣਾਉ, ਫਿਰ ਦੇਖੋ ਕਿਵੇਂ ਇਹ ਸਾਰੇ ਪ੍ਰੋਗਰਾਮ ਅਸੀਂ ਦਿਨਾਂ ਵਿਚ ਸਿਰੇ ਚੜ੍ਹਾਉਂਦੇ ਹਾਂ।

*(ਚਲਦਾ...)*

## ਰੰਗ-ਬੇਰੰਗ

## ਸਿਆਣਿਆਂ ਦਾ ਕਿਹਾ

(1) ਸੰਤਾਪ, ਨਸ਼ੇ, ਖੁਦਕੁਸ਼ੀਆਂ ਦੇ ਬੁੱਥੇ ਪਿਆ ਪੰਜਾਬ ਤੜਫ ਰਿਹਾ ਹੈ।

(2) ਪੰਜਾਬ ਕਬਰਿਸਤਾਨ ਨਹੀਂ ਬਣਨਾ ਚਾਹੁੰਦਾ, ਪੰਜਾਬ ਜ਼ਿੰਦਗੀ ਚਾਹੁੰਦਾ ਹੈ- ਨਿਆਂ ਤੇ ਗੈਰਤ ਵਾਲੀ। ਇਹ ਪੰਜਾਬ ਦਾ ਹੱਕ ਹੈ ਜਿਹੜਾ ਭਾਰਤ ਨੂੰ ਇੱਕ ਦਿਨ ਦੇਣਾ ਹੀ ਪਵੇਗਾ।

(3) ਪੰਜਾਬ ਦੇ ਪ੍ਰਸ਼ਾਸਨ ਦੀ ਬਾਂਹ ਸੰਵਿਧਾਨ ਨਹੀਂ-ਹਿੰਦੂ ਮਾਫੀਆ ਰਾਹੀਂ ਹਥਿਆਰਬੰਦ ਫੋਰਸਾਂ ਹਨ।

(4) ਪੰਜਾਬ ਵਿਚ ਪੁਲਿਸ ਅਨੁਸ਼ਾਸਨਬੱਧ ਸੇਵਾ ਦੀ ਥਾਂ ਹਥਿਆਰਬੰਦ ਗੁੰਡਾ ਗਰੋਹ ਦੀ ਤਰ੍ਹਾਂ ਵਿਹਾਰ ਕਰ ਰਹੀ ਹੈ।

(5) ਬੰਦੂਕ ਜਿਨ੍ਹਾਂ ਦੀ ਤਹਿਜ਼ੀਬ ਬਣ ਜਾਏ ਉਹ ਜਜ਼ਬਾਤੀ ਤੌਰ 'ਤੇ ਗੂੰਗੇ ਬਣ ਜਾਂਦੇ ਹਨ।

(6) ਝੁਲਸੇ ਪਰਾਂ ਨਾਲ ਕਬੂਤਰਾਂ ਲਈ ਉਡਾਰੀ ਭਰਨਾ ਔਖਾ ਹੈ। ਅੱਗ ਵਿਚ ਭੁੰਨੇ ਬੀਜ ਜ਼ਮੀਨ 'ਚ ਟੰਗੂਰ ਨਹੀਂ ਮਾਰਦੇ।

(7) ਸ਼ਾਂਤੀ ਜੇਬ 'ਚ ਪਾਉਣ ਵਾਲੀ ਵਸਤ ਨਹੀਂ। ਸ਼ਾਂਤੀ, ਬੰਦੂਕ ਦੀ ਖਾਮੋਸ਼ੀ ਦਾ ਨਾਂ ਨਹੀਂ ਹੈ। ਸ਼ਾਂਤੀ ਪੰਜਾਬ ਦੇ ਸਾੜੇ ਗਏ ਕਮਾਦ 'ਚੋਂ ਉਠਦੀ ਗੰਧ ਅਤੇ ਤੋਪਾਂ ਨਾਲ ਫਨਾਹ ਕੀਤੇ ਫਾਰਮ ਹਾਊਸ 'ਚੋਂ ਉਠਿਆ ਹੌਂਕਾ ਨਹੀਂ। ਸ਼ਾਂਤੀ, ਝੋਨੇ ਦੇ ਖੇਤ 'ਚ ਪਈਆਂ ਝੂਠੇ ਪੁਲਿਸ ਮੁਕਾਬਲੇ 'ਚ ਮਾਰੇ ਸਿੱਖ ਗੱਭਰੂਆਂ ਦੀਆਂ ਲਾਸ਼ਾਂ ਨਹੀਂ ਹਨ।

(8) 1947 ਤੋਂ ਬਾਦ ਦਾ ਸਿੱਖ ਖਾੜਕੂਪੁਣਾ ਕਿਸੇ ਕੁੱਖ 'ਚੋਂ ਨਹੀਂ ਜੰਮਿਆ, ਭਾਰਤੀ ਹਾਲਾਤਾਂ ਨੇ ਇਸ ਨੂੰ ਪੈਦਾ ਕੀਤਾ ਹੈ।

(9) ਪੰਜਾਬ ਵਿਚ ਅਸਾਲਟਾਂ ਚੁੱਕਣ ਲਈ, ਅਸਾਲਟਾਂ ਚੁੱਕਣ ਵਾਲਿਆਂ ਤੋਂ ਵੱਧ ਦੋਸ਼ੀ ਉਹ ਹਨ ਜਿਨ੍ਹਾਂ ਅਜਿਹੇ ਹਾਲਤ ਪੈਦਾ ਕੀਤੇ ਕਿ ਭਾਰਤੀ ਸਿਸਟਮ ਦੇ ਸਤਾਏ ਹੋਏ ਸਿੱਖ ਗੱਭਰੂ ਬੰਦੂਕ ਦੀ ਭਾਸ਼ਾ ਬੋਲਣ।

(10) ਸਿੱਖ ਖਾੜਕੂਪੁਣੇ ਦਾ ਅਸਲ ਜਨਮ ਪੁਲਿਸ ਦੇ ਪੁਛਗਿੱਛ ਕੇਂਦਰਾਂ ਅਤੇ ਠਾਣਿਆਂ ਵਿਚ ਹੋਇਆ ਹੈ।

(11) ਇੱਕ ਵਾਰ ਥਾਣੇ ਜਾਂ ਪੁੱਛਗਿਛ ਸੈਂਟਰ 'ਚ ਕੌੜਾ ਤਜ਼ਰਬਾ ਹੰਢਾ ਆਇਆ ਗੱਭਰੂ ਮੁੜ ਘਰ ਨਹੀਂ ਜਾਣਾ ਚਾਹੁੰਦਾ।

(12) ਹੱਥ ਮਾਲਾ ਵੀ ਫੇਰਦੇ ਹਨ ਅਤੇ ਬੰਦੂਕ ਦਾ ਘੋੜਾ ਵੀ ਨਪਦੇ ਹਨ।

(13) ਧਰਮ ਲਈ ਯੁੱਧ ਮਨੁੱਖ ਦੇ ਤੰਦਰੁਸਤ ਮਨ ਦੀ ਪਹਿਲੀ ਅਤੇ ਆਖਰੀ ਇੱਛਾ ਹੁੰਦੀ ਹੈ।

(14) ਯੁੱਧ, ਤਲਵਾਰ ਜਾਂ ਢਾਲ ਦਾ ਨਾਮ ਨਹੀਂ ਹੈ। ਹਥਿਆਰਾਂ ਤੋਂ ਬਿਨਾਂ ਵੀ ਯੁੱਧ ਦੀ ਹੋਂਦ ਹੁੰਦੀ ਹੈ।

(15) ਆਪਣੇ ਹੱਕਾਂ ਦੀ ਪ੍ਰਾਪਤੀ ਦੇ ਮਕਸਦ ਲਈ ਲੜ ਮਰ ਜਾਣਾ ਵੀ ਬਹਾਦਰੀ ਹੈ।

(16) ਇੱਲ ਅਸਮਾਨ ਵਿਚ ਜਿੰਨਾ ਮਰਜੀ ਉਚੀ ਉਡੇ ਉਸਦਾ ਧਿਆਨ ਥੱਲੇ ਜ਼ਮੀਨ 'ਤੇ ਮਰੇ ਹੋਏ ਜੀ ਵੱਲ ਹੀ ਹੁੰਦਾ ਹੈ।

(17) ਜਿਨ੍ਹਾਂ ਹਿੰਦੂ ਮੰਦਰਾਂ ਵਿਚ ਮੂਰਤੀਆਂ ਬਣ ਕੇ ਜਾਨਵਰ ਤਾਂ ਜਾ ਸਕਦੇ ਹਨ ਪਰ ਜਿਉਂਦਾ ਜਾਗਦਾ ਮਨੁੱਖ ਦਲਿਤ ਨਹੀਂ ਜਾ ਸਕਦਾ, ਕੀ ਕਰਨਾ ਹੈ ਅਜਿਹੇ ਮੰਦਰਾਂ ਨੂੰ?

(18) ਝੁਕਣਾ ਹਾਰ ਦੀ ਨਿਸ਼ਾਨੀ ਹੈ ਤੇ ਹਾਰੇ ਹੋਏ ਲੋਕ ਹੀ ਬ੍ਰਾਹਮਣਵਾਦ ਦਾ ਸ਼ਿਕਾਰ ਹੁੰਦੇ ਹਨ।

(19) ਗਰੀਬੀ ਨਿਰੀ ਮੌਤ ਅਤੇ ਲਾਹਨਤ ਹੈ ਇਸ ਨੂੰ ਖਤਮ ਕਰਨ ਨਾਲ ਹੀ ਮੱਨੁਖ ਦਾ ਭਲਾ ਹੋ ਸਕਦਾ ਹੈ।

(20) ਜਿਸ ਨੇ ਆਪਣੇ ਆਪ ਨੂੰ ਜਿੱਤ ਲਿਆ ਹੋਵੇ, ਉਹਨੂੰ ਕੋਈ ਨਹੀਂ ਜਿੱਤ ਸਕਦਾ।

(21) ਜਿਨ੍ਹਾਂ ਹਥਿਆਰ ਚੁੱਕੇ ਨੇ ਉਨ੍ਹਾਂ ਲਈ ਜਿੱਤ ਬਿਨਾਂ ਵਾਪਸ ਪਰਤਣਾ ਕਾਇਰਤਾ ਹੈ।

(22) ਖੱਤਰੀ ਮਹਾਜਨਾਂ ਦੀ ਲੁੱਟ ਬਾਰੇ ਇਹ ਗੱਲ ਮਸ਼ਹੂਰ ਹੈ ਕਿ ਇਹ ਦੇਂਦੇ ਹਨ ਧੇਲੀ ਅਤੇ ਲਿਖਵਾ ਲੈਂਦੇ ਹਨ ਹਵੇਲੀ।

(23) ਦਿੱਲੀ ਚ ਦੇਸ਼ ਪ੍ਰੇਮ ਤੇ ਦੇਸ਼ ਦੀ ਆਖੰਡਤਾ ਦੇ ਵੱਡੇ ਦਾਅਵੇਦਾਰ ਭਾਵੇਂ ਉਹ ਕੋਈ ਵੀ ਸਿਆਸੀ ਲੀਡਰ ਹੋਵੇ, ਉਨ੍ਹਾਂ ਨੂੰ ਸਿਰਫ 10 ਦਿਨਾਂ ਲਈ ਪੰਜਾਬ ਪੁਲਸੀਆ ਵਿਵਹਾਰ ਦੇ ਹਵਾਲੇ ਕਰ ਦਿਉ। ਪੰਜਾਬ ਪੁਲਿਸ ਉਨ੍ਹਾਂ ਨਾਲ ਇਸ ਤਰਾਂ ਦਾ ਵਿਵਹਾਰ ਕਰੇ ਜਿਸ ਤਰਾਂ ਦਾ ਪੰਜਾਬ ਦੇ ਠਾਣਿਆਂ ਵਿਚ ਸਿੱਖ ਗੱਭਰੂਆਂ ਨਾਲ ਹੋ ਰਿਹਾ ਹੈ ਫਿਰ ਦੇਖਣਾ ਇਹ ਲੋਕ ਆਪਣੇ ਦਸ ਜਨਮਾਂ ਚ ਵੀ ਦੇਸ਼ ਪ੍ਰੇਮ ਜਾਂ ਦੇਸ਼ ਦੀ ਆਖੰਡਤਾ ਦੀ ਗੱਲ ਕਰ ਜਾਣ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

ਵਿਚਾਰ-ਚਰਚਾ

## ਅਜਮੇਰ ਸਿੰਘ ਦੀਆਂ ਲਿਖਤਾਂ

# ਰਾਜਸੀ ਆਜ਼ਾਦੀ ਦੇ ਏਜੰਡੇ ਦੀ ਸ਼ੁਭ ਪਰਭਾਤ

*ਸ. ਅਜਮੇਰ ਸਿੰਘ ਹੋਰਾਂ ਦੀਆਂ 20ਵੀਂ ਸਦੀ ਦੀ ਸਿੱਖ ਰਾਜਨੀਤੀ ਦੀ ਨਿਰਖ-ਪਰਖ ਕਰਦੀਆਂ ਬਹੁਤ ਹੀ ਜਜ਼ਬੇ ਅਤੇ ਮਿਹਨਤ ਨਾਲ ਲਿਖੀਆਂ ਤਿੰਨੇ ਪੁਸਤਕਾਂ ਸਿੱਖ ਕੌਮ, ਪੰਜਾਬੀ ਕੌਮ, ਸਿੱਖ ਧਰਮ ਅਤੇ ਸਿੱਖਾਂ ਦੀ ਪਾਤਸ਼ਾਹੀ ਦੇ ਰੁਲ ਜਾਣ ਵਰਗੇ ਸਾਡੇ ਭਾਈਚਾਰੇ ਦੀ ਭਵਿੱਖੀ ਹੋਣੀ ਨਾਲ ਜੁੜੇ ਹੋਏ ਅਨੇਕਾਂ ਅਹਿਮ ਮੁੱਦਿਆਂ ਨਾਲ ਸਬੰਧਤ ਹਨ। ਇਨ੍ਹਾਂ ਪੁਸਤਕਾਂ ਬਾਰੇ ਡਾ. ਪ੍ਰੇਮ ਸਿੰਘ ਦੀ ਟਿੱਪਣੀ ਨਾਲ ਸ਼ੁਰੂ ਹੋਈ ਬਹਿਸ ਜਾਰੀ ਹੈ। ਸਾਡੇ ਸਾਥੀ ਅਤੇ ਸੀਨੀਅਰ ਪੱਤਰਕਾਰ ਸ. ਕਰਮਜੀਤ ਸਿੰਘ ਚੰਡੀਗੜ੍ਹ ਨੇ ਇਸ ਬਹਿਸ ਵਿਚ ਸ਼ਾਮਲ ਹੁੰਦਿਆਂ ਸਾਨੂੰ ਇਹ ਲੰਮਾ ਲੇਖ ਭੇਜਿਆ ਹੈ ਜੋ ਅਸੀਂ ਕਿਸ਼ਤਾਂ ਵਿਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਇਸ ਸਬੰਧੀ ਹੋਰ ਲਿਖਤਾਂ ਦੀ ਵੀ ਸਾਨੂੰ ਉਡੀਕ ਰਹੇਗੀ। ਫਿਰ ਸਪਸ਼ਟ ਕਰ ਦਈਏ ਕਿ ਲੇਖ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ*

**ਕਰਮਜੀਤ ਸਿੰਘ***

ਸਾਡੇ ਸਮਿਆਂ ਦੇ ਉਭਰ ਰਹੇ ਰਾਜਨੀਤਕ ਵਿਦਵਾਨ ਅਜਮੇਰ ਸਿੰਘ ਦੀਆਂ ਤਿੰਨ ਪੁਸਤਕਾਂ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ', 'ਕਿਸ ਬਿਧ ਰੁਲੀ ਪਾਤਸ਼ਾਹੀ' ਅਤੇ 'ਅਣਚਿਤਵਿਆ ਕਹਿਰ' ਅੱਜ ਕਲ੍ਹ ਸਿੱਖ ਸਿਆਸਤ ਨਾਲ ਦੂਰ-ਨੇੜੇ ਜੁੜੇ ਸੁਚੇਤ ਤੇ ਸਰਗਰਮ ਪਾਠਕਾਂ ਅਤੇ ਵਿਦਵਾਨਾਂ ਵਿਚਕਾਰ ਭਖਵੀਂ ਬਹਿਸ ਦਾ ਕੇਂਦਰ ਬਣੀਆਂ ਹੋਈਆਂ ਹਨ। ਵੈਸੇ ਇਸ ਹਕੀਕਤ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਬਹਿਸ ਉਚੇ ਵਿਚਾਰਾਂ ਦੇ ਮੌਲਿਕ ਨਿਜ਼ਾਮ ਵਿਚ ਅਜੇ ਦਾਖਲ ਨਹੀਂ ਹੋ ਸਕੀ। ਇਸ ਬਹਿਸ ਦੇ ਇਕ ਹਿੱਸੇ ਵਿਚ ਚੇਤਨਾ ਦੀ ਛੋਟੀ ਪਰਵਾਜ਼ ਲੱਭਣੀ ਮੁਸ਼ਕਿਲ ਨਹੀਂ। ਦਿਲਚਸਪ ਗੱਲ ਇਹ ਹੈ ਕਿ ਇਹ ਬਹਿਸ ਉਸ ਵਿਅਕਤੀ ਨੇ ਨਾਂਹ-ਪੱਖੀ ਉਤਸ਼ਾਹ ਤੇ ਜੋਸ਼ ਦੇ ਜਜ਼ਬੇ ਤੋਂ ਪ੍ਰੇਰਨਾ ਲੈ ਕੇ ਸ਼ੁਰੂ ਕਰਵਾਈ ਹੈ ਜੋ ਸੁਕਰਾਤ ਵਾਂਗ ਇਕ ਦਰਵੇਸ਼ ਚਿੰਤਕ ਤਾਂ ਹੈ ਪਰ ਜਿਸ ਨੇ ਲਿਖਿਆ ਕੁਝ ਵੀ ਨਹੀਂ। ਇਹ ਗੱਲ ਵੀ ਦਿਲਚਸਪੀ ਨਾਲ ਪੜ੍ਹੀ ਜਾਏਗੀ ਕਿ ਇਸ ਬਹਿਸ ਨੂੰ ਵਿਆਪਕ ਪੱਧਰ 'ਤੇ ਲਿਜਾਣ ਦਾ ਗੁਪਤ ਹੱਥ ਵੀ ਉਸੇ ਦਾ ਹੈ।

ਇਸ ਬਹਿਸ ਵਿਚ ਹਿੱਸਾ ਲੈਣ ਵਾਲੇ ਵਿਦਵਾਨਾਂ ਅਤੇ ਜਾਗਦੇ ਹੋਏ ਪਾਠਕਾਂ ਵਲੋਂ ਕੀਤੀਆਂ ਟਿੱਪਣੀਆਂ ਉਤੇ ਆਪਣੀ ਰਾਏ ਇਸ ਤੋਂ ਅਗਲੇ ਲੇਖ ਵਿਚ ਪੇਸ਼ ਕੀਤੀ ਜਾਵੇਗੀ। ਫਿਲਹਾਲ ਇਨ੍ਹਾਂ ਪੁਸਤਕਾਂ ਦੇ 'ਥੀਮ' ਬਾਰੇ ਵਿਚਾਰ ਪੇਸ਼ ਕੀਤੇ ਜਾ ਰਹੇ ਹਨ ਜਾਂ ਦੂਜੇ ਸ਼ਬਦਾਂ ਵਿਚ ਇਹ ਬੁੱਝਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਵਿਦਵਾਨ ਲੇਖਕ ਆਪਣੇ ਵਿਸ਼ੇ ਬਾਰੇ ਕੀ ਲਿਖਦਾ ਹੈ, ਕੀ ਸੋਚ ਰਿਹਾ ਹੈ ਅਤੇ ਕੀ ਮਹਿਸੂਸ ਕਰ ਰਿਹਾ ਹੈ? ਇਸ ਉਦੇਸ਼ ਦੀ ਪੂਰਤੀ ਲਈ ਲੇਖਕ ਵਲੋਂ ਸਬੰਧਤ ਵਿਸ਼ਿਆਂ ਤੇ ਘਟਨਾਵਾਂ ਬਾਰੇ ਕੀਤੇ ਵਿਸ਼ਲੇਸ਼ਣਾਂ ਤੇ ਫੈਸਲਿਆਂ ਨੂੰ ਵੀ ਸਾਡੇ ਵਲੋਂ ਇੰਨ-ਬਿੰਨ ਆਧਾਰ ਬਣਾਉਣ ਦੀ ਸ਼ਰਤ ਅਤੇ ਨਿਯਮ ਨੂੰ ਵੀ ਪ੍ਰਤੱਖ ਰੂਪ ਵਿਚ ਸਾਹਮਣੇ ਨਹੀਂ ਰੱਖਿਆ ਗਿਆ। ਸਿਰਫ ਲਿਖਤਾਂ ਦੀ ਅੰਤਰੀਵ ਭਾਵਨਾ ਅਤੇ ਆਉਣ ਵਾਲੇ ਦਿਨਾਂ ਵਿਚ ਇਨ੍ਹਾਂ ਲਿਖਤਾਂ ਦੀ ਇਤਿਹਾਸਕ ਮਹੱਤਤਾ ਅਤੇ ਮਹਾਨਤਾ ਅਤੇ ਸਿੱਖਾਂ ਦੀ ਰਾਜਨੀਤਕ ਲੀਡਰਸ਼ਿਪ ਉਤੇ ਪੈਣ ਵਾਲੇ ਸੰਭਾਵੀ ਅਤੇ ਯਕੀਨੀ ਪ੍ਰਭਾਵਾਂ ਅਤੇ ਇਨ੍ਹਾਂ ਲਿਖਤਾਂ ਰਾਹੀਂ ਇਕ ਵਿਸ਼ਾਲ ਵਿਵੇਕ ਲਹਿਰ ਪੈਦਾ ਹੋਣ ਦੀਆਂ ਸੰਭਾਵਨਾਵਾਂ ਬਾਰੇ ਹੀ ਵਿਚਾਰ ਪ੍ਰਗਟ ਕੀਤੇ ਗਏ ਹਨ।

ਸਿੱਖ ਕੌਮ ਨੇ ਪਿਛਲੇ ਡੇਢ ਸੌ ਸਾਲਾਂ ਦੌਰਾਨ ਅਰਥਾਤ 1849 ਵਿਚ ਪੰਜਾਬ ਵਿਚ ਅੰਗਰੇਜ਼ ਰਾਜ ਦੇ ਕਬਜ਼ੇ ਤੋਂ ਪਿੱਛੋਂ ਰਾਜਨੀਤਕ ਇਤਿਹਾਸ ਦਾ ਇਕ ਲੰਮਾ ਸਫ਼ਰ ਤੈਅ ਕੀਤਾ ਹੈ। ਇਸ ਸਫ਼ਰ ਵਿਚ ਸਿੱਖ ਕੌਮ ਦੇ ਕੌਮਾਂ ਦੀ ਗੁਲਾਮੀ ਹੰਢਾਉਂਦੀ ਨਜ਼ਰ ਆ ਰਹੀ ਹੈ ਜਿਸ ਨੂੰ ਅਜਮੇਰ ਸਿੰਘ ਨੇ ਇਕ ਗੁਲਾਮੀ ਤੋਂ ਦੂਜੀ ਗੁਲਾਮੀ ਤਕ ਦਾ ਸਫ਼ਰ ਕਿਹਾ ਹੈ। ਇਸ ਸਫ਼ਰ ਦੌਰਾਨ ਕਈ ਇਹੋ ਜਿਹੇ ਪੜਾਅ ਤੇ ਦੌਰ ਵੀ ਆਏ ਜਦੋਂ ਸਿੱਖ ਕੌਮ ਦੀ ਤਕਦੀਰ ਦਾ ਫੈਸਲਾ ਹੋਣਾ ਸੀ। ਪਰ ਸਿੱਖਾਂ ਦੀ ਲੀਡਰਸ਼ਿਪ ਤੇ ਸਿੱਖ ਕੌਮ ਇਨ੍ਹਾਂ ਫੈਸਲਾਕੁਨ ਘੜੀਆਂ ਵਿਚ ਇਲਾਹੀ ਨਦਰ (ਦਸਮੇਸ਼ ਪਿਤਾ) ਦੇ ਪੈਂਡੇ ਤੋਂ ਕਿੰਨੀ ਕੁ ਦੂਰ ਸੀ, ਕਿੰਨੀ ਕੁ ਨੇੜੇ ਸੀ ਅਤੇ ਕਿੰਨੀ ਕੁ ਉਸ ਪੈਂਡੇ ਦੀ ਹਮਸਫ਼ਰ ਬਣੀ? ਅਜਮੇਰ ਸਿੰਘ ਦੀਆਂ ਤਿੰਨੇ ਪੁਸਤਕਾਂ ਇਨ੍ਹਾਂ ਸਵਾਲਾਂ ਨਾਲ ਜੂਝਦੀਆਂ ਹੋਈਆਂ ਜਵਾਬ ਵੀ ਦਿੰਦੀਆਂ ਹਨ, ਸਿੱਖ ਲੀਡਰਸ਼ਿਪ ਬਾਰੇ ਸਾਨੂੰ ਉਦਾਸ ਵੀ ਕਰਦੀਆਂ ਹਨ ਅਤੇ ਵਰਤਮਾਨ ਲੀਡਰਸ਼ਿਪ ਦੀ ਰਾਜਨੀਤਕ ਜ਼ਮੀਰ ਨੂੰ ਵੀ ਝੰਜੋੜਨਾ ਚਾਹੁੰਦੀਆਂ ਹਨ। ਉਹ ਵਰਤਮਾਨ ਨੂੰ ਅਤੀਤ ਦੇ ਨਜ਼ਰੀਏ ਨਾਲ ਵੇਖਦਾ ਹੈ ਅਤੇ ਨਵੇਂ ਸਬਕ ਹਾਸਲ ਕਰ ਕੇ ਭਵਿੱਖ ਦੀ ਰੂਪ-ਰੇਖਾ ਸਿਰਜਨ ਦਾ ਮਾਹੌਲ ਪੈਦਾ ਕਰਦਾ ਹੈ।

ਇਸ ਗੱਲ ਵਿਚ ਦੋ ਰਾਵਾਂ ਨਹੀਂ ਕਿ ਉਪਰੋਕਤ ਸਵਾਲਾਂ ਦੇ ਜਵਾਬ ਸਾਨੂੰ ਖਿੰਡਵੇਂ ਰੂਪ ਵਿਚ ਹੋਰਨਾਂ ਪੁਸਤਕਾਂ ਰਾਹੀਂ ਵੀ ਮਿਲਦੇ ਜ਼ਰੂਰ ਹਨ ਅਤੇ ਉਨ੍ਹਾਂ ਪੁਸਤਕਾਂ ਦੇ ਕਈ ਹਿੱਸੇ ਸਾਨੂੰ ਰੂਹ ਤਕ ਝੰਜੋੜਦੇ ਵੀ ਹਨ। ਪਰ ਇਹ ਕੌੜਾ ਸੱਚ ਵੀ ਸਾਡੇ ਨਾਲ ਨਾਲ ਚਲਦਾ ਹੈ ਕਿ ਇਨ੍ਹਾਂ ਪੁਸਤਕਾਂ ਦੇ ਲੇਖਕਾਂ ਨੂੰ ਸਾਡੇ ਭਵਿੱਖ ਦੀ ਤਕਦੀਰ ਘੜਨ ਵਿਚ ਰਾਜਨੀਤਕ ਦੀਵਾਨਗੀ ਦੇ ਸਿਧਾਂਤਾਂ ਦੀ ਸੌਗਾਤ ਹਾਸਲ ਨਹੀਂ ਹੋ ਸਕੀ। ਅਸੀਂ ਬੜੀ ਜ਼ਿੰਮੇਵਾਰੀ ਨਾਲ ਇਹ ਵੀ ਕਹਿ ਸਕਦੇ ਹਾਂ ਕਿ ਇਨ੍ਹਾਂ ਪੁਸਤਕਾਂ ਦੀਆਂ ਲਿਖਤਾਂ ਵਿਸ਼ਾਲ ਬੌਧਿਕ ਲਹਿਰ ਬਣਨ ਦੀਆਂ ਸੰਭਾਵਨਾਵਾਂ ਨਹੀਂ ਸਿਰਜ ਸਕਦੀਆਂ।

ਅਜਮੇਰ ਸਿੰਘ ਦੀਆਂ ਪੁਸਤਕਾਂ ਅਤੇ ਬਾਕੀ ਲੇਖਕਾਂ ਵਿਚ ਬਰੀਕ ਅੰਤਰ ਇਹ ਹੈ ਕਿ ਸਿੱਖ ਪੰਥ ਦੇ ਰਾਜਨੀਤਕ ਦਰਦ ਦੀ ਦਾਸਤਾਨ ਨੂੰ ਸੁਣਾਉਂਦਿਆਂ ਜਿੱਥੇ ਬਾਕੀ ਲੇਖਕ ਇਸ ਦਾਸਤਾਨ ਨੂੰ ਕਈ ਥਾਂਵਾਂ ਤੇ ਅੱਧ-ਵਿਚਾਲੇ ਹੀ ਛੱਡ ਦਿੰਦੇ ਹਨ ਜਾਂ ਆਪਣੀਆਂ ਮਜਬੂਰੀਆਂ ਤੇ ਸੀਮਾਵਾਂ ਕਾਰਨ ਸੱਚ ਕਹਿਣ ਤੋਂ ਝਿਜਕਦੇ ਹਨ ਉਥੇ ਅਜਮੇਰ ਸਿੰਘ ਰਾਜਨੀਤਕ ਆਜ਼ਾਦੀ ਤੋਂ ਸਿੱਖਾਂ ਵਿਚਲੀ ਪ੍ਰਭੁਸਤਾ ਦੇ ਅਹਿਸਾਸ ਨੂੰ ਤਿੱਖਾ ਵੀ ਕਰਦੇ ਹਨ ਤੇ ਉਸ ਅਹਿਸਾਸ ਨੂੰ ਆਪਣੀ ਕਿਸਮ ਦੀ ਸ਼ਬਦਾਵਲੀ ਵੀ ਦਿੰਦੇ ਹਨ। ਇਹ ਰਾਜਸੀ ਤੜਫ਼ ਤੁਹਾਡੇ ਮਨ ਨੂੰ ਹੀ ਹੁਲਾਰਾ ਨਹੀਂ ਦਿੰਦੀ ਸਗੋਂ ਤਨ ਨੂੰ ਵੀ ਉਧਰ ਵਲ ਜਾਣ ਲਈ ਸਰਗਰਮ ਕਰਦੀ ਹੈ। ਸਿੱਖ ਵਿਦਵਾਨ ਭਾਵੇਂ ਸਿੱਧੇ ਤੌਰ 'ਤੇ ਅਜਿਹਾ ਨਾ ਹੀ ਕਹਿ ਰਿਹਾ ਹੋਵੇ ਪਰ ਉਸ ਵਲੋਂ ਘਟਨਾਵਾਂ ਦਾ ਵਿਸ਼ਲੇਸ਼ਣ ਹੀ ਤੁਹਾਨੂੰ ਉਧਰ ਵਲ ਜਾਣ ਲਈ ਆਪ ਮੁਹਾਰੇ ਤਿਆਰ ਕਰ ਦਿੰਦਾ ਹੈ ਅਤੇ ਇਸ ਤਿਆਰੀ ਵਿਚ ਬਿਪਰ ਸੰਸਕਾਰ ਨਾਲੋਂ ਉਹ ਮੁਕੰਮਲ ਤੋੜ-ਵਿਛੋੜਾ ਕਰਾ ਕੇ ਹੀ ਦਮ ਲੈਂਦਾ ਹੈ। ਇਹੋ ਉਸ ਦੀ ਮੌਲਿਕ ਪ੍ਰਾਪਤੀ ਹੈ। ਇਹੋ ਕਾਰਨ ਹੈ ਕਿ ਬਾਕੀ ਲੇਖਕਾਂ ਦੀਆਂ ਪੁਸਤਕਾਂ ਵਿਚ ਬੌਧਿਕ ਲਹਿਰ ਬਣਨ ਦੀਆਂ ਸੰਭਾਵਨਾਵਾਂ ਬਹੁਤ ਮੱਧਮ ਰਹੀਆਂ ਹਨ। ਉਹ ਪੁਸਤਕਾਂ ਸਿੱਖ ਕੌਮ ਦੀਆਂ ਰਾਜਨੀਤਕ ਇਛਾਵਾਂ, ਰੀਝਾਂ ਤੇ ਮਰਜ਼ੀਆਂ ਬਣਾਉਣ ਵਲ ਕਦਮ ਨਹੀਂ ਪੁਟਦੀਆਂ। ਬਹੁਤੀਆਂ ਲਿਖਤਾਂ ਕਈ ਵਾਰ ਬਿਪਰ ਸੰਸਕਾਰ ਦੇ ਕਾਲੇ ਪਰਛਾਵਿਆਂ ਦਾ ਮਾਰੂ ਅਸਰ ਵੀ ਕਬੂਲਦੀਆਂ ਰਹੀਆਂ ਹਨ। ਬਿਪਰ ਸੰਸਕਾਰ ਦੀ ਨਾਮੁਰਾਦ ਦ੍ਰਿਸ਼ਟੀ ਉਨ੍ਹਾਂ ਦੀਆਂ ਖਾਲਸਾਈ ਨਜ਼ਰਾਂ 'ਤੇ ਪਾਬੰਦੀਆਂ ਲਾਉਣ ਵਿਚ ਸਮੇਂ ਸਮੇਂ ਜੇਤੂ ਕਿਉਂ ਹੁੰਦੀ ਰਹੀ ਜਾਂ ਗੁਰਬਾਣੀ ਦੀਆਂ ਹਦਾਇਤਾਂ ਮੁਤਾਬਕ ਮਛਲੀ ਨੂੰ ਜਾਲ ਦੀਆਂ ਸੂਖਮ ਅਤੇ ਅਣਦਿਸਦੀਆਂ ਤੰਦਾਂ ਦਾ ਕਿਉਂ ਪਤਾ ਨਹੀਂ ਲੱਗ ਸਕਿਆ? ਇਨ੍ਹਾਂ ਸਵਾਲਾਂ ਦੇ ਜਵਾਬ ਨਿਰਵੈਰ-ਪਹੁੰਚ ਦੇ ਪਾਵਨ ਅਸੂਲ ਨਾਲ ਹੀ ਮਿਲ ਸਕਦੇ ਹਨ। ਪਰ ਇਹ ਚਮਤਕਾਰ ਪਹਿਲੀ ਵਾਰ ਹੋਇਆ ਹੈ ਜਦੋਂ ਅਜਮੇਰ ਸਿੰਘ ਨੇ ਬਿਪਰ ਸੰਸਕਾਰ ਦੇ ਪੈਰੋਕਾਰਾਂ ਨਾਲ ਰਾਜਨੀਤਕ ਰਿਸ਼ਤੇ ਤੈਅ ਕਰਨ ਲਈ ਇਕ ਅਤਿ-ਡੂੰਘੀ ਅਤੇ ਅਤਿ-ਪਿਆਰੀ ਵਿਵੇਕ-ਲਕੀਰ ਖਿੱਚ ਦਿੱਤੀ ਹੈ ਜੋ ਕਸੁੰਭੜੇ ਦੇ ਹਰੇਕ ਰੰਗ ਤੇ ਛਲਾਵੇ ਤੋਂ ਮੁਕਤ ਹੈ। ਸਿਰਫ਼ ਇਨ੍ਹਾਂ ਪੁਸਤਕਾਂ ਰਾਹੀਂ ਹੀ ਸਾਨੂੰ ਰਾਜਨੀਤਕ ਰੌਸ਼ਨੀ ਪੂਰੇ ਖਾਲਸਾਈ ਜਲੌਅ ਵਿਚ ਮਿਲਦੀ ਹੈ ਕਿ ਲਕੀਰ ਦੇ ਪਰਲੇ ਪਾਸੇ ਕਿਹੜੇ ਹਨ ਅਤੇ ਲਕੀਰ ਦੇ ਉਰਲੇ ਪਾਸੇ ਕੌਣ ਹੋਣੇ ਚਾਹੀਦੇ ਹਨ। ਇੰਜ ਰਾਜਨੀਤਕ ਮੁਹਾਵਰੇ ਵਿਚ ਅਜਮੇਰ ਸਿੰਘ ਨੇ ਸਿੱਖ ਕੌਮ ਦੇ ਭਵਿੱਖ ਦਾ ਸਿਆਸੀ ਏਜੰਡਾ ਤਿਆਰ ਕਰਨ ਵਿਚ ਬੁਨਿਆਦ ਖੜ੍ਹੀ ਕਰ ਦਿੱਤੀ ਹੈ। ਆਉਣ ਵਾਲੇ ਕਲ੍ਹ ਨੂੰ ਸਿੱਖ ਕੌਮ ਦੇ ਰਹਿਬਰ ਹਲੇਮੀ ਰਾਜ ਦੀ ਮੰਜ਼ਿਲ ਦੇ ਮੁੱਦੇ 'ਤੇ ਭਾਰਤ ਦੀ ਬਹੁਗਿਣਤੀ ਦੇ ਹਾਕਮਾਂ ਨਾਲ ਗਲਬਾਤ ਦੀ ਰਾਜਨੀਤਕ ਮੇਜ਼ ਤੇ ਜਦੋਂ ਜਦੋਂ ਵੀ ਬੈਠਣ ਦਾ ਮੌਕਾ ਹਾਸਲ ਕਰਨਗੇ, ਓਦੋਂ ਓਦੋਂ ਇਹ ਪੁਸਤਕਾਂ ਉਨ੍ਹਾਂ ਦਾ ਮਾਰਗ-ਦਰਸ਼ਨ ਕਰਨ ਵਿਚ ਮਦਦਗਾਰ ਬਣਨਗੀਆਂ।

ਜੇਕਰ ਬਹਿਸ ਦਾ ਵੱਡਾ ਹਿੱਸਾ ਕੇਵਲ ਤੇ ਕੇਵਲ ਇਸੇ ਨੁਕਤੇ ਉਤੇ ਕੇਂਦਰਤ ਹੋਵੇ ਤਾਂ ਇਹ ਗੱਲ ਯਕੀਨ ਨਾਲ ਕਹੀ ਜਾ ਸਕਦੀ ਹੈ ਕਿ ਇਸ ਤਰ੍ਹਾਂ ਦੀ ਬਹਿਸ ਨਾ ਕੇਵਲ ਸਿੱਖ ਪੰਥ ਦੀ ਮੁਖ ਧਾਰਾ ਦੇ ਰਾਜਨੀਤਕ ਨਕਸ਼ ਨਿਖਾਰਨ ਤੇ ਉਘਾੜਨ ਵਿਚ ਇਤਿਹਾਸਕ ਰੋਲ ਅਦਾ ਕਰੇਗੀ ਸਗੋਂ ਰਾਜਨੀਤਕ ਤੇ ਧਾਰਮਿਕ ਜਗਿਆਸਾ ਰੱਖਣ ਵਾਲੀ ਜਵਾਨ ਪੀੜ੍ਹੀ ਵੀ ਇਸ ਮੁੱਖ ਧਾਰਾ ਨੂੰ ਮਜ਼ਬੂਤ ਕਰਨ, ਇਸ ਉਤੇ ਪਹਿਰਾ ਦੇਣ ਅਤੇ ਨਵੀਆਂ ਸੇਧਾਂ ਦੇਣ ਲਈ ਖੁਸ਼ੀ ਖੁਸ਼ੀ ਸਿਧਾਂਤਕ ਬੌਧਿਕਤਾ ਦੇ ਮੈਦਾਨ ਵਿਚ ਉਤਰੇਗੀ। ਇਸ ਸਬੰਧ ਵਿਚ ਆਲੋਚਨਾ ਤੇ ਜਵਾਬੀ ਆਲੋਚਨਾ ਦੇ ਕੁਝ ਹਿੱਸੇ ਮੁੱਖ ਧਾਰਾ ਤੋਂ ਦੂਰ ਜਾਂਦੇ ਵੀ ਪ੍ਰਤੀਤ ਹੋਣਗੇ। ਇਸ ਹਾਲਤ ਵਿਚ ਕਈ ਜਨਮਾਂ ਦੇ ਲਹਿਣੇਦਾਰ ਵੀ ਵੰਨ-ਸੁਵੰਨੇ ਰੂਪਾਂ ਰੰਗਾਂ ਵਿਚ ਤੁਹਾਡੇ ਬੂਹੇ ਭੰਨਣ ਲਈ ਆ ਸਕਦੇ ਹਨ ਪਰ ਅਜਮੇਰ ਸਿੰਘ ਦੀ ਧਾਰਨਾ ਮੁਤਾਬਕ ਜੇ 'ਚੇਤਨਾ ਤੇ ਅਹਿਸਾਸ' ਦਾ ਇਕ ਸਦ-ਜਾਗਤ ਸੰਗਮ ਹੁੰਦਾ ਹੈ ਤਾਂ ਇਹ ਬਹਿਸ ਜੇ ਹੁਣ ਝਟਪਟ ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਵਿਚਾਰਾਂ ਦੇ ਨਵੇਂ ਬਾਗ਼ ਖਿੜਾਉਣ ਵਿਚ ਘੱਟੋ-ਘੱਟ ਹਮਸਫ਼ਰ ਤਾਂ ਬਣੇਗੀ ਹੀ। ਚੇਤਨਾ ਤੇ ਅਹਿਸਾਸ ਦੇ ਸੰਗਮ ਦੇ ਸਿਧਾਂਤ ਦੀ ਜਾਣਕਾਰੀ ਸਾਨੂੰ ਮਾਸਟਰ ਤਾਰਾ ਸਿੰਘ ਦੇ ਰਾਜਨੀਤਕ ਰਵੱਈਏ ਤੋਂ ਮਿਲਦੀ ਹੈ ਜਿੱਥੇ ਸੁੱਚੇ ਅਹਿਸਾਸ ਦੇ ਖਜ਼ਾਨੇ ਨਾਲ ਉਹ ਲਬਾਲਬ ਭਰਪੂਰ ਸਨ ਪਰ ਚੇਤਨਾ ਦੇ ਪੱਖ ਤੋਂ ਉਹ ਪੂਰੀ ਤਰ੍ਹਾਂ ਦ੍ਰਿੜ੍ਹ ਨਹੀਂ ਸਨ। ਇੰਜ ਡਿੱਗਣ, ਡੋਲਣ ਤੇ ਦ੍ਰਿੜ੍ਹ ਨਾ ਰਹਿਣ ਦੀ ਅਫਸੋਸਨਾਕ ਕਮਜ਼ੋਰੀ ਉਨ੍ਹਾਂ ਦੀ ਸ਼ਖ਼ਸੀਅਤ ਵਿਚ ਮੌਜੂਦ ਸੀ। ਇਸ ਮਹਾਨ ਸ਼ਖ਼ਸੀਅਤ ਦਾ ਵਿਸ਼ਲੇਸ਼ਣ ਅਜਮੇਰ ਸਿੰਘ ਨੇ ਆਪਣੀ ਪਹਿਲੀ ਪੁਸਤਕ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਵਿਚ ਬੜੇ ਵਧੀਆ ਢੰਗ ਨਾਲ ਕੀਤਾ ਹੈ।

ਅਜਮੇਰ ਸਿੰਘ ਦੀਆਂ ਕਿਤਾਬਾਂ ਬਾਰੇ ਪਹਿਲੀ ਕਤਾਰ ਵਿਚ ਸ਼ਾਮਲ ਆਖੇ ਜਾਂਦੇ ਸਿੱਖ ਵਿਦਵਾਨਾਂ ਦੀ ਖਾਮੋਸ਼ੀ ਦੀ ਵੀ ਸੱਚੀ ਸੁੱਚੀ ਤੇ ਨਿਰਵੈਰ ਪਰਿਭਾਸ਼ਾ ਕੀ ਕੀਤੀ ਜਾਵੇ? ਅੰਗਰੇਜ਼ੀ ਵਿਚ ਲਿਖਣ ਦੀ ਮੁਹਾਰਤ ਰੱਖਣ ਵਾਲੇ ਵਿਦਵਾਨਾਂ ਨੂੰ ਇਸ ਮਿੱਠੇ ਅਹੰਕਾਰ ਨੇ ਤਾਂ ਕਿਤੇ ਨਾਗ ਵਲ ਨਹੀਂ ਪਾ ਲਿਆ ਕਿ ਪੰਜਾਬੀ ਵਿਚ ਰਾਜਨੀਤਕ ਵਿਦਵਤਾ ਦੀ ਕੋਈ ਮਹਾਨ ਤੇ ਮੌਲਕ ਰਚਨਾ ਰਚੀ ਹੀ ਨਹੀਂ ਜਾ ਸਕਦੀ? ਜਾਂ ਕੀ ਉਨ੍ਹਾਂ ਦੀਆਂ ਸੁੰਗੜੀਆਂ ਸੋਚਾਂ ਵਿਚ ਰਾਜਨੀਤਕ ਭਵਸਾਗਰ ਦੀ ਹਿੱਕ ਤੇ ਤੁਰਨ ਦਾ ਅਹਿਸਾਸ ਹੀ ਮੁਰਝਾ ਗਿਆ ਹੈ? ਇਹ ਬਨਦਾ ਉਲਾਂਭਾ ਉਨ੍ਹਾਂ ਨੂੰ ਇਸ ਲਈ ਵੀ ਦਿੱਤਾ ਜਾ ਰਿਹਾ ਹੈ ਕਿਉਂਕਿ ਇਕ ਵਿਦਵਾਨ ਨੇ ਹਾਲ ਵਿਚ ਹੀ ਇਹ ਹੈਰਾਨੀਜਨਕ ਟਿੱਪਣੀ ਕੀਤੀ ਕਿ ਉਸ ਨੂੰ ਅਜਮੇਰ ਸਿੰਘ ਦੀਆਂ ਕਿਤਾਬਾਂ ਬਾਰੇ ਕੋਈ ਜਾਣਕਾਰੀ ਹੀ ਨਹੀਂ। ਹੋਰ ਵਿਦਵਾਨਾਂ ਵਿਚ ਵੀ ਇਨ੍ਹਾਂ ਪੁਸਤਕਾਂ ਬਾਰੇ ਮੈਦਾਨ ਵਿਚ ਉਤਰਨ ਲਈ ਬੇਰੁਖੀ ਹੀ ਪਾਈ ਜਾ ਰਹੀ ਹੈ। ਕੀ ਇਹੋ ਜਿਹੇ ਰੁਝਾਨ ਨਾਲ ਜੁੜੀ ਬੌਧਿਕਤਾ ਨੂੰ ਮਾਸੂਮ ਅਗਿਆਨਤਾ ਕਹਿ ਕੇ ਬਰੀ ਕਰ ਦਿੱਤਾ ਜਾਵੇ?

ਬਿਨਾਂ ਸ਼ੱਕ ਅਜਮੇਰ ਸਿੰਘ ਨੇ ਅਕਾਲੀ ਰਾਜਨੀਤੀ ਨੂੰ ਤਿੱਖੀ ਆਲੋਚਨਾ ਦਾ ਕੇਂਦਰ ਬਣਾਇਆ ਹੈ ਪਰ ਇਸ ਰਾਜਨੀਤੀ ਤੇ ਇਸ ਰਾਜਨੀਤੀ ਨਾਲ ਜੁੜੇ ਵਿਅਕਤੀਆਂ ਨੇ ਆਲੋਚਨਾ ਦੇ ਘੇਰੇ ਵਿਚ ਆਉਣਾ ਹੀ ਸੀ ਕਿਉਂਕਿ ਪਿਛਲੀ ਸਦੀ ਦੇ ਕਰੀਬ ਪੌਣੇ ਹਿੱਸੇ ਵਿਚ ਉਹ ਰਾਜਨੀਤੀ ਦੇ ਪ੍ਰਮੁੱਖ ਖਿਡਾਰੀ ਰਹੇ ਹਨ ਹਾਲਾਂਕਿ ਅੱਜ ਕਲ੍ਹ ਇਹ ਰਾਜਨੀਤੀ ਖਲਨਾਇਕ ਬਣਦੀ ਹੀ ਨਜ਼ਰ ਆਉਂਦੀ ਹੈ। ਇਕ ਦੌਰ ਅਜਿਹਾ ਸੀ ਜਦੋਂ ਉਨ੍ਹਾਂ ਨੇ ਕੁਰਬਾਨੀਆਂ ਦਾ ਇਕ ਸ਼ਾਨਦਾਰ ਇਤਿਹਾਸ ਵੀ ਸਿਰਜਿਆ ਅਤੇ ਇੰਜ ਖਾਲਸਾ ਪੰਥ ਦੀ ਮੁੱਖ ਧਾਰਾ ਦੇ ਨਕਸ਼ ਨਿਖਾਰਨ ਵਿਚ ਉਨ੍ਹਾਂ ਦਾ ਰੋਲ ਸਦਾ ਯਾਦ ਰਹੇਗਾ। ਅਜਮੇਰ ਸਿੰਘ ਨੇ ਇਨ੍ਹਾਂ ਕੁਰਬਾਨੀਆਂ ਦੀ ਮਹਿਮਾ ਕਰਨ ਤੋਂ ਰਤਾ ਵੀ ਝਿਜਕ ਨਹੀਂ ਵਿਖਾਈ ਪਰ ਗੱਲ ਕੁਰਬਾਨੀਆਂ ਉਤੇ ਹੀ ਤਾਂ ਨਹੀਂ ਮੁਕਦੀ, ਇਹ ਵੀ ਵੇਖਣਾ ਪੈਣਾ ਸੀ ਕਿ ਆਜ਼ਾਦੀ ਸੰਗਰਾਮ ਦੌਰਾਨ ਆਜ਼ਾਦੀ ਮਿਲਣ ਪਿੱਛੋਂ ਰਾਜਨੀਤਕ ਸਰਦਾਰੀ ਉਤੇ 'ਅਸਲ' ਵਿਚ ਕਿਸ ਦਾ ਕਬਜ਼ਾ ਹੋਵੇਗਾ। ਕਬਜ਼ਾ ਕਰਨ ਵਾਲਿਆਂ ਦੇ ਸੁਪਨਿਆਂ ਵਿਚ ਲੁਕੀ ਉਸ ਦੁਸ਼ਮਣੀ ਨੂੰ ਵੀ ਨੀਝ ਨਾਲ ਵੇਖਣਾ ਪੈਣਾ ਸੀ ਜੋ ਬਾਹਰਲੇ ਪਾਸਿਓਂ ਵੇਖਣ ਲੱਗਿਆਂ ਮਾਸੂਮ ਪ੍ਰਤੀਤ ਹੁੰਦੀ ਹੈ।

ਸਿਆਸਤ ਦੀ ਦੁਨੀਆਂ ਦੇ ਸਿਕੰਦਰ ਇਹ ਜਾਣਦੇ ਹਨ ਕਿ ਇਸ ਪਿੜ ਵਿਚ ਜਾਨ ਦੇ ਵੈਰੀ ਵੀ ਦੋਸਤਾਂ ਵਾਂਗ ਮਿਲਦੇ ਹਨ। ਇਸ ਖੇਤਰ ਵਿਚ ਕੰਮ ਕਰ ਰਹੀਆਂ ਗੁਪਤ ਤੇ ਪ੍ਰਤੱਖ ਤਾਕਤਾਂ ਦੇ ਧੁਰ ਅੰਦਰ ਤਕ ਵੇਖਣ ਵਾਲੀ ਜੇਕਰ ਬਾਜ਼ ਅੱਖ ਨਹੀਂ ਤਾਂ ਸਮਝੋ ਕਿ ਤੁਸੀਂ ਦਸਮੇਸ਼ ਪਿਤਾ ਤੋਂ ਬਹੁਤ ਦੂਰੀ ਤੇ ਆਪਣਾ ਘਰ ਵਸਾ ਲਿਆ ਹੈ। ਬਾਜ਼ ਪੰਛੀ ਨੂੰ ਰਤਾ ਉਸ 'ਧਿਆਨ' ਦੀ ਨਿਗ੍ਹਾ ਨਾਲ ਵੇਖੋ ਜਿਸ ਦੀ ਬਖ਼ਸ਼ਿਸ਼ ਸਾਨੂੰ ਰੋਜ਼ਾਨਾ ਅਰਦਾਸ ਤੋਂ ਹਾਸਲ ਹੁੰਦੀ ਹੈ ਅਤੇ ਜਿਸ ਵਿਚ ਵਾਹਿਗੁਰੂ ਨੂੰ ਯਾਦ ਕਰਨ ਤੋਂ ਪਹਿਲਾਂ 'ਧਿਆਨ' ਨਾਲ ਦੋਸਤੀ ਪਾਉਣ ਦੀ ਬਾਰ ਬਾਰ ਚੇਤਾਵਨੀ ਦਿੱਤੀ ਗਈ ਹੈ। ਇਸ ਪੰਛੀ ਵਿਚ ਤਿੰਨ ਵੱਡੀਆਂ ਸਿਫ਼ਤਾਂ ਹੁੰਦੀਆਂ ਹਨ। ਇਕ, ਬਾਜ਼ ਦੀ ਝਪਟ; ਦੂਜਾ, ਬਾਜ਼ ਦੀ ਉਡਾਰੀ ਅਤੇ ਤੀਜਾ, ਕੇਵਲ ਆਪਣੇ ਸ਼ਿਕਾਰ 'ਤੇ ਕੇਂਦਰਤ ਹੋ ਕੇ ਖਲਾਅ ਨੂੰ ਚੀਰਦੀ ਹੋਈ ਉਸ ਦੀ ਅੱਖ। ਕੀ ਇਸ ਤਰ੍ਹਾਂ ਨਹੀਂ ਲੱਗਦਾ ਕਿ ਇਨਸਾਨੀ ਜਜ਼ਬਿਆਂ ਦੇ ਮਹਾਨ ਤਰਜਮਾਨ ਸ਼ਾਇਰ ਇਕਬਾਲ ਦੇ ਇਸ ਸ਼ੇਅਰ ਵਿਚ ਗੁਰੂ ਗੋਬਿੰਦ ਸਿੰਘ ਦੀ ਪ੍ਰੇਰਨਾ ਗੁਪਤ ਰੂਪ ਵਿਚ ਕੰਮ ਕਰ ਰਹੀ ਸੀ: 'ਜੋ ਕਬੂਤਰ ਪਰ ਝਪਟਨੇ ਕਾ ਮਜ਼ਾ ਹੈ ਐ ਪਿਸਰ, ਵੋਹ ਸ਼ਾਇਦ ਕਬੂਤਰ ਕੇ ਲਹੂ ਮੇਂ ਨਹੀਂ।' ਦਸ਼ਮੇਸ਼ ਪਿਤਾ ਨੇ ਇਸੇ ਲਈ ਬਾਜ਼ ਨੂੰ ਇਕ ਸੁੰਦਰ ਪ੍ਰਤੀਕ ਦਾ ਸੁਨੇਹਾ ਦੇਣ ਲਈ ਰੱਖਿਆ ਹੋਇਆ ਸੀ। ਨੀਲੇ ਘੋੜੇ ਦਾ ਇਹ ਸ਼ਾਹ ਸਵਾਰ ਆਪਣੇ ਨਾਦੀ ਪੁੱਤਰ ਖਾਲਸੇ ਵਿਚ ਉਪਰੋਕਤ ਤਿੰਨਾਂ ਗੁਣਾਂ ਦਾ ਉਚ ਪੱਧਰੀ ਸੁਮੇਲ ਵੇਖਣਾ ਚਾਹੁੰਦਾ ਸੀ। ਇਹ ਨਿਰਾਲਾ ਸੁਮੇਲ ਇਤਿਹਾਸ ਦੇ ਇਕ ਦੌਰ ਵਿਚ ਚਮਕੌਰ ਦੀ ਗੜ੍ਹੀ ਵਿਚ ਦੀਦਾਰ-ਏ-ਖ਼ਾਸ ਹੋਇਆ ਵੀ ਸੀ। ਅਜਮੇਰ ਸਿੰਘ ਅਕਾਲੀ ਰਾਜਨੀਤੀ ਦੇ ਐਸੇ ਦੁਖਾਂਤ ਨੂੰ ਵੇਖਣ ਤੇ ਇਸ ਦਾ ਵਿਸ਼ਲੇਸ਼ਣ ਕਰਨ ਵਿਚ ਸਫ਼ਲ ਹੋਇਆ ਹੈ ਕਿ ਕੁਰਬਾਨੀਆਂ ਦੇ ਬਾਵਜੂਦ ਅਕਾਲੀ ਰਾਜਨੀਤੀ ਵਿਚ ਨਾ ਹੀ 'ਬੇਰਹਿਮ' ਝਪਟ ਸੀ, ਨਾ ਹੀ ਵਿਚਾਰਾਂ ਦੀ ਉਡਾਰੀ ਅਤੇ ਨਾ ਹੀ ਉਹ ਨਜ਼ਰ ਜਿਹੜੀ ਦੁਸ਼ਮਣਾਂ ਤੇ ਦੋਸਤਾਂ ਨੂੰ ਕੀਲ ਕੇ ਰੱਖ ਸਕਣ ਦੀ ਯੋਗਤਾ ਰਖਦੀ ਹੋਵੇ। ਅਜਿਹੀ ਹਾਲਤ ਵਿਚ ਦਰ-ਬ-ਦਰ ਧੱਕੇ ਖਾਣ ਦਾ ਸਾਮਾਨ ਤਾਂ ਸਾਨੂੰ ਹਾਸਲ ਹੋਣਾ ਹੀ ਸੀ ਅਤੇ ਉਹ ਧੱਕੇ ਅਜੇ ਤਕ ਵੀ ਖਾਈ ਜਾ ਰਹੇ ਹਾਂ।

> **ਅਜਮੇਰ ਸਿੰਘ ਦੀ ਵੱਡੀ ਸਿਫ਼ਤ ਇਹ ਹੈ ਕਿ ਉਹ ਉਨ੍ਹਾਂ ਦੀਆਂ ਪੰਥਕ ਸੇਵਾਵਾਂ ਨੂੰ ਸਤਿਕਾਰ ਨਾਲ ਵੇਖਦਾ ਹੈ ਅਤੇ ਸਾਡੇ ਮਨਾਂ ਵਿਚ ਉਨ੍ਹਾਂ ਦੇ ਬਣੇ ਸਤਿਕਾਰ ਦੀ ਭਾਵਨਾ ਨੂੰ ਜ਼ਖ਼ਮੀ ਨਹੀਂ ਕਰਦਾ। ਪਰ ਜਿਸ ਜੁਗਤ ਨਾਲ ਅਤੇ ਜਿਸ ਢੁਕਵੀਂ ਥਾਂ 'ਤੇ ਅਤੇ ਜਿਸ ਤਰਤੀਬ ਤੇ ਅੰਦਾਜ਼ ਨਾਲ ਉਹ ਇਨ੍ਹਾਂ ਵਿਦਵਾਨਾਂ ਦੀਆਂ ਟਿੱਪਣੀਆਂ ਨੂੰ ਪੇਸ਼ ਕਰਦਾ ਹੈ, ਉਸ ਨਾਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਮਝੌਤੇ ਦੀ ਮੇਜ਼ 'ਤੇ ਬੈਠਣ ਲੱਗਿਆਂ ਸਾਵਧਾਨ ਤੇ ਚੌਕਸ ਜ਼ਰੂਰ ਰਹਿਣਗੀਆਂ।**

ਅਜਮੇਰ ਸਿੰਘ ਨੇ ਅਕਾਲੀ ਰਾਜਨੀਤੀ ਨੂੰ ਅਪਣੱਤ ਦੇ ਦਾਇਰੇ ਵਿਚ ਰਹਿ ਕੇ ਇਕ ਰਾਜਨੀਤਕ ਸਲੀਕੇ ਵਿਚ ਮਿੱਠਾ ਉਲਾਂਭਾ ਹੀ ਦਿੱਤਾ ਹੈ। ਕੀ ਇਹ ਉਸ ਦਾ ਦੋਸ਼ ਹੈ ਜਾਂ ਉਸ ਦੀ ਮਹਾਨ ਪ੍ਰਾਪਤੀ? ਜਿਨ੍ਹਾਂ ਦਰਿਆਵਾਂ ਨੇ ਅਜੇ ਦਸ ਸਾਲ ਪਿੱਛੋਂ ਹੜ੍ਹ ਲਿਆ ਕੇ ਡੋਬਣਾ ਹੁੰਦਾ ਹੈ, ਲੰਮੀ ਨਦਰ ਵਾਲੇ ਲੋਕ ਉਸ ਹੜ੍ਹ ਨੂੰ ਪਹਿਲਾਂ ਹੀ ਵੇਖ ਲੈਂਦੇ ਹਨ ਅਤੇ ਡੁੱਬਣ ਤੋਂ ਬਚਣ ਦੇ ਅਗਾਊਂ ਸਾਮਾਨ ਵੀ ਤਿਆਰ ਕਰ ਲੈਂਦੇ ਹਨ। 'ਡੁਬੋ ਗਈ ਮੁਝੇ ਵੋਹ ਨਦੀ ਜੋ ਅਭੀ ਬਹੀ ਭੀ ਨਾ ਥੀ', ਦੀ ਸਤਰ ਸਿਆਸਤ ਦਾ ਰਾਜ਼ ਸਮਝਣ ਵਲ ਇਕ ਸੰਕੇਤ ਹੀ ਤਾਂ ਹੈ। ਰਾਜਨੀਤਕ ਅਰਥਾਂ ਵਿਚ ਇਨ੍ਹਾਂ ਲੋਕਾਂ ਨੂੰ ਨੀਤੀਵਾਨ ਦਾ ਰੁਤਬਾ ਮਿਲਦਾ ਹੈ।

ਅਮਰੀਕੀ ਰਾਸ਼ਟਰਪਤੀ ਆਈਜ਼ਨ ਹਾਵਰ (1890-1969) ਨਾਲ ਤਿੱਖੇ ਵਖਰੇਵੇਂ ਰੱਖਣ ਦੇ ਬਾਵਜੂਦ ਉਸ ਦੀ ਨੀਤੀਵਾਨਾਂ ਬਾਰੇ ਇਸ ਟਿੱਪਣੀ ਨਾਲ ਸਾਂਝ ਤਾਂ ਪਾਈ ਹੀ ਜਾ ਸਕਦੀ ਹੈ ਕਿ "ਮੌਕਾਪ੍ਰਸਤ ਵਿਅਕਤੀ 'ਆਪਣੇ' ਬਾਰੇ ਅਤੇ 'ਅੱਜ' ਬਾਰੇ ਹੀ ਸੋਚਦਾ ਹੈ ਜਦਕਿ ਨੀਤੀਵਾਨ 'ਸਾਡੇ' ਬਾਰੇ ਅਤੇ 'ਆਉਣ ਵਾਲੇ ਕਲ੍ਹ' ਬਾਰੇ ਸੋਚਦਾ ਹੈ।" ਅਸੀਂ ਬਿਪਰ ਸੰਸਕਾਰਾਂ ਦੇ ਆਉਣ ਵਾਲੇ ਹੜ੍ਹ ਨੂੰ ਪਹਿਲਾਂ ਹੀ ਕਿਉਂ ਨਾ ਵੇਖ ਸਕੇ ਜਦਕਿ ਮੁਸਲਮਾਨ ਭਰਾਵਾਂ ਨੇ ਪਿਛਲੇ ਸਦੀ ਦੇ ਵੀਹਵਿਆਂ ਅਤੇ ਤੀਹਵਿਆਂ ਵਿਚ ਹੀ ਇਸ ਹੜ੍ਹ ਨੂੰ ਵੇਖ ਲਿਆ ਸੀ? ਇਸ ਬਣਦੇ ਮਿਹਣੇ ਅੱਗੇ ਤਾਂ ਅਕਾਲੀ ਰਾਜਨੀਤੀ ਨੂੰ ਜਵਾਬਦੇਹ ਕਰਨਾ ਹੀ ਚਾਹੀਦਾ ਹੈ। ਹਰਿੰਦਰ ਸਿੰਘ ਮਹਿਬੂਬ ਦੀ ਬਾਜ਼ ਅੱਖ ਤਾਂ ਬਹੁਤ-ਬਹੁਤ ਦੂਰ ਤਕ ਚਲੀ ਗਈ ਸੀ ਜਦੋਂ ਸਿਧਾਂਤਾਂ ਨਾਲ ਲੈਸ ਕਰਦੀ ਪੁਸਤਕ 'ਸਹਿਜੇ ਰਚਿਓ ਖ਼ਾਲਸਾ' ਵਿਚ ਉਸ ਨੇ ਬਿਪਰ ਸੰਸਕਾਰਾਂ ਵਿਚ ਲੁਕੀ ਦੁਸ਼ਮਣੀ ਨੂੰ 'ਅਪਕੜ ਬਰੀਕੀ' ਦਾ ਨਾਂ ਦਿੱਤਾ ਸੀ। ਇਹ ਸੱਚ ਸੁਣਨਾ ਚਾਹੀਦਾ ਹੈ ਕਿ ਅਜਮੇਰ ਸਿੰਘ ਨੇ ਭਵਿੱਖ ਦੀ ਲੀਡਰਸ਼ਿਪ ਲਈ ਇਨ੍ਹਾਂ ਅਪਕੜ ਬਰੀਕੀਆਂ ਨੂੰ ਬੁੱਝਣ ਅਤੇ ਸਿੱਖ ਪੰਥ ਲਈ ਨਵੇਂ ਰਸਤੇ ਤਲਾਸ਼ਣ ਦਾ ਰਾਹ ਕਾਫ਼ੀ ਹੱਦ ਤਕ ਪਧਰਾ ਕਰ ਦਿੱਤਾ ਹੈ।

ਜਗ ਜਾਣਦਾ ਹੈ ਕਿ ਸ਼ੇਕਸਪੀਅਰ ਮਨੁੱਖੀ ਸੁਭਾਅ ਦੀ ਪਕੜ ਤੇ ਇਸ ਸੁਭਾਅ ਵਿਚ ਕੰਮ ਕਰਦੀ ਪਲ ਪਲ ਤਿਲਕਦੀ ਹਕੀਕਤ ਨੂੰ ਜੜ੍ਹ ਤੋਂ ਫੜਨ ਵਿਚ ਸਫ਼ਲ ਰਿਹਾ ਹੈ। ਇਸ ਪਹਿਲੂ ਤੋਂ ਉਸ ਨੇ ਸਰਵਵਿਆਪਕ ਸੱਚਾਈਆਂ ਤੋਂ ਪਰਦਾ ਚੁੱਕਣ ਦਾ ਜੋ ਚਮਤਕਾਰ ਕੀਤਾ ਹੈ, ਉਸ ਬਾਰੇ ਉਸ ਦੇ ਤਿੱਖੇ ਆਲੋਚਕ ਵੀ ਇਸ ਤੱਥ ਨੂੰ ਝੁਠਲਾਉਣ ਵਿਚ ਸ਼ਰਮ ਮਹਿਸੂਸ ਕਰਦੇ ਹਨ। ਅਜਮੇਰ ਸਿੰਘ ਵੀ ਘਟਨਾਵਾਂ ਦੇ ਵਹਿਣ ਵਿਚ ਸਿੱਖ ਰਾਜਨੀਤੀ ਦੇ ਪਾਟਵੇਂ ਰੁਝਾਨਾਂ ਦੀ ਤਹਿ ਵਿਚ ਲੁਕੇ ਡੂੰਘੇ ਕਾਰਨਾਂ ਨੂੰ ਫੜਨ ਵਿਚ ਜੇ ਪੂਰੀ ਤਰ੍ਹਾਂ ਕਾਮਯਾਬ ਨਹੀਂ ਹੋਇਆ ਤਾਂ ਉਸ ਨੇ ਘੱਟੋ-ਘੱਟ ਇਨ੍ਹਾਂ ਕਾਰਨਾਂ ਨੂੰ ਸੁਣੇ ਜਾਣ ਦਾ ਵਿਚਾਰਧਾਰਕ ਸ਼ੌਕ ਤਾਂ ਪੈਦਾ ਕਰ ਹੀ ਦਿੱਤਾ ਹੈ। ਬਿਪਰ ਸੰਸਕਾਰ ਦੇ ਪੈਰੋਕਾਰ ਹਰ ਵਾਰ ਸਿੱਖ ਰਾਜਨੀਤੀ ਦੇ ਪੈਰੋਕਾਰਾਂ ਨੂੰ ਆਪਣੀ ਲੱਤ ਹੇਠੋਂ ਲੰਘਾਉਣ ਵਿਚ ਸਫ਼ਲ ਕਿਉਂ ਹੁੰਦੇ ਰਹੇ ਹਨ ਅਤੇ ਹੋ ਰਹੇ ਹਨ, ਰਾਜਨੀਤੀ ਦੇ ਨਿਰਭਉ ਤੇ ਨਿਰਵੈਰ ਸਕੂਲਜ਼ ਆਫ਼ ਥਾਟ ਇਨ੍ਹਾਂ ਸਵਾਲਾਂ ਦੇ ਜਵਾਬ ਲੈਣ ਲਈ ਅਜਮੇਰ ਸਿੰਘ ਦੀਆਂ ਲਿਖਤਾਂ ਨੂੰ ਅਵੇਰ ਜਾਂ ਸਵੇਰ ਮਾਨਤਾ ਦੇਣਗੇ ਹੀ ਦੇਣਗੇ। ਵੈਸੇ ਅਜਮੇਰ ਸਿੰਘ ਦੀਆਂ ਧਾਰਨਾਵਾਂ ਨੂੰ ਰੱਦ ਕਰਨ ਲਈ ਆਲੋਚਕਾਂ ਨੂੰ ਨਾਂਹ ਪੱਖੀ ਮਿਹਨਤ ਕਰਨ ਵਾਸਤੇ ਵੀ ਕਾਫ਼ੀ ਮੁੜਕੋ-ਮੁੜਕੀ ਹੋਣਾ ਪੈਣਾ ਹੈ ਕਿਉਂਕਿ ਜਦੋਂ ਜਦੋਂ ਵੀ ਕਣਕ ਦੇ ਨਾਲ ਨਾਲ ਉਹ ਰੇਤ ਪੀਹਣਗੇ ਤਾਂ ਇਸ ਵੰਨਗੀ ਦੀ ਆਲੋਚਨਾ ਵਿਚੋਂ ਕਿਸੇ ਵੀ ਸੁਹਿਰਦ ਪਾਠਕ ਲਈ ਰੇਤ ਦੇ ਕਣ ਲਭਣੇ ਮੁਸ਼ਕਲ ਨਹੀਂ ਹੋਣਗੇ।

ਅਕਾਲੀ ਰਾਜਨੀਤੀ ਸਿੱਖਾਂ ਦੇ ਰਾਜਨੀਤਕ ਮਨੋਵਿਗਿਆਨ ਦੀ ਗਤ-ਮਿਤ ਜਾਣਨ ਵਿਚ ਕਿੱਥੋਂ ਤਕ ਜਾ ਸਕੀ ਹੈ ਉਸ ਦੀ ਇਕ ਹੈਰਾਨਕੁੰਨ ਮਿਸਾਲ ਹਾਜ਼ਰ ਹੈ। ਗੱਲ ਇਉਂ ਸੀ ਕਿ ਆਜ਼ਾਦੀ ਦੀ ਲੜਾਈ ਦੌਰਾਨ ਗਾਂਧੀ ਦੀ ਬਗਲਾ-ਅੱਖ ਨੇ ਇਹ ਬੁਝ ਲਿਆ ਸੀ ਕਿ ਇਕ ਦਿਨ ਆਏਗਾ ਕਿ ਜਦੋਂ ਗੁਰਦੁਆਰਿਆਂ ਦੀ ਆਜ਼ਾਦੀ ਦੀ ਜੰਗ ਆਜ਼ਾਦ ਸਿੱਖ ਸਟੇਟ ਦੀ ਰੀਝ ਵਿਚ ਪਲਟ ਜਾਏਗੀ। ਇਸ ਲਈ ਮੋਹਨਦਾਸ ਕਰਮਚੰਦ ਗਾਂਧੀ ਸਿੱਖਾਂ ਕੋਲੋਂ ਇਹ ਪੱਕਾ ਵਾਅਦਾ ਅਤੇ ਉਹ ਵੀ ਲਿਖਤੀ ਰੂਪ ਵਿਚ ਲੈਣਾ ਚਾਹੁੰਦੇ ਸਨ ਕਿ ਸਿੱਖ ਕਦੇ ਵੀ ਆਜ਼ਾਦੀ ਦੀ ਮੰਗ ਨਹੀਂ ਕਰਨਗੇ। ਇਨ੍ਹਾਂ ਬਦਸ਼ਗਨ ਘੜੀਆਂ ਵਿਚ ਅਕਾਲੀ ਰਾਜਨੀਤੀ ਨੇ ਗਾਂਧੀ ਦੀ ਇੱਛਾ ਅੱਗੇ ਕਿਵੇਂ ਆਤਮ-ਸਮਰਪਣ ਕੀਤਾ ਉਹ ਇਥੇ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ ਅਸੀਂ ਪੇਸ਼ ਕਰ ਰਹੇ ਹਾਂ: "ਸਿਰਫ਼ ਸ਼੍ਰੋਮਣੀ ਕਮੇਟੀ ਹੀ ਨਹੀਂ ਬਲਕਿ ਕੋਈ ਵੀ ਸਿੱਖ ਸੰਸਥਾ ਜਾਂ ਵਿਅਕਤੀ ਸੁਪਨੇ ਵਿਚ ਵੀ ਸਿੱਖ ਰਾਜ ਦੀ ਕਾਇਮੀ ਦਾ ਵਿਚਾਰ ਜਾਂ ਇਸ ਦੀ ਚਾਹਨਾ ਨਹੀਂ ਰੱਖਦਾ।" ਇਸ ਟਿੱਪਣੀ ਵਿਚ ਸਾਡੀ ਸਲਾਹ ਇਹ ਹੈ ਕਿ 'ਕੋਈ ਵੀ ਸਿੱਖ ਸੰਸਥਾ', 'ਕੋਈ ਵੀ ਵਿਅਕਤੀ', 'ਸੁਪਨੇ ਵਿਚ ਵੀ'

(ਬਾਕੀ ਅਗਲੇ ਸਫੇ 'ਤੇ)

# "ਆਗਿਆ ਭਈ ਅਕਾਲ ਕੀ..." ਦੋਹਰੇ ਬਾਰੇ ਵਿਚਾਰ

ਸੁਰਜੀਤ ਸਿੰਘ ਪੰਛੀ*

ਇਹ 'ਦੋਹਰਾ' ਜੋ ਅਸੀਂ ਹਰ ਰੋਜ਼ ਅਰਦਾਸ ਪਿਛੋਂ ਪੜ੍ਹਦੇ ਹਾਂ, ਆਮ ਰਵਾਇਤ ਅਨੁਸਾਰ ਗੁਰੂ ਗੋਬਿੰਦ ਸਿੰਘ ਦਾ ਹੀ ਮੰਨਦੇ ਹਾਂ ਪਰ ਗੁਰੂ ਜੀ ਦੀਆਂ ਬਾਣੀਆਂ ਵਿਚ ਕਿਸੇ ਵੀ ਲੇਖਕ ਨੇ ਇਸ ਦੋਹਰੇ ਨੂੰ ਦਰਜ ਨਹੀਂ ਕੀਤਾ। ਉਨ੍ਹਾਂ ਦਾ ਵਿਸ਼ਵਾਸ ਹੋਵੇਗਾ ਕਿ ਇਹ ਗੁਰੂ ਜੀ ਦੁਆਰਾ ਰਚਿਆ ਗਿਆ ਦੋਹਰਾ ਨਹੀਂ। ਆਓ ਉਸ 'ਤੇ ਵਿਚਾਰ ਕਰੀਏ:

ਦੋਹਰੇ ਦੀਆਂ ਪਹਿਲੀਆਂ ਚਾਰ ਲਾਈਨਾਂ ਦੇ ਸਬੰਧ ਵਿਚ ਦੇਖੀਏ ਤਾਂ ਗੁਰੂ ਜੀ ਦੀ ਜੀਵਨੀ ਜਿਨ੍ਹਾਂ ਲੇਖਕਾਂ ਨੇ ਕਵਿਤਾ ਵਿਚ ਲਿਖੀ ਹੈ, ਉਨ੍ਹਾਂ ਦੀਆਂ ਰਚਨਾਵਾਂ ਵਿਚ ਇਨ੍ਹਾਂ ਚਾਰੇ ਲਾਈਨਾਂ ਦੇ ਅੰਸ਼ ਮਿਲਦੇ ਹਨ।

'ਗੁਰਮਤਿ ਪ੍ਰਕਾਸ਼' ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਅਧੀਨ ਧਰਮ ਪ੍ਰਚਾਰ ਕਮੇਟੀ ਵਲੋਂ ਪ੍ਰਕਾਸ਼ਤ ਕੀਤਾ ਜਾਂਦਾ ਹੈ, ਦੇ ਜਨਵਰੀ 1967 ਦੇ ਅੰਕ ਵਿਚ ਸੰਤ ਫ਼ਤਹਿ ਸਿੰਘ (ਸਾਬਕਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ) ਦੁਆਰਾ ਲਿਖੇ ਲੇਖ 'ਰਹਿਤਨਾਮੇ' ਵਿਚ ਪੰਨਾ 28 'ਤੇ 'ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ' ਵਿਚ ਹੇਠ ਲਿਖੀਆਂ ਲਾਈਨਾਂ ਦਰਜ ਹਨ:

ਅਕਾਲ ਪੁਰਖ ਕੇ ਬਚਨ ਸਿਉ, ਪ੍ਰਗਟ ਚਲਾਇਓ ਪੰਥ॥
ਸਭ ਸਿਖਨ ਕੋ ਬਚਨ ਹੈ, ਗੁਰੂ ਮਾਨੀਓ ਗ੍ਰੰਥ॥ 30॥
ਗੁਰੂ ਖ਼ਾਲਸਾ ਮਾਨਿਐ, ਪ੍ਰਗਟ ਗੁਰੂ ਕੀ ਦੇਹ॥
ਜੋਇ ਸਿੱਖ ਮਿਲਬੋ ਚਹੈ, ਖੋਜ ਇਨੋ ਮੈਂ ਲੇਹ॥ 24॥
ਸਤਿ ਅਕਾਲ ਸ੍ਰੀ ਵਾਹਿਗੁਰੂ, ਧਰਮ ਬੀਜ ਇਹ ਮੰਤ॥
ਸਬ ਸਿਖਨ ਕੋ ਬਚਨ ਹੈ, ਗੁਰੂ ਮਾਨੀਓ ਗ੍ਰੰਥ॥38॥

ਪ੍ਰਿੰਸੀਪਲ ਸਤਿਬੀਰ ਸਿੰਘ 'ਪੁਰਖ ਭਗਵੰਤ' ਦੇ ਪੰਨਾ 233 'ਤੇ ਲਿਖਦੇ ਹਨ, "ਅਖੀਰਲੇ ਦਿਨ (ਗੁਰੂ) ਗ੍ਰੰਥ ਸਾਹਿਬ ਦੇ ਹਜ਼ੂਰ ਗੁਰਿਆਈ ਦੇ ਪੰਜ ਪੈਸੇ ਤੇ ਸ੍ਰੀ ਫਲ ਰੱਖ ਕੇ ਇਹ ਸ਼ਲੋਕ ਪੜ੍ਹਿਆ:

ਅਕਾਲ ਪੁਰਖ ਕੇ ਬਚਨ ਸਿਓ, ਪ੍ਰਗਟ ਚਲਾਇਓ ਪੰਥ।
ਸਭ ਸਿਖਣ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।"

ਇਸ ਦੋਹਰੇ ਦੇ ਅੰਤ 'ਤੇ (1) ਭਾਈ ਪ੍ਰਹਿਲਾਦ ਸਿੰਘ ਜੀ ਪਾ ਕੇ ਫੁੱਟ ਨੋਟ ਲਿਖਿਆ ਹੈ। ਸਰੂਪ ਸਿੰਘ ਕੋਸ਼ਿਸ਼ ਨੇ ਅੱਗੋਂ ਇਹ ਦੋ ਸਤਰਾਂ ਹੋਰ ਲਿਖੀਆਂ ਹਨ:

ਗੁਰੂ ਖ਼ਾਲਸਾ ਮਾਨੀਐ, ਪ੍ਰਗਟ ਗੁਰੂ ਕੀ ਦੇਹਿ।
ਜੋ ਸਿੱਖ ਮੋ ਮਿਲਯੋ ਚਹਹਿ, ਖੋਜ ਇਨਹੁ ਮਹਿ ਲੇਹੁ।
(ਸਾਖੀ 112)

ਇਹ ਦੋਵੇਂ ਦੋਹਰੇ 'ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ ਜੀ' ਵਿਚ ਸਫ਼ਾ 30 ਅਤੇ 24 'ਤੇ ਥੋੜ੍ਹੇ ਜਿਹੇ ਅੰਤਰ ਨਾਲ ਦਰਜ ਹਨ। ਸਰੂਪ ਸਿੰਘ ਕੋਸ਼ਿਸ਼ ਨੇ ਇਹ ਦੋਹਰਾ ਹੂਬਹੂ ਨਕਲ ਕਰ ਦਿੱਤਾ।

'ਦਾ ਹਿਸਟਰੀ ਔਫ਼ ਦਾ ਸਿਖਸ' ਦਾ ਲੇਖਕ ਡਾ. ਹਰੀ ਰਾਮ ਗੁਪਤਾ ਪੰਨਾ 327 ਉਤੇ 'ਰਹਿਤਨਾਮਾ ਭਾਈ ਨੰਦ ਲਾਲ ਜੀ' ਦੀਆਂ ਕੁਝ ਤੁਕਾਂ ਇਕੱਠੀਆਂ ਕਰ ਕੇ ਗੁਰੂ ਜੀ ਦੁਆਰਾ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦੇ ਹੁਕਮ ਨੂੰ ਸਿੱਧ ਕਰਨ ਲਈ ਲਿਖਦਾ ਹੈ ਪਰ ਭਾਈ ਨੰਦ ਲਾਲ ਦਾ ਨਾਂ ਨਹੀਂ ਲਿਖਦਾ:

ਦੂਸਰਾ ਰੂਪ ਗ੍ਰੰਥ ਜੀ ਜਾਨ।
ਆਪ ਨੇ ਅੰਗ ਮੇਰੇ ਕਰ ਮਾਨ॥ 61॥
ਜੋ ਸਿੱਖ ਗੁਰ ਦਰਸ਼ਨ ਕੀ ਚਾਹਿ।
ਦਰਸ਼ਨ ਕਰੈ ਗ੍ਰੰਥ ਜੀ ਆਇ॥ 62॥
ਜੋ ਮਮ ਸਾਥ ਚਾਹਿ ਕਰ ਬਾਤ।
ਗ੍ਰੰਥ ਜੀ ਪੜ੍ਹੈ, ਵਿਚਾਰੇ, ਸਾਥ॥ 64॥
ਜੋ ਮੁਝ ਬਚਨ ਸੁਨਨ ਕੀ ਚਾਹਿ।
ਗ੍ਰੰਥ ਵਿਚਾਰ ਸੁਨੇ ਚਿਤ ਲਾਇ।
ਮੇਰੋ ਰੂਪ ਗ੍ਰੰਥ ਜੀ ਜਾਨ।
ਇਸ ਮੈਂ ਭੇਦ ਨਾਹਿ ਕਛੁ ਮਾਨ॥ 65॥

ਫੁੱਟ ਨੋਟ ਵਿਚ ਇਨ੍ਹਾਂ ਲਾਈਨਾਂ ਦੇ ਨਾਲ ਗੁਰਬਿਲਾਸ ਪਾਤਸ਼ਾਹੀ 10 ਕ੍ਰਿਤ ਭਾਈ ਕੁਇਰ ਸਿੰਘ ਅਧਿਆਏ 21 ਦੇ 95 ਤੋਂ 100 ਤਕ ਸ਼ੇਅਰ ਦੇਖਣ ਲਈ ਕਹਿੰਦਾ ਹੈ ਜੋ ਇਸ ਤਰ੍ਹਾਂ ਹਨ। ਮੈਂ ਵੀ ਇਨ੍ਹਾਂ ਸ਼ੇਅਰਾਂ ਵਿਚੋ ਸਬੰਧਤ ਸ਼ੇਅਰ ਹੀ ਦੇ ਰਿਹਾ ਹਾਂ:

ਗੁਰਿਆਈ ਕਾ ਨਾਹਿ ਅਬ ਕਾਲ।
ਤਿਲਕ ਨ ਦੇਵਹਿਗੇ ਕਿਸ ਭਾਲ॥ 96॥
ਸਰਬ ਸੁ ਸੰਗਤ ਖ਼ਾਲਸ ਮਾਨ।
ਸ੍ਰੀ ਅਸਿਕੇਤੁ ਗੋਦ ਮੈ ਜਾਨ।
ਲੜ ਪਕੜਾਇ ਸ਼ਬਦ ਕਾ ਰੂਪ।
ਜੋ ਮਾਨੇ ਸੋ ਸਿੰਘ ਅਨੂਪ॥ 97॥
ਦਰਸ਼ਨ ਗੁਰ ਕਾ ਹੈ ਸਵਧਾਨ।
ਸ੍ਰੀ ਗ੍ਰੰਥ ਜੀ ਸਾਹਿਬ ਮਾਨ।
ਲੈ ਆਵੇ ਤਾ ਕੋ ਯਾ ਬਾਨਾ।
ਲੈ ਆਏ ਗੁਰ ਦਸਮ ਸੁਜਾਨਾ॥ 98॥
ਕਹਾ, ਜੋਇ ਬਚ ਕੀਨਾ ਚਾਹੇ।
ਪਾਠ ਕਰੈ ਗੁਰ ਕੋ ਸੁਖ ਪਾਏ॥ 100॥

ਡਾ. ਹਰੀ ਰਾਮ ਗੁਪਤਾ ਅੱਗੇ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਨੇ ਆਪਣਾ ਲਿਖਿਆ ਗੀਤ (self composed hymn) ਗਾਇਆ। ਫੁੱਟ ਨੋਟ ਵਿਚ ਦੋਹਰੇ ਬਾਰੇ "ਦਾ ਨਿਊ ਰਿਆਇਜ਼ ਪਰਸ਼ੀਅਨ-ਇੰਗਲਿਸ਼ ਡਿਕਸ਼ਨਰੀ" ਪੰਨਾ 257 ਦਾ ਹਵਾਲਾ ਦਿੰਦੇ ਹਨ। ਦੋਹਰਾ ਜੋ ਅਸੀਂ ਅਰਦਾਸ ਪਿੱਛੋਂ ਪੜ੍ਹਦੇ ਹਾਂ, ਦੀਆਂ ਚਾਰ ਸਤਰਾਂ ਹੀ ਲਿਖਦੇ ਹਨ:

ਆਗਿਆ ਭਈ ਅਕਾਲ ਕੀ, ਤਬੀ ਚਲਾਯੋ ਪੰਥ।
ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨੀਓ, ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸਬਦ ਮੈਂ ਲੇਹਿ।

ਅੱਗੇ ਫਿਰ ਲਿਖਦੇ ਹਨ ਕਿ ਅਗਲੀਆਂ ਦੋ ਲਾਈਨਾਂ ਇਸ ਗੀਤ ਦਾ ਹਿੱਸਾ ਨਹੀਂ ਹਨ। ਅਗਲੀਆਂ ਦੋ ਲਾਈਨਾਂ ਹਨ:

ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨਾ ਕੋਇ।
ਖ੍ਵਾਰ ਹੋਇ ਸਭ ਮਿਲੇਂਗੇ ਬਚੇ ਸਰਨ ਸੋ ਹੋਇ।

ਪਰ ਦੋਹਰੇ ਬਾਰੇ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ 'ਗੁਰਮਤਿ ਪ੍ਰਕਾਸ਼' ਜਨਵਰੀ 1967 ਵਿਚ ਆਪਣੇ ਲੇਖ 'ਸ੍ਰੀ ਗੁਰੂ ਗੋਬਿੰਦ ਸਿੰਘ' ਵਿਚ ਪੰਨਾ 62 'ਤੇ ਦੋਹਰੇ ਦੀਆਂ ਪਹਿਲੀਆਂ ਚਾਰੇ ਸਤਰਾਂ (ਉਪਰੋਕਤ ਵਾਂਗ) ਲਿਖ ਕੇ ਬ੍ਰੈਕਟ ਵਿਚ ਕੇਸਰ ਸਿੰਘ ਛਿੱਬਰ ਲਿਖਿਆ ਹੈ। ਇਸ ਦਾ ਭਾਵ ਇਹ ਕਿ ਦੋਹਰੇ ਦੀਆਂ ਚਾਰੇ ਸਤਰਾਂ ਗੁਰੂ ਜੀ ਦੀਆਂ ਨਹੀਂ, ਕੇਸਰ ਸਿੰਘ ਛਿੱਬਰ ਦੀਆਂ ਹਨ। 'ਸਿੱਖ ਇਤਿਹਾਸ ਦੇ ਸੋਮੇ' ਲੇਖਕ ਸੋਹਣ ਸਿੰਘ ਸੀਤਲ ਵਿਚ ਕੇਸਰ ਸਿੰਘ ਛਿੱਬਰ ਦੇ 'ਬੰਸਾਵਲੀਨਾਮਾ' ਵਿਚ ਇਹ ਲਾਈਨਾਂ ਨਹੀਂ ਹਨ। ਹੁੰਦੀਆਂ ਤਾਂ ਜ਼ਰੂਰ ਲਿਖਦੇ।

'ਸਾਡਾ ਇਤਿਹਾਸ' ਭਾਗ ਪਹਿਲਾ ਦੇ ਪੰਨਾ 417 'ਤੇ ਪ੍ਰਿੰਸੀਪਲ ਸਤਿਬੀਰ ਸਿੰਘ, ਕੇਸਰ ਸਿੰਘ ਛਿੱਬਰ ਦੀਆਂ ਸਤਰਾਂ ਲਿਖਦੇ ਹਨ:

ਗਰੀਬ ਨਿਵਾਜ ਸਿੱਖ ਸੰਗਤਿ ਹੈ ਤੇਰੀ,
ਤਿਸ ਦਾ ਕੀ ਹਾਲ।
ਬਚਨ ਕੀਤਾ ਗ੍ਰੰਥ ਹੈ ਗੁਰੂ, ਲੜ ਪਕੜੋ ਅਕਾਲ।

'ਗੁਰਮਤਿ ਪ੍ਰਕਾਸ਼' ਅਪਰੈਲ 1986 ਵਿਚ ਸ਼ਹੀਦ ਸਿੰਘ ਮਿਸ਼ਨਰੀ ਕਾਲਜ, ਅੰਮ੍ਰਿਤਸਰ ਦੇ ਪ੍ਰਿੰਸੀਪਲ ਪ੍ਰੋ. ਪ੍ਰਕਾਸ਼ ਸਿੰਘ ਦੁਆਰਾ ਲਿਖੇ ਲੇਖ, 'ਗੁਰ ਮੂਰਤਿ ਗੁਰ-ਸ਼ਬਦ ਹੈ' ਪੰਨਾ 26 'ਤੇ ਦੋਹਰੇ ਦੀਆਂ ਚਾਰੇ ਸਤਰਾਂ ਦਿੱਤੀਆਂ ਹਨ। ਉਹ ਨਾ ਤਾਂ ਉਨ੍ਹਾਂ ਨੂੰ ਗੁਰੂ ਜੀ ਦੁਆਰਾ ਲਿਖੀਆਂ ਕਹਿੰਦਾ ਹੈ ਅਤੇ ਨਾ ਕਿਸੇ ਹੋਰ ਲੇਖਕ ਦਾ ਨਾਂ ਦਿੰਦਾ ਹੈ।

'ਗੁਰਮਤਿ ਪ੍ਰਕਾਸ਼' ਅਪਰੈਲ 1986 ਦੇ ਪੰਨਾ 58 ਉਤੇ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਾ. ਸ਼ਮਸ਼ੇਰ ਸਿੰਘ 'ਸਿੱਖ ਧਰਮ ਵਿਚ ਸ਼ਬਦ-ਗੁਰੂ ਦਾ ਸਿਧਾਂਤ' ਨਾਂ ਦੇ ਲੇਖ ਵਿਚ ਲਿਖਦੇ ਹਨ, "ਗਿਆਨੀ ਗਿਆਨ ਸਿੰਘ ਜੀ ਗੁਰੂ ਜੀ ਦੇ ਅੰਤਿਮ ਉਪਦੇਸ਼ ਨੂੰ ਆਪਣੇ ਸ਼ਬਦਾਂ ਵਿਚ ਹੇਠ ਲਿਖੇ ਅਨੁਸਾਰ ਅੰਕਿਤ ਕਰਦੇ ਹਨ। ਇਸ ਵਿਚ ਵੀ ਸ਼ਬਦ ਦੀ ਵਡਿਆਈ ਤੇ ਮਹਾਨਤਾ ਦੀ ਉਚਿਆਈ ਹੈ।

ਆਗਿਆ ਭਈ ਅਕਾਲ ਕੀ, ਤਬੀ ਚਲਾਯੋ ਪੰਥ।
ਸਬ ਸਿਖਨ ਕੋ ਹੁਕਮ ਹੈ, ਗੁਰੂ ਮਾਨਯੋ ਗ੍ਰੰਥ।
ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾ ਕੀ ਦੇਹ।
ਜੋ ਪ੍ਰਭ ਕੋ ਮਿਲਯੋ ਚਹੈ, ਖੋਜ ਸਬਦ ਮੈ ਲੇਹ।

ਗਿਆਨੀ ਗਿਆਨ ਸਿੰਘ ਦੁਆਰਾ ਰਚਿਤ 'ਪੰਥ ਪ੍ਰਕਾਸ਼' ਦੇ ਪੰਨਾ 353 'ਤੇ ਇਹ ਦੋਹਰਾ ਇਸ ਤਰ੍ਹਾਂ ਹੈ:

ਤਥਾ ਹੀ ਸ੍ਰੀ ਮੁਖਵਾਕ-ਦੋਹਰਾ
ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।
ਸਬ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।
ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੈਂ ਲੇਹ।
ਸਬ ਗੁਰੂ ਪਰਗਟ ਭਏ ਪੂਰਨ ਹਰਿ ਅਵਤਾਰ।
ਜਗਮਗ ਜੋਤ ਬਿਰਾਜ ਹੀ ਸ੍ਰੀ ਗੁਰੂ ਗ੍ਰੰਥ ਮਝਾਰ।
ਜੋ ਦਰਸਯੋ ਚਹਿ ਗੁਰੂ ਕੋ ਸੋ ਦਰਸੈ ਗੁਰੂ ਗ੍ਰੰਥ।
ਪਢੈ ਸੁਨੈ ਸਾਰਥ ਲਹੈ ਪਰਮਾਰਥ ਕੋ ਪੰਥ।
ਵਾਹਿਗੁਰੂ ਗੁਰੂ ਗ੍ਰੰਥ ਜੀ ਉਭੈ ਜਹਾਜ ਉਦਾਰ।
ਜੋ ਸਰਧਾ ਸੇਵਹੈ ਸੋ ਉਤਰੇ ਭਵ ਪਾਰ॥ 11॥

ਇਸ ਤੋਂ ਪਹਿਲਾਂ ਲਿਖੇ ਦੋਹਰੇ ਤੇ ਇਸ ਦੋਹਰੇ ਦੀਆਂ ਚਾਰ ਸਤਰਾਂ ਵਿਚ ਇਕ-ਦੋ ਸ਼ਬਦ-ਜੋੜਾਂ ਦਾ ਹੀ ਅੰਤਰ ਹੈ। ਅਜਿਹਾ ਸੁਭਾਵਕ ਹੀ ਹੋ ਜਾਂਦਾ ਹੈ। ਜਿਵੇਂ ਪਹਿਲਾਂ ਲਿਖੇ ਦੋਹਰੇ ਵਿਚ 'ਮਾਨਯੋ' ਅਤੇ ਦੂਸਰੇ ਵਿਚ 'ਮਾਨੀਓ' ਹੈ। ਤੀਜੀ ਸਤਰ ਵਿਚ 'ਗੁਰੂ ਗ੍ਰੰਥ ਜੀ ਮਾਨਿਓ' ਅਤੇ 'ਗੁਰੂ ਗ੍ਰੰਥ ਕੋ ਮਾਨਿਓ' ਵਿਚ 'ਜੀ' ਅਤੇ 'ਕੋ' ਦਾ ਅੰਤਰ ਹੈ। ਇਸੇ ਤਰ੍ਹਾਂ ਚੌਥੀ ਸਤਰ 'ਜੋ ਪ੍ਰਭੂ ਕੋ ਮਿਲਯੋ ਚਾਹੈ' ਅਤੇ 'ਜੋ ਪ੍ਰਭ ਕੋ ਮਿਲਬੋ ਚਹੈ' ਵਿਚ ਮਿਲਯੋ ਅਤੇ ਮਿਲਬੋ ਦਾ ਅੰਤਰ ਹੈ। ਇਹ ਤਾਂ ਨਿੱਤ ਬੋਲਣ ਕਰਕੇ ਅੰਤਰ ਆਉਣਾ ਕੋਈ ਵੱਡੀ ਗੱਲ ਨਹੀਂ।

ਦੋਹਰੇ ਦੀਆਂ ਚਾਰੇ ਸਤਰਾਂ ਤੋਂ ਅਗਲੀਆਂ ਦੋ ਸਤਰਾਂ 'ਭਾਈ ਨੰਦ ਲਾਲ ਗ੍ਰੰਥਾਵਲੀ' ਸੰਪਾਦਕ ਡਾ. ਗੰਡਾ ਸਿੰਘ ਦੇ ਪੰਨਾ 193 'ਤੇ ਰਹਿਤਨਾਮੇ ਦੀਆਂ ਅੰਤਲੀਆਂ ਸਤਰਾਂ ਹਨ:

ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨ ਕੋਇ।
ਖ੍ਵਾਰ ਹੋਇ ਸਭ ਮਿਲੇਂਗੇ, ਬਚੇ ਸ਼ਰਨ ਜੋ ਹੋਇ।

ਇਹ ਦੋਹਰਾ "ਆਗਿਆ ਭਈ ਅਕਾਲ ਕੀ..." ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਚ ਅਰਦਾਸ ਪਿੱਛੋਂ ਪੜ੍ਹਿਆ ਨਹੀਂ ਜਾਂਦਾ। ਹਰਿਮੰਦਰ ਸਾਹਿਬ ਵਿਚ ਗੁਰਬਾਣੀ, ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ਅਤੇ ਭਾਈ ਨੰਦ ਲਾਲ ਦੀ ਰਚਨਾ ਪੜ੍ਹਨ ਦੀ ਆਗਿਆ ਹੈ। ਇਨ੍ਹਾਂ ਤੋਂ ਬਿਨਾਂ ਹੋਰ ਕੋਈ ਰਚਨਾ ਹਰਿਮੰਦਰ ਸਾਹਿਬ ਵਿਚ ਨਹੀਂ ਪੜ੍ਹੀ ਜਾਂਦੀ। ਜੇ ਇਹ ਦੋਹਰਾ ਗੁਰੂ ਗੋਬਿੰਦ ਸਿੰਘ ਜੀ ਦਾ ਹੁੰਦਾ ਤਾਂ ਹਰਿਮੰਦਰ ਸਾਹਿਬ ਵਿਚ ਜ਼ਰੂਰ ਪੜ੍ਹਿਆ ਜਾਂਦਾ।

ਅਕਾਲ ਤਖ਼ਤ ਸਾਹਿਬ 'ਤੇ ਗੁਰੂ-ਆਸ਼ੇ ਦੇ ਅਨੁਕੂਲ ਹਰ ਰਚਨਾ ਪੜ੍ਹਨ ਦੀ ਆਗਿਆ ਹੈ। ਅਕਾਲ ਤਖ਼ਤ ਸਾਹਿਬ 'ਤੇ ਢਾਡੀ, ਕਵੀਸ਼ਰ ਆਦਿ ਆਪਣੀਆਂ ਰਚਨਾਵਾਂ ਗਾਉਂਦੇ ਹਨ। ਇਸੇ ਲਈ ਇਹ ਦੋਹਰਾ ਅਕਾਲ ਤਖ਼ਤ ਸਾਹਿਬ 'ਤੇ ਪੜ੍ਹਿਆ ਜਾਂਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਦੋਹਰੇ ਨੂੰ ਅਰਦਾਸ ਪਿੱਛੋਂ ਪੜ੍ਹਨ ਦੀ ਮਾਨਤਾ ਪ੍ਰਾਪਤ ਹੈ।

ਸਿੱਟਾ ਇਹ ਕਿ ਗੁਰੂ ਜੀ ਨੇ ਅੰਤਿਮ ਉਪਦੇਸ਼ ਦਿੱਤਾ, ਅਰਥਾਤ ਖ਼ਾਲਸੇ ਨੂੰ ਸ੍ਰੀ ਗ੍ਰੰਥ ਸਾਹਿਬ ਦੇ ਲੜ ਲਾਇਆ ਅਤੇ ਸ੍ਰੀ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨਣ ਦਾ ਉਪਦੇਸ਼ ਦਿੱਤਾ। ਇਸੇ ਉਪਦੇਸ਼ ਨੂੰ ਕਵੀ ਜਨਾਂ ਨੇ ਆਪਣੇ ਸ਼ਬਦਾਂ ਵਿਚ ਲਿਖ ਦਿੱਤਾ ਹੈ। ਭਾਈ ਪ੍ਰਹਿਲਾਦ ਸਿੰਘ ਦੇ ਦੋਹਰੇ ਨੂੰ ਹੀ ਥੋੜ੍ਹੇ-ਬਹੁਤੇ ਅੰਤਰ ਨਾਲ ਲਿਖਿਆ ਦਿਖਾਈ ਦਿੰਦਾ ਹੈ। ਗੁਰੂਘਰਾਂ ਜਾਂ ਘਰਾਂ ਵਿਚ ਜੋ ਦੋਹਰਾ ਪੜ੍ਹਿਆ ਜਾਂਦਾ ਹੈ, ਉਹ ਗਿਆਨੀ ਗਿਆਨ ਸਿੰਘ ਵਾਲਾ ਹੀ ਹੈ। 'ਰਾਜ ਕਰੇਗਾ ਖ਼ਾਲਸਾ...' ਵਾਲਾ ਸ਼ੇਅਰ ਭਾਈ ਨੰਦ ਲਾਲ ਦਾ ਹੈ। ਇਸ ਦੋਹਰੇ ਬਾਰੇ ਅਜੇ ਹੋਰ ਖੋਜ ਦੀ ਲੋੜ ਹੈ।

***ਬੇਕਰਜ਼ਫੀਲਡ, ਫੋਨ 661-827-8256***

# ਅਜਮੇਰ ਸਿੰਘ ਦੀਆਂ ਲਿਖਤਾਂ

ਸਿੱਖ ਰਾਜ ਦੀ ਕਾਇਮੀ ਦਾ 'ਨਾ ਵਿਚਾਰ', 'ਨਾ ਚਾਹਨਾ' ਰੱਖਦੀ ਹੈ, ਨੂੰ ਵਾਰ ਵਾਰ ਪੜ੍ਹਿਆ ਤੇ ਪੜ੍ਹਾਇਆ ਜਾਵੇ। ਅਸੀਂ ਇਨ੍ਹਾਂ ਸ਼ਬਦਾਂ ਦੀ ਵਿਆਖਿਆ ਦਾ ਵਿਸ਼ਲੇਸ਼ਣ ਕਰਨ ਵਿਚ ਹੀ ਸ਼ਰਮ ਮਹਿਸੂਸ ਕਰਦੇ ਹਾਂ। ਅਸੀਂ ਤਾਂ ਕੇਵਲ ਓਹੋ ਜਿਹਾ ਹਾਸਾ ਹੀ ਹੱਸ ਸਕਦੇ ਹਾਂ ਜਿਸ ਵਿਚ ਸਾਡੀਆਂ ਸਿਸਕੀਆਂ ਦੀ ਆਵਾਜ਼ ਸੁਣਾਈ ਹੀ ਨਾ ਦੇਵੇ।

ਇਕ ਹੋਰ ਦਰਦਨਾਕ ਹਾਸਾ ਉਨ੍ਹਾਂ ਵਿਦਵਾਨਾਂ ਅਤੇ ਸਿਆਸਤਦਾਨਾਂ ਵਲੋਂ ਕੀਤੀਆਂ ਉਨ੍ਹਾਂ ਟਿੱਪਣੀਆਂ ਨੂੰ ਪੜ੍ਹ ਕੇ ਵੀ ਆਉਂਦਾ ਹੈ ਜਿਹੜੀਆਂ ਟਿੱਪਣੀਆਂ ਸਾਨੂੰ 'ਕਿਸ ਬਿਧੁ ਰੁਲੀ ਪਾਤਿਸ਼ਾਹੀ' ਵਿਚ ਮਿਲਦੀਆਂ ਹਨ ਅਤੇ ਜਿੱਥੇ ਸਾਡੇ ਇਹ ਵਿਦਵਾਨ ਤੇ ਸਿਆਸਤਦਾਨ ਅਤੇ ਇਤਿਹਾਸਕਾਰ ਪਰਖ ਦੀਆਂ ਨਾਜ਼ੁਕ ਘੜੀਆਂ ਵਿਚ ਨਿਸ਼ਚੇ ਹੀ ਤਿੜਕੇ ਤੇ ਥਿੜਕੇ ਹੋਏ ਨਜ਼ਰ ਆਉਂਦੇ ਹਨ। ਅਜਮੇਰ ਸਿੰਘ ਦੀ ਵੱਡੀ ਸਿਫ਼ਤ ਇਹ ਹੈ ਕਿ ਉਹ ਉਨ੍ਹਾਂ ਦੀਆਂ ਪੰਥਕ ਸੇਵਾਵਾਂ ਨੂੰ ਸਤਿਕਾਰ ਨਾਲ ਵੇਖਦਾ ਹੈ ਅਤੇ ਸਾਡੇ ਮਨਾਂ ਵਿਚ ਉਨ੍ਹਾਂ ਦੇ ਬਣੇ ਸਤਿਕਾਰ ਦੀ ਭਾਵਨਾ ਨੂੰ ਜ਼ਖ਼ਮੀ ਨਹੀਂ ਕਰਦਾ। ਪਰ ਜਿਸ ਜੁਗਤ ਨਾਲ ਅਤੇ ਜਿਸ ਢੁਕਵੀਂ ਥਾਂ 'ਤੇ ਅਤੇ ਜਿਸ ਤਰਤੀਬ ਤੇ ਅੰਦਾਜ਼ ਨਾਲ ਉਹ ਇਨ੍ਹਾਂ ਵਿਦਵਾਨਾਂ ਦੀਆਂ ਟਿੱਪਣੀਆਂ ਨੂੰ ਪੇਸ਼ ਕਰਦਾ ਹੈ, ਉਸ ਨਾਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਮਝੌਤੇ ਦੀ ਮੇਜ਼ 'ਤੇ ਬੈਠਣ ਲੱਗਿਆਂ ਸਾਵਧਾਨ ਤੇ ਚੌਕਸ ਜ਼ਰੂਰ ਰਹਿਣਗੀਆਂ। ਅਜਮੇਰ ਸਿੰਘ ਦਾ ਲੁਕਿਆ ਉਦੇਸ਼ ਇਹੋ ਹੀ ਹੈ ਨਾ ਕਿ ਉਨ੍ਹਾਂ ਵੱਡੀਆਂ ਹਸਤੀਆਂ ਨੂੰ ਭੰਡਣਾ ਜਿਨ੍ਹਾਂ ਦੀਆਂ ਇਹੋ ਜਿਹੀਆਂ ਕਮਜ਼ੋਰੀਆਂ ਨੂੰ ਇਕ ਪੱਧਰ ਉਤੇ ਅਣਡਿੱਠ ਤਾਂ ਕੀਤਾ ਜਾਣਾ ਚਾਹੀਦਾ ਹੈ ਪਰ ਨਾਲ ਹੀ ਸਿੱਖ ਲੀਡਰਸ਼ਿਪ ਦੀ ਜ਼ਿੰਦਗੀ ਦੀ ਅਗਲੇ ਪੜਾਵਾਂ ਵਿਚ ਇਹੋ ਜਿਹੇ 'ਬੇਦਾਵਿਆਂ' ਦਾ ਦੁਹਰਾਓ ਵੀ ਨਹੀਂ ਹੋਣਾ ਚਾਹੀਦਾ। ਅਜਮੇਰ ਸਿੰਘ ਇਨ੍ਹਾਂ ਪੁਸਤਕਾਂ ਰਾਹੀਂ ਇਹੋ ਸੰਦੇਸ਼ ਦੇਣਾ ਚਾਹੁੰਦਾ ਹੈ ਕਿ ਮਹਾਨ ਆਗੂ ਉਹ ਹੁੰਦੇ ਹਨ ਜੋ ਮੁਸ਼ਕਿਲਾਂ ਸਮੇਂ ਆਪਣੀ ਕੌਮ ਦੀਆਂ ਮਨੋਵਿਗਿਆਨਕ ਇਛਾਵਾਂ ਤੇ ਰੀਝਾਂ ਨੂੰ ਸਮਝਦੇ ਹੋਏ ਹੀ ਟਿੱਪਣੀ ਕਰਨ ਨਾ ਕਿ ਆਪਣੇ ਆਪ ਨੂੰ 'ਆਪਣੀਆਂ' ਇਛਾਵਾਂ ਤੇ ਸੀਮਾਵਾਂ ਦੀਆਂ ਬਿਰਤੀਆਂ ਅੱਗੇ ਹੀ ਹਥਿਆਰ ਸੁੱਟ ਦੇਣ।

ਕੀ ਅਜਮੇਰ ਸਿੰਘ ਦੀਆਂ ਲਿਖਤਾਂ ਵਿਚ ਸ਼ਬਦਾਂ ਦੀ ਕੋਈ ਜਾਦੂਗਰੀ ਹੈ ਜਿਸ ਨਾਲ ਉਹ ਪਾਠਕਾਂ ਨਾਲ ਆਪਣਾ ਰਿਸ਼ਤਾ ਭਾਵਕ ਰੂਪ ਵਿਚ ਪੱਕਾ ਬਣਾਉਣਾ ਵਿਚ ਸਫ਼ਲ ਹੋ ਜਾਂਦਾ ਹੈ? ਅਜਿਹੀ ਟਿੱਪਣੀ ਉਸ ਨਾਲ ਬੇਇਨਸਾਫ਼ੀ ਹੋਵੇਗੀ। ਅਜਮੇਰ ਸਿੰਘ ਦੀਆਂ ਲਿਖਤਾਂ ਵਿਚ ਸਮਕਾਲੀ ਹਾਲਤਾਂ ਦਾ ਵਿਸ਼ਲੇਸ਼ਣ ਮਨੋਵਿਗਿਆਨਕ ਅਤੇ ਸਾਹਿਤਕ ਖੂਬੀਆਂ ਨਾਲ ਭਰਪੂਰ ਹੈ। ਉਹ ਰਾਜਸੀ ਉਥਲ-ਪੁਥਲ ਦੇ ਵੱਖ ਵੱਖ ਦੌਰਾਂ ਵਿਚ ਵਿਚਰ ਰਹੇ ਰਾਜਨੀਤਕ ਤੇ ਧਾਰਮਿਕ ਪਾਤਰਾਂ ਦੇ ਸੁਭਾਅ, ਘਟਨਾਵਾਂ ਤੇ ਹਾਲਤਾਂ ਬਾਰੇ ਉਨ੍ਹਾਂ ਦੀ ਸਮਝ ਤੇ ਸੋਧ ਦਾ ਪੱਧਰ, ਉਨ੍ਹਾਂ ਦੀਆਂ ਥਿੜਕਣਾਂ, ਪ੍ਰਾਪਤੀਆਂ, ਕੁਰਬਾਨੀਆਂ ਤੇ ਕਮਜ਼ੋਰੀਆਂ ਦਾ ਜਦੋਂ ਬਾਖੂਬੀ ਵਿਸ਼ਲੇਸ਼ਣ ਕਰਦਾ ਹੈ ਤਾਂ ਕਈ ਵਾਰ ਗੁੰਦੇ ਹੋਏ ਸ਼ਬਦਾਂ ਦੀ ਢੁਕਵੀਂ ਚੋਣ ਅਤੇ ਤਰਤੀਬ ਵਿਚ ਰੰਗੀ ਵਾਰਤਕ ਕਵਿਤਾ ਦੇ ਨੇੜੇ ਪਹੁੰਚ ਜਾਂਦੀ ਹੈ। ਵੇਖਣ ਵਾਲੀ ਗੱਲ ਇਹ ਹੈ ਕਿ ਇਹੋ ਜਿਹੀ ਵਾਰਤਕ ਵਿਚ ਜਜ਼ਬੇ ਤੇ ਤਰਕ ਦਾ ਮਿਲਾਪ ਕਰਦਿਆਂ ਉਹ ਤਰਕ ਦੀ ਪ੍ਰਧਾਨ ਸੁਰ ਦਾ ਪੱਲਾ ਖਿਸਕਣ ਨਹੀਂ ਦਿੰਦਾ। ਇਸ ਲਈ ਸ਼ਬਦਾਂ ਦੀ ਚੋਣ ਜਾਲ ਨਹੀਂ ਹੁੰਦੀ ਸਗੋਂ ਇਸ ਨੂੰ ਹਕੀਕੀ ਜਾਦੂਗਰੀ ਹੀ ਕਹਿ ਸਕਦੇ ਹਾਂ।

ਅਜਮੇਰ ਸਿੰਘ ਨੇ ਸਿੱਖਾਂ ਦੇ ਧੁਰ ਅੰਦਰ ਕਦੇ ਸੁਚੇਤ ਤੇ ਕਦੇ ਅਚੇਤ ਮਨ ਵਿਚ ਜਗਦੀ, ਕਦੇ ਬੁਝਦੀ ਤੇ ਕਦੇ ਧੁਖਦੀ ਰਾਜਸੀ ਤੜਪ ਬਾਰੇ, ਦਰਬਾਰ ਸਾਹਿਬ ਦੇ ਨਿਆਰੇਪਨ ਬਾਰੇ, ਜੁਝਾਰੂ ਲਹਿਰ ਬਾਰੇ ਅਤੇ ਨਵੰਬਰ 1984 ਵਿਚ ਸਿੱਖ ਨਸਲਕੁਸ਼ੀ ਬਾਰੇ ਜੋ ਕੁਝ ਕਿਹਾ ਹੈ ਅਤੇ ਜਿਵੇਂ ਰਸਕ ਨਜ਼ਰੀਏ ਵਿਚ ਕਿਹਾ ਹੈ ਉਹ ਮਕਾਮ ਪਹਿਲਾਂ ਕਿਸੇ ਵਿਦਵਾਨ ਨੇ ਹਾਸਿਲ ਨਹੀਂ ਕੀਤਾ। ਉਸ ਦੀਆਂ ਲਿਖਤਾਂ ਵਿਚ ਇਹ ਅਣ-ਐਲਾਨਿਆ ਸੰਦੇਸ਼ ਹੈ ਕਿ ਦਿੱਲੀ ਦੇ ਹਾਕਮਾਂ ਦੀਆਂ ਨੀਤੀਆਂ ਅਤੇ ਖ਼ਾਲਸਾ ਪੰਥ ਦੀਆਂ ਕਦਰਾਂ ਕੀਮਤਾਂ ਵਿਚਕਾਰ ਟਕਰਾਓ ਸਦੀਵੀ ਹੈ ਅਤੇ ਇਹ ਸਦੀਵੀ ਰਹੇਗਾ। ਜੇ ਇਨ੍ਹਾਂ ਲਿਖਤਾਂ ਨੂੰ ਧੜਕਣਾਂ ਰਾਹੀਂ ਪੜ੍ਹਿਆ ਜਾਵੇ ਤਾਂ ਦਿੱਲੀ ਦੀਆਂ ਨੀਤੀਆਂ ਵਿਚ ਤਬਦੀਲੀਆਂ ਕਰਨ ਦਾ ਇਕਰਾਰ ਵੀ ਅਜਮੇਰ ਸਿੰਘ ਨੂੰ ਪ੍ਰਵਾਨ ਨਹੀਂ ਹੋਣ ਲੱਗਾ ਕਿਉਂਕਿ ਉਸ ਨੇ ਜਾਣ ਲਿਆ ਹੈ ਕਿ ਦਿੱਲੀ ਦੇ ਹਾਕਮਾਂ ਦੀ ਹਰੇਕ ਧਿਰ ਨੇ ਸਿੱਖਾਂ ਦੇ ਦਿਲ ਦੁਖਾਉਣ ਵਿਚ ਕੋਈ ਕਸਰ ਨਹੀਂ ਛੱਡੀ ਅਤੇ ਭਵਿੱਖ ਵਿਚ ਉਹ ਏਸੇ ਰਾਹ 'ਤੇ ਚਲਣਗੇ। ਉਨ੍ਹਾਂ ਨੇ ਇਲਾਹੀ ਸਾਦਗੀ ਵਿਚ ਜੀ ਰਹੀ ਇਕ ਮਹਾਨ ਕੌਮ ਦੀ ਝੋਲੀ ਵਿਚ ਦੁੱਖ ਤੇ ਮਾਯੂਸੀਆਂ ਹੀ ਪਾਈਆਂ ਹਨ।

ਅਜਮੇਰ ਸਿੰਘ ਨੂੰ ਰੱਬ ਵਰਗਾ ਭਰੋਸਾ ਹੈ ਕਿ ਸਿੱਖ ਕੌਮ ਦੀ ਰਾਜਸੀ ਤੜਪ ਕਦੇ ਵੀ ਨਹੀਂ ਮਰਨੀ। ਗੁਰੂ ਗ੍ਰੰਥ ਸਾਹਿਬ ਤੇ ਸਿੱਖ ਇਤਿਹਾਸ ਨੇ ਅਤੇ ਖ਼ਾਸ ਕਰਕੇ ਹਾਲ ਵਿਚ ਹੀ ਚਲੀ ਜੁਝਾਰੂ ਲਹਿਰ ਨੇ ਇਸ ਤੜਪ ਨੂੰ ਜਾਗਦੀ ਰੱਖਣ ਲਈ ਸਿੱਖ ਕੌਮ ਦਾ ਹਰ ਸਮੇਂ ਪਿੱਛਾ ਕਰਦੇ ਰਹਿਣਾ ਹੈ। ਦਰਬਾਰ ਸਾਹਿਬ ਦੇ ਨਿਆਰੇਪਨ ਦੀ ਰਾਜਨੀਤਕ ਰੂਹਾਨੀਅਤ ਵੀ ਸਿੱਖ ਕੌਮ ਅੰਦਰ ਜਿਊਂਦੀ ਜਾਗਦੀ ਰਹਿਣੀ ਹੈ ਅਤੇ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਦੇ ਆਉਣ-ਜਾਣ ਦੀ ਮਹਾਨ ਰਵਾਇਤ ਦਾ ਸਿਲਸਿਲਾ ਵੀ ਮੁਕਣ ਵਿਚ ਨਹੀਂ ਆਉਣਾ। ਇਸ ਤੋਂ ਇਲਾਵਾ ਸੰਤ ਜਰਨੈਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਦਰਬਾਰ ਸਾਹਿਬ ਦੀ ਰਾਖੀ ਲਈ ਦਿੱਤੀ ਸ਼ਹਾਦਤ ਵੀ ਸੈਂਕੜੇ ਤੂਫਾਨ ਆਪਣੀ ਗੋਦ ਵਿਚ ਰੱਖਦੀ ਹੈ ਅਤੇ ਜੁਝਾਰੂ ਲਹਿਰ ਵੀ ਇਤਿਹਾਸ ਦਾ ਸ਼ਾਨਦਾਰ ਕਾਂਡ ਬਣਿਆ ਰਹੇਗਾ। ਸਮੇਂ ਦੇ ਹਾਕਮਾਂ ਨੇ ਸਾਡੇ ਦਰਦ ਨੂੰ ਭਾਵੇਂ ਫਿਲਹਾਲ ਬੇਪਛਾਣ ਕਰ ਦਿੱਤਾ ਹੈ ਪਰ ਸਿੱਖ ਕੌਮ ਦਾ ਇਨ੍ਹਾਂ ਵਰਤਾਰਿਆਂ ਬਾਰੇ ਸਦੀਵੀ ਪਿਆਰ ਮਰਿਆ ਨਹੀਂ ਹੈ ਸਿਰਫ਼ ਰੂਪੋਸ਼ (ਅੰਡਰਗਰਾਊਂਡ) ਹੋ ਕੇ ਵਿਚਰ ਰਿਹਾ ਹੈ ਅਤੇ ਕਿਸੇ ਵੀ ਸਮੇਂ ਸਿਧਾਂਤ ਰੂਪ ਵਿਚ ਪਹਿਲਾਂ ਤੋਂ ਵੀ ਕਿਸੇ ਉਚੇ ਸੁੱਚੇ ਮੌਲਿਕ ਰੰਗ ਵਿਚ ਆਪਣਾ ਜਾਹੋਜਲਾਲ ਪ੍ਰਗਟ ਕਰਨ ਦੇ ਸਮਰੱਥ ਹੈ। ਅਚੇਤ ਦੀ ਦੁਨੀਆਂ ਦੇ ਮਹਾਨ ਮਨੋਵਿਗਿਆਨਕ ਵਲੀ ਜੁੰਗ ਦੇ ਮੁਹਾਵਰੇ ਵਿਚ ਇਹੋ ਜਿਹੇ ਵਰਤਾਰੇ ਅਚੇਤ ਦੇ ਮੰਡਲਾਂ ਵਿਚ ਪ੍ਰਵੇਸ਼ ਕਰ ਜਾਂਦੇ ਹਨ ਅਤੇ ਕਦੇ ਕਦੇ ਖ਼ਤਰਨਾਕ ਵੀ ਹੋ ਜਾਂਦੇ ਹਨ। ਜੇ ਭਲਾ ਅੱਜ ਕਿਸੇ ਕੋਲ ਇਨ੍ਹਾਂ ਵਰਤਾਰਿਆਂ ਨੂੰ ਵੇਖਣ ਵਾਲੀ ਅੱਖ ਨਹੀਂ ਤਾਂ ਕੋਈ ਉਨ੍ਹਾਂ ਨੂੰ ਕੀ ਆਖੇ? ਇਹੋ ਹੀ ਆਖਣਾ ਬਣਦਾ ਹੈ ਕਿ ਉਨ੍ਹਾਂ ਦੀਆਂ ਨਜ਼ਰਾਂ ਉਤੇ ਪਹਿਰੇ-ਦਰ-ਪਹਿਰੇ ਲੱਗੇ ਹੋਏ ਹਨ। ਉਨ੍ਹਾਂ ਦੀਆਂ ਨਜ਼ਰਾਂ ਉਤੇ ਲੱਗੀਆਂ ਪਾਬੰਦੀਆਂ ਹਟਾਉਣ ਲਈ ਸਾਡੇ ਕੋਲ ਇਸ ਸਮੇਂ ਅਰਦਾਸ ਹੀ ਰਹਿ ਗਈ ਹੈ।

***ਫੋਨ:91-99150-91063***

### ਬਾਦਸ਼ਾਹ ਦਰਵੇਸ਼

ਦੇਵੀ, ਦੇਵਤੇ, ਵਲੀ, ਸਿੱਧ, ਜਤੀ-ਜੋਗੀਆਂ,
ਸੁਣੀ, ਮਜ਼ਲੂਮਾਂ ਦੀ ਕਿਸੇ ਪੁਕਾਰ ਤੇ ਨਹੀਂ।
ਪਾਪ, ਜ਼ੁਲਮ ਦੀ ਭੱਠੀ ਵਿਚ ਸੜਦਿਆਂ ਦੀ,
ਗੋਬਿੰਦ ਬਾਝੋਂ ਲਈ ਕਿਸੇ ਨੇ ਸਾਰ ਤੇ ਨਹੀਂ।
ਸਜਾਇਆ ਖਾਲਸਾ ਜ਼ੁਲਮ ਦੇ ਟਾਕਰੇ ਲਈ,
ਛਕਾਈ 'ਪਹੁਲ' ਨਿਰੀ ਖੰਡੇ ਧਾਰ ਤੇ ਨਹੀਂ।
ਸਰਬੰਸ ਵਾਰ, ਖੁਦ, ਮਰਨ ਦੀ ਜਾਚ ਦੱਸੀ,
ਰਿਹਾ ਸ਼ਹੀਦੀਆਂ ਦਾ ਪਾਰਾਵਾਰ ਤੇ ਨਹੀਂ।
ਜਾ ਕੇ ਪੁੱਛ ਲਓ, ਸਰਹਿੰਦ ਦੀ ਕੰਧ ਕੋਲੋ,
ਸੋਹਲ ਜਿੰਦਾਂ ਨੇ ਮੰਨੀ ਕੋਈ ਹਾਰ ਤੇ ਨਹੀਂ।
ਯੋਧੇ ਪੁੱਤਰ, ਮਾਵਾਂ ਬੇ-ਸ਼ੱਕ ਜੰਮਦੀਆਂ ਨੇ,
ਮੁੜ ਕੇ ਜੰਮਣੇ 'ਅਜੀਤ, ਜੁਝਾਰ' ਤੇ ਨਹੀਂ।
ਸਾਕਾ ਤੱਤੀ ਤਵੀ, ਤਲਵਾਰ ਦਾ ਅਜੇ ਤਾਜ਼ਾ,
ਖੰਜ਼ਰ ਵਾਰ ਕੀਤਾ ਪਹਿਲੀ ਵਾਰ ਤੇ ਨਹੀਂ।
ਸਿਰ ਦੇ ਕੇ ਅਸੀਂ ਅੰਮ੍ਰਿਤ ਦੀ ਦਾਤ ਪਾਈ,
ਗੋਬਿੰਦ ਭੇਟੇਗਾ ਕੀ, ਮੁਖੋਂ ਉਚਾਰ ਤੇ ਸਹੀ।
ਘਰ-ਬਾਰ, ਜਿੰਦ ਆਪਣੀ, ਪਰਵਾਰ ਸਾਰਾ,
ਗੋਬਿੰਦ ਵਾਰੇਗਾ ਰਖਦਾ ਉਧਾਰ ਤੇ ਨਹੀਂ।
ਚੇਲੇ ਗੁਰੂ ਹੋ ਗਏ, ਗੁਰੂ ਬਣ ਗਿਆ ਚੇਲਾ,
ਅਜਿਹਾ ਵੇਖਣਾ ਕਿਤੇ ਦਿਲਦਾਰ ਤੇ ਨਹੀਂ।
ਦਿਤਾ ਤੇਜ਼, ਪਰਤਾਪ ਨਾਲੇ ਰੂਪ ਆਪਣਾ,
ਕੀਤਾ ਕਿਸੇ ਵੀ ਗੱਲੋਂ ਇਨਕਾਰ ਤੇ ਨਹੀਂ।
ਮਾਤਾ ਪੁਛਿਆ ਸੀ ਦਿਸਦੇ ਨੀਂ ਲਾਲ ਮੇਰੇ,
ਭੁੱਲ ਕੇ ਆਏ ਓ ਕਿਤੇ ਵਿਸਾਰ ਤੇ ਨਹੀਂ।
ਟੁਕੜੇ ਜ਼ਿਗਰ ਦੇ ਕੌਮ ਤੋਂ ਵਾਰ ਅਇਆਂ,
ਆਹ ਵੀ ਤੇਰੇ ਨੇ ਕੱਲੇ ਉਹ ਚਾਰ ਤੇ ਨਹੀਂ।
ਕੱਲਾ ਨੰਗੇ ਪੈਰੀਂ ਜੰਗਲ ਬੇਲੇ ਫਿਰੇ ਗਾਹੁੰਦਾ,
ਯਾਰ ਯਾਰਾਂ ਦਾ, ਯਾਰੋਂ ਬੇ-ਯਾਰ ਤੇ ਨਹੀਂ।
ਮੌਤ ਪੁੱਤਰਾਂ ਦੀ 'ਤੇ ਗਾਵੇ ਸੱਥਰ ਯਾਰੜੇ ਦਾ,
ਕੀਤਾ ਗਿਲਾ-ਸ਼ਿਕਵਾ ਇਕ ਵਾਰ ਤੇ ਨਹੀਂ।
ਹੋਇਆ ਸੁਰਖਰੂ ਹਾਂ ਅਮਾਨਤ ਸੌਂਪ ਤੇਰੀ,
ਐਸਾ ਹੋਣਾ ਕੋਈ ਸ਼ੁਕਰ ਗੁਜ਼ਾਰ ਤੇ ਨਹੀਂ।
ਹਨੇਰਾ ਜ਼ੁਲਮ ਦਾ ਉਡ ਗਿਆ ਖੰਭ ਲਾ ਕੇ,
ਚਮਕੀ ਗੋਬਿੰਦ ਦੇ ਖੰਡੇ ਦੀ ਧਾਰ ਤੇ ਨਹੀਂ।
ਗੁਰੂ, ਪਤੀ, ਪਿਤਾ, ਪੁੱਤਰ, ਜਰਨੈਲ ਯੋਧਾ,
ਪੈਦਾ ਹੋਣਾ ਸ਼ਾਇਦ ਕਿਤੇ ਸੰਸਾਰ 'ਤੇ ਨਹੀਂ।
ਸੰਗਲ ਗੁਲਾਮੀ ਦੇ ਤੋੜੇ ਸੱਚੇ ਪਾਤਸ਼ਾਹ ਨੇ,
ਬਾਂਹ ਪਕੜ ਕੇ ਛੱਡਿਆ ਮੰਝਧਾਰ ਤੇ ਨਹੀਂ।
ਵੇਖੋ, ਲਾ ਕੇ ਢਾਸਣਾ ਤੇਗ਼ ਦਾ ਏ ਕੌਣ ਸੁੱਤਾ,
ਬਾਦਸ਼ਾਹ, ਦਰਵੇਸ਼ ਕਲਗੀ ਧਾਰ ਤੇ ਨਹੀਂ।
ਅਸੀਂ ਮੁੰਤਜ਼ਰ ਹਾਂ ਤੇਰੀਆਂ ਰਹਿਮਤਾਂ ਦੇ,
ਬਿਨਾ ਨਜ਼ਰ ਦੇ ਚੰਨ ਦਾ ਉਧਾਰ ਤੇ ਨਹੀਂ।

***-ਚੰਨ, ਫੋਨ:908-788-8427***

# ਤ੍ਰਾਸਦੀ... ਮਾਈ ਫੁਟ!

**ਹਿੰਦੀ ਕਹਾਣੀ**

**ਰਮੇਸ਼ ਉਪਾਧਿਆਏ**

***1984 ਦੇ ਮਾਇਨੇ ਭਾਰਤਵਾਸੀਆਂ ਲਈ ਉਕਾ ਹੀ ਹੋਰ ਹਨ। ਜੂਨ ਚੁਰਾਸੀ ਜੇ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਹਮਲੇ ਅਤੇ ਨਵੰਬਰ ਚੁਰਾਸੀ ਸਿੱਖਾਂ ਦੇ ਕਤਲੇਆਮ ਦਾ ਗਵਾਹ ਹੈ ਤਾਂ ਦਸੰਬਰ ਚੁਰਾਸੀ ਭੋਪਾਲ ਵਿਚ ਜ਼ਹਿਰੀਲੀ ਗੈਸ ਰਿਸਣ ਕਰਕੇ ਗਈਆਂ ਹਜ਼ਾਰਾਂ ਜਾਨਾਂ ਦੇ ਹੱਤਿਆਕਾਂਡ ਦਾ ਗਵਾਹ ਹੈ। ਹਿੰਦੀ ਕਹਾਣੀਕਾਰ ਰਮੇਸ਼ ਉਪਾਧਿਆਏ ਦੀ ਕਹਾਣੀ 'ਤ੍ਰਾਸਦੀ...ਮਾਈ ਫੁਟ!' ਦਾ ਸੱਚ ਭੋਪਾਲ ਕਾਂਡ ਨੂੰ ਮਾਨਵੀ ਕੋਤਾਹੀ ਵਜੋਂ ਨਹੀਂ ਸਗੋਂ ਹੱਤਿਆਕਾਂਡ ਵਜੋਂ ਪੇਸ਼ ਕਰਦਾ ਹੈ। ਇਸ ਕਹਾਣੀ ਨਾਲ ਜ਼ਖ਼ਮ ਫਿਰ ਹਰੇ ਹੋਏ ਹਨ। ਇਸ ਦਾ ਸਿੱਧਾ ਸਬੰਧ ਰਾਜ ਅਤੇ ਪ੍ਰਸ਼ਾਸਨ ਨਾਲ ਜੁੜਿਆ ਹੋਇਆ ਹੈ। ਲੇਖਕ ਨੇ ਪਿਆਜ਼ ਦੇ ਛਿਲਕਿਆਂ ਵਾਂਗ ਸਾਰੇ ਤੱਥ ਵਾਰੀ ਵਾਰੀ ਖੋਲ੍ਹ ਦਿੱਤੇ ਹਨ। ਜਿਵੇਂ ਭੁਪਾਲ ਦੇ ਕਤਲੇਆਮ ਨੂੰ ਭੁਪਾਲ ਗੈਸ ਤਰਾਸਦੀ ਦਾ ਨਾਂ ਦਿੱਤਾ ਗਿਆ, ਇਵੇਂ ਹੀ ਨਵੰਬਰ 84 ਦੇ ਸਿੱਖ ਕਤਲੇਆਮ ਨੂੰ 'ਚੁਰਾਸੀ ਦੇ ਦੰਗੇ' ਕਿਹਾ ਗਿਆ ਹੈ। ਕਾਸ਼! ਨਵੰਬਰ ਚੁਰਾਸੀ ਬਾਰੇ ਵੀ ਕੋਈ ਅਜਿਹੀ ਕਥਾ ਕਰੇ ਜਿਹੜੀ ਪਾਠਕ ਨੂੰ ਸਿਰਫ਼ ਭਾਵੁਕ ਹੀ ਨਾ ਕਰੇ ਸਗੋਂ ਤੱਥਾਂ ਦੀ ਤਾਰ ਵੀ ਹਿਲਾਵੇ।***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਨੂਰ ਕਹਿ ਰਹੇ ਸਨ, "ਤੁਸੀਂ ਜਾਣਦੇ ਹੋ ਕਿ ਉਹ ਗੈਸ ਪੂਰੇ ਸ਼ਹਿਰ ਵਿਚ ਨਹੀਂ, ਕਾਰਖ਼ਾਨੇ ਦੇ ਆਸ-ਪਾਸ ਦੇ ਇਲਾਕਿਆਂ ਵਿਚ ਹੀ ਕਿਉਂ ਫੈਲੀ? ਇਸ ਲਈ ਕਿ ਮਿਕ ਜੇਕਰ ਖੁੱਲ੍ਹੀ ਛੱਡ ਦਿੱਤੀ ਜਾਵੇ ਤਾਂ ਫੈਲ ਤਾਂ ਜਾਂਦੀ ਹੈ ਪਰ ਉਹ ਹਵਾ ਨਾਲੋਂ ਜ਼ਿਆਦਾ ਸੰਘਣੀ ਹੋਣ ਕਰ ਕੇ ਉਪਰ ਉਡ ਕੇ ਹਵਾ ਵਿਚ ਘੁਲ ਨਹੀਂ ਸਕਦੀ। ਇਸ ਕਰਕੇ ਉਹ ਉਡ ਕੇ ਦੂਰ ਤਕ ਵੀ ਨਹੀਂ ਜਾ ਸਕਦੀ। ਤੁਰੰਤ ਹੇਠਾਂ ਬੈਠ ਜਾਂਦੀ ਹੈ ਅਤੇ ਪਾਣੀ ਵਾਲੀਆਂ ਚੀਜ਼ਾਂ ਨੂੰ ਸਾੜ ਦਿੰਦੀ ਹੈ। ਅੱਖਾਂ ਅਤੇ ਫੇਫੜਿਆਂ 'ਤੇ ਬਹੁਤ ਛੇਤੀ ਅਤੇ ਘਾਤਕ ਅਸਰ ਕਰਦੀ ਹੈ। ਇਹੋ ਵਜ੍ਹਾ ਸੀ ਕਿ ਗੈਸ ਦੇ ਕਾਰਖ਼ਾਨੇ ਨੇ ਆਸ-ਪਾਸ ਦੀ ਆਬਾਦੀ ਵਿਚ ਏਨੀ ਤਬਾਹੀ ਮਚਾਈ। ਹਜ਼ਾਰਾਂ ਲੋਕ ਮਰ ਗਏ, ਹਜ਼ਾਰਾਂ ਅੰਨ੍ਹੇ ਹੋ ਗਏ, ਹਜ਼ਾਰਾਂ ਦੇ ਫੇਫੜੇ ਹਮੇਸ਼ਾ ਲਈ ਖ਼ਰਾਬ ਹੋ ਗਏ।"

ਉਨ੍ਹਾਂ ਦੀ ਗੱਲ ਸ਼ਾਇਦ ਅਜੇ ਪੂਰੀ ਨਹੀਂ ਸੀ ਹੋਈ, ਇਸ ਲਈ ਮੈਂ ਚੁੱਪ ਰਿਹਾ। ਨੂਰ ਫਿਰ ਕਹਿਣ ਲੱਗੇ, "ਮੈਂ ਕਹਿ ਰਿਹਾਂ ਸਾਂ ਕਿ ਜਦੋਂ ਯੂਨੀਅਨ ਕਾਰਬਾਈਡ ਨੇ ਆਪਣਾ ਕਾਰਖ਼ਾਨਾ ਲਾਉਣ ਲਈ ਸੰਘਣੀ ਆਬਾਦੀ ਵਾਲੀ ਜਗ੍ਹਾ ਚੁਣੀ ਤਾਂ ਕੁਝ ਸਮਝਦਾਰ ਅਤੇ ਜ਼ਿੰਮੇਵਾਰ ਅਧਿਕਾਰੀਆਂ ਨੇ ਇਸ ਦਾ ਵਿਰੋਧ ਕੀਤਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਕਾਰਖ਼ਾਨਾ ਸ਼ਹਿਰ ਦੇ ਬਾਹਰ ਲਾਉਣਾ ਚਾਹੀਦਾ ਹੈ ਪਰ ਯੂਨੀਅਨ ਕਾਰਬਾਈਡ ਨੇ ਇਹ ਗੱਲ ਨਾ ਮੰਨੀ। ਆਖਿਆ ਕਿ ਸ਼ਹਿਰ ਤੋਂ ਬਾਹਰ ਕਾਰਖ਼ਾਨਾ ਲਾਉਣਾ ਉਨ੍ਹਾਂ ਲਈ ਬਹੁਤ ਮਹਿੰਗਾ ਪਵੇਗਾ। ਕੰਪਨੀ ਨੂੰ ਆਪਣਾ ਖ਼ਰਚ ਬਚਾਉਣ ਦਾ ਫ਼ਿਕਰ ਸੀ, ਲੋਕਾਂ ਦੀ ਸੁਰੱਖਿਆ ਦਾ ਨਹੀਂ ਸੀ। ਇਸ ਤਰ੍ਹਾਂ ਜੇਕਰ ਤੁਸੀਂ ਚੁਰਾਸੀ ਦੇ ਦਸੰਬਰ ਦੀ ਉਸ ਰਾਤ ਏਥੇ ਜੋ ਕੁਝ ਹੋਇਆ, ਉਹਨੂੰ ਕੋਈ ਹਾਦਸਾ ਕਹਿੰਦੇ ਹੋ ਤਾਂ ਇਸ ਹਾਦਸੇ ਦੀ ਸੰਭਾਵਨਾ ਜਾਂ ਸ਼ੱਕ ਸ਼ੁਰੂ ਤੋਂ ਹੀ ਸੀ। ਭਾਵ ਇਕ ਵਿਦੇਸ਼ੀ ਕੰਪਨੀ ਅਤੇ ਦੇਸੀ ਸਰਕਾਰ ਹੈ। ਦੋਵਾਂ ਨੂੰ ਪਤਾ ਸੀ ਕਿ ਇਹ ਹਾਦਸਾ ਕਦੇ ਵੀ ਹੋ ਸਕਦਾ ਹੈ। ਫਿਰ ਵੀ ਕੰਪਨੀ ਨੇ ਉਸੇ ਜਗ੍ਹਾ ਕਾਰਖ਼ਾਨਾ ਲਾਇਆ ਅਤੇ ਸਰਕਾਰ ਨੇ ਲਾਉਣ ਦਿੱਤਾ। ਇਸ ਨੂੰ ਤੁਸੀਂ ਕੀ ਕਹੋਂਗੇ? ਕੀ ਇਹ ਜਾਣ-ਬੁੱਝ ਕੇ ਹਾਦਸੇ ਨੂੰ ਦਾਅਵਤ ਦੇਣਾ ਨਹੀਂ? ਜਾਂ ਕੰਪਨੀ ਦਾ ਖ਼ਰਚ ਬਚਾਉਣ ਲਈ ਜਾਣ-ਬੁੱਝ ਕੇ ਲੋਕਾਂ ਨੂੰ ਮੌਤ ਦੇ ਮੂੰਹ ਵਿਚ ਧੱਕਣਾ ਨਹੀਂ?"

ਵਿਜੇ ਨੇ ਜਿਵੇਂ ਕੰਪਨੀ ਅਤੇ ਸਰਕਾਰ ਦੋਵਾਂ ਦਾ ਬਚਾਅ ਕਰਦਿਆਂ ਆਖਿਆ, "ਮੁਆਫ਼ ਕਰਨਾ ਸਰ, ਤੁਹਾਡੀਆਂ ਗੱਲਾਂ ਤੋਂ ਤਾਂ ਇੰਜ ਲੱਗਦਾ ਹੈ ਕਿ ਜਿਵੇਂ ਇਹ ਲੋਕਾਂ ਨੂੰ ਜਾਣ-ਬੁੱਝ ਕੇ ਮਾਰਨ ਦੀ ਸਾਜ਼ਿਸ਼ ਸੀ। ਕੀ ਕੋਈ ਵਿਦੇਸ਼ੀ ਕੰਪਨੀ ਕਿਸੇ ਦੂਸਰੇ ਦੇਸ਼ ਵਿਚ ਜਾ ਕੇ ਅਜਿਹੀ ਸਾਜ਼ਿਸ਼ ਕਰ ਸਕਦੀ ਹੈ? ਅਤੇ ਕੀ ਉਸ ਦੇਸ਼ ਦੀ ਸਰਕਾਰ ਜਾਣਦਿਆਂ ਹੋਇਆਂ ਆਪਣੇ ਲੋਕਾਂ ਖ਼ਿਲਾਫ਼ ਅਜਿਹੀ ਸਾਜ਼ਿਸ਼ ਕਰਨ ਦੇ ਸਕਦੀ ਹੈ? ਜਿਥੋਂ ਤਕ ਖ਼ਰਚ ਬਚਾਉਣ ਵਾਲੀ ਗੱਲ ਹੈ ਤਾਂ ਉਹ ਹਰ ਉਦਯੋਗ-ਵਪਾਰ ਦਾ ਨਿਯਮ ਹੈ। ਕੰਪਨੀ ਦਾ ਮਕਸਦ ਹੀ ਹੁੰਦਾ ਹੈ; ਘੱਟ ਤੋਂ ਘੱਟ ਲਾਗਤ ਵਿਚ ਜ਼ਿਆਦਾ ਤੋਂ ਜ਼ਿਆਦਾ ਮੁਨਾਫ਼ਾ ਕਮਾਉਣਾ। ਇਸ ਵਿਚ ਸਾਜ਼ਿਸ਼ ਵਾਲੀ ਕਿਹੜੀ ਗੱਲ ਹੈ?"

ਮੈਂ ਹੁਣ ਤਕ ਚੁੱਪ ਸਾਂ ਪਰ ਵਿਜੇ ਦੀ ਗੱਲ ਸੁਣ ਕੇ ਮੈਨੂੰ ਬੋਲਣਾ ਪਿਆ, "ਕੰਪਨੀ ਦੇ ਦ੍ਰਿਸ਼ਟੀਕੋਣ ਤੋਂ ਵੇਖੀਏ ਤਾਂ ਤੁਹਾਡੀ ਗੱਲ ਠੀਕ ਹੈ ਵਿਜੇ ਜੀ! ਯੂਨੀਅਨ ਕਾਰਬਾਈਡ ਨੇ ਆਪਣਾ ਖ਼ਰਚ ਬਚਾਉਣਾ ਸੀ ਪਰ ਸਰਕਾਰ ਤਾਂ ਸਖ਼ਤੀ ਨਾਲ ਕਹਿ ਸਕਦੀ ਸੀ ਕਿ ਕਾਰਖ਼ਾਨਾ ਸ਼ਹਿਰ ਤੋਂ ਬਾਹਰ ਲਾਉਣਾ ਪਵੇਗਾ। ਸਰਕਾਰ ਨੂੰ ਤਾਂ ਆਪਣੇ ਲੋਕਾਂ ਦਾ ਫ਼ਿਕਰ ਹੋਣਾ ਚਾਹੀਦਾ ਸੀ। ਸਰਕਾਰ ਨੇ ਕਿਉਂ ਕੰਪਨੀ ਦੀ ਗੱਲ ਮੰਨ ਲਈ?"

ਜਵਾਬ ਦਿੱਤਾ ਨੂਰ ਨੇ, "ਸਰਕਾਰ ਨੂੰ ਲੋਕਾਂ ਦੀ ਕੀ ਪ੍ਰਵਾਹ! ਉਹਨੂੰ ਤਾਂ ਇਹ ਲੱਗਦਾ ਹੈ ਕਿ ਵਿਦੇਸ਼ੀ ਕੰਪਨੀਆਂ ਆਉਣਗੀਆਂ, ਆਪਣੀ ਪੂੰਜੀ ਇਥੇ ਲਿਆਉਣਗੀਆਂ, ਫਿਰ ਹੀ ਸਾਡਾ ਵਿਕਾਸ ਹੋਵੇਗਾ। ਇਸ ਲਈ ਉਹ ਤਾਂ ਹੱਥ ਜੋੜ ਕੇ ਬੁਲਾਉਂਦੀਆਂ ਹਨ-ਆਓ ਹਜ਼ੂਰ! ਸਾਡੇ ਦੇਸ਼ ਵਿਚ ਆ ਕੇ ਆਪਣੇ ਕਾਰਖ਼ਾਨੇ ਲਾਓ। ਅਸੀਂ ਤੁਹਾਨੂੰ ਬੇਹੱਦ ਸਸਤੀ ਜ਼ਮੀਨ ਦਿਆਂਗੇ, ਬੇਹੱਦ ਸਸਤੇ ਮਜ਼ਦੂਰ ਅਤੇ ਵਿਗਿਆਨੀ-ਟੈਕਨੀਸ਼ੀਅਨ ਵਗੈਰਾ ਦਿਆਂਗੇ। ਸੁਰੱਖਿਆ ਦੇ ਨਿਯਮ ਅਤੇ ਮਿਹਨਤ-ਕਾਨੂੰਨ ਤੁਹਾਡੇ ਲਈ ਢਿੱਲੇ ਕਰ ਦਿਆਂਗੇ। ਟੈਕਸਾਂ ਵਿਚ ਵੀ ਭਾਰੀ ਛੋਟ ਦਿਆਂਗੇ। ਹੋਰ ਤਾਂ ਹੋਰ ਅਸੀਂ ਤੁਹਾਨੂੰ ਲੇਬਰ ਟ੍ਰਬਲ ਤੋਂ ਵੀ ਬਚਾਵਾਂਗੇ। ਤੁਹਾਡੇ ਵੱਲ ਕੋਈ ਅੱਖ ਚੁੱਕ ਕੇ ਵੀ ਵੇਖੇਗਾ ਤਾਂ ਉਹ ਆਪਣੀ ਅੱਖ ਗਵਾ ਬੈਠੇਗਾ। ਇਸ ਕੰਮ ਵਾਸਤੇ ਸਾਡੀ ਪੁਲਿਸ ਤੁਹਾਡੇ ਨਾਲ ਹੈ। ਤੁਸੀਂ ਸਾਡੇ ਜਲ, ਜੰਗਲ, ਜ਼ਮੀਨ ਅਤੇ ਜਨਤਾ ਨਾਲ ਜੋ ਦਿਲ ਕਰੇ...ਕਰੋ। ਤੁਸੀਂ ਆਓ ਤਾਂ ਸਹੀ...ਸਾਡੇ ਦੇਸ਼ ਆ ਕੇ ਆਪਣਾ ਕਾਰਖ਼ਾਨਾ ਤਾਂ ਲਾਓ।"

"ਤੁਸੀਂ ਲਿਖੋ, ਨੂਰ ਸਾਹਿਬ! ਤੁਸੀਂ ਬਹੁਤ ਵਧੀਆ ਨਾਵਲ ਲਿਖੋਂਗੇ। ਤੁਹਾਡਾ ਵਿਅੰਗ ਤਾਂ ਕਮਾਲ ਦਾ ਹੈ!" ਮੈਂ ਤਾਰੀਫ਼ ਅਤੇ ਉਤਸ਼ਾਹਿਤ ਕਰਨ ਦੇ ਲਹਿਜੇ ਨਾਲ ਆਖਿਆ।

ਵਿਜੇ ਨੂੰ ਸ਼ਾਇਦ ਇਹ ਚੰਗਾ ਨਾ ਲੱਗਾ। ਉਹਨੇ ਨੂਰ ਨੂੰ ਆਖਿਆ, "ਪਰ ਸਰ, ਨਾਵਲ ਲਿਖਣ ਲਈ ਤਾਂ ਕਾਰਖ਼ਾਨੇ ਦੀ ਪੂਰੀ ਵਰਕਿੰਗ ਤੁਹਾਨੂੰ ਪਤਾ ਹੋਣੀ ਚਾਹੀਦੀ ਹੈ। ਫਸਟ ਹੈਂਡ ਨਾਲੇਜ। ਉਹਦੇ ਅੰਦਰ ਕੀ ਬਣਦਾ ਹੈ, ਕਿਵੇਂ ਬਣਦਾ ਹੈ, ਲੋਕ ਕਿਵੇਂ ਕੰਮ ਕਰਦੇ ਹਨ, ਵਗੈਰਾ ਵਗੈਰਾ।"

ਨੂਰ ਉਹਦੀ ਗੱਲ ਸੁਣ ਕੇ ਹੱਸੇ ਅਤੇ ਕਹਿਣ ਲੱਗੇ, "ਤੁਸੀਂ ਇਹ ਦੱਸੋ, ਕੀ ਧਰਤੀ ਗੋਲ ਹੈ?"

"ਜੀ, ਜੀ ਹਾਂ।"

"ਤੇ ਉਹ ਘੁੰਮਦੀ ਵੀ ਹੈ?"

"ਜੀ ਹਾਂ।"

"ਕੀ ਤੁਸੀਂ ਧਰਤੀ ਦੀ ਗੋਲਾਈ ਵੇਖੀ ਹੈ? ਉਹਨੂੰ ਘੁੰਮਦਿਆਂ ਹੋਇਆਂ ਵੇਖਿਆ ਹੈ? ਇਹ ਤੁਹਾਡੀ ਫਸਟ ਹੈਂਡ ਨਾਲੇਜ ਤਾਂ ਨਹੀਂ ਹੈ? ਫਿਰ ਵੀ ਇਹ ਸੱਚ ਤਾਂ ਹੈ? ਇਸ ਸੱਚ ਨੂੰ ਤੁਸਾਂ ਕਿਤਾਬਾਂ ਵਿਚੋਂ, ਅਧਿਆਪਕਾਂ ਕੋਲੋ ਜਾਂ ਕਿਤਿਓਂ ਵੀ ਪੜ੍ਹਿਆ ਹੈ, ਇਹਦੇ ਨਾਲ ਕੀ ਫ਼ਰਕ ਪੈਂਦਾ ਹੈ!"

ਇਕ ਪਲ ਰੁਕ ਕੇ ਨੂਰ ਨੇ ਆਪਣੇ ਸਾਹਮਣੇ ਪਈਆਂ ਫਾਈਲਾਂ ਵੱਲ ਇਸ਼ਾਰਾ ਕੀਤਾ, "ਇਹ ਜਾਣਕਾਰੀ ਇਕੱਠੀ ਕਰਨ ਲਈ ਮੈਂ ਦਹਾਕੇ ਲਾਏ ਹਨ। ਤੁਹਾਨੂੰ ਕੀ ਪਤਾ ਕਿ ਇਹਦੇ ਲਈ ਮੈਂ ਕਿੰਨੀਆਂ ਲਾਇਬ੍ਰੇਰੀਆਂ ਦੀ ਖ਼ਾਕ ਛਾਣੀ ਹੈ, ਕਿੰਨੀਆਂ ਪੁਸਤਕਾਂ ਅਤੇ ਪਰਚੇ ਖ਼ਰੀਦ ਕੇ ਪੜ੍ਹੇ ਹਨ, ਕਿੰਨੀ ਮਿਹਨਤ ਨਾਲ ਉਨ੍ਹਾਂ ਵਿਚੋਂ ਨੋਟਸ ਲਏ ਹਨ ਅਤੇ ਕਿੱਥੇ-ਕਿੱਥੇ ਜਾ ਕੇ ਕਿਨ੍ਹਾਂ-ਕਿਨ੍ਹਾਂ ਲੋਕਾਂ ਨਾਲ ਕਿੰਨੀ ਗੱਲਬਾਤ ਕੀਤੀ ਹੈ। ਮੈਂ ਉਨ੍ਹਾਂ ਲੋਕਾਂ ਵਿਚੋਂ ਨਹੀਂ ਜਿਹੜੇ ਭੋਪਾਲ ਗੈਸ ਤ੍ਰਾਸਦੀ 'ਤੇ ਲੇਖ, ਕਵਿਤਾਵਾਂ ਅਤੇ ਕਹਾਣੀਆਂ ਲਿਖਦੇ ਹਨ ਪਰ ਇਹ ਨਹੀਂ ਜਾਣਦੇ ਕਿ ਯੂਨੀਅਨ ਕਾਰਬਾਈਡ ਦੇ ਕਾਰਖ਼ਾਨੇ ਵਿਚ ਕੀ ਬਣਦਾ ਸੀ। ਤੁਸੀਂ ਸੇਵਿਨ ਦਾ ਨਾਂ ਸੁਣਿਆ ਹੈ?"

"ਸੇਵਿਨ!!" ਵਿਜੇ ਪ੍ਰੇਸ਼ਾਨ ਹੋ ਗਿਆ- "ਤੁਹਾਡਾ ਮਤਲਬ ਹੈ ਸੱਤ?"

"ਜੀ ਨਹੀਂ! ਐਸ.ਈ.ਵੀ.ਆਈ.ਐਨ...ਸੇਵਿਨ। ਇਹ ਪੈਸਟੀਸਾਈਡ ਹੈ। ਕੀਟਨਾਸ਼ਕ। ਇਸ ਨੂੰ ਬਣਾਉਣ ਲਈ ਯੂਨੀਅਨ ਕਾਰਬਾਈਡ ਮਿਕ ਗੈਸ ਦਾ ਇਸਤੇਮਾਲ ਕਰਦੀ ਸੀ। ਸੇਵਿਨ ਯੂਰਪ ਅਤੇ ਅਮਰੀਕਾ ਵਿਚ ਵੀ ਬਣਾਇਆ ਜਾਂਦਾ ਹੈ ਪਰ ਸਿੱਧਾ ਮਿਕ ਨਾਲ ਨਹੀਂ। ਉਥੋਂ ਦੀਆਂ ਸਰਕਾਰਾਂ ਜਾਣਦੀਆਂ ਹਨ ਕਿ ਮਿਕ ਕਿੰਨੀ ਖ਼ਤਰਨਾਕ ਗੈਸ ਹੈ। ਇਸ ਲਈ ਉਥੇ ਸਿੱਧੇ ਮਿਕ ਨਾਲ ਸੇਵਿਨ ਬਣਾਉਣ ਦੀ ਇਜਾਜ਼ਤ ਨਹੀਂ ਹੈ ਪਰ ਯੂਨੀਅਨ ਕਾਰਬਾਈਡ ਨੇ ਭੋਪਾਲ ਦੇ ਆਪਣੇ ਕਾਰਖ਼ਾਨੇ ਵਿਚ ਸਿੱਧਾ ਮਿਕ ਨਾਲ ਸੇਵਿਨ ਬਣਾਉਣਾ ਸ਼ੁਰੂ ਕਰ ਦਿੱਤਾ ਕਿਉਂਕਿ ਇਸ ਤਰ੍ਹਾਂ ਬਣਾਉਣ ਵਿਚ ਘੱਟ ਖ਼ਰਚਾ ਆਉਂਦਾ ਸੀ। ਇਹ ਅਮਲ ਇਥੋਂ ਦੇ ਲੋਕਾਂ ਲਈ ਭਾਵੇਂ ਜਿੰਨਾ ਮਰਜ਼ੀ ਖ਼ਤਰਨਾਕ ਹੋਵੇ।"

ਵਿਜੇ ਫਸ ਗਿਆ ਸੀ। ਉਹਨੇ ਕੁਝ ਕਹਿਣ ਲਈ ਆਖਿਆ, "ਪਰ ਸਰ, ਵਿਦੇਸ਼ੀ ਕੰਪਨੀਆਂ ਕੋਲ ਤਾਂ ਏਨਾ ਪੈਸਾ ਹੁੰਦਾ ਹੈ ਕਿ ਉਹ ਸਾਰੀ ਦੁਨੀਆਂ ਵਿਚ ਆਪਣਾ ਕਾਰੋਬਾਰ ਫੈਲਾ ਸਕਣ। ਫਿਰ ਯੂਨੀਅਨ ਕਾਰਬਾਈਡ ਨੂੰ ਆਪਣਾ ਖ਼ਰਚ ਘੱਟ ਕਰਨ ਦਾ ਏਨਾ ਫ਼ਿਕਰ ਕਿਉਂ ਸੀ?"

"ਇਹੋ ਤਾਂ ਅਸਲ ਗੱਲ ਹੈ," ਨੂਰ ਨੇ ਆਖਿਆ, "ਵੇਖੋ, ਕੰਪਨੀ ਦੇਸੀ ਹੋਵੇ ਜਾਂ ਵਿਦੇਸ਼ੀ, ਉਸ ਦਾ ਇਕੋ-ਇਕ ਉਦੇਸ਼ ਹੁੰਦਾ ਹੈ-ਜ਼ਿਆਦਾ ਤੋਂ ਜ਼ਿਆਦਾ ਲਾਭ ਕਮਾਉਣਾ। ਇਹਦੇ ਲਈ ਹਰ ਕੰਪਨੀ ਆਪਣਾ ਮਾਲ ਉਚੇ ਤੋਂ ਉਚੇ ਭਾਅ 'ਤੇ ਵੇਚਣਾ ਚਾਹੁੰਦੀ ਹੈ ਪਰ ਇਹਦੇ ਵਿਚ ਅੜਿੱਕਾ ਡਾਹ ਦਿੰਦੀਆਂ ਨੇ ਦੂਜੀਆਂ ਕੰਪਨੀਆਂ। ਉਨ੍ਹਾਂ ਨਾਲ ਮੁਕਾਬਲਾ ਕਰਨ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਮਾਲ ਦੀਆਂ ਕੀਮਤਾਂ ਘੱਟ ਰੱਖੀਆਂ ਜਾਣ ਪਰ ਕੀਮਤ ਘੱਟ ਰੱਖਣ ਨਾਲ ਕੰਪਨੀ ਦਾ ਮੁਨਾਫ਼ਾ ਘਟ ਜਾਂਦਾ ਹੈ। ਉਦੋਂ ਕੰਪਨੀ ਦੇ ਸਾਹਮਣੇ ਲਾਭ ਕਮਾਉਣ ਦਾ ਇਕ ਹੀ ਰਸਤਾ ਬਚਦਾ ਹੈ- ਖ਼ਰਚ ਘਟਾਉਣਾ। ਭਾਵ ਘੱਟ ਤੋਂ ਘੱਟ ਲਾਗਤ ਅਤੇ ਇਹੋ ਉਹ ਚੀਜ਼ ਹੈ ਜਿਹੜੀ ਬਹੁ-ਕੌਮੀ ਕੰਪਨੀਆਂ ਨੂੰ ਜਨਮ ਦਿੰਦੀ ਹੈ। ਮੰਨ ਲਓ, ਕੋਈ ਅਮਰੀਕੀ ਕੰਪਨੀ ਅਮਰੀਕਾ ਵਿਚ ਹੀ ਆਪਣਾ ਮਾਲ ਬਣਾ ਕੇ ਵੇਚਣਾ ਚਾਹੇ ਤਾਂ ਉਹਨੂੰ ਅਮਰੀਕੀ ਮਾਪਦੰਡਾਂ ਮੁਤਾਬਕ ਕਾਰਖ਼ਾਨਾ ਲਾਉਣਾ ਪਵੇਗਾ, ਸੁਰੱਖਿਆ ਦੇ ਇੰਤਜ਼ਾਮ ਕਰਨੇ ਪੈਣਗੇ, ਵਰਕਰਾਂ ਨੂੰ ਉਥੋਂ ਦੇ ਮਾਪਦੰਡਾਂ ਮੁਤਾਬਕ ਤਨਖ਼ਾਹਾਂ ਦੇਣੀਆਂ ਪੈਣਗੀਆਂ ਅਤੇ ਮਾਲ ਦੀ ਕੁਆਲਿਟੀ ਵੀ ਅਜਿਹੀ ਰੱਖਣੀ ਪਵੇਗੀ ਜੋ ਉਥੋਂ ਦੇ ਨੇਮਾਂ 'ਤੇ ਪੂਰੀ ਉਤਰੇ। ਇਹ ਸਭ ਉਨ੍ਹਾਂ ਵਾਸਤੇ ਬਹੁਤ ਖ਼ਰਚੀਲਾ ਹੋਵੇਗਾ ਅਤੇ ਉਹਦਾ ਮੁਨਾਫ਼ਾ ਘੱਟ ਹੋ ਜਾਵੇਗਾ। ਇਸ ਲਈ ਉਹ ਕੰਪਨੀ ਕੀ ਕਰਦੀ ਹੈ ਕਿ ਆਪਣਾ ਮਾਲ ਅਮਰੀਕਾ ਵਿਚ ਬਣਾਉਣ ਦੀ ਬਜਾਏ ਕਿਸੇ ਗ਼ਰੀਬ ਜਾਂ ਪਛੜੇ ਦੇਸ਼ ਵਿਚ ਜਾ ਕੇ ਬਣਾਉਂਦੀ ਹੈ ਜਿਥੇ ਕਾਰਖ਼ਾਨਾ ਲਾਉਣਾ ਅਤੇ ਚਲਾਉਣਾ ਬਹੁਤ ਸਸਤਾ ਪੈਂਦਾ ਹੈ ਅਤੇ ਜਿਥੋਂ ਦੀ ਸਰਕਾਰ 'ਤੇ ਦਬਾਅ ਪਾ ਕੇ ਜਾਂ ਸਰਕਾਰੀ ਲੋਕਾਂ ਨੂੰ ਰਿਸ਼ਵਤ ਦੇ ਕੇ ਉਹ ਆਪਣੀ ਮਰਜ਼ੀ ਕਰ ਸਕਦੀ ਹੈ।"

ਨੂਰ ਅੰਗਰੇਜ਼ੀ ਵਿਚ ਬਿਨਾ ਰੁਕੇ ਬੋਲੀ ਜਾ ਰਹੇ ਸਨ। ਵਿਜੇ ਕੀ ਮਹਿਸੂਸ ਕਰ ਰਿਹਾ ਸੀ, ਮੈਨੂੰ ਨਹੀਂ ਪਤਾ ਪਰ ਮੈਂ ਹੁਣ ਅੱਕ ਗਿਆ ਸਾਂ। ਮੇਰੇ ਲਈ ਇਹ ਨਵੀਆਂ ਗੱਲਾਂ ਨਹੀਂ ਸਨ, ਫਿਰ ਵੀ ਮੈਂ ਚੁੱਪਚਾਪ ਸੁਣ ਰਿਹਾ ਸਾਂ ਤਾਂ ਸਿਰਫ਼ ਇਸ ਲਈ ਕਿ ਇਹ ਗੱਲਾਂ ਮੈਨੂੰ ਉਸ ਆਦਮੀ ਦੇ ਮੂੰਹੋਂ ਸੁਣਨ ਨੂੰ ਮਿਲ ਰਹੀਆਂ ਸਨ ਜਿਹੜਾ ਪਹਿਲਾਂ ਸ਼ਿਅਰ-ਓ-ਸ਼ਾਇਰੀ ਤੋਂ ਇਲਾਵਾ ਕੋਈ ਗੱਲ ਹੀ ਨਹੀਂ ਕਰਦਾ ਸੀ ਅਤੇ ਗੰਭੀਰ ਸਾਹਿਤਕ ਚਰਚਾ ਵੇਲੇ ਤਾਂ ਬੜੀ ਛੇਤੀ ਹੀ ਅੱਕ ਜਾਂਦਾ ਸੀ।

ਚੰਗਾ ਹੋਇਆ ਕਿ ਆਇਸ਼ਾ ਚਾਹ ਲੈ ਆਈ। ਚਾਹ ਦੀ ਟ੍ਰੇਅ ਮੇਜ਼ 'ਤੇ ਰੱਖ ਕੇ ਅਤੇ ਸ਼ਰਬਤ ਵਾਲੇ ਜੂਠੇ ਗਲਾਸਾਂ ਵਾਲੀ ਟ੍ਰੇਅ ਚੁੱਕ ਕੇ ਲਿਜਾਂਦੇ ਵੇਲੇ ਉਹਨੇ ਆਖਿਆ, "ਦਾਦੂ, ਗਰਮਾ-ਗਰਮ ਪਕੌੜੇ ਵੀ ਲਿਆ ਰਹੀ ਹਾਂ।"

"ਤੂੰ ਪਕੌੜੇ ਬਣਾ ਲਵੇਂਗੀ?" ਨੂਰ ਨੇ ਇੰਜ ਆਖਿਆ ਜਿਵੇਂ ਚਾਹੁੰਦਾ ਹੋਵੇ ਕਿ ਆਇਸ਼ਾ ਪਕੌੜੇ ਬਣਾ ਲਵੇ ਪਰ ਡਰਦੇ ਵੀ ਹੋਣ ਕਿ ਇਹ ਲੜਕੀ ਬਣਾ ਵੀ ਸਕੇਗੀ ਜਾਂ ਨਹੀਂ।

"ਘਰ ਵਿਚ ਹੋਰ ਕੋਈ ਨਹੀਂ ਹੈ?" ਮੈਂ ਪ੍ਰੇਸ਼ਾਨ ਹੋ ਕੇ ਪੁੱਛਿਆ।

"ਇਸ ਦੇ ਮਾਤਾ-ਪਿਤਾ ਮੁੰਬਈ ਗਏ ਹੋਏ ਹਨ," ਨੂਰ ਨੇ ਕੁਝ ਪ੍ਰੇਸ਼ਾਨੀ ਨਾਲ ਦੱਸਿਆ, "ਫਿਲਹਾਲ ਇਹੋ ਹੀ ਘਰ ਦੀ ਮਾਲਕਣ ਤੇ ਬਾਵਰਚਣ ਹੈ। ਅੱਜ ਕੱਲ੍ਹ ਇਹੋ ਮੈਨੂੰ ਪਾਲ ਰਹੀ ਹੈ, ਬਿਲਕੁਲ ਇਕ ਮਾਂ ਦੀ ਤਰ੍ਹਾਂ।"

ਮੈਂ ਆਇਸ਼ਾ ਦੇ ਮਾਤਾ-ਪਿਤਾ ਬਾਰੇ ਕੁਝ ਹੋਰ ਜਾਣਨਾ ਚਾਹੁੰਦਾ ਸਾਂ ਪਰ ਵਿਜੇ ਨੇ ਗੱਲਬਾਤ ਦਾ ਰੁਖ਼ ਮੋੜਦਿਆਂ ਨੂਰ ਨੂੰ ਆਖਿਆ, "ਸਰ, ਨਾਵਲ ਲਿਖਣ ਲਈ ਜ਼ਰੂਰੀ ਜਾਣਕਾਰੀ ਤਾਂ ਤੁਸੀਂ ਇਕੱਠੀ ਕਰ ਹੀ ਲਈ ਹੈ ਪਰ ਨਾਵਲ ਦੀ ਕਹਾਣੀ ਕੀ ਹੈ?"

ਮੈਨੂੰ ਲੱਗਾ ਕਿ ਸ਼ਾਇਦ ਹੁਣ ਨੂਰ ਆਪਣੇ ਪਰਿਵਾਰ ਦੇ ਖ਼ਤਮ ਹੋ ਜਾਣ ਦੀ ਕਰੁਣ ਕਥਾ ਸੁਣਾਉਣਗੇ ਜਾਂ ਆਪਣੇ ਇਕੱਲੇ ਰਹਿ ਜਾਣ ਦੇ ਦੁੱਖ ਦਾ ਵਰਨਣ ਕਰਨਗੇ ਪਰ ਵਿਜੇ ਦਾ ਪ੍ਰਸ਼ਨ ਸੁਣ ਕੇ ਉਨ੍ਹਾਂ ਨੇ ਹਲਕੀ ਜਿਹੀ ਝੁੰਜਲਾਹਟ ਨਾਲ ਆਖਿਆ, "ਕਹਾਣੀ ਹੀ ਤਾਂ ਸੁਣਾ ਰਿਹਾ ਹਾਂ...।"

ਮੈਂ ਆਖਿਆ, "ਵਿਜੇ ਜੀ ਦਾ ਮਤਲਬ ਸ਼ਾਇਦ ਇਹ ਹੈ ਕਿ ਨਾਵਲ ਦਾ ਕਥਾਨਕ ਕੀ ਹੈ, ਉਹਦੇ ਵਿਚ ਕਿਹੜੇ ਪਾਤਰਾਂ ਬਾਰੇ ਲਿਖਿਆ ਜਾਵੇਗਾ ਤੇ ਕਿਵੇਂ?"

ਇੰਨੇ ਨੂੰ ਆਇਸ਼ਾ ਪਕੌੜਿਆਂ ਦੀ ਪਲੇਟ ਅਤੇ ਚਟਣੀ ਲੈ ਆਈ। ਸਾਡੇ ਨਾਲ-ਨਾਲ ਨੂਰ ਨੇ ਵੀ ਇਕ ਪਕੌੜਾ ਚੁੱਕਿਆ ਤੇ ਖਾਂਦਿਆਂ ਆਖਿਆ, "ਰਾਜਨ ਭਾਈ, ਮੈਂ ਵਿਕਾਸ ਦੇ ਨਾਂ 'ਤੇ ਹੋਣ ਵਾਲੀ ਤਬਾਹੀ ਦੀ ਕਹਾਣੀ ਲਿਖਣਾ ਚਾਹੁੰਦਾ ਹਾਂ ਪਰ ਕਿਵੇਂ ਲਿਖਾਂ, ਕਿੱਥੋਂ ਸ਼ੁਰੂ ਕਰਾਂ, ਕੁਝ ਸਮਝ ਨਹੀਂ ਲੱਗਦੀ! ਤੁਸੀਂ ਤਾਂ ਕਥਾਕਾਰ ਹੋ, ਮੈਨੂੰ ਕੁਝ ਦੱਸੋ।"

ਵਿਜੇ ਬੋਲਿਆ, "ਤੁਹਾਡੇ ਨਾਲ ਜੋ ਹੋਇਆ ਹੈ, ਉਹੋ ਲਿਖੋ। ਰਾਜਨ ਜੀ, ਕਿਸੇ ਨੇ ਲਿਖਿਆ ਹੈ ਕਿ ਲੇਖਕ ਆਪ-ਬੀਤੀ ਨੂੰ ਜੱਗ-ਬੀਤੀ ਅਤੇ ਜੱਗ-ਬੀਤੀ ਨੂੰ ਆਪ-ਬੀਤੀ ਬਣਾ ਕੇ ਕਹਾਣੀ ਲਿਖਦਾ ਹੈ।" ਫਿਰ ਪਕੌੜਾ ਖਾਣ ਤੋਂ ਬਾਅਦ ਉਹਨੇ ਮੈਨੂੰ ਪੁੱਛਿਆ, "ਕਿਉਂ ਸਰ, ਮੈਨੂੰ ਚੰਗੀ ਤਰ੍ਹਾਂ ਯਾਦ ਹੈ ਨਾ?"

ਮੈਂ ਜਵਾਬ ਨਾ ਦਿੱਤਾ। ਉਹਦੇ ਪ੍ਰਸ਼ਨ ਨੂੰ ਅਣਸੁਣਿਆ ਕਰ ਕੇ ਨੂਰ ਵੱਲ ਹੀ ਵੇਖਦਾ ਰਿਹਾ। ਨੂਰ ਨੂੰ ਵਿਜੇ ਦਾ ਵਿਚ ਬੋਲਣਾ ਚੰਗਾ ਨਾ ਲੱਗਾ। ਆਪਣੇ ਮਨੋਭਾਵ ਨੂੰ ਸਪਸ਼ਟ ਸ਼ਬਦਾਂ ਵਿਚ ਕਹਿੰਦਿਆਂ ਉਨ੍ਹਾਂ ਨੇ ਆਖਿਆ, "ਵਿਜੇ ਸਾਹਿਬ, ਤੁਸੀਂ ਤਾਂ ਭੋਪਾਲ ਵਿਚ ਹੀ ਹੋ। ਤੁਹਾਡੀ ਸਲਾਹ ਤਾਂ ਮੈਂ ਲੈਂਦਾ ਹੀ ਰਹਾਂਗਾ...ਰਾਜਨ ਸਾਹਿਬ ਦਿੱਲੀਓਂ ਆਏ ਹਨ ਅਤੇ ਇਹ ਉਨ੍ਹਾਂ ਲੇਖਕਾਂ ਵਿਚੋਂ ਨਹੀਂ ਹਨ ਜਿਹੜੇ ਅਕਸਰ ਭੋਪਾਲ ਆਉਂਦੇ ਰਹਿੰਦੇ ਹਨ।"

ਇਸੇ ਦਰਮਿਆਨ ਮੈਨੂੰ ਇਕ ਗੱਲ ਸੁੱਝੀ ਤੇ ਮੈਂ ਆਖਿਆ, "ਨੂਰ ਭਾਈ, ਤੁਹਾਨੂੰ ਪਤਾ ਹੋਵੇਗਾ ਕਿ ਯੂਨੀਅਨ ਕਾਰਬਾਈਡ ਨੇ ਭੋਪਾਲ ਗੈਸ ਕਾਂਡ ਤੋਂ ਬਾਅਦ ਵੀ ਆਪਣੀ ਸਫ਼ਾਈ ਵਿਚ ਬਿਆਨ ਦਿੱਤਾ ਸੀ?"

"ਹਾਂ, ਮੈਨੂੰ ਪਤਾ ਹੈ। ਇਨ੍ਹਾਂ ਫਾਈਲਾਂ ਵਿਚੋਂ ਹੀ ਕਿਸੇ ਫਾਈਲ ਵਿਚ ਮੈਂ ਉਹਨੂੰ ਸੰਭਾਲ ਕੇ ਰੱਖਿਆ ਹੈ।"

"ਮੈਨੂੰ ਚੰਗੀ ਤਰ੍ਹਾਂ ਯਾਦ ਨਹੀਂ ਆ ਰਿਹਾ, ਜ਼ਰਾ ਯਾਦ ਦਿਵਾਓ ਕਿ ਉਹਦੇ ਵਿਚ ਕੀ ਸੀ?"

"ਉਹਦੇ ਵਿਚ ਯੂਨੀਅਨ ਕਾਰਬਾਈਡ ਨੇ ਮਾਣ ਨਾਲ ਕਿਹਾ ਸੀ ਕਿ ਭੋਪਾਲ ਵਾਲਾ ਉਹਦਾ ਕਾਰਖ਼ਾਨਾ ਤਾਂ ਤੀਸਰੀ ਦੁਨੀਆਂ ਦੇ ਦੇਸ਼ਾਂ ਵਿਚ ਖਾਦ ਉਤਪਾਦਨ ਵਧਾਉਣ ਵਿਚ ਸਫ਼ਲ ਹਰੀ ਕ੍ਰਾਂਤੀ ਵਿਚ ਸਹਾਇਕ ਸੀ। ਕੰਪਨੀ ਨੇ ਆਪਣੀ ਵੈਬਸਾਈਟ ਦੇ ਜ਼ਰੀਏ ਸਾਰੀ ਦੁਨੀਆਂ ਨੂੰ ਦੱਸਿਆ ਕਿ ਉਹਨੇ ਭੋਪਾਲ ਵਿਚ ਆਪਣਾ ਕਾਰਖ਼ਾਨਾ ਮਹਾਨ ਮਾਨਵੀ ਉਦੇਸ਼ ਲਈ ਲਾਇਆ ਸੀ। ਉਹ ਉਦੇਸ਼ ਸੀ ਭਾਰਤੀ ਖੇਤੀ ਉਤਪਾਦਨ ਦੀ ਰੱਖਿਆ ਲਈ ਕੀਟਨਾਸ਼ਕ ਮੁਹੱਈਆ ਕਰਾਉਣਾ ਅਤੇ ਉਹਦੇ ਨਾਲ ਹੀ ਭਾਰਤੀ ਉਦਯੋਗ ਅਤੇ ਵਪਾਰ ਨੂੰ ਨਵੇਂ ਤੌਰ-ਤਰੀਕਿਆਂ ਨਾਲ ਵਿਕਸਿਤ ਕਰ ਕੇ ਅੱਗੇ ਵਧਾਉਣਾ। ਕੰਪਨੀ ਨੇ ਆਖਿਆ ਸੀ- ਸਾਡਾ ਖ਼ਿਆਲ ਸੀ ਕਿ ਭਾਰਤ ਵਿਚ ਅਸਾਂ ਜੋ ਨਿਵੇਸ਼ ਕੀਤਾ ਹੈ, ਉਹਨੂੰ ਭਾਰਤੀ ਲੋਕਾਂ ਨੇ ਪਸੰਦ ਕੀਤਾ ਹੈ ਅਤੇ ਉਥੇ ਸਾਡੀ ਚੰਗੀ ਧਾਕ ਬਣੀ ਹੋਈ ਹੈ ਪਰ ਭਾਰਤ ਵਿਚ ਕੌਮਾਂਤਰੀ ਕੰਪਨੀਆਂ ਨੂੰ ਖਲਨਾਇਕ ਸਮਝਿਆ ਜਾਂਦਾ ਹੈ, ਜੋ ਸਾਨੂੰ ਵੀ ਸਮਝਿਆ ਗਿਆ। ਸਾਡੇ 'ਤੇ ਦੋਸ਼ ਹੈ ਕਿ ਅਸੀਂ ਉਥੋਂ ਦੇ ਆਪਣੇ ਕਾਰਖ਼ਾਨੇ ਵਿਚ ਮਿਕ ਨਾਲ ਸੁਰੱਖਿਆ ਦੇ ਉਪਾਅ ਨਹੀਂ ਕੀਤੇ ਪਰ ਇਹ ਇਲਜ਼ਾਮ ਝੂਠਾ ਹੈ। ਅਸੀਂ ਤਾਂ ਹਮੇਸ਼ਾ ਹੀ ਸੁਰੱਖਿਆ ਦੇ ਮਾਪਦੰਡਾਂ ਦਾ ਪਾਲਣ ਕਰਨ ਲਈ ਪ੍ਰਤੀਬੱਧ ਰਹੇ ਹਾਂ। ਸਾਡੇ 'ਤੇ ਭਾਰਤ ਦੀ ਜਨਤਾ ਅਤੇ ਉਥੋਂ ਦੇ ਵਸੀਲਿਆਂ ਦਾ ਸ਼ੋਸ਼ਣ ਕਰਨ ਦਾ ਇਲਜ਼ਾਮ ਵੀ ਲਾਇਆ ਜਾਂਦਾ ਹੈ ਪਰ ਇਹ ਝੂਠ ਹੈ। ਅਸੀਂ ਤਾਂ ਚੁਰਾਸੀ ਵਿਚ ਹੋਈ ਇਸ ਤ੍ਰਾਸਦ ਘਟਨਾ ਦੇ ਦਿਨ ਤੋਂ ਹੀ ਉਥੋਂ ਦੇ ਲੋਕਾਂ ਪ੍ਰਤੀ ਕਰੁਣਾ ਤੇ ਹਮਦਰਦੀ ਨਾਲ ਬੇਚੈਨ ਹਾਂ।"

ਨੂਰ ਨੇ ਅਤਿਅੰਤ ਨਫ਼ਰਤ ਅਤੇ ਗ਼ੁੱਸੇ ਨਾਲ ਆਖਿਆ, "ਕੰਪਨੀ ਦੇ ਦਿਲ ਵਿਚ ਕਿੰਨੀ ਕਰੁਣਾ ਅਤੇ ਹਮਦਰਦੀ ਸੀ, ਇਹ ਤਾਂ ਮੁਆਵਜ਼ੇ ਦੇ ਰੂਪ ਵਿਚ ਵੇਖ ਲਿਆ। ਉਹਦੀ ਕਰੁਣਾ ਅਤੇ ਹਮਦਰਦੀ ਉਸ ਰਸਾਇਣ ਕਚਰੇ ਦੇ ਰੂਪ ਵਿਚ ਵੀ ਇਥੇ ਪਈ ਹੋਈ ਹੈ, ਜਿਸ ਨਾਲ ਇਥੋਂ ਦੀ ਮਿੱਟੀ, ਪਾਣੀ ਅਤੇ ਹਵਾ ਵਿਚ ਅੱਜ ਤਕ ਪ੍ਰਦੂਸ਼ਣ ਫੈਲ ਰਿਹਾ ਹੈ ਜੋ ਲੋਕਾਂ ਵਿਚ ਤਰ੍ਹਾਂ-ਤਰ੍ਹਾਂ ਦੀਆਂ ਬੀਮਾਰੀਆਂ ਪੈਦਾ ਕਰ ਰਿਹਾ ਹੈ। ਉਹ ਕਚਰਾ ਤਮਾਮ ਤਰ੍ਹਾਂ ਦੇ ਲੋਕਾਂ, ਸੰਗਠਨਾਂ ਅਤੇ ਸੰਸਥਾਵਾਂ ਦੇ ਲਗਾਤਾਰ ਰੌਲਾ ਪਾਉਂਦੇ ਰਹਿਣ 'ਤੇ ਵੀ ਅੱਜ ਤਕ ਸਾਫ਼ ਨਹੀਂ ਕੀਤਾ ਗਿਆ। ਕਰੁਣਾ ਅਤੇ ਹਮਦਰਦੀ! ਮਾਈ ਫੁੱਟ!"

ਉਤੇਜਿਤ ਹੋਏ ਨੂਰ ਕੁਝ ਦੇਰ ਚੁੱਪ ਰਹੇ, ਫਿਰ ਅਚਾਨਕ ਉਨ੍ਹਾਂ ਨੇ ਮੇਰੀ ਵੱਲ ਹੈਰਾਨੀ ਭਰੀਆਂ ਅੱਖਾਂ ਨਾਲ ਵੇਖਦਿਆਂ ਆਖਿਆ, "ਕਮਾਲ ਹੈ, ਤੁਹਾਨੂੰ ਤਾਂ ਯੂਨੀਅਨ ਕਾਰਬਾਈਡ ਦਾ ਉਹ ਬਿਆਨ ਤਕਰੀਬਨ ਹੂ-ਬ-ਹੂ ਯਾਦ ਹੈ।"

"ਦਰਅਸਲ ਮੈਂ ਵੀ ਗੈਸ ਕਾਂਡ 'ਤੇ ਕੁਝ ਲਿਖਣਾ ਚਾਹੁੰਦਾ ਹਾਂ। ਇਕ ਕਹਾਣੀ ਲਿਖੀ ਵੀ ਸੀ। ਪਤਾ ਨਹੀਂ, ਉਹ ਤੁਹਾਡੀਆਂ ਨਜ਼ਰਾਂ ਵਿਚੋਂ ਲੰਘੀ ਹੈ ਜਾਂ ਨਹੀਂ।"

"ਨਹੀਂ, ਮੈਂ ਨਹੀਂ ਪੜ੍ਹੀ, ਪਰ ਮੈਂ ਪੜ੍ਹਨੀ ਜ਼ਰੂਰੀ ਚਾਹਵਾਂਗਾ। ਤੁਸੀਂ ਦਿੱਲੀ ਜਾ ਕੇ ਮੈਨੂੰ ਉਹਦੀ ਫੋਟੋ ਕਾਪੀ ਭੇਜ ਦਿਓਗੇ?"

"ਜ਼ਰੂਰ!"

"ਤੁਸੀਂ ਬਹੁਤ ਵਧੀਆ ਸੁਝਾਅ ਦਿੱਤਾ ਹੈ, ਰਾਜਨ ਭਾਈ, ਮੈਂ ਆਪਣਾ ਨਾਵਲ ਕੰਪਨੀ ਦੇ ਉਸ ਬਿਆਨ ਨਾਲ ਹੀ ਸ਼ੁਰੂ ਕਰਾਂਗਾ ਪਰ ਤੁਹਾਨੂੰ ਯਾਦ ਹੋਵੇਗਾ, ਉਸੇ ਬਿਆਨ ਵਿਚ ਕੰਪਨੀ ਨੇ ਇਹ ਵੀ ਆਖਿਆ ਸੀ ਕਿ ਭੋਪਾਲ ਦੇ ਗੈਸ ਕਾਂਡ ਵਾਸਤੇ ਉਹ ਜ਼ਿੰਮੇਵਾਰ ਨਹੀਂ ਹੈ। ਉਹਨੇ ਆਖਿਆ ਸੀ ਕਿ ਉਸ ਘਟਨਾ ਤੋਂ ਬਾਅਦ ਅਸੀਂ ਆਪਣੇ ਤੌਰ 'ਤੇ ਪੂਰੀ ਤਰ੍ਹਾਂ ਜਾਂਚ ਕੀਤੀ ਜਿਸ ਤੋਂ ਪਤਾ ਲੱਗਾ ਕਿ ਨਿਸਚਿਤ ਰੂਪ ਵਿਚ ਭੰਨ-ਤੋੜ ਦੀ ਕਾਰਵਾਈ ਸੀ ਅਤੇ ਭੰਨ-ਤੋੜ ਸਾਡੇ ਭੋਪਾਲ ਕਾਰਖ਼ਾਨੇ ਦੇ ਕਿਸੇ ਕਰਮਚਾਰੀ ਨੇ ਹੀ ਕੀਤੀ ਸੀ। ਉਸ ਕਰਮਚਾਰੀ ਨੇ ਜਾਣ-ਬੁੱਝ ਕੇ ਮਿਥਾਈਲ ਆਈਸੋ-ਸਾਈਨੇਟ ਨਾਲ ਭਰੇ ਹੋਏ ਟੈਂਕ ਵਿਚ ਪਾਣੀ ਸੁੱਟ ਦਿੱਤਾ ਸੀ। ਗੈਸ ਵਿਚ ਪਾਣੀ ਪਾਉਣ ਨਾਲ ਟੈਂਕ ਫਟ ਗਿਆ ਅਤੇ ਜ਼ਹਿਰੀਲੀ ਗੈਸ ਨਿਕਲ ਪਈ। ਕੰਪਨੀ ਨੇ ਜ਼ੋਰ ਦੇ ਕੇ ਆਖਿਆ ਸੀ ਕਿ ਸੱਚ ਇਹੋ ਸੀ ਪਰ ਇਹ ਸੱਚ ਭਾਰਤ ਸਰਕਾਰ ਨੇ ਲੋਕਾਂ ਨੂੰ ਚੰਗੀ ਤਰ੍ਹਾਂ ਦੱਸਿਆ ਨਹੀਂ। ਇਸ ਲਈ ਭਾਰਤ ਸਰਕਾਰ ਵੀ ਦੋਸ਼ੀ ਹੈ ਜੋ ਭੋਪਾਲ ਗੈਸ ਤ੍ਰਾਸਦੀ ਦੇ ਸ਼ਿਕਾਰ ਲੋਕਾਂ ਦੀ ਹਾਲਤ ਤੋਂ ਉਦਾਸੀਨ ਹੈ।"

ਮੈਨੂੰ ਅਚਾਨਕ ਯਾਦ ਆਇਆ ਕਿ 'ਭੋਪਾਲ ਗੈਸ ਤ੍ਰਾਸਦੀ' ਸ਼ਬਦ ਦਾ ਇਸਤੇਮਾਲ ਪਹਿਲੀ ਵਾਰ ਯੂਨੀਅਨ ਕਾਰਬਾਈਡ ਦੇ ਉਸੇ ਬਿਆਨ ਵਿਚ ਕੀਤਾ ਗਿਆ ਸੀ। ਮੈਂ ਇਹ ਗੱਲ ਨੂਰ ਨੂੰ ਦੱਸੀ ਤਾਂ ਉਨ੍ਹਾਂ ਨੇ ਆਖਿਆ, "ਅਕਸਰ ਇਹੋ ਹੁੰਦਾ ਹੈ। ਉਹ ਆਪਣੇ ਵਿਰੋਧ ਦੀ ਭਾਸ਼ਾ ਵੀ ਖ਼ੁਦ ਹੀ ਸਾਨੂੰ ਸਿਖਾ ਦਿੰਦੇ ਹਨ ਅਤੇ ਅਸੀਂ ਸੋਚੇ-ਸਮਝੇ ਬਿਨਾਂ ਉਹਨੂੰ ਸਿੱਖ ਕੇ ਰੱਟੂ ਤੋਤੇ ਵਾਂਗ ਦੁਹਰਾਉਂਦੇ ਰਹਿੰਦੇ ਹਾਂ।"

"ਪਰ ਸਰ..., ਤੋੜ-ਫੋੜ ਵਾਲੀ ਗੱਲ ਤਾਂ ਇਥੋਂ ਦੀਆਂ ਅਖ਼ਬਾਰਾਂ ਵਿਚ ਵੀ ਛਪੀ ਸੀ। ਉਹਦੇ ਵਿਚ ਕਿਸੇ ਅਸੰਤੁਸ਼ਟ ਕਰਮਚਾਰੀ ਦਾ ਹੱਥ ਸੀ। ਸਾਡੇ ਲੋਕਾਂ ਵਿਚ ਇਹ ਬੜੀ ਵੱਡੀ ਖ਼ਰਾਬੀ ਹੈ ਕਿ ਅਸੰਤੁਸ਼ਟ ਹੋਣ 'ਤੇ ਤੁਰੰਤ ਭੰਨ-ਤੋੜ ਕਰਨ ਲੱਗ ਜਾਂਦੇ ਹਨ। ਇਹ ਨਹੀਂ ਸੋਚਦੇ ਕਿ ਇਸ ਦਾ ਨਤੀਜਾ ਕੀ ਹੋਵੇਗਾ।"

ਮੈਨੂੰ ਬਹੁਤ ਬੁਰਾ ਲੱਗਾ। ਮੈਂ ਆਖਿਆ, "ਵਿਜੇ ਜੀ, ਭੰਨ-ਤੋੜ ਦਾ ਇਲਜ਼ਾਮ ਕੰਪਨੀ ਨੇ ਲਾਇਆ ਜ਼ਰੂਰ, ਪਰ ਭੰਨ-ਤੋੜ ਕਰਨ ਵਾਲੇ ਕਰਮਚਾਰੀ ਦਾ ਨਾਂ ਕੰਪਨੀ ਨੇ ਕਦੇ ਵੀ ਨਹੀਂ ਦੱਸਿਆ।"

"ਦੱਸ ਹੀ ਨਹੀਂ ਸਕਦੀ ਸੀ," ਨੂਰ ਉਤੇਜਿਤ ਹੋ ਗਿਆ, "ਜੇਕਰ ਸੱਚਮੁਚ ਅਜਿਹਾ

ਕੋਈ ਕਰਮਚਾਰੀ ਹੁੰਦਾ ਤਾਂ ਕੰਪਨੀ ਉਹਨੂੰ ਜ਼ਰੂਰ ਫੜ ਲੈਂਦੀ। ਏਨੀ ਵੱਡੀ ਕੰਪਨੀ ਕੀ ਇਕ ਗ਼ਰੀਬ ਦੇਸ਼ ਦੇ ਗ਼ਰੀਬ ਆਦਮੀ ਨੂੰ ਨਹੀਂ ਫੜ ਸਕਦੀ ਸੀ? ਉਹਨੂੰ ਫੜ ਕੇ ਉਹ ਠੋਸ ਸਬੂਤ ਦੇ ਨਾਲ ਅਦਾਲਤ ਵਿਚ ਪੇਸ਼ ਕਰਦੀ- ਨਿਆਂਇਕ ਹਿਰਾਸਤ ਵਿਚ ਹੀ ਨਹੀਂ, ਮੀਡੀਆ ਰਾਹੀਂ ਜਨਤਾ ਦੀ ਅਦਾਲਤ ਵਿਚ ਵੀ...ਪਰ ਉਹਨੇ ਇੰਜ ਨਹੀਂ ਕੀਤਾ। ਉਹਨੇ ਅੰਦਾਜ਼ੇ ਮੁਤਾਬਕ ਹੀ ਇਹ ਨਤੀਜਾ ਕੱਢ ਲਿਆ ਕਿ ਅਜਿਹਾ ਹੋ ਸਕਦਾ ਹੈ ਜਾਂ ਅਜਿਹਾ ਹੀ ਹੋਵੇਗਾ; ਭਾਵ ਕੋਰਾ ਅੰਦਾਜ਼ਾ, ਕੋਈ ਠੋਸ ਸਬੂਤ ਨਹੀਂ।"

ਕਹਿੰਦਿਆਂ-ਕਹਿੰਦਿਆਂ ਨੂਰ ਨੇ ਇਕ ਫਾਈਲ ਚੁੱਕੀ ਅਤੇ ਉਹਦੇ 'ਤੇ ਹੱਥ ਮਾਰਦਿਆਂ ਆਖਿਆ, "ਠੋਸ ਸਬੂਤ ਇਥੇ ਹਨ। ਕੰਪਨੀ ਨੇ ਝੂਠੀ ਕਹਾਣੀ ਉਸਾਰ ਕੇ ਦੁਨੀਆਂ ਨੂੰ ਸੁਣਾਈ ਸੀ। ਸੱਚੀ ਕਹਾਣੀ ਇਹ ਹੈ ਕਿ ਨਾ ਤਾਂ ਕਾਰਖ਼ਾਨਾ ਮਿਥੇ ਮਾਪਦੰਡਾਂ ਅਨੁਸਾਰ ਬਣਾਇਆ ਗਿਆ ਸੀ ਤੇ ਨਾ ਹੀ ਉਹਦਾ ਢਾਂਚਾ ਠੀਕ ਸੀ। ਕੰਪਨੀ ਨੇ ਆਪਣਾ ਖ਼ਰਚ ਬਚਾਉਣ ਲਈ ਮਿਕ ਗੈਸ ਦੇ ਟੈਂਕਾਂ ਵਿਚ ਕਾਰਬਨ-ਸਟੀਲ ਦੇ ਵਾਲਵ ਲਾਏ ਸਨ ਜਿਹੜੇ ਤੇਜ਼ਾਬ ਨਾਲ ਗਲ ਜਾਂਦੇ ਹਨ। ਫਿਰ, ਉਨ੍ਹਾਂ ਟੈਂਕਾਂ ਵਿਚ ਜ਼ਰੂਰਤ ਤੋਂ ਜ਼ਿਆਦਾ ਗੈਸ ਭਰੀ ਜਾ ਰਹੀ ਸੀ ਕਿਉਂਕਿ ਗੈਸ ਦਾ ਉਤਪਾਦਨ ਉਸ ਦੀ ਖ਼ਪਤ ਤੋਂ ਜ਼ਿਆਦਾ ਸੀ। ਕੀਟਨਾਸ਼ਕ ਓਨੇ ਨਹੀਂ ਸਨ ਵਿਕ ਰਹੇ, ਜਿੰਨੇ ਵਿਕਣ ਦੀ ਕੰਪਨੀ ਨੂੰ ਉਮੀਦ ਸੀ। ਕੰਪਨੀ ਨੂੰ ਘਾਟਾ ਪੈ ਰਿਹਾ ਸੀ। ਇਸ ਲਈ ਚੁਰਾਸੀ ਤੋਂ ਦੋ ਸਾਲ ਪਹਿਲਾਂ ਹੀ ਉਹਨੇ ਖ਼ਰਚਿਆਂ ਵਿਚ ਕਟੌਤੀ ਕਰਨੀ ਸ਼ੁਰੂ ਕਰ ਦਿੱਤੀ ਸੀ ਜਿਸ ਦਾ ਸਿੱਧਾ ਅਸਰ ਸੁਰੱਖਿਆ ਦੇ ਪ੍ਰਬੰਧਾਂ 'ਤੇ ਪੈ ਰਿਹਾ ਸੀ। ਮਸਲਨ, ਕਾਰਖ਼ਾਨੇ ਦੇ ਕਰਮਚਾਰੀ ਆਪਣੇ ਅਧਿਕਾਰੀਆਂ ਨੂੰ ਕਹਿੰਦੇ ਸਨ ਕਿ ਸਰ, ਇਹ ਪਾਈਪ ਲੀਕ ਕਰ ਰਿਹਾ ਹੈ। ਇਹਨੂੰ ਬਦਲਣਾ ਪਵੇਗਾ ਪਰ ਅਧਿਕਾਰੀ ਕਹਿੰਦਾ ਹੈ- ਬਦਲਣ ਦੀ ਜ਼ਰੂਰਤ ਨਹੀਂ, ਪੈਚਅੱਪ ਕਰ ਦਿਉ। ਖ਼ਰਚ ਵਿਚ ਕਟੌਤੀ ਵਰਕਰਾਂ ਦੀ ਗਿਣਤੀ ਘੱਟ ਕਰ ਕੇ ਵੀ ਕੀਤੀ ਗਈ। ਮਿਕ ਗੈਸ ਦੇ ਅਪਰੇਟਰ ਪਹਿਲਾਂ ਬਾਰਾਂ ਸਨ। ਚੁਰਾਸੀ ਤਕ ਛੇ ਰਹਿ ਗਏ। ਸੁਪਰਵਾਈਜ਼ਰ ਵੀ ਅੱਧੇ ਕਰ ਦਿੱਤੇ ਗਏ। ਰਾਤ ਦੀ ਡਿਊਟੀ ਵਿਚ ਕੋਈ ਮੈਂਟੇਨੈਂਸ ਸੁਪਰਵਾਈਜ਼ਰ ਨਹੀਂ ਸੀ ਰਹਿੰਦਾ। ਜਿਵੇਂ ਰਾਤ ਨੂੰ ਉਨ੍ਹਾਂ ਦੀ ਜ਼ਰੂਰਤ ਹੀ ਖ਼ਤਮ ਹੋ ਜਾਂਦੀ ਹੋਵੇ। ਅਜਿਹੇ ਹਾਲਾਤ ਵਿਚ ਦੁਰਘਟਨਾਵਾਂ ਹੋਣੀਆਂ ਤਾਂ ਨਿਸਚਿਤ ਹੀ ਸਨ ਅਤੇ ਉਹ ਹੋਈਆਂ ਵੀ।"

"ਦੁਰਘਟਨਾਵਾਂ!" ਵਿਜੇ, ਜੋ ਹੁਣ ਤਕਰੀਬਨ ਇਕੱਲਾ ਹੀ ਪਕੌੜੇ ਖਾ ਰਿਹਾ ਸੀ, ਫਿਰ ਸਾਡੇ ਦੋਵਾਂ ਦੀ ਗੱਲਬਾਤ ਵਿਚ ਟਪਕ ਪਿਆ, "ਦੁਰਘਟਨਾ ਤਾਂ ਇਕ ਹੀ ਹੋਈ ਸੀ ਨਾ ਸਰ, ਚੁਰਾਸੀ ਵਿਚ?"

"ਤੁਸੀਂ ਭੋਪਾਲ ਵਿਚ ਰਹਿੰਦੇ ਹੋ ਜਾਂ ਕਿਸੇ ਦੂਸਰੀ ਦੁਨੀਆਂ ਵਿਚ?" ਨੂਰ ਨੇ ਨਫ਼ਰਤ ਨਾਲ ਵਿਜੇ ਨੂੰ ਆਖਿਆ, "ਯੂਨੀਅਨ ਕਾਰਬਾਈਡ ਦੇ ਕਾਰਖ਼ਾਨੇ ਵਿਚੋਂ ਗੈਸ ਚੁਰਾਸੀ 'ਚ ਨਹੀਂ, ਪਹਿਲਾਂ ਵੀ ਨਿਕਲੀ ਸੀ ਅਤੇ ਕਿਉਂ ਨਾ ਨਿਕਲਦੀ? ਉਤਪਾਦਨ ਜ਼ਿਆਦਾ ਅਤੇ ਖ਼ਪਤ ਘੱਟ ਹੋਣ ਨਾਲ ਕਾਰਖ਼ਾਨੇ ਵਿਚ ਗੈਸ ਬਹੁਤ ਜ਼ਿਆਦਾ ਇਕੱਠੀ ਹੁੰਦੀ ਜਾ ਰਹੀ ਸੀ। ਅਮਰੀਕਾ ਜਾਂ ਯੂਰਪ ਵਿਚ ਅਜਿਹਾ ਹੁੰਦਾ ਤਾਂ ਕੰਪਨੀ ਸਰਕਾਰ ਨੂੰ ਇਹ ਦੱਸਣ ਲਈ ਮਜਬੂਰ ਹੁੰਦੀ ਕਿ ਉਸ ਦੇ ਕਾਰਖ਼ਾਨੇ ਵਿਚ ਇਹ ਗੈਸ ਜ਼ਰੂਰਤ ਤੋਂ ਜ਼ਿਆਦਾ ਇਕੱਠੀ ਹੋ ਗਈ ਹੈ ਅਤੇ ਸਰਕਾਰ ਤੁਰੰਤ ਕੋਈ ਕਾਰਵਾਈ ਕਰਦੀ ਤਾਂ ਜੋ ਕੋਈ ਦੁਰਘਟਨਾ ਨਾ ਵਾਪਰੇ ਪਰ ਯੂਨੀਅਨ ਕਾਰਬਾਈਡ ਨੂੰ ਮੱਧ ਪ੍ਰਦੇਸ਼ ਜਾਂ ਭਾਰਤ ਸਰਕਾਰ ਦੀ ਕੀ ਪ੍ਰਵਾਹ ਸੀ। ਉਹਨੇ ਅਜਿਹੀ ਕੋਈ ਸੂਚਨਾ ਸਰਕਾਰ ਨੂੰ ਨਹੀਂ ਦਿੱਤੀ।"

ਮੈਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਸੀ, ਇਸ ਲਈ ਮੈਂ ਆਖਿਆ, "ਅਜੀਬ ਗੱਲ ਹੈ!"

"ਅਜੀਬ ਗੱਲਾਂ ਤਾਂ ਬਹੁਤ ਸਾਰੀਆਂ ਹਨ, ਰਾਜਨ ਭਾਈ! ਸੁਰੱਖਿਆ ਦੇ ਇੰਤਜ਼ਾਮਾਂ ਦੀ ਕਹਾਣੀ ਸੁਣੋ: ਕਾਰਖ਼ਾਨੇ ਦੇ ਓਵਰਸੀਅਰ ਆਪਣੇ ਅਧਿਕਾਰੀ ਨੂੰ ਕਹਿੰਦੇ ਸਨ ਕਿ ਸਰ, ਵਰਕਰਾਂ ਨੂੰ ਬਿਹਤਰ ਸਿਖਲਾਈ ਦੀ ਜ਼ਰੂਰਤ ਹੈ ਪਰ ਅਧਿਕਾਰੀ ਕਹਿੰਦਾ, ਘੱਟ ਸਿੱਖਿਆ ਨਾਲ ਵੀ ਕੰਮ ਚਲ ਸਕਦਾ ਹੈ। ਓਵਰਸੀਅਰ ਕਹਿੰਦੇ, ਸਰ, ਸਾਰੇ ਮੈਨੂਅਲ ਅੰਗਰੇਜ਼ੀ ਵਿਚ ਹਨ ਅਤੇ ਕਰਮਚਾਰੀ ਅੰਗਰੇਜ਼ੀ ਨਹੀਂ ਜਾਣਦੇ ਪਰ ਅਧਿਕਾਰੀ ਕਹਿੰਦਾ, ਉਹ ਅੰਗਰੇਜ਼ੀ ਨਹੀਂ ਸਮਝਦੇ ਤਾਂ ਤੂੰ ਉਨ੍ਹਾਂ ਨੂੰ ਹਿੰਦੀ ਵਿਚ ਸਮਝਾ ਦੇਹ। ਤੂੰ ਕਿਸ ਮਰਜ਼ ਦੀ ਦਵਾ ਏਂ? ਇਕ ਵਕਤ ਤਾਂ ਅਜਿਹਾ ਵੀ ਆਇਆ ਕਿ ਵਰਕਰਾਂ ਦੀ ਨਿਯਮ ਮੁਤਾਬਕ ਹੋਣ ਵਾਲੀ ਤਰੱਕੀ ਵੀ ਰੋਕ ਦਿੱਤੀ ਗਈ। ਕਹਿ ਦਿੱਤਾ ਗਿਆ ਕਿ ਕੰਪਨੀ ਘਾਟੇ ਵਿਚ ਹੈ ਤਾਂ ਤਰੱਕੀ ਕਿਵੇਂ ਦਿੱਤੀ ਜਾ ਸਕਦੀ ਹੈ? ਕਈ ਲੋਕ ਜਿਹੜੇ ਦੂਸਰੀ ਜਗ੍ਹਾ 'ਤੇ ਵਧੀਆ ਨੌਕਰੀ ਹਾਸਲ ਕਰ ਸਕਦੇ ਸਨ, ਨੌਕਰੀ ਛੱਡ ਕੇ ਚਲੇ ਗਏ ਪਰ ਉਨ੍ਹਾਂ ਦੀ ਜਗ੍ਹਾ ਨਵੀਆਂ ਨਿਯੁਕਤੀਆਂ ਨਹੀਂ ਕੀਤੀਆਂ ਗਈਆਂ। ਸ਼ਾਇਦ ਇਹ ਸੋਚ ਕੇ ਕਿ ਚਲੋ...ਚੰਗਾ ਹੋਇਆ, ਥੋੜ੍ਹਾ ਖ਼ਰਚ ਤਾਂ ਘਟਿਆ ਪਰ ਨਤੀਜਾ ਕੀ ਹੋਇਆ? ਗੈਸ ਦੀ ਸਾਂਭ-ਸੰਭਾਲ ਤੇ ਦੇਖਭਾਲ ਕਰਨ ਵਾਲੇ ਲੋਕ ਬਹੁਤ ਘੱਟ ਰਹਿ ਗਏ। ਮਿਸਾਲ ਦੇ ਤੌਰ 'ਤੇ ਟੈਂਕਾਂ ਵਿਚ ਗੈਸ ਕਿੰਨੀ ਹੈ, ਇਹ ਦੱਸਣ ਲਈ ਜੋ ਇੰਡੀਕੇਟਰ ਲੱਗੇ ਹੋਏ ਸਨ, ਉਨ੍ਹਾਂ ਦੀ ਰੀਡਿੰਗ ਕਾਇਦੇ ਅਨੁਸਾਰ ਹਰ ਘੰਟੇ ਬਾਅਦ ਲਈ ਜਾਣੀ ਚਾਹੀਦੀ ਸੀ। ਪਹਿਲਾਂ ਲਈ ਵੀ ਜਾਂਦੀ ਸੀ ਪਰ ਕਿਉਂਕਿ ਕਰਮਚਾਰੀ ਅੱਧੇ ਰਹਿ ਗਏ ਸਨ, ਇਸ ਲਈ ਉਹ ਰੀਡਿੰਗ ਹਰ ਦੋ ਘੰਟੇ ਬਾਅਦ ਲਈ ਜਾਣ ਲੱਗੀ। ਰਾਤ ਨੂੰ ਰੀਡਿੰਗ ਲਈ ਵੀ ਜਾਂਦੀ ਸੀ ਜਾਂ ਨਹੀਂ, ਰੱਬ ਹੀ ਜਾਣੇ!"

ਮੈਂ ਕਿਤੇ ਪੜ੍ਹਿਆ ਸੀ ਕਿ ਚੁਰਾਸੀ ਤੋਂ 4-5 ਸਾਲ ਪਹਿਲਾਂ ਹੀ ਕਾਰਖ਼ਾਨੇ ਦੇ ਵਰਕਰ ਗੈਸ ਦੇ ਰਿਸਣ ਦੀ ਸ਼ਿਕਾਇਤ ਕਰਨ ਲੱਗ ਪਏ ਸਨ। 81 ਵਿਚ ਕਾਰਖ਼ਾਨੇ ਦੀ ਜਾਂਚ ਲਈ ਕੁਝ ਅਮਰੀਕੀ ਮਾਹਿਰ ਬੁਲਾਏ ਗਏ। ਉਨ੍ਹਾਂ ਨੇ ਖ਼ੁਦ ਮੰਨਿਆ ਸੀ ਕਿ ਮਿਕ ਦੇ ਇਕ ਸਟੋਰੇਜ ਵਿਚ 'ਰਨਵੇ ਰੀਐਕਸ਼ਨ' ਹੋ ਸਕਦਾ ਹੈ।

ਮੈਂ ਉਸ ਗੱਲ ਨੂੰ ਯਾਦ ਕਰ ਰਿਹਾ ਸਾਂ ਅਤੇ ਵਿਜੇ ਨੂੰ ਨੂਰ ਜੀ ਕਹਿ ਰਹੇ ਸਨ, "ਵਿਜੇ ਸਾਹਿਬ, ਤੁਹਾਨੂੰ ਯਾਦ ਨਹੀਂ ਕਿ ਬਿਆਸੀ ਦੇ ਅਕਤੂਬਰ ਮਹੀਨੇ ਵਿਚ ਕੀ ਹੋਇਆ ਸੀ? ਕਾਰਖ਼ਾਨੇ ਵਿਚ ਏਨੀ ਗੈਸ ਲੀਕ ਹੋਈ ਸੀ ਕਿ ਕਈ ਵਰਕਰਾਂ ਨੂੰ ਹਸਪਤਾਲ ਭਰਤੀ ਕਰਾਉਣਾ ਪਿਆ ਸੀ।"




ਵਿਜੇ ਨੇ ਪਲੇਟ ਵਿਚ ਪਏ ਆਖ਼ਰੀ ਪਕੌੜੇ ਨੂੰ ਚਟਣੀ ਨਾਲ ਲਬੇੜਦਿਆਂ ਆਖਿਆ, "ਤਾਂ ਸਾਡੀ ਸਰਕਾਰ ਕੀ ਕਰ ਰਹੀ ਸੀ?"

ਨੂਰ ਨੇ ਕੁਸੈਲਾ ਜਿਹਾ ਮੂੰਹ ਬਣਾਉਂਦਿਆ ਆਖਿਆ, "ਸਾਡੀ ਸਰਕਾਰ...! ਉਹਦੇ ਕੋਲ ਕਾਰਖ਼ਾਨੇ ਦੇ ਆਸ-ਪਾਸ ਹੋਣ ਵਾਲੇ ਵਾਤਾਵਰਣ ਪ੍ਰਦੂਸ਼ਣ ਨੂੰ ਜਾਚਣ ਲਈ ਨਾ ਕੋਈ ਪ੍ਰਬੰਧ ਸੀ ਤੇ ਨਾ ਹੀ ਕੋਈ ਮਸ਼ੀਨ। ਤੇ ਜਦੋਂ ਵਰਕਰਾਂ ਨੇ ਸੰਭਾਵਿਤ ਦੁਰਘਟਨਾਵਾਂ ਤੋਂ ਬਚਣ ਲਈ ਉਪਾਅ ਨਾ ਕਰਨ ਦਾ ਵਿਰੋਧ ਕੀਤਾ ਤਾਂ ਉਹਨੂੰ ਅਣਸੁਣਿਆ ਕਰ ਦਿੱਤਾ ਗਿਆ। ਇਕ ਵਰਕਰ ਨੇ ਆਪਣਾ ਵਿਰੋਧ ਪ੍ਰਗਟ ਕਰਨ ਲਈ ਪੰਦਰਾਂ ਦਿਨਾਂ ਦੀ ਭੁੱਖ-ਹੜਤਾਲ ਕੀਤੀ ਪਰ ਉਹਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਵਰਕਰਾਂ ਦੀ ਸੁਰੱਖਿਆ 'ਤੇ ਹੋਣ ਵਾਲੇ ਖ਼ਰਚ ਵਿਚ ਲਗਾਤਾਰ ਕਟੌਤੀ ਕੀਤੀ ਜਾਂਦੀ ਰਹੀ ਅਤੇ ਗੈਸ ਲੀਕ ਹੋਣ ਨਾਲ ਛੋਟੀਆਂ-ਮੋਟੀਆਂ ਘਟਨਾਵਾਂ ਕਾਰਖ਼ਾਨੇ ਦੇ ਅੰਦਰ ਹੁੰਦੀਆਂ ਰਹੀਆਂ। ਚੁਰਾਸੀ ਵਿਚ ਜੋ ਕੁਝ ਹੋਇਆ, ਉਹ ਖ਼ਰਚ ਦੀ ਕੀਤੀ ਕਟੌਤੀ ਅਤੇ ਲਾਪ੍ਰਵਾਹੀ ਦਾ ਹੀ ਨਤੀਜਾ ਸੀ।"

ਵਿਜੇ ਫਿਰ ਕੁਝ ਬੋਲਣ ਲੱਗਾ ਪਰ ਨੂਰ ਸਾਹਿਬ ਨੇ ਆਪਣੀ ਗੱਲ ਜਾਰੀ ਰੱਖੀ, "ਤੁਹਾਨੂੰ ਪਤਾ ਹੈ, ਮਿਕ ਨੂੰ ਲੀਕ ਹੋਣ ਤੋਂ ਰੋਕਣ ਲਈ ਉਸ ਦਾ ਮੈਂਟੇਨੈਂਸ ਟੈਂਪਰੇਚਰ 4 ਜਾਂ 5 ਡਿਗਰੀ ਰੱਖਣਾ ਜ਼ਰੂਰੀ ਹੈ? ਇਸ ਵਾਸਤੇ ਕਾਰਖ਼ਾਨੇ ਵਿਚ ਰੈਫਰੀਜਰੇਸ਼ਨ ਸਿਸਟਮ ਸੀ ਪਰ ਪਾਵਰ ਦਾ ਖ਼ਰਚ ਬਚਾਉਣ ਲਈ ਉਹ ਸਿਸਟਮ ਬੰਦ ਕਰ ਦਿੱਤਾ ਗਿਆ ਅਤੇ ਗੈਸ ਵੀਹ ਡਿਗਰੀ ਸੈਲਸੀਅਸ ਦੇ ਤਾਪਮਾਨ 'ਤੇ ਰੱਖੀ ਜਾ ਰਹੀ ਸੀ। ਫਿਰ ਜਿਹੜਾ ਟੈਂਕ ਫਟਿਆ, ਉਹ ਇਕ ਹਫ਼ਤੇ ਤੋਂ ਚੰਗੀ ਤਰ੍ਹਾਂ ਕੰਮ ਨਹੀਂ ਸੀ ਕਰ ਰਿਹਾ ਪਰ ਉਹਨੂੰ ਠੀਕ ਕਰਾਉਣ ਦੀ ਬਜਾਏ ਅਧਿਕਾਰੀਆਂ ਨੇ ਉਹਨੂੰ ਉਸੇ ਹਾਲਤ ਵਿਚ ਛੱਡ ਦਿੱਤਾ ਅਤੇ ਦੂਸਰੇ ਟੈਂਕਾਂ ਤੋਂ ਕੰਮ ਲੈਣ ਲੱਗ ਪਏ। ਨਤੀਜਾ ਇਹ ਹੋਇਆ ਕਿ ਉਸ ਟੈਂਕ ਅੰਦਰ ਪ੍ਰੈਸ਼ਰ ਕੂਕਰ ਵਰਗਾ ਦਬਾਅ ਬਣ ਗਿਆ ਅਤੇ ਵਿਸਫੋਟ ਹੋ ਗਿਆ।"

ਨੂਰ ਨੇ ਅੱਖਾਂ ਬੰਦ ਕਰ ਲਈਆਂ ਜਿਵੇਂ ਹੁਣੇ-ਹੁਣੇ ਉਸ ਵਿਸਫੋਟ ਨੂੰ ਸੁਣਿਆ ਹੋਵੇ ਤੇ ਉਹਦੇ ਨਾਲ ਹੋਣ ਵਾਲੀ ਤਬਾਹੀ ਆਪਣੇ ਅੰਦਰ ਕਿਸੇ ਪਰਦੇ 'ਤੇ ਤੱਕ ਰਹੇ ਹੋਣ।

"ਤੁਸੀਂ ਤਾਂ ਪੂਰੀ ਰਿਸਰਚ ਕੀਤੀ ਹੋਈ ਹੈ, ਸਰ!" ਵਿਜੇ ਨੇ ਆਖ਼ਰੀ ਪਕੌੜਾ ਖਾ ਕੇ ਰੁਮਾਲ ਨਾਲ ਹੱਥ-ਮੂੰਹ ਪੂੰਝਦਿਆਂ ਆਖਿਆ।

ਨੂਰ ਨੇ ਆਪਣੇ ਕੱਪ ਵਿਚ ਠੰਢੀ ਹੋ ਚੁੱਕੀ ਚਾਹ ਨੂੰ ਇਕੋ ਘੁੱਟ ਵਿਚ ਖ਼ਤਮ ਕੀਤਾ ਅਤੇ ਉਸ ਭਿਆਨਕ ਰਾਤ ਬਾਰੇ ਦੱਸਣ ਲੱਗੇ ਜਿਸ ਰਾਤ ਉਨ੍ਹਾਂ ਦਾ ਸਾਰਾ ਪਰਿਵਾਰ ਗੈਸ ਕਾਂਡ ਵਿਚ ਮਾਰਿਆ ਗਿਆ ਸੀ, "ਉਸ ਰਾਤ ਜਿਸ ਟੈਂਕ ਵਿਚੋਂ ਗੈਸ ਨਿਕਲੀ ਸੀ, ਉਹਦਾ ਕਾਰਬਨ-ਸਟੀਲ ਵਾਲਵ ਗਲਿਆ ਹੋਇਆ ਲੱਭਾ ਸੀ ਪਰ ਉਹਨੂੰ ਠੀਕ ਨਹੀਂ ਸੀ ਕਰਵਾਇਆ ਗਿਆ। ਏਨਾ ਹੀ ਨਹੀਂ, ਉਸ ਟੈਂਕ 'ਤੇ ਲੱਗਾ ਆਟੋਮੈਟਿਕ ਅਲਾਰਮ ਪਿਛਲੇ ਚਾਰ ਸਾਲ ਤੋਂ ਕੰਮ ਨਹੀਂ ਸੀ ਕਰ ਰਿਹਾ। ਉਹਦੀ ਜਗ੍ਹਾ ਮੈਨੂਅਲ ਅਲਾਰਮ ਨਾਲ ਕੰਮ ਚਲਾਇਆ ਜਾ ਰਿਹਾ ਸੀ। ਇਹੋ ਕਾਰਖ਼ਾਨਾ ਅਮਰੀਕਾ ਵਿਚ ਹੁੰਦਾ ਤਾਂ ਕੀ ਉਥੇ ਅਜਿਹੀ ਲਾਪ੍ਰਵਾਹੀ ਕੀਤੀ ਜਾ ਸਕਦੀ ਸੀ? ਉਥੇ ਅਜਿਹੇ ਟੈਂਕਾਂ 'ਤੇ ਇਕ ਨਹੀਂ, ਚਾਰ-ਚਾਰ ਅਲਾਰਮ ਸਿਸਟਮ ਹੁੰਦੇ ਹਨ ਅਤੇ ਗੈਸ ਲੀਕ ਹੋਣ ਦਾ ਜ਼ਰਾ ਜਿੰਨਾ ਸ਼ੱਕ ਪੈਂਦਿਆਂ ਹੀ ਖ਼ਤਰੇ ਦੀਆਂ ਘੰਟੀਆਂ ਵੱਜਣ ਲੱਗ ਪੈਂਦੀਆਂ ਹਨ ਪਰ ਇਥੇ ਕੋਈ ਘੰਟੀ ਨਹੀਂ ਵੱਜੀ। ਉਥੋਂ ਦੇ ਲੋਕਾਂ ਦੀ ਹਿਫ਼ਾਜ਼ਤ ਜ਼ਰੂਰੀ ਹੈ, ਇਥੋਂ ਦੇ ਲੋਕ ਤਾਂ ਕੀੜੇ-ਮਕੌੜੇ ਹਨ। ਮਰਦੇ ਹਨ ਤਾਂ ਮਰ ਜਾਣ, ਕੰਪਨੀ ਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ।"

ਹੁਣ ਤਕ ਨੂਰ ਸਾਹਿਬ ਕਿਸੇ ਵਿਗਿਆਨੀ ਵਾਂਗ ਬਿਨਾਂ ਰੁਕੇ ਬੋਲਦੇ ਆ ਰਹੇ ਸਨ ਪਰ 'ਕੀੜੇ-ਮਕੌੜੇ' ਕਹਿੰਦਿਆਂ ਉਨ੍ਹਾਂ ਦਾ ਗਲਾ ਭਰ ਗਿਆ ਅਤੇ ਗੱਲ ਪੂਰੀ ਹੁੰਦਿਆਂ-ਹੁੰਦਿਆਂ ਉਨ੍ਹਾਂ ਦੀਆਂ ਅੱਖਾਂ ਵਿਚੋਂ ਅੱਥਰੂ ਵਗਣ ਲੱਗ ਪਏ।

ਮੈਂ ਉਨ੍ਹਾਂ ਨੂੰ ਹੌਸਲਾ ਦੇਣ ਲਈ ਉਠਿਆ ਪਰ ਉਨ੍ਹਾਂ ਨੇ ਮੈਨੂੰ ਹੱਥ ਦੇ ਇਸ਼ਾਰੇ ਨਾਲ ਰੋਕ ਦਿੱਤਾ ਅਤੇ ਉਠ ਕੇ ਬਾਥਰੂਮ ਵਿਚ ਜਾ ਕੇ ਦਰਵਾਜ਼ਾ ਬੰਦ ਕਰ ਲਿਆ। ਮੈਨੂੰ ਲੱਗਾ, ਬਾਥਰੂਮ ਦੇ ਅੰਦਰ ਉਹ ਉਚੀ ਉਚੀ ਰੋ ਰਹੇ ਹੋਣਗੇ।

"ਇਹ ਕਦੇ ਵੀ ਕੋਈ ਨਾਵਲ ਨਹੀਂ ਲਿਖ ਸਕਦੇ," ਵਿਜੇ ਨੇ ਬਾਥਰੂਮ ਦੇ ਬੰਦ ਬੂਹੇ ਵੱਲ ਵੇਖ ਕੇ ਨਫ਼ਰਤ ਨਾਲ ਕਿਹਾ।

"ਕਿਉਂ?" ਮੈਂ ਜ਼ਰਾ ਗੁੱਸੇ ਨਾਲ ਪੁੱਛਿਆ।

"ਕਿਉਂਕਿ ਇਨ੍ਹਾਂ ਦੇ ਕੋਲ ਸਿਰਫ਼ ਤੱਥ ਅਤੇ ਅੰਕੜੇ ਹਨ। ਕਹਾਣੀ ਨਹੀਂ ਹੈ?" ਵਿਜੇ ਨੇ ਇੰਜ ਆਖਿਆ ਜਿਵੇਂ ਉਹ ਕਹਾਣੀ-ਕਲਾ ਵਿਚ ਮਾਹਿਰ ਹੋਵੇ," ਮੈਂ ਇਹ ਉਮੀਦ ਕਰ ਰਿਹਾ ਸਾਂ ਕਿ ਉਹ ਤੁਹਾਨੂੰ ਆਪਣੇ ਨਿਜੀ ਅਨੁਭਵ ਸੁਣਾਉਣਗੇ ਪਰ ਉਹ ਤਾਂ ਆਪਣੀ ਰਿਸਰਚ ਦਾ ਥੀਸਿਸ ਸੁਣਾਉਣ ਬਹਿ ਗਏ ਅਤੇ ਇਨ੍ਹਾਂ ਦੇ ਥੀਸਿਸ ਵਿਚ ਹੈ ਹੀ ਕੀ? ਸਿਰਫ਼ ਇਕ ਚੀਜ਼-ਅਮਰੀਕਾ ਦੀ ਮੰਜੀ ਠੋਕਣੀ। ਮੁਸਲਮਾਨ ਜੋ ਹੋਏ?"

"ਕੀ ਮਤਲਬ?" ਮੈਨੂੰ ਉਹਦੇ 'ਤੇ ਗੁੱਸਾ ਆਇਆ।

"ਅਮਰੀਕਾ ਮੁਸਲਮਾਨਾਂ ਨੂੰ ਪਸੰਦ ਨਹੀਂ ਕਰਦਾ ਨਾ, ਉਹ ਇਨ੍ਹਾਂ ਨੂੰ ਅਤਿਵਾਦੀ ਮੰਨਦਾ ਹੈ...ਤੇ ਇਹ ਲੋਕ ਅਤਿਵਾਦੀ ਹੁੰਦੇ ਵੀ ਹਨ।"

"ਤੁਹਾਨੂੰ ਅਜਿਹੀਆਂ ਗੱਲਾਂ ਕਰਦਿਆਂ ਸ਼ਰਮ ਨਹੀਂ ਆਉਂਦੀ? ਤੁਸੀਂ ਇਕ ਨਿਹਾਇਤ ਸ਼ਰੀਫ਼ ਇਨਸਾਨ ਦੇ ਘਰ ਬੈਠੇ ਹੋ ਜਿਸ ਦਾ ਸਾਰਾ ਪਰਿਵਾਰ ਗੈਸ ਕਾਂਡ ਵਿਚ ਮਾਰਿਆ ਜਾ ਚੁੱਕਾ ਹੈ ਤੇ ਤੁਸੀਂ ਉਹਨੂੰ ਮੁਸਲਮਾਨ ਤੇ ਅਤਿਵਾਦੀ ਦੇ ਰੂਪ ਵਿਚ ਵੇਖ ਰਹੇ ਹੋ? ਤੁਸੀਂ ਤਾਂ ਭੋਪਾਲ ਵਿਚ ਰਹਿੰਦੇ ਹੋ, ਤੁਹਾਨੂੰ ਤਾਂ ਪਤਾ ਹੀ ਹੋਵੇਗਾ ਕਿ ਉਸ ਗੈਸ ਕਾਂਡ ਵਿਚ ਸਿਰਫ਼ ਮੁਸਲਮਾਨ ਨਹੀਂ, ਸਾਰੇ ਧਰਮਾਂ ਦੇ ਲੋਕ ਮਾਰੇ ਗਏ ਸਨ। ਯੂਨੀਅਨ ਕਾਰਬਾਈਡ ਦੇ ਲਈ ਉਹ ਸਾਰੇ ਇਕੋ ਜਿਹੇ ਕੀੜੇ-ਮਕੌੜੇ ਹੀ ਸਨ।"

"ਤੁਸੀਂ ਤਾਂ ਉਨ੍ਹਾਂ ਦੀ ਵਕਾਲਤ ਕਰ ਰਹੇ ਹੋ। ਤੁਸੀਂ ਦੋਵੇਂ ਲੋਕਵਾਦੀ ਹੋ ਨਾ," ਵਿਜੇ ਨੇ ਵਿਅੰਗ ਨਾਲ ਕਿਹਾ, "ਮੈਂ ਤਾਂ ਇਹ ਸੋਚ ਰਿਹਾ ਸਾਂ ਕਿ ਕਿ ਮੈਨੂੰ ਕੋਈ ਚੰਗੀ ਕਹਾਣੀ ਸੁਣਨ ਨੂੰ ਮਿਲੂਗੀ।"

"ਚੰਗੀ ਕਹਾਣੀ ਤੋਂ ਤੁਹਾਡਾ ਕੀ ਮਤਲਬ ਹੈ?" ਮੇਰਾ ਗੁੱਸਾ ਵਧਦਾ ਜਾ ਰਿਹਾ ਸੀ।

"ਮੈਂ ਸੋਚ ਰਿਹਾ ਸਾਂ, ਨੂਰ ਸਾਹਿਬ ਇਹ ਦੱਸਣਗੇ ਕਿ ਪਰਿਵਾਰ ਦੇ ਖ਼ਤਮ ਹੋਣ 'ਤੇ ਇਨ੍ਹਾਂ ਨੇ ਕੀ ਮਹਿਸੂਸ ਕੀਤਾ? ਇਕੱਲੇ ਰਹਿ ਜਾਣ 'ਤੇ ਇਨ੍ਹਾਂ ਨੂੰ ਕਿਹੜੇ-ਕਿਹੜੇ ਅਨੁਭਵ ਹੋਏ? ਮੁੜ ਘਰ ਵਸਾਉਣ ਦਾ ਵਿਚਾਰ ਮਨ ਵਿਚ ਆਇਆ ਕਿ ਨਹੀਂ ਆਇਆ...ਤੇ ਸਭ ਤੋਂ ਖ਼ਾਸ ਗੱਲ ਇਹ ਕਿ ਇਨ੍ਹਾਂ ਸਾਲਾਂ ਵਿਚ ਇਨ੍ਹਾਂ ਦੀ ਸੈਕਸੁਅਲ ਲਾਈਫ਼ ਕਿਵੇਂ ਰਹੀ। ਸੈਕਸ ਤਾਂ ਇਨਸਾਨ ਦੀ ਬੇਸਿਕ ਨੀਡ ਹੈ ਨਾ। ਤੇ ਇਹ ਤੁਸੀਂ ਵੇਖ ਹੀ ਰਹੇ ਹੋ, ਦਾਦਾ ਆਪਣੀ ਜਵਾਨ ਪੋਤਰੀ ਨਾਲ ਘਰ ਵਿਚ ਇਕੱਲਾ ਮੌਜਾਂ ਕਰ ਰਿਹਾ ਹੈ।"

"ਸ਼ੱਟ ਅੱਪ ਐਂਡ ਗੈਟ ਆਊਟ," ਮੈਂ ਵਿਜੇ ਨੂੰ ਉਂਗਲ ਹਿਲਾ ਕੇ ਹੁਕਮ ਦਿੱਤਾ ਅਤੇ ਜਦੋਂ ਉਹ ਨਾਸਮਝ ਜਿਹਾ ਉਠ ਕੇ ਖੜ੍ਹਾ ਹੋ ਗਿਆ ਤਾਂ ਮੈਂ ਜ਼ੋਰ ਦੇ ਕੇ ਆਖਿਆ, "ਹੁਣ ਤੂੰ ਤੁਰੰਤ ਏਥੋਂ ਚਲਾ ਜਾ। ਮੈਂ ਹੁਣ ਤੈਨੂੰ ਇਕ ਪਲ ਵੀ ਬਰਦਾਸ਼ਤ ਨਹੀਂ ਕਰ ਸਕਦਾ। ਜਾਓ, ਨਿਕਲ ਜਾਓ।"

"ਪਰ ਮੈਂ ਤਾਂ ਤੁਹਾਨੂੰ ਤੁਹਾਡੇ ਹੋਟਲ ਤਕ ਛੱਡਣ...।"

"ਮੇਰਾ ਫ਼ਿਕਰ ਛੱਡੋ ਅਤੇ ਜਾਓ," ਮੈਂ ਸ਼ਾਇਦ ਕੁਝ ਇਸ ਤਰ੍ਹਾਂ ਆਖਿਆ ਕਿ ਉਹ ਡਰ ਗਿਆ ਤੇ ਆਪਣੀ ਕਾਰ ਦੀ ਚਾਬੀ ਚੁੱਕ ਕੇ ਕਮਰੇ ਵਿਚੋਂ ਨਿਕਲ ਗਿਆ।

ਨੂਰ ਬਾਥਰੂਮ ਵਿਚੋਂ ਬਾਹਰ ਆ ਗਏ ਤਾਂ ਉਨ੍ਹਾਂ ਨੇ ਪੁੱਛਿਆ ਕਿ ਵਿਜੇ ਕਿੱਥੇ ਗਿਆ? ਮੈਂ ਉਨ੍ਹਾਂ ਨੂੰ ਦੱਸ ਦਿੱਤਾ ਕਿ ਉਹ ਬਕਵਾਸ ਕਰ ਰਿਹਾ ਸੀ ਤੇ ਮੈਂ ਉਹਨੂੰ ਭਜਾ ਦਿੱਤਾ। ਨੂਰ ਇਸ ਗੱਲ 'ਤੇ ਕੁਝ ਨਾ ਬੋਲੇ ਪਰ ਮੈਨੂੰ ਲੱਗਾ ਕਿ ਉਨ੍ਹਾਂ ਨੇ ਸੁਖ ਦਾ ਸਾਹ ਲਿਆ ਹੈ। ਫਿਰ ਆਇਸ਼ਾ ਪਕੌੜਿਆਂ ਵਾਲੀ ਖ਼ਾਲੀ ਪਲੇਟ ਅਤੇ ਚਾਹ ਵਾਲੇ ਖ਼ਾਲੀ ਕੱਪ ਚੁੱਕਣ ਆਈ। ਉਹਨੇ ਮੈਨੂੰ ਆਖਿਆ, "ਦਾਦੂ, ਚੰਗਾ ਕੀਤਾ ਤੁਸੀਂ ਉਸ ਬਦਮਾਸ਼ ਨੂੰ ਭਜਾ ਦਿੱਤਾ। ਮੈਂ ਸਭ ਸੁਣ ਰਹੀ ਸਾਂ," ਉਹ ਕਾਫ਼ੀ ਗ਼ੁੱਸੇ ਵਿਚ ਸੀ।

"ਸਾਹਿਤਕਾਰ ਬਣਦੇ ਹਨ ਪਰ ਸਮਝ ਅਤੇ ਤਮੀਜ਼ ਬਿਲਕੁਲ ਨਹੀਂ," ਨੂਰ ਵੀ ਗ਼ੁੱਸੇ ਵਿਚ ਸਨ।

ਮੈਂ ਉਸ ਪ੍ਰਸੰਗ ਨੂੰ ਉਥੇ ਹੀ ਖ਼ਤਮ ਕਰਨ ਲਈ ਆਖਿਆ, "ਆਇਸ਼ਾ ਬੇਟੀ, ਤੈਨੂੰ ਮਿਲ ਕੇ ਬਹੁਤ ਚੰਗਾ ਲੱਗਾ। ਤੇਰੇ ਮਾਂ-ਪਿਉ ਵੀ ਏਥੇ ਹੁੰਦੇ ਤਾਂ ਚੰਗਾ ਰਹਿੰਦਾ। ਮੈਂ ਉਨ੍ਹਾਂ ਨੂੰ ਵੀ ਮਿਲ ਲੈਂਦਾ।"

"ਉਹ ਦੋਵੇਂ ਮੁੰਬਈ ਗਏ ਹਨ," ਨੂਰ ਨੇ ਉਦਾਸ ਆਵਾਜ਼ ਵਿਚ ਆਖਿਆ, "ਉਥੇ ਇਹਦੀ ਮਾਂ ਦਾ ਇਲਾਜ ਹੋ ਰਿਹਾ ਹੈ। ਉਹਦੀਆਂ ਅੱਖਾਂ ਤਾਂ ਬਚ ਗਈਆਂ ਪਰ ਫੇਫੜੇ ਅਜੇ ਵੀ ਜ਼ਖ਼ਮੀ ਹਨ।"

"ਕੀ ਉਹ ਵੀ...?" ਮੈਂ ਸਹਿਮ ਗਿਆ।

"ਹਾਂ, ਉਸ ਰਾਤ ਬਦਕਿਸਮਤੀ ਨਾਲ ਉਹ ਸਾਡੇ ਹੀ ਘਰ ਸੀ। ਮੈਂ ਇੰਦੌਰ ਗਿਆ ਹੋਇਆ ਸੀ ਤੇ ਮੇਰੀ ਮਾਂ ਦੀ ਤਬੀਅਤ ਠੀਕ ਨਹੀਂ ਸੀ। ਆਇਸ਼ਾ ਉਦੋਂ ਬਹੁਤ ਛੋਟੀ ਸੀ। ਡੇਢ-ਦੋ ਸਾਲ ਦੀ। ਇਹਦੀ ਮਾਂ ਇਹਨੂੰ ਦਾਦੀ ਕੋਲ ਛੱਡ ਕੇ ਇਕੱਲੀ ਹੀ ਚਲੀ ਗਈ ਕਿ ਸ਼ਾਮ ਤਕ ਵਾਪਸ ਆ ਜਾਵੇਗੀ ਪਰ ਮੇਰੀ ਮਾਂ ਨੇ ਉਹਨੂੰ ਰੋਕ ਲਿਆ ਕਿ ਸਵੇਰੇ ਚਲੀ ਜਾਵੀਂ ਤੇ ਉਸ ਰਾਤ ਉਹ ਕਾਂਡ ਹੋ ਗਿਆ। ਵਿਚਾਰੀ ਉਹ ਵੀ ਕਾਂਡ ਦੀ ਲਪੇਟ ਵਿਚ ਆ ਗਈ। ਆਇਸ਼ਾ, ਉਹਦੇ ਅੱਬੂ ਅਤੇ ਦਾਦਾ-ਦਾਦੀ ਬਚ ਗਏ ਕਿਉਂਕਿ ਇਹ ਲੋਕ ਸ਼ਹਿਰ ਦੇ ਉਸ ਇਲਾਕੇ ਵਿਚ ਰਹਿੰਦੇ ਸਨ ਜਿਥੇ ਗੈਸ ਨਹੀਂ ਸੀ ਪਹੁੰਚੀ। ਹੁਣ ਇਹਨੂੰ ਕਿਸਮਤ ਕਹਿਣਾ ਚਾਹੀਦਾ ਹੈ ਜਾਂ ਚਮਤਕਾਰ, ਮੇਰੇ ਘਰ ਉਸ ਰਾਤ ਬਾਕੀ ਸਾਰੇ ਮਰ ਗਏ, ਆਇਸ਼ਾ ਦੀ ਮਾਂ ਬਚ ਗਈ। ਪਰ ਬਸ...ਜ਼ਿੰਦਾ ਹੀ ਬਚੀ। ਬੀਮਾਰ ਉਹ ਹੁਣ ਵੀ ਹੈ। ਏਥੇ ਉਹਦਾ ਇਲਾਜ ਚੰਗੀ ਤਰ੍ਹਾਂ ਨਹੀਂ ਸੀ ਹੋ ਰਿਹਾ। ਮੁੰਬਈ ਲੈ ਕੇ ਜਾਣਾ ਪਿਆ। ਉਥੋਂ ਦੇ ਇਲਾਜ ਨਾਲ ਥੋੜ੍ਹਾ ਫ਼ਰਕ ਹੈ, ਸੋ ਉਥੇ ਹੀ ਇਲਾਜ ਚੱਲ ਰਿਹਾ ਹੈ। ਮਹੀਨੇ ਵਿਚ ਦੋ ਵਾਰ ਲੈ ਕੇ ਜਾਣਾ ਪੈਂਦਾ ਹੈ। ਏਨੇ ਸਾਲ ਹੋ ਗਏ।"

ਆਇਸ਼ਾ ਜੂਠੇ ਭਾਂਡਿਆਂ ਵਾਲੀ ਟ੍ਰੇਅ ਚੁੱਕੀ ਸੁਣ ਰਹੀ ਸੀ। ਆਖ਼ਰ ਉਹਨੇ ਨੂਰ ਨੂੰ ਟੋਕ ਹੀ ਦਿੱਤਾ, "ਦਾਦੂ, ਇਹ ਕਿਉਂ ਨਹੀਂ ਕਹਿੰਦੇ ਕਿ ਤੁਸੀਂ ਹੀ ਮੇਰੀ ਮਾਂ ਨੂੰ ਬਚਾਇਆ ਹੈ। ਉਨ੍ਹਾਂ ਦੇ ਇਲਾਜ ਲਈ ਜਿੰਨਾ ਖ਼ਰਚ ਹੋ ਰਿਹਾ ਹੈ, ਓਨਾ ਖ਼ਰਚਾ ਤਾਂ ਇਕੱਲੇ ਅੱਬੂ ਕਦੇ ਵੀ ਨਾ ਕਰ ਸਕਦੇ। ਇੰਜ ਕਹੋ ਕਿ ਤੁਸੀਂ ਮਾਂ ਨੂੰ ਹੀ ਨਹੀਂ, ਅੱਬੂ ਨੂੰ ਅਤੇ ਮੈਨੂੰ ਵੀ ਬਚਾ ਲਿਆ।"

"ਨਹੀਂ ਪੁੱਤ, ਗੱਲ ਬਿਲਕੁਲ ਉਲਟ ਹੈ। ਤੁਸਾਂ ਸਾਰਿਆਂ ਨੇ ਮੈਨੂੰ ਬਚਾ ਲਿਆ। ਇਕੱਲਾ ਤਾਂ ਮੈਂ ਟੁੱਟ ਗਿਆ ਹੁੰਦਾ! ਕਦੋਂ ਦਾ ਕਬਰਿਸਤਾਨ ਪਹੁੰਚ ਗਿਆ ਹੁੰਦਾ!!"

ਨੂਰ ਬਹੁਤ ਭਾਵੁਕ ਹੋ ਗਏ ਸਨ। ਸ਼ਾਇਦ ਫਿਰ ਰੋ ਪੈਂਦੇ ਪਰ ਆਇਸ਼ਾ ਨੇ ਸਮਝਦਾਰੀ ਦਿਖਾਈ। ਕਹਿਣ ਲੱਗੀ, "ਚੰਗਾ, ਇਹ ਗੱਲਾਂ ਛੱਡੋ, ਇਹ ਦੱਸੋ ਕਿ ਖਾਣ ਵਾਸਤੇ ਕੀ ਬਣਾਵਾਂ?"

"ਇਹ ਤਾਂ ਆਪਣੇ ਦਿੱਲੀ ਵਾਲੇ ਦਾਦੂ ਨੂੰ ਹੀ ਪੁੱਛ," ਨੂਰ ਨੇ ਹੱਸ ਕੇ ਆਖਿਆ।

"ਨਹੀਂ...ਨਹੀਂ...ਤੁਸੀਂ ਖੇਚਲ ਨਾ ਕਰੋ। ਮੇਰੇ ਖਾਣ ਦਾ ਪ੍ਰਬੰਧ ਹੋਟਲ ਵਿਚ ਹੈ," ਮੈਂ ਆਖਿਆ ਤੇ ਉਠ ਕੇ ਖਲੋ ਗਿਆ, "ਹੁਣ ਮੈਂ ਚਲਦਾ ਹਾਂ।"

"ਖਾਣਾ ਖਾ ਕੇ ਜਾਇਓ ਦਾਦੂ ਜੀ! ਮੈਂ ਬਹੁਤ ਵਧੀਆ ਬਣਾਉਂਦੀ ਹਾਂ।"

"ਉਹ ਤਾਂ ਮੈਂ ਤੇਰੇ ਬਣੇ ਹੋਏ ਪਕੌੜੇ ਖਾ ਕੇ ਹੀ ਸਮਝ ਗਿਆ ਹਾਂ," ਮੈਂ ਆਖਿਆ।

"ਤਾਂ ਚਲੋ...ਮੈਂ ਤੁਹਾਨੂੰ ਛੱਡ ਆਵਾਂ," ਨੂਰ ਵੀ ਉਠ ਕੇ ਖਲੋ ਗਏ, "ਆਇਸ਼ਾ ਬੇਟਾ, ਗੱਡੀ ਦੀ ਚਾਬੀ।"

"ਤੁਸੀਂ ਕਿਉਂ ਤਕਲੀਫ਼ ਕਰਦੇ ਹੋ, ਮੈਂ ਚਲਿਆ ਜਾਵਾਂਗਾ।"

"ਵਾਹ, ਇਹ ਕਿਵੇਂ ਹੋ ਸਕਦਾ ਹੈ!" ਨੂਰ ਨੇ ਆਖਿਆ, "ਥੋੜ੍ਹੀ ਦੇਰ ਬੈਠੋ, ਮੈਂ ਤਿਆਰ ਹੋ ਲਵਾਂ।"

"ਨਹੀਂ ਨੂਰ ਭਾਈ, ਬਿਲਕੁਲ ਨਹੀਂ। ਮੈਂ ਤਾਂ ਆਖਾਂਗਾ ਕਿ ਤੁਸਾਂ ਮੇਰਾ ਭੋਪਾਲ ਆਉਣਾ ਸਾਰਥਿਕ ਕਰ ਦਿੱਤਾ। ਸੱਚ ਦੱਸਾਂ ਤਾਂ ਤੁਹਾਨੂੰ ਮਿਲਣ ਤੋਂ ਪਹਿਲਾਂ ਮੈਂ ਡਰ ਰਿਹਾ ਸਾਂ ਕਿ ਕਿਤੇ ਮੈਂ ਤੁਹਾਨੂੰ ਖਿੰਡਰੇ ਹੋਏ ਇਨਸਾਨ ਦੇ ਰੂਪ ਵਿਚ ਨਾ ਤੱਕਾਂ ਪਰ ਤੁਸੀਂ ਤਾਂ ਯੋਧੇ ਇਨਸਾਨ ਹੋ। ਸੱਚਮੁਚ ਰਚਨਾਕਾਰ ਨੂੰ ਇਵੇਂ ਹੀ ਹੋਣਾ ਚਾਹੀਦਾ ਹੈ। ਮੈਂ ਤਾਂ ਸੋਚ ਵੀ ਨਹੀਂ ਸਕਦਾ ਸੀ ਕਿ ਇਕ ਸ਼ਾਇਰ ਏਨੇ ਸਾਲਾਂ ਤੋਂ ਨਾਵਲ ਲਿਖਣ ਦੀ ਤਿਆਰੀ ਕਰ ਰਿਹਾ ਹੋਵੇਗਾ ਤੇ ਉਹ ਵੀ ਅਜਿਹਾ ਨਾਵਲ!"

ਗੱਲ ਫਿਰ ਨਾਵਲ 'ਤੇ ਆ ਗਈ ਤੇ ਨੂਰ ਫਿਰ ਜੋਸ਼ ਵਿਚ, "ਨਾਵਲ ਵਾਸਤੇ ਮਸਾਲਾ ਤਾਂ ਮੈਂ ਬਹੁਤ ਇਕੱਠਾ ਕਰ ਲਿਆ ਹੈ ਪਰ ਇਹ ਸਮਝ ਨਹੀਂ ਆਉਂਦੀ ਕਿ ਇਸ ਨੂੰ ਕਹਾਣੀ ਦੇ ਰੂਪ ਵਿਚ ਕਿਸ ਤਰ੍ਹਾਂ ਢਾਲਾਂ। ਮੈਂ ਜਿਹੜੀ ਕਹਾਣੀ ਕਹਿਣਾ ਚਾਹੁੰਦਾ ਹਾਂ, ਉਹ ਕਿਸੇ ਬੰਦੇ ਦੀ, ਪਰਿਵਾਰ ਦੀ, ਸ਼ਹਿਰ ਦੀ ਜਾਂ ਦੇਸ਼ ਦੀ ਨਹੀਂ ਸਗੋਂ ਸਾਰੀ ਦੁਨੀਆਂ ਦੀ ਕਹਾਣੀ ਹੋਵੇਗੀ। ਮੈਨੂੰ ਲੱਗਦਾ ਹੈ, ਗਲੋਬਲਾਈਜ਼ੇਸ਼ਨ ਦੇ ਇਸ ਦੌਰ ਵਿਚ ਸਾਹਿਤ ਨੂੰ ਵੀ ਗਲੋਬਲ ਹੋਣਾ ਪਵੇਗਾ ਪਰ ਕਿਸ ਤਰ੍ਹਾਂ?"

"ਮੈਂ ਵੀ ਅੱਜ ਕੱਲ੍ਹ ਇਸੇ ਸਮੱਸਿਆ ਨਾਲ ਜੂਝ ਰਿਹਾ ਹਾਂ।"

"ਤਾਂ ਕੁਝ ਦੱਸੋ ਫਿਰ...ਮੈਨੂੰ ਇਹ ਨਾਵਲ ਕਿਵੇਂ ਲਿਖਣਾ ਚਾਹੀਦਾ ਹੈ?"

"ਨੂਰ ਭਾਈ ਸਾਹਿਬ, ਮੈਂ ਕਿਵੇਂ ਦੱਸ ਸਕਦਾ ਹਾਂ? ਲਿਖਣਾ ਚਾਹੇ ਜਿੰਨਾ ਚਾਹੋ, ਜਨ ਧਰਾਤਲ ਜਾਂ ਵਿਸ਼ਵ ਪੱਧਰ ਦਾ ਹੋ ਜਾਵੇ, ਅਖ਼ੀਰ ਉਹ ਬਿਲਕੁਲ ਵਿਅਕਤੀਗਤ ਕੰਮ ਹੈ। ਇਹ ਤਾਂ ਉਹ ਜੰਗਲ ਹੈ ਜੀਹਦੇ ਵਿਚ ਹਰ ਕਿਸੇ ਨੂੰ ਆਪਣਾ ਰਸਤਾ ਖ਼ੁਦ ਹੀ ਬਣਾਉਣਾ ਪੈਂਦਾ ਹੈ।"

"ਚੰਗਾ, ਤੁਸੀਂ ਨਾਵਲ ਵਾਸਤੇ ਕੋਈ ਚੰਗਾ ਜਿਹਾ ਨਾਂ ਤਾਂ ਸੁਝਾਅ ਹੀ ਸਕਦੇ ਹੋ?"

"ਤੁਸਾਂ ਕੀ ਸੋਚਿਆ ਹੈ?"

"ਮੈਂ ਤਾਂ 'ਕੀਟਨਾਸ਼ਕ' ਸੋਚਿਆ ਹੈ। ਕਿਹੋ ਜਿਹਾ ਹੈ? ਮੈਂ ਇਸ ਦੇਸ਼ ਦੇ ਕਿਸਾਨਾਂ ਨੂੰ ਉਨ੍ਹਾਂ ਹਾਲਾਤ ਨਾਲ ਵੀ ਜੋੜਨਾ ਚਾਹੁੰਦਾ ਹਾਂ ਜਿਹੜੇ ਅਕਸਰ ਕੀਟਨਾਸ਼ਕ ਹੀ ਖਾ ਕੇ ਆਤਮ-ਹੱਤਿਆਵਾਂ ਕਰਦੇ ਹਨ। ਮੈਂ ਨਾਵਲ ਵਿਚ ਇਹ ਦਿਖਾਉਣਾ ਚਾਹੁੰਦਾ ਹਾਂ ਕਿ ਅੱਜ ਦਾ ਪੂੰਜੀਵਾਦ ਸਾਡੇ ਵਰਗੇ ਦੇਸ਼ਾਂ ਵਿਚ ਕਿਵੇਂ ਵਿਕਾਸ ਕਰ ਰਿਹਾ ਹੈ ਅਤੇ ਉਹਦੇ ਨਾਲ ਕਿਸਾਨਾਂ ਦਾ ਕਿਵੇਂ ਘਾਣ ਹੋ ਰਿਹਾ ਹੈ।"

"ਫਿਰ ਤਾਂ 'ਕੀਟਨਾਸ਼ਕ' ਬਹੁਤ ਵਧੀਆ ਨਾਂ ਹੈ। ਤੁਹਾਨੂੰ ਨਾਵਲ ਵਾਸਤੇ ਅਗਾਊਂ ਵਧਾਈ!"

"ਧੰਨਵਾਦ!!" ਨੂਰ ਨੇ ਹੱਸਦਿਆਂ ਆਖਿਆ ਤੇ ਚੱਲਣ ਲਈ ਤਿਆਰ ਹੋ ਕੇ ਬੋਲੇ, "ਆਓ।"

ਆਇਸ਼ਾ ਨੇ ਅੰਦਰ ਆ ਕੇ ਉਨ੍ਹਾਂ ਨੂੰ ਕਾਰ ਦੀ ਚਾਬੀ ਦਿੱਤੀ ਤੇ ਮੈਨੂੰ ਸਲਾਮ ਕੀਤਾ। ਮੈਂ ਆਸ਼ੀਰਵਾਦ ਦਿੱਤਾ। ਉਹਨੇ ਮੁੜ ਆਉਣ ਲਈ ਆਖਿਆ ਤਾਂ ਮੈਂ ਉਹਨੂੰ ਸਾਰਿਆਂ ਨਾਲ ਦਿੱਲੀ ਆਉਣ ਦਾ ਸੱਦਾ ਦਿੱਤਾ।

ਥੱਲੇ ਉਤਰ ਕੇ ਜਦੋਂ ਮੈਂ ਨੂਰ ਦੀ ਕਾਰ ਵਿਚ ਬਹਿਣ ਲੱਗਾ ਤਾਂ ਉਪਰੋਂ ਆਇਸ਼ਾ ਦੀ ਆਵਾਜ਼ ਆਈ, "ਦਿੱਲੀ ਵਾਲੇ ਦਾਦੂ, ਖ਼ੁਦਾ ਹਾਫ਼ਿਜ਼!"

ਮੈਂ ਸਿਰ ਉਪਰ ਕਰ ਕੇ ਵੇਖਿਆ, ਆਇਸ਼ਾ ਬਾਲਕੋਨੀ ਵਿਚ ਖਲੋਤੀ ਹੱਥ ਹਿਲਾ ਕੇ ਮੈਨੂੰ ਵਿਦਾ ਕਰ ਰਹੀ ਸੀ।

ਹਾਲਾਂਕਿ ਰਾਤ ਹੋ ਚੁੱਕੀ ਸੀ, ਫਿਰ ਵੀ ਨੂਰ ਦੇ ਫਲੈਟ ਦੀ ਬਾਲਕੋਨੀ ਤਕ ਪਹੁੰਚੇ ਹੋਏ ਗੁਲਮੋਹਰ ਦੇ ਲਾਲ ਫੁੱਲ ਸੜਕ ਵਾਲੀ ਬੱਤੀ ਦੀ ਰੋਸ਼ਨੀ ਵਿਚ ਚਮਕ ਰਹੇ ਸਨ।

*(ਸਮਾਪਤ)*

**ਯਾਦਾਂ ਦੀ ਪਿਟਾਰੀ**

# ਅਹਿਸਾਸ ਦੇ ਰਿਸ਼ਤਿਆਂ ਦੀ ਪਰਿਕਰਮਾ

*ਨਾਵਲਕਾਰ ਨਾਨਕ ਸਿੰਘ ਦੇ ਨਾਵਲਾਂ ਦੇ ਪਾਤਰ ਹੁਣ ਵੀ ਤੁਹਾਨੂੰ ਕਿਤੇ ਨਾ ਕਿਤੇ ਟੱਕਰ ਜਾਂਦੇ ਹਨ, ਬਿਲਕੁਲ ਉਵੇਂ ਹੀ ਜਿਵੇਂ ਨਾਵਲ ਦੀ ਗੱਲ ਤੁਰਦਿਆਂ ਹੀ ਉਨ੍ਹਾਂ ਦੇ ਪਾਠਕ ਅਕਸਰ ਮਿਲ ਪੈਂਦੇ ਹਨ। ਇਸ ਲੇਖ ਵਿਚ ਉਨ੍ਹਾਂ ਦੀ ਨੂੰਹ ਪ੍ਰੋ. ਅਤਰਜੀਤ ਕੌਰ ਸੂਰੀ ਨੇ ਡਲਹੌਜ਼ੀ ਵਿਚ ਉਨ੍ਹਾਂ ਲੋਕਾਂ ਨਾਲ ਹੋਈਆਂ ਗੱਲਾਂ ਸਾਂਝੀਆਂ ਕੀਤੀਆਂ ਹਨ ਜਿਹੜੇ ਨਾਨਕ ਸਿੰਘ ਨੂੰ ਉਨ੍ਹਾਂ ਦੇ ਡਲਹੌਜ਼ੀ ਕਿਆਮ ਦੌਰਾਨ ਮਿਲਦੇ ਰਹੇ ਹਨ। ਇਨ੍ਹਾਂ ਵਿਚੋਂ ਬਹੁਤੇ ਉਨ੍ਹਾਂ ਦੇ ਨਾਵਲਾਂ ਵਿਚ ਅਛੋਪਲੇ ਹੀ ਆਣ ਬੈਠੇ ਸਨ। -ਸੰਪਾਦਕ*

**ਪ੍ਰੋ. ਅਤਰਜੀਤ ਕੌਰ ਸੂਰੀ**

1975 ਦੀਆਂ ਗਰਮੀਆਂ ਵਿਚ ਅਸੀਂ ਕੁਝ ਦਿਨਾਂ ਲਈ ਡਲਹੌਜ਼ੀ ਗਏ। ਇਹ ਪਰਬਤੀ ਨਗਰ ਅਸੀਂ ਆਰਾਮਗਾਹ ਵਜੋਂ ਨਹੀਂ ਸੀ ਚੁਣਿਆ ਸਗੋਂ ਕੁਦਰਤ ਦੀ ਉਸ ਹੁਸੀਨ ਵਾਦੀ ਦੇ ਚਰਨ ਸਪਰਸ਼ ਕਰਨ ਦੀ ਲੋਚਾ ਸਾਨੂੰ ਇੱਥੇ ਖਿੱਚ ਲਿਆਈ ਸੀ ਜਿਸ ਦੀ ਗੋਦ ਵਿਚ ਬਿਰਾਜ ਕੇ ਸਾਡੇ ਬਾਊ ਜੀ (ਨਾਨਕ ਸਿੰਘ) ਨੇ ਦੋ ਦਰਜਨ ਤੋਂ ਵੱਧ ਨਾਵਲ ਲਿਖੇ। ਹਰ ਵਰ੍ਹੇ ਨਵਾਂ ਨਾਵਲ ਲਿਖਣ ਲਈ ਡਲਹੌਜ਼ੀ ਜਾਣਾ ਬਾਊ ਜੀ ਲਈ ਏਨਾ ਹੀ ਲਾਜ਼ਮੀ ਤੇ ਕੁਦਰਤੀ ਸੀ, ਜਿਵੇਂ ਕਕਰੀਲੀ ਰੁੱਤ ਪਿੱਛੋਂ ਹੁਨਾਲ ਦੀ ਨਿੱਘੀ ਧੁੱਪ। ਮੈਨੂੰ ਲੱਗਿਆ ਜਿਵੇਂ ਆਕਾਸ਼ ਨਾਲ ਛੂੰਹਦੀਆਂ ਇਹ ਪਰਬਤੀ ਟੀਸੀਆਂ ਨਿਰੰਤਰ ਸਾਹਿਤ-ਸਿਰਜਣਾ ਦਾ ਪ੍ਰਤੀਕ ਬਣ ਕੇ ਬਾਊ ਜੀ ਦੇ ਹਿਰਦੇ ਮੰਡਪ ਵਿਚ ਸਮਾ ਗਈਆਂ ਹੋਣ। ਇਨ੍ਹਾਂ ਪਰਬਤਾਂ ਦੀ ਹਰਿਆਲੀ ਵੇਖ ਕੇ ਜਾਪਿਆ ਜਿਵੇਂ ਬਾਊ ਜੀ ਦੀ ਕਲਮ ਜਜ਼ਬਾਤ ਦੀ ਸਾਣ 'ਤੇ ਚੜ੍ਹੀ ਨਿਰੰਤਰ ਵਹਿੰਦੀ ਰਹੀ ਹੋਵੇ। ਜਿਵੇਂ ਸ਼ਾਇਦ ਇਸ ਧਰਤੀ 'ਤੇ ਕਦਮ ਰੱਖਦਿਆਂ ਉਨ੍ਹਾਂ ਅੰਦਰ ਹਜ਼ਾਰਾਂ ਕਿਲੋਵਾਟ ਬਿਜਲੀ ਦੀ ਸ਼ਕਤੀ ਆ ਜਾਂਦੀ ਹੋਵੇ।

ਡਲਹੌਜ਼ੀ ਜਾਂਦਿਆਂ ਚੁਪਾਸੀਂ ਪਹਾੜਾਂ 'ਤੇ ਲਹਿਲਹਾਉਂਦੇ ਚੀਲ ਤੇ ਦਿਆਰ ਦੇ ਦਰੱਖਤ ਮੈਨੂੰ ਸਦੀਆਂ ਤੋਂ ਅਹਿਲ ਖਲੋਤੇ ਦੇਵਤਿਆਂ ਸਮਾਨ ਜਾਪੇ। ਇਹੀ ਤਾਂ ਸ਼ਾਇਦ ਸਾਡੇ ਬਾਊ ਜੀ ਦੀ ਪ੍ਰੇਰਨਾ ਸ੍ਰੋਤ ਸਨ। ਨਹੀਂ ਤਾਂ ਹਰ ਵਰ੍ਹੇ ਚਾਰ-ਪੰਜ ਸੌ ਸਫਿਆਂ ਦਾ ਨਾਵਲ ਲਿਖ ਲੈਣਾ ਕਿਸੇ ਕ੍ਰਿਸ਼ਮੇ ਤੋਂ ਘੱਟ ਏ? ਤੇ ਮੇਰਾ ਮਨ ਆਖ ਰਿਹਾ ਸੀ ਕਿ ਮੈਂ ਕਿਸੇ ਪਹਾੜੀ ਨਗਰ ਦੀ ਸੈਰ ਕਰਨ ਲਈ ਨਹੀਂ, ਸਗੋਂ ਕਿਸੇ ਪੀਰ ਦੀ ਦਰਗਾਹ 'ਤੇ ਸਿਜਦਾ ਕਰਨ ਲਈ ਜਾ ਰਹੀ ਹੋਵਾਂ। ਡਲਹੌਜ਼ੀ ਇਸ ਵੇਲੇ ਮੇਰੇ ਕਿਸੇ ਤੀਰਥ ਅਸਥਾਨ ਤੋਂ ਘੱਟ ਨਹੀਂ ਸੀ।

ਡਲਹੌਜ਼ੀ ਆ ਕੇ ਦੂਜਾ ਅਨੁਭਵ ਇਹ ਹੋਇਆ ਕਿ ਇਹ ਪਹਾੜੀ ਚੋਟੀਆਂ ਬਾਊ ਜੀ ਦੇ ਆਣ ਦੀ ਜ਼ਰੂਰ ਉਡੀਕ ਕਰਦੀਆਂ ਰਹਿੰਦੀਆਂ ਹੋਣਗੀਆਂ। ਇਸੇ ਤਰ੍ਹਾਂ ਕਈ ਮਾਖਿਓਂ ਮਿੱਠੀਆਂ, ਪਿਆਰ ਵਿਗੁੱਤੀਆਂ ਆਤਮਾਵਾਂ ਵੀ ਉਨ੍ਹਾਂ ਨੂੰ 'ਵਾਜਾਂ ਮਾਰ ਬੁਲਾਉਂਦੀਆਂ ਰਹਿੰਦੀਆਂ ਸਨ ਜਿਨ੍ਹਾਂ ਨਾਲ ਆਤਮਕ ਸਾਂਝ ਦੇ ਰਿਸ਼ਤੇ ਨਿਰੋਲ ਅਹਿਸਾਸ ਦੇ ਰਿਸ਼ਤੇ ਸਨ।

ਡਲਹੌਜ਼ੀ ਜਾਣ ਦਾ ਮੇਰਾ ਇਹ ਪਹਿਲਾ ਮੌਕਾ ਸੀ। ਇਸ ਲਈ ਪਹਾੜਾਂ ਦੀ ਸੈਰ ਦੇ ਨਾਲ-ਨਾਲ ਮੇਰਾ ਦਿਲ ਉਨ੍ਹਾਂ ਸ਼ਖ਼ਸੀਅਤਾਂ ਨੂੰ ਮਿਲਣ 'ਤੇ ਵੀ ਕਰ ਰਿਹਾ ਸੀ, ਜਿਹੜੀਆਂ ਬਾਊ ਜੀ ਦੀ ਪਿਆਰ-ਤੰਦ ਵਿਚ ਪਿਛਲੇ ਪੰਝੀ-ਤੀਹ ਵਰ੍ਹਿਆਂ ਤੋਂ ਅਨਮੋਲ ਮੋਤੀਆਂ ਵਾਂਗ ਪਰੋਈਆਂ ਹੋਈਆਂ ਸਨ। ਉਨ੍ਹਾਂ ਲਈ ਉਹ ਧਰਤ ਸੁਹਾਵੀ ਸੀ ਜਿਸ ਦੇ ਸੁਖ ਆਸਣ 'ਤੇ ਬਿਰਾਜ ਕੇ ਲਿਖਣ ਸਮੇਂ ਸਾਡੇ ਬਾਊ ਜੀ ਇਸ ਧਰਤੀ ਤੋਂ ਪਰ੍ਹੇ ਕਿਸੇ ਹੋਰ ਦੁਨੀਆਂ ਦੇ ਵਾਸੀ ਜਾ ਬਣਦੇ। ਉਥੇ ਵਿਚਰਦੇ ਉਹ ਮਾਨਵ ਸਮਾਜ ਦੀਆਂ ਸਮੱਸਿਆਵਾਂ ਦੀਆਂ ਕਈ ਪਰਤਾਂ ਖੋਲ੍ਹਦੇ। ਵੰਨ-ਸੁਵੰਨੇ ਪਾਤਰਾਂ ਦੇ ਕਿਰਦਾਰ ਚਿਤਰਦਿਆਂ ਉਨ੍ਹਾਂ ਵਿਚ ਰੂਹ ਪਾਂਦੇ। ਸਾਨੂੰ ਨਾਵਲ ਪੜ੍ਹਦਿਆਂ ਲੱਗਦਾ ਜਿਵੇਂ ਇਸ ਨਾਵਲ ਦਾ ਪਾਤਰ ਸਾਡਾ ਵੇਖਿਆ ਭਾਲਿਆ ਹੈ।

ਡਲਹੌਜ਼ੀ ਅਸੀਂ ਇਕ ਹੋਟਲ ਵਿਚ ਉਤਾਰਾ ਕਰਨ ਪਿੱਛੋਂ ਸਭ ਤੋਂ ਪਹਿਲਾਂ ਲਾਲਾ ਅਮੀਰ ਚੰਦ ਮਹਾਜਨ ਨੂੰ ਮਿਲਣ ਲਈ ਗਏ। ਬਾਊ ਜੀ ਇਨ੍ਹਾਂ ਦੇ ਮਕਾਨ ਦਾ ਇਕ ਕਮਰਾ ਸੀਜ਼ਨ ਲਈ ਕਿਰਾਏ 'ਤੇ ਲੈਂਦੇ ਸਨ। ਲਾਲਾ ਅਮੀਰ ਚੰਦ ਦੀ ਡਲਹੌਜ਼ੀ ਸਦਰ ਬਾਜ਼ਾਰ ਵਿਚ ਕਰਿਆਨੇ ਦੀ ਦੁਕਾਨ ਹੈ। ਦੁਕਾਨ 'ਤੇ ਹੀ ਉਨ੍ਹਾਂ ਦਾ ਰਿਹਾਇਸ਼ੀ ਮਕਾਨ ਏ। ਅਜਨਬੀ ਹੋਣ ਕਾਰਨ ਅਸੀਂ ਨਾਨਕ ਸਿੰਘ ਨਾਵਲਕਾਰ ਦਾ ਨਾਂ ਲੈ ਕੇ ਆਪਣੀ ਜਾਣ-ਪਛਾਣ ਕਰਵਾਈ। ਬਾਊ ਜੀ ਕਿਉਂਕਿ ਹਰ ਸਾਲ ਇਕੱਲੇ ਹੀ ਇੱਥੇ ਆਉਂਦੇ ਸਨ, ਇਸ ਲਈ ਲਾਲਾ ਅਮੀਰ ਚੰਦ ਤੇ ਸਾਡੇ ਵਿਚਕਾਰ ਇੱਕੋ ਇਕ ਕੜੀ ਸਾਡੇ ਬਾਊ ਜੀ ਸਨ।

ਸਾਨੂੰ ਵੇਖ ਕੇ ਲਾਲਾ ਜੀ ਨੂੰ ਚਾਅ ਚੜ੍ਹ ਗਿਆ। ਸਾਰੇ ਕੰਮ ਵਿਚੇ ਛੱਡ ਕੇ ਉਨ੍ਹਾਂ ਸਾਨੂੰ ਕੋਲ ਬਿਠਾਇਆ। ਬਾਊ ਜੀ ਦਾ ਸਦੀਵੀ ਵਿਛੋੜਾ ਦੁਪਾਸੀਂ ਹਿਰਦਿਆਂ ਨੂੰ ਵਿੰਨ੍ਹ ਗਿਆ। ਹੰਝੂ ਦਿਲ ਨੂੰ ਰਾਹਤ ਦੇਣ ਲਈ ਆਪ-ਮੁਹਾਰੇ ਵਹਿ ਤੁਰੇ। ਕਿੰਨਾ ਚਿਰ ਗੱਲਬਾਤ ਨਾ ਹੋ ਸਕੀ।

ਸਾਡੇ ਲਈ ਚਾਹ ਤੇ ਬਿਸਕੁਟ ਉਨ੍ਹਾਂ ਉਥੇ ਹੀ ਮੰਗਵਾ ਲਏ। ਨੌਕਰ ਨੂੰ ਭੇਜ ਕੇ ਆਪਣੀ ਲੜਕੀ ਇੰਦੂ ਨੂੰ ਵੀ ਬੁਲਾ ਲਿਆ। ਇੰਦੂ ਸਾਨੂੰ ਇੰਜ ਮਿਲੀ ਜਿਵੇਂ ਚਿਰਾਂ ਤੋਂ ਜਾਣਦੀ ਹੋਵੇ। ਉਹ ਬੜੇ ਮਾਣ ਨਾਲ ਦੱਸਣ ਲੱਗੀ, "ਮੈਨੂੰ ਤਾਂ ਬਾਊ ਜੀ ਨੇ ਆਪਣੀ ਧੀ ਬਣਾਇਆ ਹੋਇਆ ਸੀ। ਮੇਰਾ ਭਾਪਾ ਕੇਵਲ ਤਾਂ ਸੌਂਦਾ ਹੀ ਬਾਊ ਜੀ ਦੇ ਕਮਰੇ ਵਿਚ ਸੀ। ਬਾਊ ਜੀ ਰਾਤੀਂ ਲਿਖਣ ਬੈਠਦੇ ਤਾਂ ਕੇਵਲ ਭਾਪਾ ਵੀ ਸਾਰੀ ਸਾਰੀ ਰਾਤ ਪੜ੍ਹਦਾ ਰਹਿੰਦਾ। ਉਸ ਨੂੰ ਮਿਹਨਤ ਕਰਦਿਆਂ ਵੇਖ ਕੇ ਬਾਊ ਜੀ ਲਾਡ ਨਾਲ ਕਹਿੰਦੇ, "ਇਹ ਮੇਰਾ ਪੁੱਤਰ ਏ।"

"ਹਰ ਸਾਲ ਗਰਮੀ ਦੀ ਰੁੱਤ ਸ਼ੁਰੂ ਹੁੰਦਿਆਂ ਹੀ ਸਾਨੂੰ ਬਾਊ ਜੀ ਦੀ ਉਡੀਕ ਲੱਗ ਜਾਂਦੀ। ਜਿਸ ਦਿਨ ਉਨ੍ਹਾਂ ਨੇ ਅੰਮ੍ਰਿਤਸਰੋਂ ਆਉਣਾ ਹੁੰਦਾ, ਅਸੀਂ ਦੋਵੇਂ ਬੱਸ ਅੱਡੇ 'ਤੇ ਦੌੜੇ ਜਾਂਦੇ। ਸਾਡੀ ਆਪਸ ਵਿਚ ਸ਼ਰਤ ਲੱਗੀ ਹੁੰਦੀ ਸੀ ਕਿ ਦੋਹਾਂ ਵਿਚੋਂ ਜਿਹੜਾ ਪਹਿਲਾਂ ਬਾਊ ਜੀ ਨੂੰ ਮਿਲੇਗਾ, ਇਸ ਵਾਰ ਦਾ ਲਿਖਿਆ ਨਾਵਲ ਬਾਊ ਜੀ ਉਸ ਨੂੰ ਭੇਟਾ ਕਰਨਗੇ।" ਇੰਦੂ ਨੇ ਦੱਸਿਆ ਕਿ ਕਿੰਨੇ ਹੀ ਨਾਵਲ ਬਾਊ ਜੀ ਨੇ ਉਸ ਨੂੰ ਭੇਟਾ ਕੀਤੇ ਸਨ।

"ਪਰ ਫਿਰ ਵੀ ਜਿੰਨੀਆਂ ਅਸੀਸਾਂ ਤੇ ਪਿਆਰ ਉਨ੍ਹਾਂ ਨੇ ਕੇਵਲ ਭਾਪੇ ਨੂੰ ਦਿੱਤਾ ਏ, ਉਸੇ ਸਦਕਾ ਅੱਜ ਉਹ ਸਫਲ ਡਾਕਟਰ ਏ।" ਇੰਦੂ ਬੜੇ ਮਾਣ ਨਾਲ ਆਪਣੇ ਵੀਰ ਦੇ ਸੁਨਹਿਰੀ ਭਵਿੱਖ ਨੂੰ ਬਾਊ ਜੀ ਦੇ ਆਸ਼ੀਰਵਾਦਾਂ ਨਾਲ ਜੋੜ ਕੇ ਆਪਣੇ ਅਹਿਸਾਸ ਦੇ ਰਿਸ਼ਤੇ ਦੀ ਕੜੀ ਜੋੜ ਰਹੀ ਸੀ।

ਮੈਂ ਤਾਂ ਜਿਵੇਂ ਗੁੰਗੀ ਬਣੀ ਸਿਰਫ ਸੁਣਨ ਲਈ ਆਈ ਹੋਵਾਂ। ਮੇਰਾ ਇਕੋ-ਇਕ ਹੁੰਗਾਰਾ ਮੇਰੇ ਅੱਥਰੂ ਸਨ ਜਿਹੜੇ ਲੱਖ ਯਤਨ ਕਰਨ 'ਤੇ ਵੀ ਦਿਲ ਦਾ ਆਖਾ ਨਾ ਮੰਨਦੇ। ਕਦੀ ਮੈਂ ਇਨ੍ਹਾਂ ਨੂੰ ਪਿਆਰ ਦੇ ਵੇਗ ਵਿਚ ਵਹਿਣ ਦਿੰਦੀ ਤੇ ਕਦੇ ਆਪਣੀ ਭਾਵੁਕਤਾ 'ਤੇ ਸ਼ਰਮਿੰਦੀ ਹੋਈ ਇਨ੍ਹਾਂ ਨੂੰ ਰੋਕਣ ਦਾ ਯਤਨ ਕਰਦੀ।

ਸਾਨੂੰ ਤਿੰਨਾਂ ਨੂੰ ਚੁੱਪ ਵੇਖ ਕੇ ਇੰਦੂ ਨੇ ਯਾਦਾਂ ਦੀ ਲੜੀ ਦਾ ਅਗਲਾ ਮਣਕਾ ਪਰੋਇਆ। "ਸ਼ਾਇਦ ਜੂਨ 1966 ਦੀ ਗੱਲ ਏ। ਬਾਊ ਜੀ ਨੂੰ ਪੰਜਾਬੀ ਸਾਹਿਤ ਅਕਾਦਮੀ ਨੇ ਫੈਲੋਸ਼ਿਪ ਨਾਲ ਸਨਮਾਨਿਆ। ਇਸ ਸਮਾਗਮ 'ਤੇ ਬਾਊ ਜੀ ਡਲਹੌਜ਼ੀ ਤੋਂ ਸਿੱਧਾ ਲੁਧਿਆਣੇ ਪਹੁੰਚੇ। ਚਾਂਦੀ ਦੀ ਸੁੰਦਰ ਸ਼ੀਲਡ ਤੇ ਸਨਮਾਨ ਪੱਤਰ ਪ੍ਰਾਪਤ ਕਰਨ ਪਿੱਛੋਂ ਉਹ ਡਲਹੌਜ਼ੀ ਵਾਪਸ ਆ ਗਏ। ਮੈਂ ਬੜੀ ਮਚਲ ਕੇ ਬਾਊ ਜੀ ਨੂੰ ਪੁੱਛਿਆ, "ਬਾਊ ਜੀ! ਆਪ ਤੇ ਤੁਸੀਂ ਏਨਾ ਸਾਰਾ ਮਾਣ ਲੈ ਕੇ ਆਏ ਓ, ਮੇਰੇ ਲਈ ਕੀ ਲਿਆਂਦਾ ਜੇ।" ਤੇ ਮੈਨੂੰ ਚਾਂਦੀ ਦੀ ਉਕਰੀ ਹੋਈ ਸ਼ੀਲਡ ਦਿਖਾਉਂਦੇ ਹੋਏ ਆਖਣ ਲੱਗੇ, "ਝੱਲੀਏ, ਇਹ ਤੇਰੇ ਲਈ ਤਾਂ ਹੈ। ਜਦੋਂ ਤੇਰਾ ਵਿਆਹ ਹੋਇਆ ਤਾਂ ਇਸ ਦੀਆਂ ਪੰਜੇਬਾਂ ਘੜਾ ਦਿਆਂਗਾ।" ਇੰਦੂ ਨੇ ਦੱਸਿਆ ਕਿ ਬਾਊ ਜੀ ਦੇ ਦੇਹਾਂਤ ਤੋਂ ਕੁਝ ਮਹੀਨੇ ਮਗਰੋਂ ਇੰਦੂ ਦਾ ਵਿਆਹ ਹੋਇਆ।

ਇਕ ਵਾਰੀ ਫਿਰ ਵਾਤਾਵਰਣ ਵਿਚ ਕਰੁਣਾ ਦਾ ਰੰਗ ਗਹਿਰਾ ਹੋ ਗਿਆ। ਦੋਪਾਸੀਂ ਮੂਕ ਯਾਦਾਂ ਨੇ ਜਜ਼ਬਾਤ ਵਿਚ ਜ਼ਲਜ਼ਲਾ ਲੈ ਆਂਦਾ। ਲਾਲਾ ਜੀ ਹੌਂਸਲਾ ਇਕੱਤਰ ਕਰਕੇ ਬੋਲੇ, "ਲੇਖਕ ਤਾਂ ਬੜੇ ਦੇਖੇ ਨੇ ਪਰ ਇਨਸਾਨ ਕੋਈ ਨਹੀਂ ਦੇਖਿਆ। ਉਹ ਤਾਂ ਇਲਾਹੀ ਜੋਤ ਸਨ। ਡਲਹੌਜ਼ੀ ਦਾ ਕੋਈ ਬੰਦਾ ਨਹੀਂ ਜਿਹੜਾ ਉਨ੍ਹਾਂ ਨੂੰ ਯਾਦ ਨਾ ਕਰਦਾ ਹੋਵੇ। ਇੱਥੋਂ ਦੀਆਂ ਸੜਕਾਂ ਤੇ ਚੌਕਾਂ ਵਿਚ ਰਾਹੀ ਇਕ ਨਜ਼ਰ ਉਨ੍ਹਾਂ ਨੂੰ ਦੇਖਣ ਲਈ ਕਿੰਨਾ-ਕਿੰਨਾ ਚਿਰ ਉਡੀਕਦੇ ਰਹਿੰਦੇ।"

ਇੰਦੂ ਦੱਸਣ ਲੱਗੀ, "ਇਕ ਵਾਰੀ ਬਾਊ ਜੀ ਇੱਥੇ ਆਏ ਤਾਂ ਮੈ ਉਨ੍ਹਾਂ ਦੀ ਮੰਜੀ 'ਤੇ ਬੇਬੀ ਨੂੰ ਲਿਟਾ ਦਿੱਤਾ। ਉਨ੍ਹਾਂ ਨੇ ਆਉਂਦਿਆਂ ਹੀ ਬੇਬੀ ਨੂੰ ਚੁੱਕ ਕੇ ਪਿਆਰ ਦਿੱਤਾ ਤੇ ਲਾਡ ਨਾਲ ਆਖਿਆ, "ਲੁੱਚਿਆ ਬਦਮਾਸ਼ਾ! ਤੂੰ ਕਦੋਂ ਆ ਗਿਆ ਏਂ?" ਤੇ ਕੋਲੋਂ ਦੀ ਸ਼ਰਮਾਉਂਦੀ ਹੋਈ ਮੇਰੀ ਵੱਡੀ ਭੈਣ ਬੋਲੀ, "ਬਾਊ ਜੀ! ਇਹ ਮੇਰਾ ਪੁੱਤਰ ਨਹੀਂ, ਧੀ ਏ।" ਬਾਊ ਜੀ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਉਹ ਸ਼ਰਮਿੰਦੇ ਹੋਏ ਆਖਣ ਲੱਗੇ, "ਓਹੋ! ਮੈਂ ਵੀ ਕਿਹਾ ਮੂਰਖ ਹਾਂ। ਮੇਰੇ ਕੋਲੋਂ ਇਹ ਕੰਨਿਆ ਲਈ ਏਨੇ ਘਟੀਆ ਸ਼ਬਦ ਵਰਤੇ ਗਏ। ਹੁਣ ਤਾਂ ਪਛਤਾਵੇ ਨਾਲ ਹੀ ਇਹ ਪਾਪ ਧੋਤਾ ਜਾ ਸਕਦਾ ਹੈ।"

ਉਸ ਵੇਲੇ ਉਹ ਗੰਭੀਰ ਹੋ ਗਏ। ਬੱਚੀ ਮੇਰੀ ਭੈਣ ਨੂੰ ਫੜਾ ਦਿੱਤੀ, ਫਿਰ ਅਗਲੇ ਦਿਨ ਉਨ੍ਹਾਂ ਨੇ ਗ਼ਲਤੀ ਦਾ ਪਛਤਾਵਾ ਕਰਨ ਲਈ ਸਾਰੇ ਦਿਨ ਭੁੱਖੇ ਰਹਿ ਕੇ ਵਰਤ ਰੱਖਿਆ। ਭਲਾ ਇਹੋ ਜਿਹਾ ਮਹਾਂਪੁਰਖ ਵੀ ਕੋਈ ਹੋ ਸਕਦਾ ਏ ਜਿਹੜਾ ਆਪਣੀ ਆਤਮਾ 'ਤੇ ਰਤਾ ਜਿੰਨਾ ਬੋਝ ਵੀ ਨਹੀਂ ਸਹਾਰ ਸਕਦਾ।" ਲਾਲਾ ਜੀ ਫਖ਼ਰ ਨਾਲ ਆਖ ਰਹੇ ਸਨ।

"ਸਾਡਾ ਘਰ ਧੰਨ ਹੈ ਜਿਸ ਨੂੰ ਬਾਊ ਜੀ ਦੀ ਛਤਰ-ਛਾਇਆ ਨਸੀਬ ਹੋਈ ਏ। ਕਈ ਯਾਤਰੂ ਹੁਣ ਆ ਆ ਕੇ ਪੁੱਛਦੇ ਨੇ ਕਿ ਨਾਨਕ ਸਿੰਘ ਜੀ ਤੁਹਾਡੇ ਘਰ ਵਿਚ ਰਹਿੰਦੇ ਸਨ? ਬਾਊ ਜੀ ਦੇ ਨਿਵਾਸ ਕਾਰਨ ਸਾਡਾ ਘਰ ਪਵਿੱਤਰ ਹੋ ਗਿਆ ਏ। ਤੁਸੀਂ ਅਜੇ ਉਹ ਕਮਰਾ ਨਹੀਂ ਵੇਖਿਆ ਜਿਸ ਵਿਚ ਬਾਊ ਜੀ ਰਹਿੰਦੇ ਸਨ। ਅੱਜ-ਕੱਲ੍ਹ ਉਥੇ ਕੋਈ ਹੋਰ ਪਰਿਵਾਰ ਰਹਿੰਦਾ ਏ।" ਤੇ ਇਹ ਆਖ ਕੇ ਲਾਲਾ ਜੀ ਨੇ ਨੌਕਰ ਨੂੰ ਭੇਜਿਆ ਕਿ ਪਤਾ ਕਰੇ ਜੇ ਉਹ ਕਮਰਾ ਖੁੱਲ੍ਹਾ ਹੈ। ਕਮਰੇ ਨੂੰ ਬਾਹਰੋਂ ਤਾਲਾ ਲੱਗਾ ਸੀ। ਸੋ ਲਾਲਾ ਜੀ ਨੇ ਅਗਲੇ ਦਿਨ ਸਵੇਰੇ ਨਾਸ਼ਤੇ ਲਈ ਸਾਨੂੰ ਬੁਲਾਇਆ ਤੇ ਨਾਲ ਹੀ ਉਹ ਕਮਰਾ ਦੇਖਣ ਲਈ ਆਖਿਆ।

ਲਾਲਾ ਜੀ ਨੇ ਸਾਨੂੰ ਉਹ ਕਮਰੇ ਦਿਖਾਏ ਜਿਨ੍ਹਾਂ ਵਿਚ ਸਮੇਂ-ਸਮੇਂ ਬਾਊ ਜੀ ਆ ਕੇ ਠਹਿਰਦੇ ਜਾਂ ਬੈਠਦੇ ਸਨ। ਉਨ੍ਹਾਂ ਕਮਰਿਆਂ ਦੀ ਸੈਟਿੰਗ ਹੁਣ ਬਦਲ ਚੁੱਕੀ ਸੀ। ਇਨ੍ਹਾਂ ਵਿਚ ਲਾਲਾ ਜੀ ਦੇ ਨਵੇਂ ਕਿਰਾਏਦਾਰ ਰਹਿੰਦੇ ਸਨ ਪਰ ਫਿਰ ਵੀ ਕਮਰੇ ਵਿਚ ਪਹੁੰਚ ਕੇ ਉਨ੍ਹਾਂ ਸਾਨੂੰ ਦੱਸਿਆ ਕਿ ਬਾਊ ਜੀ ਦਾ ਪਲੰਘ ਕਿਸ ਰੁਖ਼ ਹੁੰਦਾ ਸੀ, ਸਾਹਮਣੇ ਦਿਸਹੱਦੇ ਤਕ ਦਿਸਦੇ ਪਰਬਤ ਉਨ੍ਹਾਂ ਨੂੰ ਬੜੇ ਚੰਗੇ ਲੱਗਦੇ ਸਨ। ਠੰਢ ਭਾਵੇਂ ਕਿੰਨੀ ਵੀ ਹੁੰਦੀ, ਉਹ ਇਕ ਖਿੜਕੀ ਜ਼ਰੂਰ ਖੁੱਲ੍ਹੀ ਰੱਖਦੇ ਸਨ।



ਪ੍ਰੋ. ਅਤਰਜੀਤ ਕੌਰ ਸੂਰੀ ਅਤੇ ਨਾਨਕ ਸਿੰਘ

"ਚਾਚਾ ਜੀ! ਬਾਊ ਜੀ ਨਾਲ ਤੁਹਾਡੀ ਵਾਕਫੀਅਤ ਕਿਵੇਂ ਹੋਈ?" ਮੈਂ ਲਾਲਾ ਅਮੀਰ ਚੰਦ ਹੋਰਾਂ ਨੂੰ ਪੁੱਛਿਆ।

"ਇਸੇ ਥਾਂ ਮੇਰੀ ਕਰਿਆਨੇ ਦੀ ਦੁਕਾਨ ਸੀ। ਬਾਊ ਜੀ ਅੰਮ੍ਰਿਤਸਰ ਜਾਣ ਵੇਲੇ ਮੇਰੇ ਕੋਲ ਦੇਸੀ ਘਿਉ ਦਾ ਪੀਪਾ ਲੈਣ ਆਉਂਦੇ ਸਨ। ਉਦੋਂ ਉਹ ਮੁਨਸ਼ੀ ਰਾਮ ਨਿਥਾਵਾਂ ਦੇ ਘਰ 'ਵਿਦਿਆ ਕਾਟੇਜ' ਵਿਚ ਰਹਿੰਦੇ ਸਨ ਤੇ ਮੈਂ ਉਨ੍ਹਾਂ ਨੂੰ ਕੇਵਲ ਗਾਹਕ ਵਜੋਂ ਜਾਣਦਾ ਸਾਂ।"

"ਭਾਰਤ ਦੀ ਵੰਡ ਪਿੱਛੋਂ ਡਲਹੌਜ਼ੀ ਉੱਜੜ ਗਈ। ਤਿੰਨ-ਚਾਰ ਸਾਲ ਪਿੱਛੋਂ ਨਵੀਂ ਨਗਰ ਪਾਲਿਕਾ ਬਣੀ ਤਾਂ ਮੈਨੂੰ ਉਸ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ। ਓਦੋਂ ਤੋਂ ਡਲਹੌਜ਼ੀ ਤੋਂ ਬਾਹਰ ਜਾਣ ਵਾਲੀਆਂ ਕੁਝ ਚੀਜ਼ਾਂ 'ਤੇ ਮਸੂਲ ਵਸੂਲ ਕੀਤਾ ਜਾਣ ਲੱਗਾ ਪਰ ਮੈਂ ਬਾਊ ਜੀ ਦਾ ਮਸੂਲ ਬਚਾਉਣ ਲਈ ਚੁੰਗੀ ਟਪਾ ਕੇ ਬੈਲੂਨ ਕੋਲ ਪੀਪਾ ਉਨ੍ਹਾਂ ਨੂੰ ਬੱਸ 'ਤੇ ਪਹੁੰਚਾ ਦਿੱਤਾ। ਬਾਊ ਜੀ ਨੂੰ ਇਹ ਗੱਲ ਬੁਰੀ ਲੱਗੀ। ਉਨ੍ਹਾਂ ਵਾਪਸ ਅੰਮ੍ਰਿਤਸਰ ਪਰਤ ਕੇ ਆਪਣੇ ਮਾਸਕ ਪੱਤਰ 'ਲੋਕ ਸਾਹਿਤ' ਵਿਚ ਲੇਖ ਲਿਖਿਆ ਜਿਸ ਦਾ ਸਿਰਲੇਖ ਸੀ 'ਦੀਵੇ ਥੱਲੇ ਹਨੇਰਾ'। ਮੈਨੂੰ ਇਹ ਲੇਖ ਮੁਨਸ਼ੀ ਰਾਮ ਨਿਥਾਵਾਂ ਨੇ ਪੜ੍ਹਾਇਆ। ਉਸ ਦਿਨ ਪਹਿਲੀ ਵਾਰ ਮੈਨੂੰ ਅਹਿਸਾਸ ਹੋਇਆ ਕਿ ਜ਼ਿੰਮੇਵਾਰੀ ਦੀ ਕੁਰਸੀ 'ਤੇ ਬੈਠ ਕੇ ਜਨਤਾ ਦੇ ਹਿਤਾਂ ਲਈ ਸੋਚਣਾ ਮਨੁੱਖ ਦਾ ਪਹਿਲਾ ਕਰਤੱਵ ਹੈ। ਬਾਊ ਜੀ ਦੇ ਲੇਖ ਨੇ ਮੇਰੀ ਕਾਇਆ ਕਲਪ ਕੀਤੀ। ਅਗਲੇ ਸਾਲ ਤੋਂ ਮੈਂ ਬਾਊ ਜੀ ਨੂੰ ਆਪਣੇ ਘਰ ਲਿਆ ਕੇ ਆਪਣੇ ਮਨ ਤੋਂ ਬੋਝ ਲਾਹਿਆ।" ਸਾਰੇ ਪਰਿਵਾਰ ਦਾ ਧੰਨਵਾਦ ਕਰਕੇ ਅਸੀਂ ਉਨ੍ਹਾਂ ਤੋਂ ਵਿਦਾ ਮੰਗੀ।

ਦੂਸਰੇ ਦਿਨ ਸਵੇਰੇ ਅਸੀਂ ਚੰਬੇ ਜਾਣਾ ਸੀ। ਚੰਬੇ ਦੀ ਰਮਣੀਕ ਤੇ ਰੋਮਾਂਚਿਤ ਵਾਦੀ ਨਾਲ ਜੁੜੀਆਂ ਕਈ ਲੋਕ ਗਥਾਵਾਂ ਤੇ ਲੋਕ ਗੀਤ ਮਸ਼ਹੂਰ ਹਨ। ਇਸ ਹੁਸੀਨ ਵਾਦੀ ਦੇ ਦੀਦਾਰ ਲੈਣ ਲਈ ਮੈਂ ਉਤਸੁਕ ਸਾਂ। ਸਦਰ ਬਾਜ਼ਾਰ ਵਿਚੋਂ ਲੰਘਦਿਆਂ ਅਸੀਂ ਹਲਵਾਈ ਦੀ ਦੁਕਾਨ ਅੱਗੇ ਚਾਹ ਦੀ ਥਰਮਸ ਭਰਾਵਣ ਲਈ ਰੁਕੇ। ਚਾਹ ਬਣਨ ਦੌਰਾਨ ਅਸੀਂ ਦੁਕਾਨ ਅੰਦਰ ਬੈਂਚ 'ਤੇ ਜਾ ਬੈਠੇ। ਦੁਕਾਨ ਦੇ ਬਾਹਰ ਬਰਾਂਡੇ ਵਿਚ ਕੁਝ ਹੋਰ ਗਾਹਕ ਕੁਰਸੀਆਂ 'ਤੇ ਬੈਠੇ ਚਾਹ ਪੀ ਰਹੇ ਸਨ। ਦੁਕਾਨ ਦਾ ਮਾਲਕ ਸਾਹਮਣੇ ਖਲੋਤਾ ਆਪਣੇ ਜਾਣੇ-ਪਛਾਣੇ ਗਾਹਕਾਂ ਨਾਲ ਗੱਲੀਂ ਰੁੱਝਿਆ ਹੋਇਆ ਸੀ। ਸਾਨੂੰ ਡਰ ਸੀ ਕਿ ਚੰਬੇ ਜਾਣ ਵਾਲੀ ਬੱਸ ਕਿਤੇ ਨਿਕਲ ਹੀ ਨਾ ਜਾਏ। ਅਚਾਨਕ ਸਾਡਾ ਧਿਆਨ ਉਨ੍ਹਾਂ ਦੀਆਂ ਗੱਲਾਂ ਵੱਲ ਗਿਆ। ਦੁਕਾਨ ਮਾਲਕ ਕਹਿ ਰਿਹਾ ਸੀ, "ਅੱਜ ਸ਼ਾਮ ਨੂੰ ਕਾਨਵੈਂਟ ਸਕੂਲ ਵਿਚ ਨਾਚ ਦਾ ਪ੍ਰੋਗਰਾਮ ਏ। ਬਾਹਰੋਂ ਡਾਂਸਰਜ਼ ਬੁਲਾਈਆਂ ਗਈਆਂ ਨੇ। ਪੰਜ-ਪੰਜ ਰੁਪਏ ਦੀ ਟਿਕਟ ਧੜਾ-ਧੜ ਵਿਕ ਰਹੀ ਏ। ਨਵੀਂ ਪੀੜ੍ਹੀ ਦਾ ਭਵਿੱਖ ਬਣਾਉਣ ਦਾ ਚੰਗਾ ਢੰਗ ਲੱਭਿਆ ਗਿਆ ਏ। ਜਦੋਂ ਕਿਸੇ ਕੌਮ ਦੀ ਮੌਤ ਆਉਂਦੀ ਏ ਤਾਂ ਉਹ ਨਾਚ-ਗਾਣੇ ਤੇ ਮਦਿਰਾ ਦੇ ਪੈਮਾਨਿਆਂ ਵਿਚ ਆਪਣੇ ਆਪ ਨੂੰ ਡੁਬੋ ਲੈਂਦੀ ਏ। ਕੌਮਾਂ ਬਣਦੀਆਂ ਤਾਂ ਤੇਗਾਂ ਦੀ ਧਾਰ ਅਤੇ ਕੁਰਬਾਨੀਆਂ ਨਾਲ ਨੇ ਪਰ ਇਨ੍ਹਾਂ ਦੀ ਤਬਾਹੀ ਇਨ੍ਹਾਂ ਦੀ ਇਖਲਾਕੀ ਗਿਰਾਵਟ ਨਾਲ ਹੁੰਦੀ ਏ।"

ਦੁਕਾਨਦਾਰ ਦੀਆਂ ਅੱਖਾਂ ਵਿਚ ਤੇਜ਼ ਸੀ। ਉਸ ਦੇ ਖੜਕਵੇਂ ਬੋਲਾਂ ਵਿਚ ਮੰਦਰ ਦੇ ਟੱਲ ਵਰਗੀ ਗੁੰਜਾਰ ਸੀ। ਉਸ ਦੀ ਅਦਾਇਗੀ ਵਿਚ ਫ਼ਕੀਰਾਂ ਵਾਲੀ ਮਸਤੀ ਤੇ ਵਿਚਾਰਾਂ ਵਿਚ ਜਿਵੇਂ ਪੈਗੰਬਰਾਂ ਵਾਲੀ ਭਵਿੱਖਬਾਣੀ ਸੀ। ਉਸ ਦਾ ਜੁੱਸਾ ਭਰਵਾਂ, ਕੱਦ ਲੰਮਾ, ਗੋਲ ਤੇ ਭਖ਼ਦਾ ਸੂਹਾ ਚਿਹਰਾ, ਛੋਟੇ ਪਰ ਦੂਰਦਰਸ਼ੀ ਨੇਤਰ। ਉਸ ਨੇ ਘਸਮੈਲਾ ਕੁੜਤਾ, ਉਸ ਉਪਰ ਕਾਲੀ ਵਾਸਕਟ ਤੇ ਤੇੜ ਮੈਲੀ ਜਿਹੀ ਤਹਿਮਤ ਪਾਈ ਹੋਈ ਸੀ। ਉਸ ਦੇ ਸਿਰ ਦੇ ਵਾਲ ਚਾਂਦੀ ਰੰਗੇ ਤੇ ਅੱਧਕੱਟੀ ਧੌਲੀ ਦਾੜ੍ਹੀ। ਉਸ ਦੇ ਬੋਲਾਂ ਵਿਚ ਆਤਮਵਿਸ਼ਵਾਸ ਅਤੇ ਅਦਾ ਵਿਚ ਕਲਾਕਾਰਾਂ ਵਾਲਾ ਪ੍ਰਭਾਵ ਸੀ।

ਸੁਣਦਿਆਂ ਹੀ ਸਾਨੂੰ ਚੰਬੇ ਜਾਣ ਵਾਲੀ ਬੱਸ ਦਾ ਚੇਤਾ ਵਿਸਰ ਗਿਆ।

"ਇਹ ਮੋਹਨ ਹਲਵਾਈ ਦੀ ਦੁਕਾਨ ਏ।" ਮੈਂ ਆਪਣੇ ਪਤੀ ਕੁਲਵੰਤ ਨੂੰ ਆਖਿਆ।

"ਤੈਨੂੰ ਐਵੇਂ ਵਹਿਮ ਹੋ ਗਿਆ ਏ।" ਉਨ੍ਹਾਂ ਨੇ ਉੱਤਰ ਦਿੱਤਾ।

"ਨਹੀਂ ਤੁਸੀਂ ਪੁੱਛੋ ਖਾਂ। ਬਾਊ ਜੀ ਅਕਸਰ ਮੋਹਨ ਹਲਵਾਈ ਦਾ ਜ਼ਿਕਰ ਕਰਦੇ ਹੁੰਦੇ ਸਨ।" ਮੇਰੇ ਹਠ ਕਾਰਨ ਕੁਲਵੰਤ ਨੇ ਉਨ੍ਹਾਂ ਦਾ ਨਾਂ ਪੁੱਛ ਲਿਆ। ਸ਼ਾਇਦ ਉਨ੍ਹਾਂ ਵੀ ਸਾਡੀ ਆਪਸੀ ਵਾਰਤਾਲਾਪ ਸੁਣ ਲਈ ਸੀ। "ਮੇਰਾ ਨਾਂ ਹੀ ਮੋਹਨ ਹਲਵਾਈ ਏ, ਦੱਸੋ ਕੀ ਸੇਵਾ ਕਰਾਂ?"

"ਅਸੀਂ ਨਾਨਕ ਸਿੰਘ ਨਾਵਲਕਾਰ ਦੇ ਬੱਚੇ ਹਾਂ।" ਮੈਂ ਝਿਜਕਦਿਆਂ-ਝਿਜਕਦਿਆਂ ਆਖਿਆ।

ਤੇ ਇਹ ਕਹਿੰਦਿਆਂ ਹੀ ਉਹ ਮੇਰੇ ਨੇੜੇ ਆ ਗਏ। ਸਿਰ 'ਤੇ ਹੱਥ ਫੇਰ ਕੇ ਮੈਨੂੰ ਪਿਆਰ ਦਿੱਤਾ। ਜਜ਼ਬਾਤੀ ਹੋ ਉਨ੍ਹਾਂ ਦੀਆਂ ਅੱਖਾਂ ਭਰ ਆਈਆਂ। ਦੋ ਕੁ ਮਿੰਟ ਦੁਪਾਸੀਂ ਚੁੱਪ ਵਰਤ ਗਈ। ਭਾਵਨਾਵਾਂ ਦਾ ਆਵੇਸ਼ ਦਿਲਾਂ ਨੂੰ ਲਰਜ਼ਾ ਗਿਆ। ਦੁਪਾਸੀਂ ਹੰਝੂਆਂ ਦਾ ਹੜ੍ਹ। ਪਿਆਰ ਦੀਆਂ ਕਾਂਗਾਂ ਆਪ-ਮੁਹਾਰੇ ਹਿਰਦਿਆਂ 'ਚੋਂ ਉਮੜ ਅੱਥਰੂਆਂ ਰਾਹੀਂ ਵਹਿੰਦੀਆਂ ਰਹੀਆਂ। ਕੁਝ ਚਿਰ ਪਿੱਛੋਂ ਭਰੜਾਈ ਆਵਾਜ਼ ਵਿਚ ਉਹ ਆਪਣੇ ਲੜਕੇ ਨੂੰ ਕਹਿਣ ਲੱਗੇ, "ਕਾਕੇ! ਵਧੀਆ ਚਾਹ ਬਣਾਈਂ। ਇਨ੍ਹਾਂ ਦੀ ਚੰਗੀ ਤਰ੍ਹਾਂ ਸੇਵਾ ਕਰੀਂ। ਪੂੜੀ ਖਾਧੇ ਬਿਨਾ ਨਾ ਜਾਣ।"

"ਇਸ ਵੇਲੇ ਭੁੱਖ ਨਹੀਂ ਭਾਪਾ ਜੀ।" ਮੈਂ ਮਸਾਂ ਏਨਾ ਹੀ ਆਖ ਸਕੀ। ਉਨ੍ਹਾਂ ਵਿਚ ਵੀ ਬੋਲਣ ਦੀ ਆਂਗਸ ਨਹੀਂ ਸੀ। ਫਿਰ ਉਨ੍ਹਾਂ ਲਿਫਾਫੇ ਵਿਚ ਕਾਫੀ ਸਾਰੀ ਮਠਿਆਈ ਪਾਈ ਅਤੇ ਸਾਡੇ ਥੈਲੇ ਵਿਚ ਰੱਖਦਿਆਂ ਆਖਣ ਲੱਗੇ, "ਚੰਗਾ, ਇਸ ਨੂੰ ਰਾਹ ਵਿਚ ਖਾ ਲੈਣਾ।"

ਇਹ ਆਖ ਕੇ ਉਹ ਸਾਡੇ ਕੋਲ ਆ ਬੈਠੇ। ਰਤਾ ਦਿਲ ਹੌਲਾ ਹੋਇਆ ਤਾਂ ਕਹਿਣ ਲੱਗੇ, "ਬਾਊ ਜੀ ਤਾਂ ਰੱਬ ਦਾ ਸਾਕਾਰ ਰੂਪ ਸਨ। ਉਹ ਤਾਂ ਮਾਨਵਤਾ ਤੋਂ ਉਪਰ ਦੀ ਕੋਈ ਚੀਜ਼ ਸਨ। ਮੈਂ ਤਾਂ ਉਨ੍ਹਾਂ ਨੂੰ ਬਾਬਾ ਜੀ ਆਖਦਾ ਹੁੰਦਾ ਸਾਂ। ਇਕ ਦਿਨ ਉਹ ਮੈਨੂੰ ਕਹਿਣ ਲੱਗੇ, "ਮੋਹਨ ਪਿਆਰੇ ਬਈ ਮੈਨੂੰ ਬਾਬਾ ਜੀ ਨਾ ਆਖਿਆ ਕਰ। ਮੈਨੂੰ ਆਪਣੀ ਬਜ਼ੁਰਗੀ ਦਾ ਅਹਿਸਾਸ ਹੋਣ ਲੱਗ ਪੈਂਦਾ ਏ। ਮੈਨੂੰ ਬਾਊ ਜੀ ਹੀ ਆਖਿਆ ਕਰ।" ਤੇ ਉਨ੍ਹਾਂ ਇਕ ਵਾਰੀ ਫਿਰ ਅੱਖਾਂ ਪੂੰਝੀਆਂ।

"ਬਾਊ ਜੀ ਨੂੰ ਅਸਾਂ ਕੀ ਰੋਣਾ ਏ। ਉਨ੍ਹਾਂ ਨੂੰ ਤਾਂ ਕੁੱਲ ਦੁਨੀਆਂ ਰੋਂਦੀ ਏ। ਭਲਾ ਇਹੋ ਜਿਹੇ ਇਨਸਾਨ ਰੋਜ਼-ਰੋਜ਼ ਦੁਨੀਆਂ 'ਤੇ ਪੈਦਾ ਹੋਣੇ ਨੇ। ਉਹ ਤਾਂ ਆਪਣੀ ਮਿਸਾਲ ਆਪ ਹਨ। ਮੇਰੀ ਜ਼ਿੰਦਗੀ ਵਿਚ ਕੋਈ ਦਿਨ ਅਜਿਹਾ ਨਹੀਂ ਆਇਆ ਜਦੋਂ ਡਲਹੌਜ਼ੀ ਰਹਿੰਦਿਆਂ ਉਹ ਮੇਰੀ ਦੁਕਾਨ 'ਤੇ ਰੁਕੇ ਬਿਨਾਂ ਤੇ ਪੰਜ ਦਸ ਮਿੰਟ ਗੱਲਾਂ ਕੀਤੇ ਬਿਨਾਂ ਅੱਗੇ ਲੰਘ ਗਏ ਹੋਣ।"

ਜਦੋਂ ਉਨ੍ਹਾਂ ਦੇ ਦਿਲ ਨੂੰ ਰਤਾ ਧੀਰਜ ਆਇਆ ਤਾਂ ਉਹ ਬਾਊ ਜੀ ਦੀਆਂ ਯਾਦਾਂ ਦੇ ਮੋਤੀ ਇਕ-ਇਕ ਕਰਕੇ ਸਮੇਟਣ ਲੱਗੇ ਪਰ ਯਾਦਾਂ ਏਨੀਆਂ ਸਨ ਕਿ ਕਿਸ-ਕਿਸ ਦਾ ਜ਼ਿਕਰ ਕਰਨ।

"ਮੈਂ ਨਾਚੀਜ਼ ਕੀ ਹਾਂ। ਉਹ ਤਾਂ ਮੇਰੇ ਵਰਗਿਆਂ ਨੂੰ ਵੀ ਅਮਰ ਕਰ ਗਏ ਨੇ। ਕਈ ਨਾਵਲਾਂ ਵਿਚ ਉਨ੍ਹਾਂ ਨੇ ਮੇਰਾ ਜ਼ਿਕਰ ਕੀਤਾ ਏ। ਮੈਂ ਕੋਈ ਅੱਜ ਦਾ ਉਨ੍ਹਾਂ ਨੂੰ ਜਾਣਦਾ ਹਾਂ? ਇਹ ਤਾਂ 1937 ਦੀ ਗੱਲ ਏ। ਜਦੋਂ ਲਾਹੌਰ ਮਾਡਲ ਟਾਊਨ ਵਿਚ ਮੈਂ ਉਨ੍ਹਾਂ ਦੇ ਘਰ ਜਾਂਦਾ ਹੁੰਦਾ ਸਾਂ। ਬਾਊ ਜੀ ਤੇ ਮੈਂ ਡਲਹੌਜ਼ੀ ਦੇ ਸਭ ਤੋਂ ਪੁਰਾਣੇ ਵਾਕਿਫ਼ਕਾਰਾਂ ਵਿਚੋਂ ਸਾਂ। ਉਨ੍ਹਾਂ ਦਾ ਨਿਵਾਜਿਆ ਹੀ ਤਾਂ ਮੈਂ ਅੱਜ ਧਨ ਅਤੇ ਪਿਆਰ ਦੋਹਾਂ ਦੀ ਦੌਲਤ ਨਾਲ ਮਾਲਾਮਾਲ ਹਾਂ।" ਤੇ ਫਿਰ ਉਨ੍ਹਾਂ ਦੱਸਿਆ, "ਇਕ ਵਾਰੀ ਹੱਥ ਤੰਗ ਸੀ। ਮੈਂ ਆਪਣੀ ਦੁਕਾਨ 'ਤੇ ਉਦਾਸ ਬੈਠਾ ਸਾਂ। ਬਾਊ ਜੀ ਨੇ ਦੂਰੋਂ ਹੀ ਭਾਂਪ ਲਿਆ। ਉਨ੍ਹਾਂ ਆਪਣੀ ਜੇਬ ਵਿਚੋਂ ਨੋਟਾਂ ਦੀ ਥੱਬੀ ਕੱਢੀ ਤੇ ਮੇਰੇ ਹੱਥ ਵਿਚ ਫੜਾਉਂਦੇ ਹੋਏ ਆਖਣ ਲੱਗੇ, "ਲੈ ਇਨ੍ਹਾਂ ਨਾਲ ਆਪਣਾ ਕੰਮ ਚਲਾ। ਮੈਨੂੰ ਜਦੋਂ ਪੈਸਿਆਂ ਦੀ ਲੋੜ ਪਈ ਤਾਂ ਤੇਰੇ ਕੋਲੋਂ ਮੰਗ ਲਵਾਂਗਾ। ਭਲਾ ਮੇਰੇ ਕੋਲ ਪਏ ਇਹ ਕੀ ਸੁਆਰਦੇ ਨੇ। ਤੇ ਉਨ੍ਹਾਂ ਦੀ ਵੇਲੇ ਦੀ ਮਦਦ ਨੇ ਮੈਨੂੰ ਕਈ ਮੁਸ਼ਕਲਾਂ 'ਚੋਂ ਕੱਢ ਲਿਆ। ਮੈਂ ਉਨ੍ਹਾਂ ਦਾ ਅਹਿਸਾਨ ਕਿਵੇਂ ਚੁਕਾ ਸਕਦਾ ਹਾ।" ਤੇ ਕਹਿੰਦਿਆਂ ਉਨ੍ਹਾਂ ਫਿਰ ਆਪਣੀਆਂ ਅੱਖਾਂ ਕੁੜਤੇ ਦੀ ਬਾਂਹ ਨਾਲ ਪੂੰਝੀਆਂ।

ਇਕ ਦਿਨ ਉਹ ਮੈਨੂੰ ਆਖਣ ਲੱਗੇ, "ਮੋਹਨ ਪਿਆਰੇ! ਸੱਚਮੁਚ ਤੇਰੇ ਵਰਗਾ ਖ਼ਰਾ ਬੰਦਾ ਮੈਂ ਕੋਈ ਨਹੀਂ ਵੇਖਿਆ।"

"ਬਾਊ ਜੀ, ਤੁਸੀਂ ਮੇਰੇ ਵਿਚ ਅਜਿਹਾ ਕੀ ਵੇਖਿਆ ਏ?" ਮੈਂ ਬੜਾ ਨਿਮਾਣਾ ਹੋ ਕੇ ਪ੍ਰਸ਼ਨ ਕੀਤਾ। ਅੱਗੋਂ ਕਹਿਣ ਲੱਗੇ, "ਮੈਂ ਨਾਵਲਕਾਰ ਹਾਂ। ਮੈਂ ਇਨਸਾਨ ਨੂੰ ਮੱਥੇ ਤੋਂ ਪੜ੍ਹਨ ਦੀ ਸ਼ਕਤੀ

*(ਬਾਕੀ ਅਗਲੇ ਸਫੇ 'ਤੇ)*

# ਸ਼ਬਦ-ਝਰੋਖਾ

ਬਲਜੀਤ ਬਾਸੀ
ਫੋਨ:734-454-4958


## ਆਲੂ-ਮਟਰਾਂ ਦੀ ਦਾਲ!

ਕਹਿੰਦੇ ਹਨ ਬਾਬਰ ਹਿੰਦੋਸਤਾਨੀਆਂ ਨੂੰ ਟਿੱਚਰ ਕਰਿਆ ਕਰਦਾ ਸੀ ਕਿ ਇਹ ਕਾਹਦੇ ਲੋਕ ਹਨ, ਅੰਨ ਨਾਲ ਅੰਨ ਖਾਈ ਜਾਂਦੇ ਹਨ। ਹੈ ਤਾਂ ਗੱਲ ਠੀਕ, ਅਸੀਂ ਦਾਲ-ਭਾਤ ਜਾਂ ਦਾਲ ਨਾਲ ਰੋਟੀ ਖਾਣ ਵਾਲੀ ਕੌਮ ਰਹੇ ਹਾਂ ਤੇ ਇਹ ਦੋਵੇਂ ਚੀਜ਼ਾਂ ਅੰਨ ਹੀ ਹਨ। ਅਸੀਂ ਤਾਂ ਨਾਮ ਵੀ ਅੰਨ ਨਾਲ ਹੀ ਜਪਦੇ ਹਾਂ, ਕਬੀਰ ਸਾਹਿਬ ਫਰਮਾਉਂਦੇ ਹਨ:

ਜਪੀਐ ਨਾਮੁ ਜਪੀਐ ਅੰਨੁ...
ਜਪੀਐ ਨਾਮੁ ਅੰਨ ਕੇ ਸਾਦੁ

ਸਾਡਾ ਇਹ ਹਾਲ ਹੈ ਕਿ ਜੇ ਕਦੇ ਆਲੂ ਵਗੈਰਾ ਜੁੜ ਜਾਣੇ ਤਾਂ ਅਸੀਂ ਉਸ ਦੀ ਤਰਕਾਰੀ ਨੂੰ ਵੀ ਆਲੂਆਂ ਦੀ ਦਾਲ ਹੀ ਆਖਿਆ ਕਰਦੇ ਸਾਂ। ਹੋਰ ਤਾਂ ਹੋਰ ਜੇ ਕਿਤੇ ਵਰ੍ਹੇ-ਛਿਮਾਹੀਂ ਮੀਟ


ਆਲੂ


ਮਟਰ

ਵੀ ਬਣ ਗਿਆ ਤਾਂ ਉਸ ਨੂੰ ਮੀਟ ਦੀ ਦਾਲ ਹੀ ਆਖ ਦਿੰਦੇ ਸਾਂ, ਖਾਸ ਕਰ ਮਾਲਵੇ ਵਿਚ। 'ਦਿੰਨਾਂ ਤੈਨੂੰ ਮੈਂ ਤਰਕਾਰੀ' ਜਿਹੀ ਝਿੜਕੀਨੁਮਾ ਗਾਲ ਤੋਂ ਹੀ ਪਤਾ ਲਗਦਾ ਹੈ ਕਿ ਅਸੀਂ ਕਿਹੜੇ ਪਾਣੀਆਂ ਵਿਚ ਸਾਂ। ਮੈਨੂੰ ਆਪਣੇ ਬਚਪਨ ਤੋਂ ਯਾਦ ਹੈ ਕਿ ਉਨ੍ਹਾਂ ਦਿਨਾਂ ਵਿਚ ਵੀ ਆਲੂ ਮਟਰਾਂ ਦੀ ਸਬਜ਼ੀ ਇਕ ਅਯਾਸ਼ੀ ਸਮਝੀ ਜਾਂਦੀ ਸੀ। ਹੁਣ ਤਾਂ ਆਲੂ ਮਟਰ ਦਾ ਜੋੜ ਹੀ ਇਸ ਤਰ੍ਹਾਂ ਲਗਦਾ ਹੈ ਜਿਵੇਂ ਦੋਨੋਂ ਇਕ ਦੂਜੇ ਲਈ ਬਣੇ ਹੋਣ। ਅੱਜ ਆਲੂ ਮਟਰਾਂ ਵਿਚ ਖੂਬ ਸਾਰੇ ਟਮਾਟਰ ਤੇ ਮਸਾਲੇ ਪਾ ਕੇ ਘਰ ਦੀ ਸੁਆਣੀ ਪੂਰਾ ਟਿੱਲ ਲਾ ਕੇ ਸਬਜ਼ੀ ਬਣਾਉਂਦੀ ਹੈ ਪਰ ਉਹ ਪੁਰਾਣਾ ਜ਼ਾਇਕਾ ਤੇ ਲਪਟਾਂ ਕਿਥੇ? ਆਉ ਭਲਾ ਦੇਖੀਏ ਆਲੂ-ਮਟਰ ਸ਼ਬਦਾਂ ਦਾ ਇਤਿਹਾਸ ਕੀ ਕਹਿੰਦਾ ਹੈ, ਕੀ ਇਨ੍ਹਾਂ ਵਿਚੋਂ ਕੋਈ ਨਿਆਮਤ ਭਾਰਤ ਵਿਚ ਵੀ ਮਿਲਦੀ ਸੀ ਕਿ ਬਾਬਰ ਐਵੇਂ ਸਾਡੀ ਬਦਖੋਈ ਕਰਦਾ ਰਹਿੰਦਾ ਸੀ।

ਪਹਿਲਾਂ ਹਰ ਸਬਜ਼ੀ ਵਿਚ ਪੈਣ ਵਾਲੀ ਸ਼ੈਅ ਆਲੂ ਦੀ ਫੂਕ ਕੱਢੀਏ। ਪੌਦਿਆਂ ਦੇ ਇਤਿਹਾਸ ਵੱਲ ਝਾਤੀ ਮਾਰਿਆਂ ਪਤਾ ਲਗਦਾ ਹੈ ਕਿ ਆਲੂ ਸਿਰਫ਼ ਨਾਂ ਦਾ ਹੀ ਭਾਰਤੀ ਹੈ, ਇਸ ਦਾ ਸਰੀਰ ਤਾਂ ਧਰਤੀ ਦੇ ਦੂਜੇ ਸਿਰੇ ਯਾਨਿ ਦਖਣੀ ਅਮਰੀਕਾ ਤੋਂ ਆਇਆ ਹੈ। ਇਹ ਕੰਦ ਅੱਜ ਤੋਂ ਕੋਈ ਅੱਠ ਹਜ਼ਾਰ ਸਾਲ ਪਹਿਲਾਂ ਦੱਖਣੀ ਅਮਰੀਕਾ ਦੇ ਐਂਡੀ ਪਰਬਤ ਦੀਆਂ ਵਾਦੀਆਂ ਖਾਸ ਤੌਰ 'ਤੇ ਪੇਰੂ ਵਿਚ ਉਗਾਇਆ ਜਾਂਦਾ ਸੀ। ਪੰਦਰਵੀਂ ਸਦੀ ਵਿਚ ਜਦ ਸਾਰਾ ਯੂਰਪ ਸਮੁੰਦਰ ਰਾਹੀਂ ਭਾਰਤ ਦਾ ਮਾਰਗ ਢੂੰਡਦਾ ਫਿਰਦਾ ਸੀ, ਸਪੇਨੀ ਇਸ ਢੂੰਡ ਦੌਰਾਨ ਕੈਰੀਬੀਅਨ ਟਾਪੂਆਂ ਵਿਚ ਪਹੁੰਚ ਗਏ। ਉਥੇ ਜਿਸ ਕੰਦਮੂਲ ਨਾਲ ਉਨ੍ਹਾਂ ਦਾ ਵਾਹ ਪਿਆ, ਉਸ ਦਾ ਸਥਾਨਕ ਇੰਕਾ ਭਾਸ਼ਾ ਵਿਚ ਨਾਂ ਸੀ ਪਤਾਤਾ। ਉਹ ਇਸ ਨੂੰ ਸਪੇਨ ਵਿਚ ਲੈ ਆਏ ਤੇ ਇਸ ਦੀ ਕਾਸ਼ਤ ਸ਼ੁਰੂ ਕਰ ਦਿੱਤੀ ਪਰ ਕੁਝ ਲੋਕ ਆਲੂ ਦਾ ਮੂਲ ਪੇਰੂ ਮੰਨਦੇ ਹਨ ਜਿਥੇ ਇਸ ਨੂੰ ਪਾਪਾ ਕਹਿੰਦੇ ਸਨ। ਕਿਹਾ ਜਾਂਦਾ ਹੈ ਕਿ ਅੰਗਰੇਜ਼ੀ ਸ਼ਬਦ ਪੋਟੈਟੋ ਇਨ੍ਹਾਂ ਦੋਨਾਂ ਸ਼ਬਦਾਂ ਦੇ ਮੇਲ ਤੋਂ ਬਣਿਆ। ਸਪੇਨੀ ਭਾਸ਼ਾ ਵਿਚ ਇਸ ਨੂੰ ਪਟਾਟਾ ਤੇ ਪੁਰਤਗਾਲੀ ਵਿਚ ਬਟਾਟਾ ਕਿਹਾ ਗਿਆ। ਪੁਰਤਗਾਲੀਆਂ ਨੇ ਇਹ ਬਟਾਟਾ ਸੋਲਵੀਂ ਸਦੀ ਦੇ ਅਖੀਰ ਵਿਚ ਅਫਰੀਕਾ, ਭਾਰਤ ਤੇ ਜਾਵਾ ਵਿਚ ਪਹੁੰਚਾਇਆ। ਉਦੋਂ ਭਾਰਤ ਵਿਚ ਅਕਬਰ ਦਾ ਰਾਜ ਸੀ। ਦੱਖਣ ਭਾਰਤ ਦੀਆਂ ਕਈ ਬੋਲੀਆਂ ਗੁਜਰਾਤੀ, ਮਰਾਠੀ, ਸਿੰਧੀ ਆਦਿ ਵਿਚ ਅੱਜ ਵੀ ਇਸ ਨੂੰ ਬਟਾਟਾ ਜਿਹੇ ਸ਼ਬਦਾਂ ਨਾਲ ਹੀ ਪੁਕਾਰਿਆ ਜਾਂਦਾ ਹੈ ਪਰ ਪੰਜਾਬ ਵਿਚ ਪਹੁੰਚਦਿਆਂ ਕਰਦਿਆਂ ਇਸ ਨੇ ਹੋਰ ਕਈ ਸਾਲ ਲਾ ਦਿਤੇ। ਸੰਸਕ੍ਰਿਤ ਵਿਚ ਇਕ ਕੰਦ ਦਾ ਨਾਂ ਆਲੂ ਹੈ ਜਿਸ ਨੂੰ ਮੋਨੀਅਰ ਵਿਲੀਅਮਜ਼ ਦੇ ਸੰਸਕ੍ਰਿਤ ਕੋਸ਼ ਨੇ ਵਿਗਿਆਨਕ ਨਾਂ Arum Companulatum ਦਿੱਤਾ ਹੈ। ਪਰ ਅੰਤਰਰਾਸ਼ਟਰੀ ਬਨਸਪਤੀ ਨਾਮਾਵਲੀ ਕੋਡ ਅਨੁਸਾਰ ਇਹ ਨਾਂ ਅਵੈਧ ਹੈ। ਨੇਪਾਲ ਦੇ ਬੂਟਿਆਂ ਦੇ ਨਾਂਵਾਂ ਬਾਰੇ ਇਕ ਖੋਜ-ਪੱਤਰ ਵਿਚ ਇਹ ਨਾਂ ਕਿਸੇ ਹੋਰ ਕੰਦ ਦਾ ਹੈ ਜਿਸ ਨੂੰ ਬਹੁਤ ਹੀ ਭੁੱਖ ਵਿਚ ਮਲੀਦਾ ਬਣਾ ਕੇ ਖਾ ਲਿਆ ਜਾਂਦਾ ਹੈ। ਹੋਰ ਸਮੱਗਰੀ ਫੋਲ ਕੇ ਮੱਥਾ ਮਾਰਨ ਉਪਰੰਤ ਪਤਾ ਲੱਗਾ ਕਿ ਦੇਸੀ ਆਲੂ ਅਸਲ ਵਿਚ ਜੰਗਲੀ ਸੂਰਣ ਜਾਂ ਜਿਮੀਕੰਦ ਸੀ ਜਿਸ ਦਾ ਅੰਗਰੇਜ਼ੀ ਵਿਚ ਨਾਂ ਹੈ Elephant-yam. ਤੁਹਾਡੀ ਸਹੂਲਤ ਲਈ ਇਸ ਦੀ ਤਸਵੀਰ ਵੀ ਦਿੱਤੀ ਗਈ ਹੈ। ਪਰ ਇਸ 'ਆਲੂ' ਦੇ ਗੁਣ ਅਜੋਕੇ ਆਲੂ ਤੋਂ ਕਾਫ਼ੀ ਵਖਰੇ ਹਨ। ਲਗਦਾ ਹੈ ਭਾਰਤ ਵਿਚ ਪਹਿਲਾਂ ਪਹਿਲਾਂ ਆਲੂ ਤੋਂ ਕੰਦ ਦਾ ਅਰਥ ਵੀ ਲਿਆ ਜਾਂਦਾ ਸੀ ਇਸ ਲਈ ਕਈ ਕੰਦਾਂ ਦੇ ਨਾਂ ਵਿਚ ਵੀ ਆਲੂ ਜੜਿਆ ਮਿਲਦਾ ਹੈ ਜਿਵੇਂ, ਕਚਾਲੂ=ਕੱਚਾ ਆਲੂ; ਰਤਾਲੂ=ਰੱਤਾ ਆਲੂ। ਉਤਰੀ ਭਾਰਤ ਦੇ ਲੋਕਾਂ ਨੇ ਪੋਟੈਟੋ ਨੂੰ ਆਲੂ ਦਾ ਨਾਂ ਦੇ ਦਿੱਤਾ। ਪੰਜਾਬੀਆਂ ਦੇ ਹੱਥ ਆਲੂ ਲੱਗਾ ਤਾਂ ਉਨ੍ਹਾਂ ਇਸ ਦੇ ਪਰੌਂਠੇ ਤਲਣੇ ਸ਼ੁਰੂ ਕਰ ਦਿੱਤੇ, ਹਰ ਭਾਜੀ ਵਿਚ ਪਾਉਣ ਲੱਗ ਪਏ, ਕਈਆਂ ਨੇ ਤਾਂ ਆਪ ਵੀ ਆਲੂ ਵਾਲਾ ਗੋਲ ਮਟੋਲ ਤੇ ਲਚਕੀਲਾ ਚਰਿਤਰ ਧਾਰਨ ਕਰ ਲਿਆ।

ਪਰ ਸ਼ਕਰਕੰਦੀ ਤੋਂ ਬਿਨਾ ਆਲੂ ਦੀ ਗੱਲ ਅਧੂਰੀ ਹੈ। ਅਸੀਂ ਜਾਣਦੇ ਹਾਂ ਕਿ ਅਮਰੀਕਾ ਵਿਚ ਸ਼ਕਰਕੰਦੀ ਨੂੰ ਸਵੀਟ ਪੋਟੈਟੋ ਆਖਦੇ ਹਨ। ਇਤਿਹਾਸ ਗਵਾਹ ਹੈ ਕਿ ਸ਼ਕਰਕੰਦੀ ਯੂਰਪ ਵਿਚ ਆਲੂ ਤੋਂ ਪਹਿਲਾਂ ਪਹੁੰਚੀ ਤੇ ਅਸਲ ਵਿਚ ਇਸੇ ਦਾ ਨਾਂ ਪੋਟੈਟੋ ਸੀ। ਫਿਰ ਜਦ ਆਲੂ ਯੂਰਪ ਵਿਚ ਦਾਖਲ ਹੋਇਆ ਤਾਂ ਅੰਗਰੇਜ਼ਾਂ ਨੇ ਇਸ ਨੂੰ ਪੋਟੈਟੋ ਕਹਿਣਾ ਸ਼ੁਰੂ ਕਰ ਦਿੱਤਾ। ਪੂਰੀ ਹੇਰਾਫੇਰੀ ਇਸ ਤਰ੍ਹਾਂ ਹੋਈ ਕਿ ਜੋ ਅਸਲੀ ਪੋਟੈਟੋ ਸੀ ਉਸ ਦੇ ਨਾਂ ਨਾਲ 'ਸਵੀਟ' ਵਿਸ਼ੇਸ਼ਣ ਲਾ ਕੇ ਸਵੀਟ ਪੋਟੈਟੋ ਬਣਾ ਦਿੱਤਾ ਗਿਆ ਪਰ ਨਵੇਂ ਆਏ ਆਲੂ ਦਾ ਪੋਟੈਟੋ ਨਾਂ ਧਰ ਦਿੱਤਾ ਗਿਆ। ਭਾਸ਼ਾਵਾਂ ਵਿਚ ਅਜਿਹੀਆਂ ਵਧੀਕੀਆਂ ਆਮ ਗੱਲ ਹੈ।

ਪਹਿਲਾਂ ਪਹਿਲਾਂ ਸੌਦਾਗਰਾਂ ਨੇ ਵਰਜੀਨੀਆ ਤੋਂ ਹੀ ਲਿਆ ਕੇ ਆਲੂਆਂ ਨੂੰ ਯੂਰਪ ਪਹੁੰਚਾਇਆ, ਇਸ ਲਈ ਇਸ ਨੂੰ ਵਰਜੀਨੀਆ ਪੋਟੈਟੋ ਵੀ ਕਿਹਾ ਗਿਆ ਪਰ ਅਸਲੀ ਸੱਚਾਈ ਦੋ ਸਦੀਆਂ ਬਾਅਦ, ਉਨੀਵੀਂ ਸਦੀ ਦੇ ਅਖੀਰ ਵਿਚ ਸਾਹਮਣੇ ਆਈ ਕਿ ਵਰਜੀਨੀਆ ਵਿਚ ਵੀ ਆਲੂ ਕੈਰੀਬੀਅਨ ਟਾਪੂਆਂ ਤੋਂ ਹੀ ਆਏ ਸਨ। ਉਦੋਂ ਤਾਂ ਆਲੂਆਂ ਨੂੰ ਬਾਸਟਰਡ ਪੋਟੈਟੋ (ਹਰਾਮੀ ਆਲੂ) ਵੀ ਕਿਹਾ ਜਾਂਦਾ ਸੀ। ਟਮਾਟਰਾਂ ਬਾਰੇ ਇਕ ਵੱਖਰੇ ਲੇਖ ਵਿਚ ਇਸ ਗੱਲ ਨੂੰ ਸਪੱਸ਼ਟ ਕੀਤਾ ਜਾਵੇਗਾ ਕਿ ਟਮਾਟਰ ਜੱਦੀ ਤੌਰ 'ਤੇ ਆਲੂਆਂ ਦੇ ਨੇੜਲੇ ਸਕੇ ਹਨ। ਆਲੂ ਜੀ ਮਹਾਰਾਜ ਤਾਂ ਦੇਸ਼ (ਭਾਰਤ) ਵਿਚ ਹੁਣ ਏਨੇ ਮਹਿੰਗੇ ਹਨ ਕਿ ਪੱਤਰਕਾਰਾਂ ਨੇ ਇਕ ਮੁਹਾਵਰਾ ਹੀ ਬਣਾ ਲਿਆ, 'ਆਹ ਮੂੰਹ ਤੇ ਆਲੂਆਂ ਦਾ ਭਾਅ?' ਆਲੂ ਸ਼ੋਰੇ ਦਾ ਭਾਅ ਚੇਤੇ ਆਉਣਾ ਮੁਹਾਵਰਾ ਤਾਂ ਪਹਿਲਾਂ ਹੀ ਬਣਿਆ ਹੋਇਆ ਹੈ। ਜੋ ਬਹੁਤਾ ਟੀ.ਵੀ. ਦੇਖਦਾ ਹੋਵੇ ਉਸ ਨੂੰ ਅੰਗਰੇਜ਼ੀ ਵਿਚ ਕਾਊਚ ਪੋਟੈਟੋ ਕਹਿ ਦਿੰਦੇ ਹਨ।


ਭਾਰਤ ਸਮੇਤ ਦੁਨੀਆਂ ਭਰ ਵਿਚ ਪੁਰਾਣੇ ਜ਼ਮਾਨੇ ਵਿਚ ਸੁੱਕੇ ਮਟਰ ਹੀ ਖਾਧੇ ਜਾਂਦੇ ਸਨ ਪਰ ਫ਼ਰਾਂਸ ਇੰਗਲੈਂਡ ਵਿਚ ਸਤਾਰਵੀਂ ਅਠਾਰਵੀਂ ਸਦੀ ਵਿਚ ਹਰੇ ਮਟਰ ਖਾਣ ਦਾ ਜਨੂਨ ਹੀ ਸ਼ੁਰੂ ਹੋ ਗਿਆ। ਉਨ੍ਹਾਂ ਦਿਨਾਂ ਵਿਚ ਇਸ ਨੂੰ ਸ਼ਾਹੀ ਖੁਰਾਕ ਕਿਹਾ ਤੇ ਸਮਝਿਆ ਜਾਣ ਲੱਗਾ। ਇੰਗਲੈਂਡ ਵਿਚ ਇਸ ਦੀਆਂ ਨਵੀਆਂ ਕਿਸਮਾਂ ਵਿਕਸਿਤ ਕੀਤੀਆਂ ਗਈਆਂ ਜੋ ਬਾਅਦ ਵਿਚ ਭਾਰਤ ਵੀ ਲਿਆਂਦੀਆਂ ਗਈਆਂ। ਇਹ ਜਨੂਨ ਅਮਰੀਕਾ ਵੀ ਅੱਪੜ ਗਿਆ। ਅਮਰੀਕੀ ਰਾਸ਼ਟਰਪਤੀ ਜੈਫ਼ਰਸਨ ਨੇ ਆਪਣੇ ਖੇਤਾਂ ਵਿਚ 30-35 ਕਿਸਮਾਂ ਦੇ ਮਟਰ ਉਗਾਏ। ਉਂਜ ਮਟਰ ਈਸਾ ਤੋਂ ਅੱਠ ਹਜ਼ਾਰ ਸਾਲ ਪਹਿਲਾਂ ਅਜੋਕੇ ਨਿਕਟ ਪੂਰਬ ਖੇਤਰ (ਤੁਰਕੀ, ਲੈਬਨਾਨ, ਸੀਰੀਆ, ਜਾਰਡਨ, ਇਸਰਾਈਲ ਆਦਿ) ਵਿਚ ਪਾਲਤੂ ਬਣਾਇਆ ਗਿਆ। ਨਵ-ਪੱਥਰ ਯੁਗ ਵਿਚ ਇਹ ਯੂਰਪ, ਉਤਰੀ ਅਫਰੀਕਾ, ਮਧ ਏਸ਼ੀਆ ਤੇ ਭਾਰਤ ਵਿਚ ਪਹੁੰਚ ਗਿਆ। ਭਾਰਤ ਵਿਚ ਮਟਰ ਦੇ ਈਸਾ ਤੋਂ ਕੋਈ ਦੋ ਹਜ਼ਾਰ ਸਾਲ ਪਹਿਲਾਂ ਮੌਜੂਦ ਹੋਣ ਦੇ ਪ੍ਰਮਾਣ ਮਿਲਦੇ ਹਨ। ਇਸ ਤਰ੍ਹਾਂ ਸਾਡੇ ਪੂਰਵਜਾਂ ਨੇ ਬਹੁਤ ਪਹਿਲਾਂ ਮਟਰਾਂ ਦਾ ਸੁਆਦ ਚੱਖ ਲਿਆ ਸੀ। ਅਮਰੀਕਾ ਵਿਚ ਮਟਰ 17ਵੀਂ ਸਦੀ ਵਿਚ ਹੀ ਅੱਪੜੇ। ਅੱਜ ਅਮਰੀਕਾ ਅਤੇ ਯੂ.ਕੇ. ਦੁਨੀਆਂ ਭਰ ਵਿਚ ਸਭ ਤੋਂ ਵਧ ਹਰੇ ਮਟਰ ਉਗਾਉਂਦੇ ਹਨ ਜਦ ਕਿ ਦੁਨੀਆਂ ਭਰ ਦੇ ਸੁੱਕੇ ਮਟਰਾਂ ਦੀ ਪੈਦਾਵਾਰ ਦਾ 80% ਰੂਸ ਤੇ ਚੀਨ ਵਿਚ ਪੈਦਾ ਹੁੰਦਾ ਹੈ।

ਹਰੇ ਮਟਰ ਇਕ ਸਬਜ਼ੀ ਵਜੋਂ ਤੇ ਸੁੱਕੇ ਦਾਲ ਵਜੋਂ ਖਾਧੇ ਜਾਂਦੇ ਹਨ। ਪਹਿਲਾਂ ਪਹਿਲਾਂ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਮਟਰ ਦੇ ਖੇਤਾਂ ਵਿਚ ਸੌਣ ਨਾਲ ਲਕਵਾ ਹੋ ਜਾਂਦਾ ਹੈ। ਮਟਰ ਬਾਰੇ ਬਹੁਤਾ ਘਚੋਲਾ ਇਸ ਦੀ ਸ਼ਨਾਖਤ ਸਬੰਧੀ ਹੈ। ਅਕਸਰ ਹੀ ਇਕ ਫਸਲ ਦਾ ਨਾਂ ਦੂਜੀ 'ਤੇ ਪੈ ਜਾਂਦਾ ਹੈ। ਇਕ ਇਲਾਕੇ ਵਿਚ ਜਿਸ ਚੀਜ਼ ਦਾ ਨਾਂ 'ੳ' ਹੈ ਦੂਸਰੇ ਵਿਚ ਕਿਸੇ ਹੋਰ ਦਾ ਓਹੀ ਹੋ ਜਾਂਦਾ ਹੈ। ਅਜੋਕੇ ਮਟਰ ਦਾ ਵਿਗਿਆਨਕ ਨਾਂ Pisum sativum ਹੈ। ਇਸ ਦੇ ਅੰਗਰੇਜ਼ੀ ਨਾਂ peas ਦਾ ਪਿਛਾ ਗਰੀਕ pison ਨਾਲ ਜਾ ਜੁੜਦਾ ਹੈ। ਲਾਤੀਨੀ ਤੋਂ ਲੰਘ ਕੇ ਹੋਰ ਭਾਸ਼ਾਵਾਂ ਵਿਚੀਂ ਵੜਦਾ ਇਹ ਮਧਕਾਲੀ ਅੰਗਰੇਜ਼ੀ ਵਿਚ pease ਬਣ ਗਿਆ ਪਰ ਅਖੀਰ ਵਿਚ 'ਸ' ਦੀ ਧੁਨੀ ਬੋਲਦੀ ਹੋਣ ਕਾਰਨ ਇਸ ਨੂੰ ਬਹੁਵਚਨ ਸ਼ਬਦ ਵਜੋਂ ਸਮਝਿਆ ਤੇ ਬੋਲਿਆ ਜਾਣ ਲੱਗਾ। ਆਧੁਨਿਕ ਅੰਗਰੇਜ਼ੀ ਵਿਚ ਇਸ ਦਾ ਬਹੁਵਚਨ ਰੂਪ ਤਾਂ peas ਬਣ ਗਿਆ ਪਰ ਇਸ ਨਾਲੋਂ 'ਸ' ਤੋੜ ਕੇ ਇਸ ਤੋਂ ਇਕਵਚਨ ਰੂਪ ਵੀ ਬਣਾ ਲਿਆ ਗਿਆ। ਹੁਣ peas ਨੂੰ ਇਕ ਜਿਣਸ ਵਜੋਂ ਤੇ pea ਮਟਰ ਦੇ ਇਕ ਦਾਣੇ ਵਜੋਂ ਲਫਜ਼ ਚਲਦੇ ਹਨ। pea ਨਾਲ ਹੋਰ ਸ਼ਬਦ ਲਾ ਕੇ ਫਲੀ ਵਾਲੇ ਹੋਰ ਸ਼ਬਦ ਬਣਾ ਲਏ ਗਏ ਹਨ ਜਿਵੇਂ chicpea (ਕਾਬਲੀ ਛੋਲੇ), peanut (ਮੂੰਗਫਲੀ), pigeon pea (ਅਰਹਰ). ਮਟਰ ਦੀ ਇਕ ਵੱਡੀ ਕਿਸਮ ਨੂੰ 'ਮਟਰਾ' ਵੀ ਆਖਦੇ ਹਨ। ਮਟਰ ਨੂੰ ਮਟਰੀ ਵੀ ਕਹਿ ਦਿੱਤਾ ਜਾਂਦਾ ਹੈ।

ਕੁਝ ਸ੍ਰੋਤ ਪੰਜਾਬੀ ਮਟਰ ਨੂੰ ਸੰਸਕ੍ਰਿਤ 'ਵ੍ਰਤੁਲ' ਤੋਂ ਬਣਿਆ ਮੰਨਦੇ ਹਨ. ਵ੍ਰਤੁਲ=ਵ੍ਰਤ+ਉਲਚ, ਜੋ ਪਰਾਕ੍ਰਿਤ ਵਿਚ 'ਵਟੁੱਲ' ਫਿਰ 'ਵਟੁਡ' ਤੇ ਅੱਗੇ ਮਟਰ ਬਣ ਗਿਆ। ਸੰਸਕ੍ਰਿਤ 'ਵ੍ਰਿ' ਧਾਤੂ ਦਾ ਅਰਥ ਗੋਲ ਹੋਣਾ ਹੁੰਦਾ ਹੈ. ਇਸ ਲਈ ਇਸ ਤੋਂ ਬਣੇ 'ਵ੍ਰਤ' ਦਾ ਮਤਲਬ ਗੋਲ-ਆਕਾਰੀ ਹੁੰਦਾ ਹੈ। ਮਟਰ ਦਾ ਇਕ ਅਰਥ ਗੋਲੀ ਵੀ ਹੁੰਦਾ ਹੈ, ਇਸੇ ਤੋਂ ਮਟਰਮਾਲਾ ਸ਼ਬਦ ਬਣਿਆ ਅਰਥਾਤ ਛੋਟੀਆਂ ਛੋਟੀਆਂ ਗੋਲੀਆਂ ਵਾਲੀ ਮਾਲਾ।

ਪਰ ਮਟਰਗਸ਼ਤ ਸ਼ਬਦ ਵਿਚ ਮਟਰ ਦਾ ਕੋਈ ਦਖਲ ਨਹੀਂ। ਇਹ ਸ਼ਬਦ 'ਮਠਰਗਸ਼ਤ' ਤੋਂ ਵਿਗੜਿਆ ਹੈ ਜਿਸ ਵਿਚ ਮਠਰ ਦਾ ਭਾਵ ਮੱਠਾ, ਮੰਦ ਹੈ। ਗਸ਼ਤ ਫਾਰਸੀ ਸ਼ਬਦ ਹੈ ਜਿਸ ਦੇ ਮਾਅਨੇ ਚੱਲਣਾ ਫਿਰਨਾ, ਗੇੜਾ ਮਾਰਨਾ ਹੁੰਦਾ ਹੈ। ਸੋ, ਮਟਰਗਸ਼ਤ ਦਾ ਮਤਲਬ ਬਣਿਆ ਮੱਠੀ ਮੱਠੀ ਗਸ਼ਤ। ਇਸੇ ਤਰ੍ਹਾਂ ਖਾਣ ਵਾਲੀ ਨਮਕੀਨ ਮਟਰੀ ਦਾ ਮਟਰ ਨਾਲ ਕੋਈ ਸਬੰਧ ਨਹੀਂ। ਇਸ ਸ਼ਬਦ ਦੇ ਹੋਰ ਰੂਪ ਹਨ 'ਮਿਠੜੀ', 'ਮਠੜੀ' ਜਾਂ 'ਮੱਠੀ'। ਇਸ ਦਾ ਪਰਾਕ੍ਰਿਤ ਰੂਪ 'ਮਿੱਠਡਿਆ' ਸੰਸਕ੍ਰਿਤ 'ਮਿਸ਼ਟਰਿਕਾ' ਤੋਂ ਵਿਕਸਿਤ ਹੋਇਆ ਹੈ। ਇਸ ਚਰਚਾ ਤੋਂ ਪਤਾ ਲਗਦਾ ਹੈ ਕਿ ਮਟਰੀ ਦੇ ਪੁਰਾਣੇ ਰੂਪ ਮਿੱਠੇ ਹੀ ਹੁੰਦੇ ਸਨ, ਸਲੂਣਾ ਜ਼ਾਇਕਾ ਤਾਂ ਬਾਅਦ ਦੀਆਂ ਗੱਲਾਂ ਹਨ।


ਸ਼ਕਰਕੰਦੀ


*Elephant-yam* ਜਿਮੀਕੰਦ

## ਯਾਦਾਂ ਦੀ ਪਿਟਾਰੀ

ਰੱਖਦਾ ਹਾਂ। ਹਾਂ ਤੇ ਰਤਾ ਸਹਿਜੇ ਬੋਲਿਆ ਕਰ। ਇਹ ਆਖ ਕੇ ਉਹ ਮੁਸਕਰਾ ਪਏ। ਮੈਂ ਵੀ ਹੱਸ ਪਿਆ। ਦੂਰੋਂ ਤੁਰੇ ਪਏ ਆਉਂਦਿਆਂ 'ਵਾਜ ਮਾਰਨੀ, "ਮੋਹਨ ਪਿਆਰੇ! ਬਈ ਇਕ ਗਲਾਸ ਗਰਮਾ-ਗਰਮ ਚਾਹ ਦਾ ਪਿਲਾ।"

"ਮੋਹਨ ਪਿਆਰੇ ਤੋਂ ਬਿਨਾਂ ਤਾਂ ਉਹ ਬੋਲਦੇ ਹੀ ਨਹੀਂ ਸਨ। ਕੋਈ ਰੀਸਾਂ ਨੇ ਉਨ੍ਹਾਂ ਦੇ ਪਿਆਰ ਦੀਆਂ?" ਤੇ ਮੋਹਨ ਲਾਲ ਫਿਰ ਭਾਵੁਕ ਹੋ ਗਏ। ਉਹ ਬੋਲੇ, "ਆਦਮੀ ਨੂੰ ਉਹ ਮੱਥੇ ਤੋਂ ਪੜ੍ਹਦੇ ਸਨ। ਪੰਜ ਮਿੰਟ ਉਸ ਵੱਲ ਵੇਖ ਕੇ ਉਸ ਦਾ ਸੁਭਾਅ, ਆਦਤਾਂ ਤੇ ਉਸ ਦੇ ਹਾਲਾਤ ਸਭ ਕੁਝ ਦੀ ਜਾਣਕਾਰੀ ਪ੍ਰਾਪਤ ਕਰ ਲੈਂਦੇ। ਇਕ ਦਿਨ ਆਖਣ ਲੱਗੇ, "ਲੈ ਬਈ ਮੋਹਨ ਪਿਆਰੇ! ਅਸਾਂ ਤੈਨੂੰ ਅਮਰ ਕਰ ਦਿੱਤਾ ਏ। ਜਦੋਂ ਲੋਕੀਂ ਮੇਰੇ ਨਾਵਲ ਪੜ੍ਹਨਗੇ, ਤੈਨੂੰ ਵੀ ਯਾਦ ਕਰਨਗੇ। ਜਿਸ ਪ੍ਰਬੀਨਤਾ ਨਾਲ ਉਨ੍ਹਾਂ ਮੇਰਾ ਚਰਿਤਰ ਉਲੀਕਿਆ ਏ, ਉਸ ਨੂੰ ਉਹ ਪਤਾ ਨਹੀਂ ਕਦੋਂ ਤੇ ਕਿਵੇਂ ਆਪਣੇ ਤੀਸਰੇ ਨੇਤਰ ਨਾਲ ਪੜ੍ਹਦੇ ਰਹੇ ਸਨ।"

ਇਕ ਵਾਰੀ ਉਹ ਮੈਨੂੰ ਕਹਿਣ ਲੱਗੇ, "ਲੈ ਬਈ ਇਕ ਬੜਾ ਜ਼ਰੂਰੀ ਕੰਮ ਤੇਰੇ ਜ਼ਿੰਮੇ ਏ। ਜੇ ਕਿਸੇ ਤਰ੍ਹਾਂ ਪਾਗਲ 'ਦਾਸ' ਨੂੰ ਕੁਝ ਦੇਰ ਲਈ ਇੱਥੇ ਆਪਣੀ ਦੁਕਾਨ 'ਤੇ ਲਿਆ ਬਿਠਾਵੇਂ ਤਾਂ ਤੈਨੂੰ ਮੰਨ ਜਾਵਾਂ। 'ਦਾਸ' ਨਾਮੀ ਪਾਗਲ ਨੌਜਵਾਨ ਕਈ ਸਾਲਾਂ ਤੋਂ ਡਲਹੌਜ਼ੀ ਰਹਿੰਦਾ ਸੀ। ਬਾਊ ਜੀ ਅਕਸਰ ਉਸ ਨੂੰ ਦੇਖਦੇ ਰਹਿੰਦੇ ਸਨ ਪਰ ਉਹ ਕਿਸੇ ਨਾਲ ਕੋਈ ਗੱਲ ਨਹੀਂ ਸੀ ਕਰਦਾ। ਦਾਸ ਨੂੰ ਕੁਝ ਚਿਰ ਲਈ ਇਕ ਥਾਂ ਲਿਆ ਬਿਠਾਉਣਾ ਕੋਈ ਸੌਖਾ ਕੰਮ ਨਹੀਂ ਸੀ ਪਰ ਇਕ ਦਿਨ ਮੈਂ ਉਸ ਕੰਮ ਵਿਚ ਸਫ਼ਲ ਹੋ ਗਿਆ। ਦਾਸ ਨੂੰ ਚਾਹ ਦਾ ਗਲਾਸ ਤੇ ਖਾਣ ਲਈ ਨਿੱਕ-ਸੁੱਕ ਦੇ ਕੇ ਮੈਂ ਸਾਹਮਣੀ ਮੇਜ਼ 'ਤੇ ਬਿਠਾ ਦਿੱਤਾ। ਉਸ ਤੋਂ ਦੂਰ ਸਾਹਮਣੇ ਬੈਠੇ ਬਾਊ ਜੀ ਉਸ ਨੂੰ ਖਾਂਦਿਆਂ ਵੇਖਦੇ ਰਹੇ। ਉਸ ਦਾ ਚਿਹਰਾ ਨਿਹਾਰਦੇ ਰਹੇ। ਥੋੜ੍ਹੀ ਬਹੁਤ ਵਾਕਫ਼ੀਅਤ ਦੇ ਸਹਾਰੇ ਉਨ੍ਹਾਂ ਨੇ 'ਨਾਸੂਰ' ਨਾਂ ਦਾ ਇਕ ਨਾਵਲ ਦਾਸ ਦੀ ਜ਼ਿੰਦਗੀ 'ਤੇ ਲਿਖਿਆ। ਹੂ-ਬ-ਹੂ ਦਾਸ ਦੀ ਜ਼ਿੰਦਗੀ, ਸੁਭਾਅ, ਉਸ ਦੇ ਜੀਵਨ ਵਿਚਲਾ ਦੁਖਾਂਤ ਜਿਸ ਕਾਰਨ ਉਹ ਮਾਨਸਿਕ ਸੰਤੁਲਨ ਗੁਆ ਕੇ ਤਰਸਯੋਗ ਜੀਵਨ ਭੋਗ ਰਿਹਾ ਸੀ। ਨਾਵਲ ਨੇ ਪਾਠਕਾਂ ਦੀ ਚੇਤਨਾ ਨੂੰ ਹਲੂਣ ਕੇ ਰੱਖ ਦਿੱਤਾ।"

ਮਾਸਟਰ ਮੋਹਨ ਲਾਲ ਹਲਵਾਈ ਬਾਊ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੀ ਰਚਨਾ 'ਤੇ ਬੜੇ ਭਰੋਸੇ ਨਾਲ ਬੋਲ ਰਹੇ ਸਨ। ਕਿਸੇ ਨੇ ਕਦੀ ਏਨੀਆਂ ਲਾਜਵਾਬ ਕਹਾਣੀਆਂ ਆਪਣੇ ਦਿਮਾਗ ਤੋਂ ਘੜੀਆਂ ਨੇ? ਉਨ੍ਹਾਂ ਦੀ ਕਾਲਪਨਿਕ ਸ਼ਕਤੀ ਏਨੀ ਬੁਲੰਦ ਸੀ। ਉਹ ਤਾਂ ਸੱਚਮੁੱਚ ਇਸ ਦੁਨੀਆਂ ਤੋਂ ਪਰ੍ਹੇ ਦੀ ਦੁਨੀਆਂ ਦੇ ਕੋਈ ਮਸੀਹਾ ਸਨ।

"ਤੁਸੀਂ ਬਾਊ ਜੀ ਦੇ ਸਾਰੇ ਨਾਵਲ ਪੜ੍ਹੇ ਨੇ ਭਾਪਾ ਜੀ?" ਬਾਊ ਜੀ ਦੀ ਨਾਵਲ ਕਲਾ ਬਾਰੇ ਉਨ੍ਹਾਂ ਦੀ ਭਰਪੂਰ ਜਾਣਕਾਰੀ ਵੇਖ ਕੇ ਮੈਂ ਇਹ ਸਵਾਲ ਪੁੱਛ ਬੈਠੀ, "ਨਹੀਂ ਬੇਟਾ। ਮੈਂ ਤਾਂ ਲਗਪਗ ਅਨਪੜ੍ਹ ਹਾਂ। ਮੇਰਾ ਛੋਟਾ ਭਰਾ ਰੋਜ਼ ਰਾਤ ਨੂੰ ਮੈਨੂੰ ਉਨ੍ਹਾਂ ਦੇ ਨਾਵਲ ਪੜ੍ਹ ਕੇ ਸੁਣਾਉਂਦਾ ਹੁੰਦਾ ਸੀ। ਵਾਹ! 'ਪਵਿੱਤਰ ਪਾਪੀ' ਨਾਵਲ ਦੇ ਪਾਤਰਾਂ ਨੂੰ ਕਦੀ ਕੋਈ ਭੁੱਲ ਸਕਦਾ ਏ? ਸੁਣਿਆ ਏ, ਉਸ 'ਤੇ ਫਿਲਮ ਵੀ ਬਣੀ ਏ?" ਮੈਂ ਹਾਂ ਵਿਚ ਸਿਰ ਹਿਲਾਇਆ।

ਮੈਂ ਜਦੋਂ ਬਾਊ ਜੀ ਦੇ ਨਾਵਲਾਂ ਦੀਆਂ ਗੱਲਾਂ ਉਨ੍ਹਾਂ ਨਾਲ ਕਰਨੀਆਂ ਤਾਂ ਉਨ੍ਹਾਂ ਮੈਨੂੰ ਕਹਿਣਾ, "ਮੋਹਨ ਪਿਆਰੇ! ਛੱਡ ਇਸ ਧੰਦੇ ਨੂੰ, ਤੂੰ ਵੀ ਲਿਖਿਆ ਕਰ। ਤੂੰ ਬੜਾ ਚੰਗਾ ਲਿਖ ਸਕਦਾ ਏਂ।" ਤੇ ਫਿਰ ਕਦੀ ਉਨ੍ਹਾਂ ਆਖਣਾ, "ਇੱਥੇ ਦੁਕਾਨ 'ਤੇ ਬਹਿ ਕੇ ਕਿਉਂ ਆਪਣੇ ਅੰਦਰਲੇ ਕਲਾਕਾਰ ਦਾ ਗਲਾ ਘੁੱਟੀ ਬੈਠਾ ਏਂ।" ਚੱਲ ਤੈਨੂੰ ਬਲਰਾਜ ਸਾਹਨੀ ਕੋਲ ਫ਼ਿਲਮਾਂ ਵਿਚ ਭਰਤੀ ਕਰਵਾ ਦਿਆਂ। ਤੂੰ ਵੀ ਵਧੀਆ ਐਕਟਰ ਬਣ ਸਕਦਾ ਏਂ।"

ਤੇ ਦੁਕਾਨ ਅੰਦਰ ਕਦਮ ਧਰਦਿਆਂ ਹੀ ਮੋਹਨ ਲਾਲ ਮੈਨੂੰ ਹਲਵਾਈ ਨਹੀਂ ਸਗੋਂ 'ਓਮ ਪ੍ਰਕਾਸ਼' ਦੇ ਪੱਧਰ ਦਾ ਵਧੀਆ ਕਰੈਕਟਰ ਐਕਟਰ ਜਾਪਿਆ ਸੀ। ਅਗਲੇ ਦਿਨ ਚੰਬੇ ਤੋਂ ਵਾਪਸ ਆ ਕੇ ਅਸੀਂ ਫਿਰ ਉਨ੍ਹਾਂ ਨੂੰ ਮਿਲਣ ਗਏ। ਤਰਕਾਲਾਂ ਵੇਲਾ ਸੀ। ਦੁਕਾਨ 'ਤੇ ਗਾਹਕਾਂ ਦੀ ਭੀੜ ਸੀ। ਮੋਹਨ ਲਾਲ ਭੱਠੀ ਅੱਗੇ ਬੈਠ ਕੇ ਗਰਮ-ਗਰਮ ਜਲੇਬੀਆਂ ਤਲ-ਤਲ ਗਾਹਕਾਂ ਨੂੰ ਦੇ ਰਹੇ ਸਨ। ਜਲੇਬੀਆਂ ਦੀ ਮੰਗ ਏਨੀ ਸੀ ਕਿ ਦਸ ਗਾਹਕ ਜਾਂਦੇ ਤੇ ਪੰਦਰਾਂ ਹੋਰ ਆ ਜਾਂਦੇ। ਅਸੀਂ ਉਨ੍ਹਾਂ ਨਾਲ ਗੱਲਾਂ ਕਰਨ ਲਈ ਉਨ੍ਹਾਂ ਦੇ ਸਾਹਮਣੇ ਜਾ ਬੈਠੇ। ਮੈਂ ਦਿਲੋਂ ਝਿਜਕ ਰਹੀ ਸਾਂ ਕਿ ਇਹੀ ਸਮਾਂ ਉਨ੍ਹਾਂ ਦੇ ਵਿਹਾਰ ਲਈ ਕੀਮਤੀ ਏ। ਅਸੀਂ ਕੇਵਲ ਯਾਦਾਂ ਦੇ ਵਹਿਣ ਵਿਚ ਵਹਿ ਕੇ ਉਨ੍ਹਾਂ ਦੇ ਕੰਮ ਵਿਚ ਰੁਕਾਵਟ ਨਾ ਬਣੀਏ ਪਰ ਮੈਂ ਹੈਰਾਨ ਸਾਂ ਕਿ ਮਾਸਟਰ ਮੋਹਨ ਲਾਲ ਹਲਵਾਈ ਦੇ ਹੱਥ ਜਿੱਥੇ ਬੜੀ ਨਿਪੁੰਨਤਾ ਤੇ ਫੁਰਤੀ ਨਾਲ ਕੰਮ ਵਿਚ ਲੱਗੇ ਹੋਏ ਸਨ, ਉਥੇ ਦਿਮਾਗੀ ਬਿਰਤੀ ਸਿਰਫ ਬਾਊ ਜੀ ਦੀਆਂ ਸਿਮਰਤੀਆਂ ਨਾਲ ਜੁੜੀ ਸ਼ਰਧਾ ਦੇ ਫੁੱਲ ਵਰਸਾ ਰਹੀ ਸੀ। ਪਿਆਰ ਦਾ ਵੇਗ ਆਂਦਾ ਤਾਂ ਦਿਲ ਦੇ ਕਿੰਗਰੇ ਉਛਲ-ਉਛਲ ਪੈਂਦੇ। ਅਹਿਸਾਸ ਦੇ ਇਹ ਰਿਸ਼ਤੇ ਖ਼ੂਨ ਦੇ ਰਿਸ਼ਤਿਆਂ ਤੋਂ ਵੀ ਕਿੰਨੇ ਅਹਿਮ ਹੁੰਦੇ ਨੇ। ਇਹ ਮੈਂ ਡਲਹੌਜ਼ੀ ਜਾ ਕੇ ਹੀ ਅਨੁਭਵ ਕੀਤਾ।

ਮੋਹਨ ਲਾਲ ਜੀ ਨੇ ਦੱਸਿਆ ਕਿ ਬਾਊ ਜੀ ਦੇ ਦੇਹਾਂਤ ਮਗਰੋਂ ਅੰਮ੍ਰਿਤਸਰ ਵੱਲ ਰੁਖ਼ ਨਹੀਂ ਕਰ ਸਕੇ। ਬਾਊ ਜੀ ਤੇ ਅੰਮ੍ਰਿਤਸਰ ਦਾ ਤਸੱਵਰ ਉਨ੍ਹਾਂ ਲਈ ਦੋ ਅਲੱਗ-ਅਲੱਗ ਚੀਜ਼ਾਂ ਨਹੀਂ ਸਨ। "ਭਲਾ ਡਲਹੌਜ਼ੀ ਨੂੰ ਤਾਂ ਉਹ ਵਿਗੋਚਾ ਦੇ ਗਏ ਨੇ, ਅੱਜ ਅੰਮ੍ਰਿਤਸਰ ਵੀ ਉਨ੍ਹਾਂ ਤੋਂ ਵਿਰਵਿਆਂ ਹੋ ਗਿਆ ਏ।" ਇਹ ਕਹਿੰਦਿਆਂ ਉਨ੍ਹਾਂ ਦੇ ਨੇਤਰ ਸੇਜਲ ਹੋ ਗਏ।


ਆਪਣੇ ਜ਼ਮਾਨੇ ਦੀਆਂ ਦੋ ਮਹਾਨ ਸ਼ਖ਼ਸੀਅਤਾਂ ਸ. ਸੋਭਾ ਸਿੰਘ ਆਰਟਿਸਟ ਤੇ ਸ. ਨਾਨਕ ਸਿੰਘ ਨਾਵਲਿਸਟ

# ਗਾਇਕਾਂ ਦੇ ਸਵਾਲ-ਜਵਾਬ ਹਿਟਲਰ ਦੀ ਤਾਨਾਸ਼ਾਹੀ ਵਰਗੇ ਬਣੇ



## ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*

*ਫੋਨ:91-98141-78883

ਹਿਟਲਰ ਬਾਰੇ ਤੁਸੀਂ ਕਿੰਨਾ ਕੁ ਜਾਣਦੇ ਹੋਵੋਗੇ? ਬਸ ਏਨਾ ਕੁ ਕਿ ਉਹ ਜਰਮਨੀ ਦਾ ਅਜਿਹਾ ਤਾਨਾਸ਼ਾਹ ਸ਼ਾਸ਼ਕ ਹੋਇਆ ਜਿਸ ਨੇ ਆਪਣੀ ਪਰਜਾ ਨੂੰ ਰੱਜ ਕੇ ਲਿਤਾੜਿਆ, ਆਪਣੇ ਸ਼ਾਸਨ ਦੌਰਾਨ ਇਨਸਾਨਾਂ ਨਾਲ ਪਸ਼ੂਆਂ ਨਾਲੋਂ ਭੈੜਾ ਵਿਹਾਰ ਕੀਤਾ, ਸਿੱਟੇ ਵਜੋਂ ਉਸ ਦਾ ਨਾਂ ਲੈਂਦਿਆਂ ਸਾਰ ਮਨ ਨਫ਼ਰਤ ਨਾਲ ਭਰ ਜਾਂਦੈ। ਜਾਂ ਫਿਰ ਇਹ ਜਾਣਦੇ ਹੋਵੋਗੇ ਕਿ ਕ੍ਰਿਕਟ ਤੋਂ ਉਹਨੂੰ ਏਨੀ ਨਫ਼ਰਤ ਹੋ ਗਈ ਕਿ ਉਹਨੇ ਜਰਮਨੀ ਵਿਚੋਂ ਇਸ ਖੇਡ ਦਾ ਸਫ਼ਾਇਆ ਹੀ ਕਰ ਦਿੱਤਾ, ਸਿੱਟੇ ਵਜੋਂ ਅੱਜ ਤੱਕ ਉਥੇ ਕ੍ਰਿਕਟ ਨਹੀਂ ਖੇਡੀ ਜਾਂਦੀ। ਪਰ ਤੁਹਾਨੂੰ ਸ਼ਾਇਦ ਹੀ ਪਤਾ ਹੋਵੇ ਕਿ ਅੱਜ ਉਹੀ ਹਿਟਲਰ ਪੰਜਾਬੀ ਗਾਇਕਾਂ ਦਾ ਰੋਲ ਮਾਡਲ ਬਣਨਾ ਸ਼ੁਰੂ ਹੋ ਗਿਐ।

ਗਾਇਕੀ ਜ਼ਰੀਏ ਤਾਨਾਸ਼ਾਹੀ ਦਿਖਾਉਣ ਵਾਲੀ ਨੀਤੀ ਭਾਵੇਂ ਨਵੀਂ ਨਹੀਂ, ਆਏ ਦਿਨ ਕਲਾਕਾਰ ਪਰਦੇ ਪਿੱਛੇ ਇਹੋ ਜਿਹੇ ਕਾਰੇ ਕਰਦੇ ਨੇ ਜਿਹੜੇ ਇਨ੍ਹਾਂ ਨੂੰ 'ਹਿਟਲਰ' ਦੇ ਸਕੇ-ਸੋਧਰੇ ਸਿੱਧ ਕਰਦੇ ਨੇ। ਜਿਹੜੇ ਕਲਾਕਾਰ ਕੱਲ੍ਹ ਤੱਕ ਧੀਆਂ-ਭੈਣਾਂ ਦੀਆਂ ਇੱਜ਼ਤਾਂ ਦੀ ਰਾਖੀ ਦੇ ਗੀਤ ਗਾਉਂਦੇ ਆਖਦੇ ਸਨ ਕਿ ਗ਼ੈਰਤ ਪੰਜਾਬੀਆਂ ਦੇ ਖ਼ੂਨ 'ਚ ਇਸ ਕਦਰ ਵਸੀ ਏ ਕਿ ਮਾੜੀ ਅੱਖ ਵਾਲੇ ਨੂੰ ਪਲਾਂ 'ਚ ਸੋਧ ਛੱਡਦੇ ਨੇ, ਉਹ ਅੱਜ ਮੁਟਿਆਰ ਨੂੰ ਕਹਿੰਦੇ ਨੇ, 'ਮੈਂ ਤੇਰੀ ਰਾਖੀ ਕਰਦਾ ਹਿਟਲਰ ਬਣ ਗਿਆ ਪਰ ਤੂੰ ਮੇਰੀ ਭੋਰਾ ਕਦਰ ਨਾ ਪਾਈ...।' ਪਹਿਲੀ ਗੱਲ ਤਾਂ ਰਾਖੀ ਕਰਕੇ ਚਿਤਾਰਨਾ ਨਹੀਂ ਸੀ ਚਾਹੀਦਾ ਤੇ ਜੇ ਚਿਤਾਰਨਾ ਹੀ ਸੀ ਤਾਂ ਖੁਦ ਦੀ ਤੁਲਨਾ ਹਿਟਲਰ ਨਾਲ ਨਹੀਂ ਸੀ ਕਰਨੀ ਚਾਹੀਦੀ। ਕੱਲ੍ਹ ਤੱਕ ਗੀਤਾਂ 'ਚ ਜੱਗਾ ਡਾਕੂ, ਜਿਉਣਾ ਮੌੜ ਤੇ ਹੋਰ ਪਾਤਰ ਤੁਰਦੇ-ਫਿਰਦੇ ਨਜ਼ਰ ਆਉਂਦੇ ਸਨ ਪਰ ਹੁਣ ਤਾਂ ਜੱਗੋਂ ਤੇਰਵੀਂ ਹੋ ਗਈ ਏ, ਇਹਨੂੰ ਨਵੇਂ 'ਆਈਡੀਏ' ਦੇ ਨਾਂ 'ਤੇ ਲੋਕਾਂ ਤੱਕ ਅੱਪੜਦਾ ਕਰਨਾ ਸਿਆਣਪ ਵਾਲੀ ਗੱਲ ਸਮਝੀ ਜਾਣ ਲੱਗੀ ਏ।

ਉਂਜ ਪੰਜਾਬੀ ਗਾਇਕੀ ਦਾ ਕਾਮੇਡੀ ਨਾਲ ਚਿਰੋਕਣਾ ਰਿਸ਼ਤਾ ਏ। ਜਦੋਂ-ਜਦੋਂ ਵੀ ਮਕਬੂਲ ਗੀਤਾਂ ਨੂੰ ਵਿੰਗਾ-ਟੇਢਾ ਕਰਕੇ ਹਾਸੇ ਦੀ ਮੰਡੀ 'ਚ ਭੇਜਿਆ ਗਿਆ, ਲੋਕਾਂ ਦੇ ਚਿਹਰੇ ਜ਼ਰੂਰ ਖਿੜੇ। ਗੀਤ ਦੀ ਪੈਰੋਡੀ ਬਣਾ ਕੇ ਉਨ੍ਹਾਂ ਨੂੰ ਕਾਮੇਡੀ ਕੈਸਿਟਾਂ ਵਿਚ ਅਨੇਕਾਂ ਕਲਾਕਾਰਾਂ ਨੇ ਪੇਸ਼ ਕੀਤੈ।

## 'ਹਿਟਲਰ ਬਣ ਗਿਆ ਸੋਹਣੀਏ ਤੇਰੀ ਰਾਖੀ ਕਰਦਾ'

ਪਰ ਕਦੇ-ਕਦੇ ਕਲਾਕਾਰਾਂ ਦੀਆਂ ਹੂੜਮੱਤੀਆਂ ਕਰਕੇ ਚੰਗਾ-ਭਲਾ ਗੀਤ ਹਾਸਾ ਬਣ ਕੇ ਰਹਿ ਜਾਂਦੈ। ਖ਼ੁਦ ਕਲਾਕਾਰ ਨੂੰ ਵੀ ਪਤਾ ਨਹੀਂ ਹੁੰਦਾ ਕਿ ਜੋ ਮੈਂ ਗਾ ਰਿਹਾਂ, ਉਹ ਸੁਣਨ ਵਾਲਿਆਂ ਦਾ ਸਿਰ ਝੁਮਣ ਲਾਵੇਗਾ ਜਾਂ ਜਗ ਹਸਾਈ ਦਾ ਕਾਰਨ ਬਣੇਗਾ? ਪਿਛਲੇ ਕੁਝ ਸਮੇਂ ਤੋਂ ਇਸ ਧਾਰਨਾ ਨੇ ਵੀ ਜ਼ੋਰ ਫੜ ਲਿਆ ਏ ਕਿ ਅਜਿਹਾ ਗਾਓ, ਜੀਹਦੇ ਨਾਲ ਸਭ ਦਾ ਧਿਆਨ ਤੇਰੇ ਵੱਲ ਜਾਵੇ ਤੇ ਜਦੋਂ ਲੋਕ ਹੱਸ ਕੇ ਜਾਂ ਮਾੜਾ ਆਖ ਕੇ ਤੁਹਾਡੇ ਬਾਰੇ ਗੱਲ ਕਰਨਗੇ, ਉਦੋਂ ਤੁਸੀਂ ਸਫ਼ਲਤਾ ਦੀ ਲੀਹੇ ਪੈ ਜਾਵੋਗੇ।

ਲੱਖੀ ਵਣਜਾਰਾ ਦੇ ਇੱਕ ਪੈਰੋਡੀ ਗੀਤ ਨੂੰ ਸੁਣਿਆਂ ਬੜਾ ਹਾਸਾ ਆਉਂਦੈ ਤੇ ਨਾਲ ਹੀ ਉਦੋਂ ਦੀ ਸਰਲਤਾ ਵਾਲੀ ਜ਼ਿੰਦਗੀ ਦਾ ਰਾਜ਼ ਵੀ ਖੁੱਲ੍ਹ ਜਾਂਦੈ। ਉਹਨੇ ਗਾਇਆ ਸੀ:

ਤੂੰ ਸੋਹਣੀ ਨਿਰੀ ਸਵਾਹ ਵਰਗੀ,
ਤੇਰਾ ਭੁੱਬਲ ਵਰਗਾ ਰੰਗ ਕੁੜੇ,
ਕਿਉਂ ਝੱਗਾ ਪਾਉਨੀ ਏਂ ਤੰਗ ਕੁੜੇ।

ਇੱਕ ਹੋਰ ਗੀਤ ਸੀ, ਜੀਹਦੇ ਕਲਾਕਾਰ ਦਾ ਨਾਂ ਚੇਤੇ ਨਹੀਂ। ਉਹਨੇ ਜੇਠ ਦੀ ਨਿਗ੍ਹਾ ਬਾਰੇ ਬੜੇ ਸੁਗਲੀਆ ਅੰਦਾਜ਼ 'ਚ ਗਾਇਆ ਸੀ:



ਮੈਨੂੰ ਕਹਿੰਦਾ ਸੂਟ ਨਹੀਂ ਪਾਉਂਦੀ,
ਮੈਂ ਪਾ ਲਿਆ ਸਰਦਈ।
ਜੇਠ ਦੀ ਨਜ਼ਰ ਬੁਰੀ,
ਗੋਡਿਆਂ ਪਰਨੇ ਪਈ।

ਇਹ ਤੇ ਇਹੋ ਜਿਹੇ ਅਨੇਕਾਂ ਹੋਰ ਗੀਤ ਸਰੋਤਿਆਂ ਦਾ ਸਵਾਦ ਬਦਲਣ ਲਈ ਸੋਚ-ਸਮਝ ਕੇ ਐਲ.ਪੀ. ਰਿਕਾਰਡ ਜਾਂ ਕੈਸਿਟ 'ਚ ਪਾਏ ਜਾਂਦੇ ਸਨ। ਜਗ ਹਸਾਈ ਦਾ ਕਾਰਨ ਬਣਨ ਦੀ ਥਾਂ ਇਹ ਕਲਾਕਾਰ ਦੀ ਬਹੁਪੱਖੀ ਪ੍ਰਤਿਭਾ ਬਾਰੇ ਦੱਸਦੇ ਸਨ ਕਿ ਜੇ ਭੰਗੜਾ ਪਵਾਉਣ ਵਾਲੇ ਗੀਤ ਗਾਏ ਜਾ ਸਕਦੇ ਨੇ, ਬਿਰਹੋਂ ਦਾ ਦਰਦ ਪੇਸ਼ ਕੀਤਾ ਜਾ ਸਕਦੈ ਤਾਂ ਗੀਤਾਂ ਜ਼ਰੀਏ ਰੋਣੀਆਂ ਸੂਰਤਾਂ ਨੂੰ ਹਸਾਇਆ ਵੀ ਜਾ ਸਕਦੈ।



'ਹਿਟਲਰ' ਬਾਰੇ ਬਾਤ ਪਾਉਣ ਵਾਲਾ ਗਾਇਕ ਰਾਜ ਰਣਜੋਧ ਹੈ, ਜੀਹਦੀ ਅਵਾਜ਼ ਉਸ ਦੇ ਚੰਗੇ ਰਿਆਜ਼ ਤੋਂ ਜਾਣੂ ਕਰਾਉਂਦੀ ਏ ਪਰ ਪਤਾ ਨਹੀਂ ਕਿਹੜੀ ਗੱਲੋਂ ਉਹਨੇ ਮੁਟਿਆਰ ਦੀ ਰਾਖੀ ਕਰਦਿਆਂ ਖੁਦ ਨੂੰ ਹਿਟਲਰ ਨਾਲ ਜੋੜ ਲਿਐ। ਪੂਰੇ ਗੀਤ ਵਿਚ ਜਿੱਥੇ 'ਹਿਟਲਰ' ਖਾਕੀ ਰੰਗ ਦੀਆਂ ਲੰਡੀਆਂ ਜੀਪਾਂ ਰੱਖਣ ਵਾਲੇ ਸ਼ੌਕ ਪੁਗਾਉਣ ਦੀ ਗੱਲ ਕਰਦੈ, ਉਥੇ ਨਵਾਂ ਖੁਲਾਸਾ ਵੀ ਕਰਦੈ ਕਿ ਉਹ 'ਜੱਟ' ਏ, ਜੀਹਦਾ ਖੇਤੀ ਦੀ ਥਾਂ ਗੁੰਡਾਗਰਦੀ ਨਾਲ ਡੂੰਘਾ ਰਿਸ਼ਤਾ ਏ, ਜਿਹੜਾ 'ਸੁਪਨਿਆਂ ਦੀ ਸ਼ਹਿਜ਼ਾਦੀ' ਨੂੰ ਮਿਲਣ ਤੋਂ ਪਹਿਲਾਂ ਰੱਜ ਕੇ ਸ਼ਰੀਫ਼ ਸੀ ਪਰ ਜਦੋਂ ਦੀ ਉਹ ਪਸੰਦ ਆਈ, ਲੋਕਾਂ ਨਾਲ ਆਢਾ ਲੈਂਦਿਆਂ 'ਹਿਟਲਰ' ਬਣ ਬੈਠਾ। ਗੀਤ ਦੇ ਬੋਲ ਦੇਖੋ:

ਸਹੁੰ ਤੇਰੀ ਮੈਂ ਸੋਹਣੀਏ ਪਹਿਲਾਂ ਸੀ ਚੰਗਾ,
ਰੱਜ ਕੇ ਕੁੜੇ ਸ਼ਰੀਫ਼ ਸੀ, ਨਾ ਕਰਦਾ ਦੰਗਾ,
ਰਾਹ ਤੇਰਾ ਕੋਈ ਤੱਕ ਜੇ, ਮੈਂ ਕਿੱਦਾਂ ਜਰਦਾ,
ਹਿਟਲਰ ਬਣ ਗਿਆ ਸੋਹਣੀਏ
ਤੇਰੀ ਰਾਖੀ ਕਰਦਾ।

---

ਜੀਪਾਂ ਰੱਖੀਆਂ ਲੰਡੀਆਂ ਰੰਗ ਕਰਕੇ ਖਾਕੀ,
ਮੋਰਾਂ ਗਿੱਟੇ ਭੰਨਦੀ ਯਾਰਾਂ ਦੀ ਹਾਕੀ,
ਤਿੜਕਦੀਆਂ ਫਿਰ ਹੱਡੀਆਂ
ਜੱਟ ਜਿੱਥੇ ਜੜਦਾ,
ਹਿਟਲਰ ਬਣ ਗਿਆ ਸੋਹਣੀਏ...।

ਮਾਲਵੇ ਵਿਚ ਜਿੱਥੇ ਕਿਤੇ ਵੀ ਵਿਆਹ 'ਤੇ ਡੀ.ਜੇ. ਲੱਗਦੈ, ਉਥੇ ਭੈਣ-ਭਰਾ, ਮਾਂ-ਪੁੱਤ ਏਸੇ ਗੀਤ 'ਤੇ ਨੱਚਦੇ ਨੇ। ਦੇਖਣ ਨੂੰ ਲੱਗਦੈ ਜਿਵੇਂ ਭਰਾ ਆਪਣੀ ਭੈਣ ਨੂੰ ਹੀ ਕਹਿ ਰਿਹਾ ਹੋਵੇ ਕਿ ਤੇਰੀ ਰਾਖੀ ਕਰਦਾ-ਕਰਦਾ ਮੈਂ ਵੀ 'ਹਿਟਲਰ' ਬਣ ਬੈਠਾ।

ਹਾਲੇ ਇਹ ਗੀਤ ਚੰਗਾ ਹਾਸਾ ਪੈਦਾ ਕਰ ਰਿਹਾ ਸੀ ਕਿ ਇਸ ਦਾ ਜਵਾਬ ਇੱਕ ਹੋਰ ਗਾਇਕ ਨੇ ਆਪਣੇ ਹੀ ਅੰਦਾਜ਼ 'ਚ ਦੇ ਦਿੱਤਾ। ਉਸ ਜਵਾਬ ਨਾਲ ਜਿਹੜੇ ਠਹਾਕੇ ਪੈਦਾ ਹੋਏ, ਉਹ ਵੀ ਭਾਵੇਂ ਮਾਲਵੇ ਤੱਕ ਸੀਮਤ ਰਹਿ ਗਏ ਪਰ ਜੀਹਨੇ-ਜੀਹਨੇ ਇਹ ਸੁਣਿਆ ਉਹ ਕਹਿਣ ਲਈ ਮਜਬੂਰ ਹੋ ਗਿਆ ਕਿ ਜਦੋਂ ਕਲਾਕਾਰ ਗੀਤ ਦੀ ਰਿਕਾਰਡਿੰਗ 'ਤੇ ਪੱਲਿਓਂ ਪੈਸਾ ਖਰਚਦੇ ਨੇ, ਵੀਡੀਓ ਖੁਦ ਦੇ ਪੈਸਿਆਂ ਦਾ ਬਣਾਉਂਦੇ ਨੇ ਤੇ ਅੱਗੇ ਚੈਨਲ ਪ੍ਰਚਾਰ ਦਾ ਖਰਚਾ ਵੀ ਖੁਦ ਹੀ ਕਰਦੇ ਨੇ ਤਾਂ ਅਕਲ ਵਰਤਣ ਨੂੰ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਤੁਲ ਕਿਉਂ ਸਮਝਦੇ ਨੇ?

ਜਿਹੜੇ ਗਾਇਕ ਨੇ 'ਹਿਟਲਰ' ਦੀ ਹਰ ਗੱਲ ਦਾ ਜਵਾਬ ਦਿੱਤਾ, ਉਹਦੀ ਅਵਾਜ਼ ਬੇਹੱਦ ਕੱਚੀ ਏ। ਉਹਨੇ ਪਹਿਲੇ ਗੀਤ ਦੀ ਹਰ ਸਤਰ ਦਾ ਜਵਾਬ ਆਪਣੇ ਢੰਗ ਨਾਲ ਦਿੱਤਾ:

ਵੱਡੇ ਵੈਲੀ ਬਣਦੇ ਜੋ ਗੱਲੀਂ ਬਾਤੀਂ,
ਹੁਣ ਵੇਖੇ ਕੋਈ ਮਾਰ ਕੇ ਤੇਰੇ ਵੱਲ ਝਾਤੀ,
ਕੁੱਟ-ਕੁੱਟ ਵੇਖੀਂ ਕਿੱਦਾਂ
ਗੋਡਿਆਂ ਥੱਲੇ ਧਰਦਾ,
ਹਿਟਲਰ ਕੁੱਟਣਾ ਸੋਹਣੀਏ
ਜੋ ਤੇਰੀ ਰਾਖੀ ਕਰਦਾ।

---

ਘੁੰਮਦੇ ਜੀਪਾਂ ਲੰਡੀਆਂ
ਜੋ ਰੰਗ ਕਰਕੇ ਖਾਕੀ,
ਭੱਜਣ ਨਹੀਂਓਂ ਦੇਣੇ, ਨਾਲੇ ਤੋੜੂੰ ਹਾਕੀ,
ਮੈਂ ਜੀਪਾਂ ਕਰਦੂੰ ਪੁੱਠੀਆਂ ਤੂੰ ਵੇਖੀਂ ਲੜਦਾ,
ਹਿਟਲਰ ਕੁੱਟਣਾ ਸੋਹਣੀਏ...।

ਤੁਸੀਂ ਖੁਦ ਹੀ ਦੱਸੋ ਕਿ ਅਜਿਹੇ ਗੀਤਾਂ ਨੂੰ ਪੰਜਾਬੀ ਗਾਇਕੀ 'ਚ ਕੀਤੇ ਜਾ ਰਹੇ ਅਨਮੋਲ ਵਾਧੇ ਵਜੋਂ ਲਿਆ ਜਾਵੇ ਜਾਂ ਪੰਜਾਬੀ ਗਾਇਕੀ ਦੀ ਖਿੱਲੀ ਉਡਾਉਣ ਵਜੋਂ। ਪਰਦੇ ਪਿੱਛੇ ਕਲਾਕਾਰ ਅਨੇਕਾਂ ਵਾਰ ਅਜਿਹੇ ਕਾਰੇ ਕਰਦੇ ਨੇ ਜਿਨ੍ਹਾਂ ਬਾਰੇ ਜਾਣ ਕੇ ਹਾਸਾ ਪੈਦਾ ਹੁੰਦਾ ਏ ਪਰ ਉਨ੍ਹਾਂ 'ਤੇ ਪਰਦਾ ਇਸ ਕਰਕੇ ਪਿਆ ਰਹਿੰਦੈ ਕਿਉਂਕਿ ਉਹ ਆਮ ਸਰੋਤੇ ਦੀ ਪਹੁੰਚ ਤੋਂ ਦੂਰ ਰਹਿੰਦੇ ਨੇ। ਪਰ ਜਦੋਂ ਕਲਾਕਾਰ ਹਾਸੋਹੀਣੇ ਗੀਤ ਗਾ ਕੇ ਖੁਦ ਹੀ ਟੀ.ਵੀ. ਚੈਨਲਾਂ 'ਤੇ ਪੇਸ਼ ਕਰਨਗੇ ਤਾਂ ਸਰੋਤੇ ਇਨ੍ਹਾਂ ਦੀ ਅਕਲ 'ਤੇ ਪਏ ਪਰਦੇ ਬਾਰੇ ਕਿਉਂ ਨਾ ਸੋਚਣਗੇ?

ਸਾਧਾਰਨ ਸਰੋਤੇ 'ਹਿਟਲਰ' ਦੇ ਦੋਵੇਂ ਗੀਤ ਸੁਣਦਿਆਂ ਹੱਸਦੇ ਵੀ ਨੇ ਤੇ ਸਵਾਲ ਵੀ ਖੜ੍ਹੇ ਕਰਦੇ ਨੇ। ਪਹਿਲਾ ਸਵਾਲ ਇਹ ਕਿ ਅਸੀਂ ਤਾਂ ਉਨ੍ਹਾਂ ਲੋਕਾਂ ਨੂੰ ਰੋਲ ਮਾਡਲ ਮੰਨਦੇ ਹਾਂ ਜਿਨ੍ਹਾਂ ਸਮਾਜ ਨੂੰ ਕੁਝ ਦਿੱਤਾ ਹੋਵੇ ਪਰ 'ਹਿਟਲਰ' ਵਰਗੇ ਜਿਹੜੇ ਤਾਨਾਸ਼ਾਹ ਨੇ ਲੋਕਾਈ ਨੂੰ ਦੁੱਖ ਹੀ ਦਿੱਤੇ ਹੋਣ ਉਸ ਦਾ ਜ਼ਿਕਰ ਕਰਨ ਦੀ ਕੀ ਲੋੜ? ਕਲਾਕਾਰ ਭਾਵੇਂ ਇਹ ਭਰਮ ਪਾਲੀ ਫਿਰਨ ਕਿ ਜੇ ਉਹ ਅਜਿਹੇ ਗੀਤ ਨਾ ਗਾਉਂਦੇ ਤਾਂ ਅਖ਼ਬਾਰਾਂ ਵਿਚ ਉਨ੍ਹਾਂ ਨੂੰ ਏਨੀ ਥਾਂ ਕਿਵੇਂ ਮਿਲਦੀ ਪਰ ਇਹ ਜਗ੍ਹਾ 'ਸ਼ਾਬਾਸ਼' ਵਜੋਂ ਵੀ ਮੱਲੀ ਜਾ ਸਕਦੀ ਏ, ਉਸ ਲਈ ਸਮਾਜਿਕ ਸਰੋਕਾਰਾਂ ਦੀ ਗੱਲ ਕਰਨੀ ਜ਼ਰੂਰੀ ਏ, ਸੁਥਰੇ ਮਨੋਰੰਜਨ ਨਾਲ ਲੋਕਾਈ ਨੂੰ ਸਰਸ਼ਾਰ ਕਰਨ ਦੀ ਜ਼ਰੂਰਤ ਏ।

# ਕਾਵਿ-ਮੰਚ

### ਪਗੜੀਆਂ

ਜੀਉਂਦੀ ਖ਼ਾਤਰ ਵਿਚ ਫ਼ਰਾਂਸ ਦੇ
ਰੌਲਾ ਪਾਉਂਦੇ ਆ।
ਕੈਨੇਡਾ ਤੇ ਅਮਰੀਕਾ ਉਹੀ
ਫੜ ਕੇ ਲੈਂਦੇ ਆ।

ਏਅਰਪੋਰਟ 'ਤੇ ਸੇਫ਼ ਰਹਿਣ ਲਈ
ਲੈਣ ਤਲਾਸ਼ੀ ਜੇ।
ਅਫ਼ਸਰ ਨੂੰ ਨਾ ਛੱਡਣ
ਹੋਵੇ ਹੱਥ ਗੰਡਾਸੀ ਜੇ।
ਜਾਨ-ਬੇਦੋਸ਼ੀ ਚਲੀ ਨਾ ਜਾਵੇ
ਤਾਂ ਸਮਝਾਉਂਦੇ ਆ...।

ਲਾਹ-ਲਾਹ ਪੱਗਾਂ ਕੇਸ ਵੀ ਚੱਲਦੇ
ਝੱਲਦੇ ਖ਼ਰਚਾ ਵੀ।
ਕਈ-ਕਈ ਦਿਨ ਅਖ਼ਬਾਰਾਂ ਦੇ ਵਿਚ
ਹੁੰਦੀ ਚਰਚਾ ਵੀ।
ਔਣ ਪੁਲਸੀਏ ਬੂਟ ਸਣੇ ਤਾਂ
ਰੋਸ ਵਿਖਾਉਂਦੇ ਆ...।

ਜਿੰਨੀ ਦੇਰ ਜਹਾਜ਼ ਨੀਂ ਆਇਆ
ਕਿਸੇ ਇਮਾਰਤ ਨੂੰ।
ਪੁੱਛਦੇ ਨੀਂ ਸੀ ਜਰਮਨ ਚੱਲਿਆਂ
ਜਾਂ ਤੂੰ ਭਾਰਤ ਨੂੰ।
ਆਪਣੇ ਕਰਕੇ ਹੀ ਹੁਣ
ਇੰਨਾ ਟਾਈਮ ਲਗਾਉਂਦੇ ਆ...।

ਚੀਮਨੇ ਵਾਲਾ ਪਗੜੀ ਦੀ
ਬੜੀ ਇੱਜ਼ਤ ਹੈ ਕਰਦਾ।
ਰਾਜ ਕਹੇ ਹੈ ਗੁੱਸਾ ਸਭ ਨੂੰ
ਮਸਲਾ ਨੀਂ ਘਰਦਾ।
ਸੋਹਣੀ ਵੀ ਸਰਦਾਰੀ ਵੀ ਇਹਨੂੰ
ਜੋ ਸਜਾਉਂਦੇ ਆ।
ਜੀਉਂਦੀ ਖ਼ਾਤਰ ਵਿਚ ਫ਼ਰਾਂਸ ਦੇ...।

### ਚਿੱਠੀ ਵੇਲਿਆਂ ਦੀਆਂ ਬਾਤਾਂ

ਸਾਂਭ-ਸਾਂਭ ਕੇ ਤਾਹੀਓਂ
ਸਭ ਨੇ ਰੱਖੀਆਂ ਹੁੰਦੀਆਂ ਸੀ।
ਚਿੱਠੀਆਂ ਦੇ ਵਿਚ ਲਿਖੀਆਂ
ਗੱਲਾਂ ਸੱਚੀਆਂ ਹੁੰਦੀਆਂ ਸੀ।

ਜਾ ਪਰਦੇਸੀ ਕੋਈ ਜਦ,
ਪੈਸਾ-ਪੱਤਰ ਪਾਉਂਦਾ ਸੀ।
ਕਹਿ ਮੂੰਹ ਮਿੱਠਾ ਕਰਵਾਓ,
ਡਾਕੀਆ ਵੀ ਤਰਸਾਉਂਦਾ ਸੀ
ਵਿਚ ਉਡੀਕਾਂ ਮਾਂ ਦੀਆਂ
ਅੱਖਾਂ ਥੱਕੀਆਂ ਹੁੰਦੀਆਂ ਸੀ...।

ਜੰਞ ਜਾਣ ਲਈ ਜੁੱਤੀ ਨਵੀਂ,
ਸਮਾਉਂਦੇ ਲੋਕੀ ਸੀ।
ਬਾਹਰਲਾ ਘਰ ਹੀ ਪੈਲਸ,
ਨਾ ਕੋਈ ਕਾਰ ਨਾ ਕੋਠੀ ਸੀ।
ਆਈਸਕ੍ਰੀਮਾਂ ਕਿੱਥੇ?
ਦੁੱਧ 'ਚ ਪੱਤੀਆਂ ਹੁੰਦੀਆਂ ਸੀ...।

ਸੇਵਾ ਨਹੀਂਓਂ ਹੁਣ ਹੁੰਦੀ
ਜੋ ਸੀ ਭੂਆ ਤੇ ਫੁੱਫੜ ਦੀ।
ਗੁਆਂਢੀਆਂ ਦੇ ਖ਼ੁਸ਼ਬੋ ਸੀ ਜਾਂਦੀ,
ਘਰੇ ਬਣਦੇ ਕੁੱਕੜ ਦੀ
ਨਵੇਂ ਸਿਰ੍ਹਾਣੇ ਚੋਅ ਲਾ,
ਝੱਲ ਪੱਖੀਆਂ ਹੁੰਦੀਆਂ ਸੀ...।

ਘਰ ਦੀ ਸਣ ਦੀ ਵੱਡਾ ਬਾਪੂ
ਦੌਣ ਬਣਾਉਂਦਾ ਸੀ।
ਤਾਕਤ ਵਾਲੇ ਟੀਕੇ ਉਦੋਂ
ਕੌਣ ਲਵਾਉਂਦਾ ਸੀ?
ਬੇਬੇ ਆਟਾ ਪੀਹਣਾ
ਘਰ ਹੀ ਚੱਕੀਆਂ ਹੁੰਦੀਆਂ ਸੀ...।

ਇਕ ਪ੍ਰਾਹੁਣਾ ਹੁੰਦਾ
ਸਾਰੇ ਪਿੰਡ ਦਾ ਸਾਂਝਾ ਸੀ।
ਆਸ਼ਕ ਵੀ ਸੀ ਗਿਣਤੀ ਦੇ,
ਨਾ ਹਰ ਕੋਈ ਰਾਂਝਾ ਸੀ।
ਹੁਣ ਵਾਂਗੂੰ ਨੀਂ ਫਿਰਦੀਆਂ,
ਥਾਂ-ਥਾਂ ਸੱਸੀਆਂ ਹੁੰਦੀਆਂ ਸੀ...।

ਪਾਠੀ ਬੋਲਦੇ, ਬਲਦ ਉਦੋਂ
ਜੋੜਨੇ ਪੱਕੇ ਹਾਲੀ ਨੇ।
ਮੜਕ ਨਾ' ਤੁਰਕੇ ਜਾਣਾ
ਮਗਰੇ ਭੱਤੇ ਵਾਲੀ ਨੇ।
ਸੱਥ 'ਚ ਬਹਿੰਦੇ ਬਾਬੇ
ਕੰਨੀਂ ਨੱਤੀਆਂ ਹੁੰਦੀਆਂ ਸੀ...।

ਦੁੱਧ ਮਲਾਈਆਂ ਵਿਚੇ
ਧੁਖਦਾ ਰਹਿੰਦਾ ਹਾਰਾ ਸੀ
ਪਿੱਪਲਾਂ ਥੱਲੇ ਮੰਜਿਆਂ ਦਾ ਵੀ
ਕੀ ਨਜ਼ਾਰਾ ਸੀ
ਰੌਣਕ ਲੈ ਗਈਆਂ ਸਾਰੀ
ਜਿਥੇ ਭੱਠੀਆਂ ਹੁੰਦੀਆਂ ਸੀ...।

ਕਿਸੇ-ਕਿਸੇ ਦੀ ਚਾਲ ਬੜੀ ਸੀ
ਪੈਦਲ ਤੁਰਦੇ ਦੀ।
ਹੁੰਦੀ ਕੀ ਬੀਮਾਰੀ?
ਕੀ ਉਹ ਜਾਣੇ ਗੁਰਦੇ ਦੀ।
ਫੋੜੇ-ਫਿਨਸੀ 'ਤੇ ਲਾ ਹਲਦੀ
ਪੱਟੀਆਂ ਹੁੰਦੀਆਂ ਸੀ...।

ਲਿਖਤ-ਪੜ੍ਹਤ ਵੀ ਥੋੜ੍ਹੀ,
ਸੌਦੇ ਸੀ ਜ਼ਬਾਨਾਂ 'ਤੇ।
ਵਿਕਣ ਤਕ ਸੀ ਜਾਂਦੇ,
ਆਏ ਘਰ ਮਹਿਮਾਨਾਂ 'ਤੇ।
ਹੁਣ ਤਾਂ ਮੁੱਕਰ ਜਾਂਦੇ
ਸਾਈਆਂ ਪੱਕੀਆਂ ਹੁੰਦੀਆਂ ਸੀ...।

ਭੂਆ ਭਤੀਜੀ ਦਾ ਰਿਸ਼ਤਾ
ਆ ਸਹੁਰਿਓਂ ਲੈ ਜਾਂਦੀ।
ਜ਼ੋਰ ਕੋਈ ਨਾ ਚੱਲਦਾ
ਜਦ ਆ ਬੂਹੇ ਬਹਿ ਜਾਂਦੀ।
ਹੱਕ ਸਮਝ ਕੇ ਆਉਂਦੀਆਂ
ਗੋਦੀ ਚੱਕੀਆਂ ਹੁੰਦੀਆਂ ਸੀ...।

ਤੀਜੀ ਚੌਥੀ ਪੀੜ੍ਹੀ ਤਾਈਂ
ਸਭ ਕਰਦੇ ਪੂਜਾ ਸੀ।
ਸਿੱਖ ਦੇ ਨਾਂ ਦੀ ਰੋਟੀ ਪਹਿਲਾਂ
ਫਿਰ ਕੋਈ ਦੂਜਾ ਸੀ।
ਹੁਣ ਨੀਂ ਕੋਈ ਮੰਨਦਾ
ਉਦੋਂ ਮਟੀਆਂ ਹੁੰਦੀਆਂ ਸੀ...।

ਖ਼ੂਨ ਹੋ ਗਿਆ ਚਿੱਟਾ
ਬੇੜਾ ਬਹਿ ਗਿਆ ਸਾਕਾਂ ਦਾ।
ਕੀੜੇਮਾਰ ਦਵਾਈਆਂ ਕਰਕੇ
ਅਸਰ ਖ਼ੁਰਾਕਾਂ ਦਾ।
ਚੁੱਲ੍ਹੇ ਗੁੱਲ ਮਘਾਉਣੇ
ਵਾਧੂ ਮੱਕੀਆਂ ਹੁੰਦੀਆਂ ਸੀ...।

ਸੀ ਰੌਣਕ ਚਿਹਰਿਆਂ ਉਤੇ
ਹੁੰਦੀ ਲੋਹੜੀ ਮਾਘੀ ਨੂੰ।
ਜਾਹ ਕਰਿਆ ਰਿਸ਼ਤਾ ਪੱਕਾ
ਕਹਿ ਦਿੰਦੇ ਸੀ ਲਾਗੀ ਨੂੰ।
ਨਾਂਹ-ਨੁੱਕਰ ਨੀਂ ਆਗਿਆਕਾਰੀ
ਬੱਚੀਆਂ ਹੁੰਦੀਆਂ ਸੀ...।

ਫ਼ੌਜੀ ਛੁੱਟੀ ਆਇਆ ਵੀ
ਘਰੇ ਕੰਮ ਕਰਾਉਂਦਾ ਸੀ।
ਆਉਂਦਾ ਹੋਇਆ ਕੋਟੇ ਵਿਚੋਂ
ਰੰਮ ਲਿਆਉਂਦਾ ਸੀ।
ਮਿਲਣ ਗਏ ਕਰ ਆਉਂਦੇ
ਅੱਖਾਂ ਤੱਤੀਆਂ ਹੁੰਦੀਆਂ ਸੀ...।

ਬੈਠ ਬਜ਼ੁਰਗਾਂ ਵਿਚ ਗੱਲਾਂ
'ਰਾਜ' ਨੇ ਸਿੱਖੀਆਂ ਨੇ।
'ਚੀਮਨੇ' ਵਾਲੇ ਨੇ ਤਾਂ
ਸਤਰਾਂ ਵਿਚ ਹੀ ਲਿਖੀਆਂ ਨੇ।
ਨਾ ਪੁੱਛ ਜਵਾਨਾਂ ਕਹਿੰਦੇ ਕੀ,
ਉਦੋਂ ਜੱਟੀਆਂ ਹੁੰਦੀਆਂ ਸੀ...।

ਚਿੱਠੀਆਂ ਦੇ ਵਿਚ ਲਿਖੀਆਂ
ਗੱਲਾਂ ਸੱਚੀਆਂ ਹੁੰਦੀਆਂ ਸੀ।

-ਰਾਜ ਧਾਲੀਵਾਲ

---

### ਓ ਲੀਡਰੋ...

ਸੁਣਿਆ ਦੇਸ਼ ਮੇਰੇ ਨੇ ਕੀਤੀ ਬੜੀ ਤਰੱਕੀ!

ਘਰ ਘਰ ਹੋ ਗਈਆਂ ਹੁਣ ਮੋਟਰ ਕਾਰਾਂ
ਤੁਰਨ ਫਿਰਨ ਤੋਂ ਅੱਜਕੱਲ੍ਹ ਦੁਨੀਆਂ ਅੱਕੀ।
ਦੁਕਾਨਾਂ ਨਸ਼ਿਆਂ ਦੀਆਂ ਆਮ ਖੁੱਲ੍ਹੀਆਂ
ਲੱਤੀਂ-ਬਾਹੀਂ ਟੀਕੇ ਮੁੰਡੇ ਜਾਵਣ ਧੱਕੀ।

ਜਵਾਨਾਂ ਦੇ ਵੀ ਗੋਡੇ ਜੁੜ ਗਏ
ਹਿਲ ਨਾ ਸਕਦੇ।
ਬਿਨਾਂ ਮਾਰਿਓ ਡੌਡਿਆਂ ਦੀ ਫ਼ੱਕੀ।
ਹਥਿਆਰ ਰੱਖਣ ਦਾ ਉਨ੍ਹਾਂ ਨੂੰ ਵੀ
ਸ਼ੌਕ ਪੈ ਗਿਆ
ਜ਼ਿੰਦਗੀ 'ਚ ਜਿਨ੍ਹਾਂ ਕਦੇ ਮਾਰੀ ਨਾ ਮੱਖੀ।

ਅੰਨ੍ਹੇਵਾਹ ਹਰ ਕੋਈ ਕਾਰ ਚਲਾਵੇ
ਜਿਵੇਂ ਚੋਰੀ ਕਰ ਕੇ ਭੱਜਿਆ,
ਕੋਈ ਮਿਰਜ਼ੇ ਦੀ ਬੱਕੀ।
ਪਿੰਡਾਂ ਵਿਚ ਜੇ ਬਿਜਲੀ ਦਿਨੇ ਆ ਜਾਵੇ
ਭੋਲੇ ਲੋਕ ਸਮਝਣ ਖੁਦ ਨੂੰ ਲੱਕੀ।

ਉਹ ਦੇਸ਼ ਮੇਰੇ ਦਿਓ ਲੀਡਰੋ,
ਤੁਸੀਂ ਕੁਝ ਤਾਂ ਇਨਸਾਫ਼ ਕਰੋ।
ਕਿਉਂ ਸਿਆਸਤ ਖੇਡ ਕੇ ਤੁਸੀਂ,
ਪੰਜਾਬ ਮੇਰੇ ਦੇ ਜਾਂਦੇ ਫੱਟੇ ਚੱਕੀ।
ਦੇਸ਼ ਆਪਣੇ ਦੇ ਨਾਲ ਕੁਝ ਤਾਂ ਕਰੋ ਵਫ਼ਾ
ਤਾਂ ਕਿ ਦੁਨੀਆਂ ਦੇਖ ਕੇ
ਸਾਨੂੰ ਹੋ ਜਾਵੇ ਹੱਕੀ ਬੱਕੀ!!

-ਸਤਿੰਦਰ ਸਿੰਘ ਸੁਸਾਣਾ
ਫੋਨ:630-957-8243

## ਬਾਲੀਵੁੱਡ ਦਾ ਲੇਖਾ ਜੋਖਾ

# ਛੋਟੇ ਬਜਟ ਵਾਲੀਆਂ ਫ਼ਿਲਮਾਂ ਛਾਈਆਂ

**ਬਖ਼ਸ਼ਿੰਦਰ**

ਪਿਛਲੇ ਸਾਲ ਦੇ ਅਖੀਰਲੇ ਮਹੀਨੇ ਰਿਲੀਜ਼ ਹੋਈ ਫਿਲਮ 'ਥ੍ਰੀ ਇਡੀਅਟਸ' ਨੇ ਹਿੰਦੀ ਸਿਨੇਮਾ ਦੇ ਵੱਕਾਰ ਨੂੰ ਹੋਰ ਨਿੱਘਰਨ ਤੋਂ ਰੋਕਿਆ ਸੀ ਤੇ ਸਾਲ 2010 ਲਈ ਇਕ ਚੰਗਾ ਮੁੱਢ ਬੰਨ੍ਹਿਆ ਸੀ। 'ਥ੍ਰੀ ਇਡੀਅਟਸ' ਨੇ ਮੋਟੀ ਕਮਾਈ ਹੀ ਨਹੀਂ ਕੀਤੀ ਸੀ ਸਗੋਂ ਇਸ ਧਾਰਨਾ ਨੂੰ ਇਕ ਵਾਰ ਫਿਰ ਮਜ਼ਬੂਤੀ ਵੀ ਬਖ਼ਸ਼ੀ ਸੀ ਕਿ ਕਹਾਣੀ ਵਿਚ ਦਮ ਹੋਵੇ ਤਾਂ ਫਿਲਮ ਵਿਚ ਵੀ ਦਮ ਹੋਵੇਗਾ ਯਾਨਿ 'ਅਸਲੀ ਹੀਰੋ ਸਕਰਿਪਟ' ਹੀ ਹੈ। ਫਿਰ ਇਸ ਸਾਲ ਦੌਰਾਨ 'ਦਬੰਗ' ਨਾਂ ਦੀ ਇਕ ਫਿਲਮ ਰਿਲੀਜ਼ ਹੋਈ ਜਿਸ ਬਾਰੇ ਸੁਣਨ ਵਿਚ ਆਇਆ ਕਿ ਉਸ ਨੇ 'ਥ੍ਰੀ ਇਡੀਅਟਸ' ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਚਲੋ ਮੰਨ ਲਿਆ ਕਿ 'ਦਬੰਗ' ਨੇ 'ਥ੍ਰੀ ਇਡੀਅਟਸ' ਦੇ ਸਾਰੇ ਰਿਕਾਰਡ ਤੋੜ ਦਿੱਤੇ ਪਰ 'ਥ੍ਰੀ ਇਡੀਅਟਸ' ਨੇ ਹਿੰਦੀ ਸਿਨੇਮਾ ਦਾ ਜਿਹੜਾ ਵੱਕਾਰ ਕਾਇਮ ਕੀਤਾ ਸੀ ਉਸ ਨੂੰ ਫਿਰ ਪਹਿਲੇ ਤੋਂ ਵੀ ਨੀਵੇਂ ਦਰਜੇ ਤੱਕ ਲਿਜਾਣ ਦਾ ਰਿਕਾਰਡ ਵੀ 'ਦਬੰਗ' ਨੇ ਹੀ ਬਣਾਇਆ ਹੈ।

ਇਸ ਤੋਂ ਪਹਿਲਾਂ ਕਿ ਇਸ ਸਾਲ (2010) ਵਿਚ ਰਿਲੀਜ਼ ਹੋਈਆਂ ਫਿਲਮਾਂ ਦੀ ਸਫ਼ਲਤਾ/ਅਸਫ਼ਲਤਾ ਦਾ ਲੇਖਾ-ਜੋਖਾ ਕੀਤਾ ਜਾਵੇ, 'ਦਬੰਗ' ਬਾਰੇ ਇਕ-ਦੋ ਹੋਰ ਨੁਕਤੇ ਸਾਂਝੇ ਕਰਨੇ ਬਣਦੇ ਹਨ। ਪਿਛਲੇ ਕੁੱਝ ਅਰਸੇ ਤੋਂ ਕਿਸੇ ਫਿਲਮ ਨੂੰ ਕਾਮਯਾਬ ਕਰਨ ਲਈ ਉਸ ਵਿਚ ਇਕ-ਅੱਧਾ ਗੀਤ (ਆਈਟਮ ਸੌਂਗ) 'ਜਬਰੀ' ਸ਼ਾਮਲ ਕਰਨ ਦਾ ਰਿਵਾਜ ਪੈ ਗਿਆ ਹੈ। ਅਜਿਹੇ ਗੀਤਾਂ ਦਾ ਫਿਲਮ ਦੇ ਵਿਸ਼ੇ ਜਾਂ ਕਹਾਣੀ ਨਾਲ ਦੂਰ ਦਾ ਵੀ ਵਾਹ-ਵਾਸਤਾ ਨਹੀਂ ਹੁੰਦਾ। 'ਦਬੰਗ' ਵਿਚ ਵੀ 'ਮੁੰਨੀ ਬਦਨਾਮ ਹੂਈ' ਗੀਤ ਇਕ 'ਆਈਟਮ ਸੌਂਗ' ਹੀ ਸੀ। ਇਹ ਫਿਲਮ ਭਾਰਤੀ ਸਿਨੇਮਾ ਦੀ ਪਹਿਲੀ ਇਹੋ ਜਿਹੀ ਫਿਲਮ ਕਰਾਰ ਦਿੱਤੀ ਜਾ ਸਕਦੀ ਹੈ ਜੋ 'ਆਈਟਮ ਸੌਂਗ' ਵਾਲੀ ਫਿਲਮ ਤਾਂ ਹੈ ਹੀ, ਆਪਣੇ-ਆਪ ਵਿਚ ਇਕ 'ਆਈਟਮ ਫਿਲਮ' ਵੀ ਸੀ। ਜਿਸ ਤਰ੍ਹਾਂ 'ਆਈਟਮ ਗੀਤ' ਦਾ ਫਿਲਮ ਦੀ ਕਹਾਣੀ ਨਾਲ ਕੋਈ ਸਬੰਧ ਨਹੀਂ ਹੁੰਦਾ ਉਸੇ ਤਰ੍ਹਾਂ ਕਿਸੇ 'ਆਈਟਮ ਫਿਲਮ' ਦਾ ਸਮਾਜਕ ਹਕੀਕਤਾਂ ਨਾਲ ਕੋਈ ਸਬੰਧ ਨਹੀਂ ਹੁੰਦਾ। ਪੂਰੀ ਫਿਲਮ ਵਿਚ ਇਕ ਘਟਨਾ ਵੀ ਇਸ ਤਰ੍ਹਾਂ ਦੀ ਨਹੀਂ ਦਿਸੀ ਜੋ ਆਮ ਸੰਸਾਰ ਵਿਚ ਵਾਪਰਦੀ ਦਿਸਦੀ ਹੋਵੇ। ਅਸੀਂ ਇੱਥੇ ਇਸ ਫਿਲਮ ਦਾ ਨਹੀਂ ਸਗੋਂ ਸਾਰੇ ਵਰ੍ਹੇ ਦੀਆਂ ਫਿਲਮਾਂ ਦਾ ਲੇਖਾ-ਜੋਖਾ ਕਰਨਾ ਜਿਸ ਕਰ ਕੇ ਇਸ ਗੱਲ ਨੂੰ ਇੱਥੇ ਹੀ ਸਮੇਟ ਕੇ ਅੱਗੇ ਵਧਦੇ ਹਾਂ।



*ਫ਼ਿਲਮ 'ਪੀਪਲੀ ਲਾਈਵ' ਦਾ ਇਕ ਦ੍ਰਿਸ਼*

'ਦਬੰਗ' ਨੇ 145 ਕਰੋੜ ਰੁਪਏ ਕਮਾਏ ਪਰ ਕਮਾਈ ਦੇ ਪੱਖੋਂ ਇਸ ਸਾਲ ਰਿਲੀਜ਼ ਹੋਈਆਂ ਤਕਰੀਬਨ 180 ਫਿਲਮਾਂ ਨੂੰ 'ਦਬੰਗੀ' ਕਾਮਯਾਬੀ ਨਹੀਂ ਮਿਲੀ। ਹੋਰ ਤਾਂ ਹੋਰ ਫਿਲਮੀ ਮਾਹਰਾਂ ਲਈ ਇਸ ਸਾਲ ਦੀਆਂ ਫਿਲਮਾਂ ਵਿਚੋਂ 'ਦਸ ਕਮਾਊ' ਫਿਲਮਾਂ ਛਾਂਟਣੀਆਂ ਸਿਰੇ ਦਾ ਔਖਾ ਕੰਮ ਬਣਿਆ ਰਿਹਾ ਹੈ। ਇਸ ਵੇਲੇ ਭਾਰਤੀ ਫਿਲਮ ਜਗਤ ਔਸਤਨ 300 ਕਰੋੜ ਰੁਪਏ ਦੇ ਘਾਟੇ ਦਾ ਸ਼ਿਕਾਰ ਹੈ। ਇਸ ਸਾਲ ਇਹੋ ਜਿਹੀਆਂ ਫਿਲਮਾਂ ਦੀ ਗਿਣਤੀ ਪੋਟਿਆਂ ਤੋਂ ਵੀ ਘੱਟ ਹੈ ਜਿਨ੍ਹਾਂ ਨੇ ਮੁਨਾਫ਼ਾ ਕਮਾਇਆ ਹੋਵੇ। ਕਮਾਊ ਫਿਲਮਾਂ ਵਿਚ 'ਦਬੰਗ', 'ਗੋਲਮਾਲ 3', 'ਵਨਸ ਅਪਾਨ ਏ ਟਾਈਮ ਇਨ ਮੁੰਬਈ', 'ਰਾਜਨੀਤੀ', 'ਹਾਊਸ ਫੁੱਲ' ਤੇ 'ਪੀਪਲੀ ਲਾਈਵ' ਸ਼ਾਮਲ ਹਨ।

ਇਸ ਸਾਲ ਦੀ ਸਭ ਤੋਂ ਵਿਲੱਖਣ ਗੱਲ ਇਹ ਰਹੀ ਕਿ ਜਿੱਥੇ ਇਸ ਸਾਲ ਰਿਲੀਜ਼ ਹੋਈਆਂ ਵੱਡੇ ਬਜਟਾਂ ਵਾਲੀਆਂ ਬਹੁਤ ਸਾਰੀਆਂ ਫਿਲਮਾਂ ਸਿਨੇਮਾ ਘਰਾਂ ਦੇ ਪਰਦਿਆਂ ਤੋਂ ਮੂਧੇ-ਮੂੰਹ ਡਿੱਗੀਆਂ, ਛੋਟੇ ਬਜਟ ਦੀਆਂ ਕਈ ਫਿਲਮਾਂ ਜਿਨ੍ਹਾਂ ਵਿਚ ਕੋਈ ਸਟਾਰ ਵੀ ਨਹੀਂ ਸਨ, ਧੂਮਾਂ ਪਾ ਗਈਆਂ। ਇਸ ਸਬੰਧੀ ਸਭ ਤੋਂ ਮੁੱਖ ਮਿਸਾਲ ਹੈ, ਬਹੁਤ ਹੀ ਘੱਟ ਬਜਟ ਵਾਲੀ ਤੇ ਪੂਰੀ ਤਰ੍ਹਾਂ ਨਵੇਂ ਅੰਦਾਜ਼ ਵਾਲੀ ਫਿਲਮ 'ਐਲ ਐਸ ਡੀ'। ਦਿਬਾਕਰ ਬੈਨਰਜੀ ਨੇ ਇਹ ਫਿਲਮ ਬਣਾਉਣ ਵਿਚ ਮਸਾਂ ਇਕ ਕਰੋੜ ਰੁਪਏ ਖ਼ਰਚੇ ਪਰ ਇਸ ਨੂੰ ਬਣਾਉਣ ਲਈ ਕਈ ਕਰੋੜ ਦਿਮਾਗ਼ ਖ਼ਰਚ ਸੁੱਟੇ। ਇਸ ਫਿਲਮ ਉਤੇ ਹੋਈ ਮਿਹਨਤ ਨੂੰ ਬੂਰ ਵੀ ਪਿਆ ਤੇ ਇਹ ਫਿਲਮ ਅੱਠ ਕਰੋੜ ਰੁਪਏ ਦਾ ਕਾਰੋਬਾਰ ਕਰ ਗਈ। ਇਸ ਫਿਲਮ ਨੇ ਫਿਲਮਸਾਜ਼ਾਂ ਨੂੰ 'ਸੋਚ ਵੱਡੀ-ਬਜਟ ਛੋਟਾ' ਰੱਖਣ ਦੀ ਪ੍ਰੇਰਨਾ ਦਿੱਤੀ। ਦੂਜੇ ਪਾਸੇ ਵੱਡੇ ਬਜਟਾਂ ਨਾਲ ਬਣਾਈਆਂ ਗਈਆਂ 'ਵੀਰ' ਤੇ 'ਕਾਈਟਸ' ਵਿਚ ਸਟਾਰਾਂ ਦੀ ਭਰਮਾਰ ਸੀ ਪਰ ਉਨ੍ਹਾਂ ਨੇ ਫੁੜਕਣ ਤੋਂ ਪਹਿਲਾਂ ਪਾਣੀ ਵੀ ਨਾ ਮੰਗਿਆ।

ਇਹੋ ਫਿਲਮ ਨਹੀਂ, ਇਸ ਸਾਲ ਰਿਲੀਜ਼ ਹੋਈਆਂ 'ਅਤਿੱਥੀ ਤੁਮ ਕਬ ਜਾਓਗੇ', 'ਪੀਪਲੀ ਲਾਈਵ', 'ਤੇਰੇ ਬਿਨ ਲਾਦੇਨ' ਤੇ 'ਫਸ ਗਏ ਰੇ ਓਬਾਮਾ' ਫਿਲਮਾਂ ਨੇ ਛੋਟੇ ਬਜਟਾਂ ਨਾਲ ਬਣਨ ਮਗਰੋਂ ਸਿਨੇਮਾ ਘਰਾਂ ਤਕ ਪਹੁੰਚ ਕੇ ਮੁਕਾਬਲਤਨ ਵੱਡੀਆਂ ਕਮਾਈਆਂ ਕੀਤੀਆਂ। ਇਸ ਲਈ ਅੱਜਕੱਲ੍ਹ ਫਿਲਮਾਂ ਬਣਾਉਣ ਵਿਚ ਮੋਟੀਆਂ ਰਕਮਾਂ ਖ਼ਰਚ ਕੇ ਉਨੇ ਹੀ ਮੋਟੇ ਮੁਨਾਫ਼ੇ ਦੀ ਆਸ ਰੱਖਣਾ ਇਕ ਬਹੁਤ ਹੀ ਆਹਲਾ ਕਿਸਮ ਦੀ ਮੂਰਖ਼ਤਾ ਸਮਝੀ ਜਾ ਰਹੀ ਹੈ। ਹੋਰ ਤਾਂ ਹੋਰ 80 ਕਰੋੜ ਰੁਪਏ ਦਾ ਕਾਰੋਬਾਰ ਕਰਨ ਵਾਲੀ ਵੱਡੀ ਸਮਝੀ ਗਈ ਫਿਲਮ 'ਮਾਈ ਨੇਮ ਇਜ਼ ਖ਼ਾਨ', ਸਿਨੇਮਾ ਕਾਰੋਬਾਰ ਦੇ ਮਾਹਰਾਂ ਦੀ ਨਜ਼ਰ ਵਿਚ ਇਕ 'ਕਮਜ਼ੋਰ' ਫਿਲਮ ਹੈ ਕਿਉਂਕਿ ਇਸ ਨੂੰ ਖ਼ਰੀਦ ਕੇ ਰਿਲੀਜ਼ ਕਰਨ 'ਤੇ ਫੌਕਸ ਸਟੂਡੀਓ ਦੇ 100 ਕਰੋੜ ਰੁਪਏ ਖ਼ਰਚੇ ਹੋਏ ਹਨ।

ਇਸ ਲਈ ਇਸ ਵਰ੍ਹੇ 'ਤੇ ਪਿੱਛਲ-ਝਾਤ ਮਾਰਨ ਨਾਲ ਇਹੋ ਗੱਲ ਸਾਹਮਣੇ ਆਉਂਦੀ ਹੈ ਕਿ ਇਸ ਸਾਲ ਛੋਟੇ ਬਜਟ ਵਾਲ਼ੀਆਂ ਫਿਲਮਾਂ ਹੀ ਛਾਈਆਂ ਰਹੀਆਂ ਹਨ। 'ਉਡਾਨ', 'ਤੇਰੇ ਬਿਨ ਲਾਦੇਨ', 'ਵੈੱਲਡਨ ਅੱਬਾ', 'ਪੀਪਲੀ ਲਾਈਵ', 'ਲਾਹੌਰ', 'ਦੋ ਦੂਨੀ ਚਾਰ', 'ਇਸ਼ਕੀਆ' ਤੇ 'ਐਲ ਐਸ ਡੀ' ਇਹੋ ਜਿਹੀਆਂ ਫਿਲਮਾਂ ਹਨ ਜਿਨ੍ਹਾਂ ਨੂੰ ਬਣਾਉਣ 'ਤੇ ਖ਼ਰਚਾ ਵੀ ਘੱਟ ਆਇਆ ਹੈ ਤੇ ਕੋਈ ਵੱਡਾ ਤੇ ਨਾਮੀ-ਗਰਾਮੀ ਅਦਾਕਾਰ ਵੀ ਨਜ਼ਰ ਨਹੀਂ ਆਉਂਦਾ। ਇਨ੍ਹਾਂ ਫਿਲਮਾਂ ਦੀ ਇਹੋ ਸਿਫ਼ਤ ਹੈ ਕਿ ਇਨ੍ਹਾਂ ਦੀਆਂ ਕਹਾਣੀਆਂ ਬਹੁਤ ਵਧੀਆ ਹਨ ਤੇ ਉਹ ਬਹੁਤ ਹੀ ਵਧੀਆ ਢੰਗ ਨਾਲ ਫਿਲਮਾਈਆਂ ਹੋਈਆਂ ਹਨ। ਇਨ੍ਹਾਂ ਫਿਲਮਾਂ ਨੇ ਜਜ਼ਬਾਤੀ ਪੱਖ ਤੋਂ ਵੀ ਤੇ ਬੌਧਿਕ ਪੱਖ ਤੋਂ ਵੀ ਦਰਸ਼ਕਾਂ ਦਾ ਘਰ ਪੂਰਾ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਕਿਸੇ ਫਾਰਮੂਲੇ ਵਿਚ ਵੀ ਨਹੀਂ ਉਲਝਾਇਆ। ਇਸ ਸਾਲ ਦੌਰਾਨ ਬਹੁਤ ਸਾਰੇ ਨਵੇਂ ਪਰ ਪ੍ਰਤਿਭਾਸ਼ੀਲ ਫਿਲਮਸਾਜ਼ ਤੇ ਪਟਕਥਾ ਲੇਖਕ ਸਾਹਮਣੇ ਆਏ।

ਇਨ੍ਹਾਂ ਵਿਚੋਂ ਵਿਕਰਮਾਦਿਤਯ ਮੋਤਵਾਨੇ (ਉਡਾਨ), ਹਬੀਬ ਫ਼ੈਸਲ (ਦੋ ਦੂਨੀ ਚਾਰ), ਦਾਨਿਸ਼ ਅਸਲਮ (ਬ੍ਰੇਕ ਕੇ ਬਾਅਦ), ਅਭਿਸ਼ੇਕ ਚੌਬੇ (ਇਸ਼ਕੀਆ), ਅਨੂਸ਼ਾ ਰਿਜ਼ਵੀ (ਪੀਪਲੀ ਲਾਈਵ), ਅਭਿਸ਼ੇਕ ਸ਼ਰਮਾ (ਤੇਰੇ ਬਿਨ ਲਾਦੇਨ), ਸੁਭਾਸ਼ ਕਪੂਰ (ਫਸ ਗਏ ਰੇ ਓਬਾਮਾ), ਪੁਨੀਤ ਮਲਹੋਤਰਾ (ਆਈ ਹੇਟ ਲਵ ਸਟੋਰੀਜ਼), ਵਿਜੇ ਲਾਲਵਾਨੀ (ਕਾਰਤਿਕ ਕਾਲਿੰਗ ਕਾਰਤਿਕ), ਮਨੀਸ਼ ਸ਼ਰਮਾ (ਬ੍ਰੇਕ ਕੇ ਬਾਅਦ), ਫ਼ਾਰੂਕ ਕਬੀਰ (ਅੱਲ੍ਹਾ ਕੇ ਬੰਦੇ), ਅਭਿਨਵ ਕਸ਼ਯਪ (ਦਬੰਗ), ਸੰਜੇ ਪੂਰਨ ਸਿੰਘ ਚੌਹਾਨ (ਲਾਹੌਰ), ਪਰਮੀਤ ਸੇਠੀ (ਬਦਮਾਸ਼ ਕੰਪਨੀ) ਦੇ ਨਾਂ ਨਾ ਲਏ ਜਾਣ ਤਾਂ ਉਨ੍ਹਾਂ ਨਾਲ ਬੇਇਨਸਾਫ਼ੀ ਹੋਵੇਗੀ।

ਇਹ ਸਾਰੇ ਹੀ ਖ਼ਤਰਾ ਸਹੇੜ ਕੇ ਵੀ ਕੋਈ ਵੱਖਰੀ ਬਾਤ ਪਾਉਣ ਦੀ ਤਾਂਘ ਰੱਖਦੇ ਹਨ। ਮਨੋਰੰਜਨ ਦੇ ਪੱਖ ਤੋਂ ਇਹ ਵਰ੍ਹਾ ਸਲਮਾਨ ਖ਼ਾਨ ਦੇ ਨਾਂ ਲੱਗਦਾ ਹੈ ਜਿਸ ਨੇ 'ਦਬੰਗ' ਰਾਹੀਂ ਨਵੀਂ ਕਿਸਮ' ਦਾ ਹਿੰਦੀ ਫਿਲਮੀ ਹੀਰੋ ਸਿਰਜਿਆ ਹੈ। ਇਸ ਵਰ੍ਹੇ ਹੀ ਰਿਲੀਜ਼ ਹੋਈ ਫਿਲਮ 'ਰਾਜਨੀਤੀ' ਵਿਚ ਰਣਬੀਰ ਕਪੂਰ ਨੇ ਵੀ ਹਿੰਦੀ ਫਿਲਮਾਂ ਵਿਚ ਆਪਣਾ ਮੁਕਾਮ ਬਣਾਇਆ ਹੈ। ਅਜੈ ਦੇਵਗਨ ਨੇ 'ਵਨਸ ਅਪਾਨ ਏ ਟਾਈਮ ਇਨ ਮੁੰਬਈ', 'ਆਕ੍ਰੋਸ਼' ਤੇ 'ਗੋਲਮਾਲ 3' ਵਿਚ ਆਪਣੇ ਕਿਰਦਾਰਾਂ ਨਾਲ ਤੇ ਵਿਦਿਆ ਬਾਲਨ ਨੇ 'ਇਸ਼ਕੀਆ' ਵਿਚ ਨਿਭਾਏ ਕਿਰਦਾਰ ਨਾਲ ਆਪਣੇ ਅੰਦਰੋਂ ਅਦਾਕਾਰੀ ਦੀਆਂ ਗੁੱਝੀਆਂ ਪਰਤਾਂ ਬਾਹਰ ਲਿਆਂਦੀਆਂ ਹਨ।

## ਖਲਨਾਇਕ ਤੋਂ ਨਾਇਕ ਬਣਿਆ ਪ੍ਰੇਮ ਚੋਪੜਾ

ਬਾਲੀਵੁੱਡ ਦੇ ਖਲਨਾਇਕਾਂ ਦੀ ਜਦੋਂ ਗੱਲ ਚਲਦੀ ਹੈ ਤਾਂ ਸਭ ਤੋਂ ਪਹਿਲਾਂ ਪ੍ਰੇਮ ਚੋਪੜਾ ਦਾ ਚਿਹਰਾ ਅੱਖਾਂ ਅੱਗੇ ਆ ਜਾਂਦਾ ਹੈ। ਆਪਣੀ ਦਮਦਾਰ ਆਵਾਜ਼, ਚਲਾਕੀ ਭਰੀ ਨਜ਼ਰ ਤੇ ਡਾਇਲਾਗ ਬੋਲਣ ਦੇ ਵੱਖਰੇ ਅੰਦਾਜ਼ ਕਰਕੇ ਦਰਸ਼ਕਾਂ ਨੂੰ ਆਕਰਸ਼ਿਤ ਕਰਨ ਵਾਲਾ ਖਲਾਇਕ ਪ੍ਰੇਮ ਚੋਪੜਾ ਹੁਣ ਨਾਇਕ ਬਣ ਗਿਆ ਹੈ।



ਉਹ ਅੱਜ ਕਲ੍ਹ ਨਿਰਮਾਤਾ ਜਿੰਮੀ ਸ਼ੇਰਗਿੱਲ ਤੇ ਨਿਰਦੇਸ਼ਕ ਨਵਨੀਤ ਗੁਗਨੂੰ ਦੀ ਪੰਜਾਬੀ ਤੇ ਹਿੰਦੀ ਵਿਚ ਬਣਨ ਵਾਲੀ ਫ਼ਿਲਮ 'ਧਰਤੀ' 'ਚ ਕੰਮ ਕਰ ਰਹੇ ਹਨ। ਪ੍ਰੇਮ ਚੋਪੜਾ ਭਾਵੇਂ ਬਾਲੀਵੁੱਡ ਦੀਆਂ 400 ਦੇ ਕਰੀਬ ਫ਼ਿਲਮਾਂ 'ਚ ਖਲਨਾਇਕੀ ਦੇ ਵੱਖ-ਵੱਖ ਕਿਰਦਾਰ ਨਿਭਾ ਚੁੱਕਾ ਹੈ ਪਰ ਉਹ ਪੰਜਾਬੀ ਦੀ ਪਹਿਲੀ ਫ਼ਿਲਮ 'ਚੌਧਰੀ ਕਰਨੈਲ ਸਿੰਘ' ਤੋਂ ਬਾਅਦ ਹੁਣ ਦੂਜੀ ਪੰਜਾਬੀ ਫ਼ਿਲਮ 'ਧਰਤੀ' ਵਿਚ ਸਿਆਸੀ ਪਰਿਵਾਰ ਦੇ 'ਕਿੰਗ ਮੇਕਰ' ਦੀ ਭੂਮਿਕਾ ਨਿਭਾ ਰਿਹਾ ਹੈ।

ਪ੍ਰੇਮ ਦਾ ਕਹਿਣਾ ਹੈ ਕਿ ਉਮਰ ਦੇ ਹਿਸਾਬ ਨਾਲ ਹੁਣ ਉਹ ਚੰਗੇ ਰੋਲ ਕਰਕੇ ਦਰਸ਼ਕਾਂ ਦਾ ਮੋਹ ਜਿੱਤ ਰਿਹਾ ਹੈ ਜਦੋਂਕਿ ਅੱਜ ਤੱਕ ਖਲਨਾਇਕ ਦੇ ਰੋਲ ਕਰਕੇ ਦਰਸ਼ਕਾਂ ਤੋਂ ਗਾਲਾਂ ਖਾ ਚੁੱਕਾ ਹੈ। ਹੁਣ ਉਹ ਖਲਨਾਇਕ ਦੇ ਰੋਲ ਛੱਡ ਕੇ ਨਾਇਕ ਦੇ ਰੋਲ ਕਰਨ ਨੂੰ ਤਰਜੀਹ ਦੇ ਰਿਹਾ ਹੈ। ਚੰਡੀਗੜ੍ਹ ਦੇ ਜੰਮਪਲ ਤੇ ਬਾਅਦ ਵਿਚ ਸ਼ਿਮਲਾ ਵਿਚ ਰਹਿਣ ਤੋਂ ਬਾਅਦ ਪੰਜ ਦਹਾਕੇ ਪਹਿਲਾਂ ਪਰਿਵਾਰ ਸਮੇਤ ਮੁੰਬਈ ਵਸ ਚੁੱਕਾ ਪ੍ਰੇਮ ਚੋਪੜਾ ਪੰਜਾਬੀ ਵੀ ਵਧੀਆ ਬੋਲ ਲੈਂਦਾ ਹੈ। 'ਧਰਤੀ' ਫ਼ਿਲਮ ਪੰਜਾਬ ਦੀ ਸਿਆਸਤ 'ਤੇ ਇਕ ਪਰਿਵਾਰਕ ਡਰਾਮਾ ਹੈ। ਉਸ ਨੇ ਫ਼ਿਲਮਾਂ 'ਚ ਆਪਣੇ ਰੋਲ ਵਾਲੀਆਂ ਫ਼ਿਲਮਾਂ 'ਚੋਂ 'ਕ੍ਰਾਂਤੀ', 'ਸ਼ਹੀਦ' ਤੇ 'ਤੀਸਰੀ ਮੰਜ਼ਲ' ਨੂੰ ਬਿਹਤਰੀਨ ਦੱਸਿਆ।

## ਵਿਦੇਸ਼ੀ ਮੀਡੀਏ 'ਚ ਚਰਚਾ ਚਾਹੁੰਦੀ ਹੈ ਬਿਪਾਸ਼ਾ

ਬਾਲੀਵੁੱਡ ਦੀ ਬਲੈਕ ਬਿਊਟੀ ਬਿਪਾਸ਼ਾ ਬਸੂ ਵਿਦੇਸ਼ੀ ਮੀਡੀਆ ਨਾਲ ਜੁੜ ਕੇ ਮੀਡੀਆ ਦੇ ਖੇਤਰ 'ਚ ਆਪਣਾ ਨਾਂ ਨਹੀਂ ਕਰਨਾ ਚਾਹੁੰਦੀ ਸਗੋਂ ਉਹ ਚਾਹੁੰਦੀ ਹੈ ਕਿ ਵਿਦੇਸ਼ੀ ਮੀਡੀਆ 'ਚ ਉਸ ਦੀ ਪਬਲੀਸਿਟੀ ਵੀ ਉਂਜ ਹੀ ਹੋਵੇ ਜਿਵੇਂ ਕਦੇ ਐਸ਼ਵਰਿਆ ਰਾਏ ਦੀ ਹੋਈ ਸੀ। ਜ਼ਿਕਰਯੋਗ ਹੈ ਕਿ ਜਦੋਂ ਐਸ਼ਵਰਿਆ ਰਾਏ ਦੀ ਹਾਲੀਵੁੱਡ ਫਿਲਮ 'ਬ੍ਰਾਈਡ ਐਂਡ ਪ੍ਰੈਜਿਊਡਿਸ' ਰਿਲੀਜ਼ ਹੋਈ ਸੀ ਤਾਂ ਉਸ ਵੇਲੇ ਉਹ ਅਮਰੀਕਾ ਦੇ ਬੇਹੱਦ ਚਰਚਿਤ ਟਾਕ ਸ਼ੋਅਜ਼ 'ਦਿ ਓਪਰਾ ਵਿਨਫ੍ਰੀ ਸ਼ੋਅ', '60 ਮਿੰਟਸ' ਤੇ 'ਦਿ ਡੇਵਿਡ ਲੈਟਰਮੈਨ ਸ਼ੋਅ' ਵਿਚ ਆਈ ਸੀ। ਬਿਪਾਸ਼ਾ ਚਾਹੁੰਦੀ ਹੈ ਕਿ ਉਹ ਵੀ ਐਸ਼ ਦੀ ਹੀ ਤਰਜ਼ 'ਤੇ ਇਸ ਚਰਚਿਤ ਟਾਕ ਸ਼ੋਅਜ਼ ਦਾ ਹਿੱਸਾ ਬਣੇ।

ਅਸਲ 'ਚ ਬਿਪਾਸ਼ਾ ਜੋਸ਼ ਹਾਰਟਨੈਟ ਨਾਲ ਇਕ ਫਿਲਮ ਸਾਈਨ ਕਰਕੇ ਹਾਲੀਵੱਡ 'ਚ ਕਦਮ ਰੱਖ ਚੁੱਕੀ ਹੈ ਤੇ ਉਸ ਦੀ ਇੱਛਾ ਹੈ ਕਿ ਉਹ ਇਸ ਫਿਲਮ ਦੀ ਬਦੌਲਤ ਕੁਝ ਬੇਹੱਦ ਚਰਚਿਤ ਵਿਦੇਸ਼ੀ ਟੀ.ਵੀ. ਟਾਕ ਸ਼ੋਅਜ਼ ਦਾ ਹਿੱਸਾ ਬਣੇ ਤਾਂਕਿ ਇਸ ਕਾਰਨ ਉਸ ਨੂੰ ਹਾਲੀਵੁੱਡ ਵਿਚ ਸਥਾਪਤ ਹੋਣ 'ਚ ਮਦਦ ਮਿਲ ਸਕੇ।

# ਸੱਚੀ ਕਹਾਣੀ 'ਤੇ ਆਧਾਰਿਤ ਫ਼ਿਲਮ 'ਨੋ ਵੰਨ ਕਿਲਡ ਜੈਸਿਕਾ'


ਜੈਸਿਕਾ ਲਾਲ ਕਤਲ ਕੇਸ ਵਿਚ ਜਦੋਂ ਅਦਾਲਤ ਨੇ ਸਾਰੇ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਸੀ ਤਾਂ ਉਦੋਂ ਮੁੰਬਈ ਦੇ ਅਖ਼ਬਾਰ ਨੇ ਇਸ ਖ਼ਬਰ ਲਈ ਸਿਰਲੇਖ ਦਿੱਤਾ ਸੀ ਕਿ 'ਨੋ ਵੰਨ ਕਿਲਡ ਜੈਸਿਕਾ' (ਭਾਵ ਜੈਸਿਕਾ ਦਾ ਕਤਲ ਕਿਸੇ ਨੇ ਨਹੀਂ ਕੀਤਾ)। ਉਦੋਂ ਅਦਾਲਤ ਦੇ ਫੈਸਲੇ ਦੇ ਨਾਲ-ਨਾਲ ਇਸ ਟਾਈਟਲ ਦੀ ਵੀ ਬਹੁਤ ਚਰਚਾ ਹੋਈ ਸੀ। ਫਿਰ ਜਦੋਂ ਨਿਰਦੇਸ਼ਕ ਰਾਜ ਕੁਮਾਰ ਗੁਪਤਾ ਨੇ ਇਸ ਕਤਲ ਕੇਸ 'ਤੇ ਫ਼ਿਲਮ ਬਣਾਉਣ ਦੀ ਯੋਜਨਾ ਬਣਾਈ ਤਾਂ ਇਸ ਦਾ ਟਾਈਟਲ ਉਨ੍ਹਾਂ ਨੇ ਅਖ਼ਬਾਰ ਦੇ ਇਸ ਹੈਡਿੰਗ 'ਤੇ ਰੱਖਣਾ ਠੀਕ ਸਮਝਿਆ।

ਪਹਿਲਾਂ 'ਆਮਿਰ' ਵਰਗੀ ਸੁਲਝੀ ਹੋਈ ਫ਼ਿਲਮ ਨਿਰਦੇਸ਼ਿਤ ਕਰਨ ਵਾਲੇ ਰਾਜ ਕੁਮਾਰ ਗੁਪਤਾ ਦੀ ਇਹ ਦੂਜੀ ਫ਼ਿਲਮ ਹੈ। ਇਹ ਫਿਲਮ ਦਿੱਲੀ ਦੇ ਇਕ ਨਾਈਟ ਕਲੱਬ ਵਿਚ ਡ੍ਰਿੰਕ ਸਰਵ ਨਾ ਕਰਨ 'ਤੇ ਗੋਲੀ ਨਾਲ ਮਾਰ ਦਿੱਤੀ ਗਈ ਮਾਡਲ ਜੈਸਿਕਾ ਲਾਲ ਦੀ ਸੱਚੀ ਕਹਾਣੀ 'ਤੇ ਆਧਾਰਿਤ ਹੈ। ਇਸ ਵਿਚ ਵਿਦਿਆ ਬਾਲਨ ਵੱਲੋਂ ਜੈਸਿਕਾ ਦੀ ਭੈਣ ਸਬਰੀਨਾ ਲਾਲ ਦੀ ਭੂਮਿਕਾ ਨਿਭਾਈ ਗਈ ਹੈ ਤੇ ਰਾਣੀ ਮੁਖਰਜੀ ਇਸ ਵਿਚ ਟੀ.ਵੀ. ਪੱਤਰਕਾਰ ਬਣੀ ਹੈ।

ਇਸ ਫ਼ਿਲਮ ਬਾਰੇ ਰਾਣੀ ਮੁਖਰਜੀ ਦਾ ਕਹਿਣਾ ਹੈ ਕਿ 'ਜਿਸ ਦਿਨ ਅਦਾਲਤ ਨੇ ਇਸ ਕਤਲ ਕੇਸ ਵਿਚ ਸਾਰੇ ਦੋਸ਼ੀਆਂ ਨੂੰ ਨਿਰਦੋਸ਼ ਕਰਾਰ ਦਿੱਤਾ ਉਦੋਂ ਦੇਸ਼ ਭਰ ਦੇ ਲੋਕਾਂ ਵਿਚ ਨਿਆਂ ਪ੍ਰਣਾਲੀ ਖ਼ਿਲਾਫ਼ ਜੋ ਰੋਸ ਤੇ ਗੁੱਸਾ ਪ੍ਰਗਟ ਹੋਇਆ ਉਸੇ ਹੀ ਤਰ੍ਹਾਂ ਦਾ ਗੁੱਸਾ ਉਸ ਦੇ ਅੰਦਰ ਵੀ ਪੈਦਾ ਹੋਇਆ ਸੀ। ਦੇਸ਼ ਭਰ ਦੇ ਲੋਕਾਂ ਵਾਂਗ ਉਸ ਦੀ ਸਦਭਾਵਨਾ ਸਬਰੀਨਾ ਨਾਲ ਸੀ। ਇਹ ਤਾਂ ਭਲਾ ਹੋਵੇ ਮੀਡੀਆ ਦਾ ਜਿਸ ਵੱਲੋਂ ਇਸ ਫੈਸਲੇ ਖ਼ਿਲਾਫ਼ ਇਸ ਤਰ੍ਹਾਂ ਲੋਕ ਚੇਤਨਾ ਜਗਾਈ ਗਈ ਕਿ ਅਦਾਲਤ ਨੂੰ ਮਜਬੂਰ ਹੋ ਕੇ ਇਹ ਕੇਸ ਮੁੜ ਖੋਲ੍ਹਣਾ ਪਿਆ। ਜਦੋਂ ਰਾਜਕੁਮਾਰ ਗੁਪਤਾ ਨੇ ਇਹ ਫ਼ਿਲਮ ਪੇਸ਼ ਕੀਤੀ ਤਾਂ ਉਸ ਨੇ ਪਲਕ ਝਪਕਦਿਆਂ ਹੀ ਹਾਂ ਕਹਿ ਦਿੱਤੀ।

ਪਹਿਲਾਂ ਦੀਆਂ ਫ਼ਿਲਮਾਂ 'ਬਿੱਛੂ' ਤੇ 'ਯੁਵਾ' ਵਿਚ ਗਾਲ੍ਹਾਂ ਦਿੰਦੀ ਦਿੱਸੀ ਰਾਣੀ ਮੁਖਰਜੀ ਨੇ ਇਸ ਫ਼ਿਲਮ ਦੇ ਕਈ ਦ੍ਰਿਸ਼ਾਂ ਵਿਚ ਵੀ ਗਾਲ੍ਹਾਂ ਕੱਢੀਆਂ ਹਨ। ਰਾਣੀ ਅਨੁਸਾਰ ਕਿਰਦਾਰ ਦੀ ਮੰਗ ਨੂੰ ਧਿਆਨ ਵਿਚ ਰੱਖ ਕੇ ਇਸ ਤਰ੍ਹਾਂ ਕੀਤਾ ਗਿਆ ਤੇ ਇਸ ਵਜ੍ਹਾ ਨਾਲ ਫ਼ਿਲਮ ਵਿਚ ਉਨ੍ਹਾਂ ਦਾ ਕਿਰਦਾਰ ਅਸਲ ਦੇ ਨੇੜੇ ਹੋ ਸਕਿਆ ਹੈ। ਇਹ ਗੱਲ ਵੱਖਰੀ ਹੈ ਕਿ ਸੈਂਸਰ ਬੋਰਡ ਨੇ ਇਨ੍ਹਾਂ ਗਾਲ੍ਹਾਂ 'ਤੇ ਕੈਂਚੀ ਚਲਾ ਦਿੱਤੀ ਹੈ। ਨਤੀਜਤਨ ਫ਼ਿਲਮ ਦੇਖਦੇ ਸਮੇਂ ਉਨ੍ਹਾਂ ਗਾਲ੍ਹਾਂ ਦੀ ਬਜਾਏ ਬੀਪ ਸੁਣਾਈ ਦੇਵੇਗੀ।

ਫ਼ਿਲਮ ਵਿਚ ਰਾਣੀ ਦਾ ਕਿਰਦਾਰ ਕਾਲਪਨਿਕ ਹੈ ਤੇ ਇਸ ਵਿਚ ਉਨ੍ਹਾਂ ਦੇ ਕਿਰਦਾਰ ਦਾ ਨਾਂ ਮੀਰਾ ਹੈ। ਜੈਸਿਕਾ ਦੀ ਭੈਣ ਸਬਰੀਨਾ ਲਾਲ ਨੇ ਵੀ ਇਸ ਫ਼ਿਲਮ ਨੂੰ ਆਪਣਾ ਪੂਰਾ ਸਮਰਥਨ ਦਿੱਤਾ ਹੈ। ਇਹ ਫ਼ਿਲਮ ਸੱਤ ਜਨਵਰੀ ਨੂੰ ਰਿਲੀਜ਼ ਹੋ ਰਹੀ ਹੈ ਤੇ ਉਦੋਂ ਦੁਨੀਆ ਨੂੰ ਦੇਖਣ ਨੂੰ ਮਿਲੇਗਾ ਕਿ ਨਿਆਂ ਦੇ ਨਾਂ 'ਤੇ ਦੇਸ਼ ਦੀ ਰਾਜਧਾਨੀ ਦੀ ਅਦਾਲਤ ਵਿਚ ਕਿਸ ਤਰ੍ਹਾਂ ਦੀ ਖੇਡ ਖੇਡੀ ਜਾਂਦੀ ਹੈ।





ਭਾਰਤ ਆਜ਼ਾਦ
ਸਿੱਖ ਗੁਲਾਮ

## ਸ਼੍ਰੋ.ਅਕਾਲੀ ਦਲ ਅੰਮ੍ਰਿਤਸਰ

**SIKH GENOCIDE SOVEREIGNTY**

International Sikh Conference

January 8th 2011, 9:30am - 2:30pm



Sikh Genocide

ਸਮੂਹ ਗੁਰਦੁਆਰਾ ਸਾਹਿਬ ਦੀਆਂ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਵਲੋਂ ਨਿਊਜਰਸੀ ਵਿਖੇ

# ਸਿੱਖ ਕਾਨਫਰੰਸ

## ਗੁਲਾਮੀ ਤੋਂ ਆਜ਼ਾਦੀ ਤੱਕ



Baba Banda Singh Bahadur

(1710) ਪਹਿਲੀ ਆਜ਼ਾਦ ਸਿੱਖ ਬਾਦਸ਼ਾਹੀ
ਖਾਲਿਸਤਾਨ ਦੀ ਸਥਾਪਨਾ
ਬਾਬਾ ਬੰਦਾ ਸਿੰਘ ਬਹਾਦਰ



Maharaja Ranjit Singh

(1799) ਦੂਜੀ ਆਜ਼ਾਦ ਸਿੱਖ ਬਾਦਸ਼ਾਹੀ
ਖਾਲਿਸਤਾੱਨ ਦੀ ਕਾਇਮੀ
ਮਹਾਰਾਜਾ ਰਣਜੀਤ ਸਿੰਘ



Sirdar Kapur Singh Jee

(1973) ਆਜ਼ਾਦ ਸਿੱਖ ਰਾਜ
(ਖਾਲਿਸਤਾਨ) ਲਈ ਯਤਨ
ਸਿਰਦਾਰ ਕਪੂਰ ਸਿੰਘ (ਆਈ ਸੀ ਐਸ)



Shaheed Sant Jarnail Singh Bhindranwala

(1984) ਆਜ਼ਾਦ ਸਿੱਖ ਰਾਜ
(ਖਾਲਿਸਤਾਨ) ਲਈ ਸ਼ਹਾਦਤ
ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ




Royal Albert Palace
1050 King Georges Post Road
Fords, New Jersey 08863
Telephone: 732-661-1070

**ਸਿੱਖ ਕੌਮ ਦੇ ਗਲੋਂ ਗੁਲਾਮੀ ਦਾ ਜੂਲ੍ਹਾ ਲਾਹੁਣ ਲਈ ਸੰਘਰਸ਼ਸ਼ੀਲ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਹੱਥ ਮਜਬੂਤ ਕਰੋ। ਆਓ ਇਸ ਕਾਨਫਰੰਸ ਵਿੱਚ ਸ਼ਾਮਲ ਹੋ ਕੇ ਸਿੱਖ ਕੌਮ ਦੇ ਆਜ਼ਾਦ ਰਾਜ ਖਾਲਿਸਤਾਨ ਦੀ ਆਜ਼ਾਦੀ ਲਈ ਸਿਰ ਜੋੜ ਕੇ ਵਿਚਾਰਾਂ ਕਰੀਏ।**

### Speakers

1. Emann Singh Mann, s/o Simranjit Singh Mann
2. Sukhminder Singh Hansra, Canada
3. Dr. Paramjit Singh Ajrawat, Washington D.C.
4. Bhai Chain Singh, France
5. Dr. Gurmit Singh Aulakh, Washington D.C.
6. Jaspal Singh Bains, U.K.
7. Bhai Ram Singh, California
8. Jit Singh Aloarkh, California
9. Resham Singh, California
10. Sohan Singh Kang, Germany

### Event Committee

| | |
|---|---|
| Boota Singh Kharoudh | 609-351-0321 |
| Surjit Singh Kulhar | 917-434-2483 |
| Avtar Singh Heir | 609-354-8709, |
| Ranjit Singh Dhaliwal | 609-335-1166 |
| Pritam Singh Joga Nangal | 510-224-0421 |
| Tarsem Singh Khalsa | 559-331-1326, |
| Makhan Singh Kaler | 630-827-9752 |
| Inderpal Singh | 206-499-2665 |
| Harpal Singh | 917-915-3013 |
| Avtar Singh Minhas | 609-271-8609 |
| Rupinder Singh Bath | 937-467-3012 |
| Paramjit Singh | 206-331-7566 |



ਖਾਲਿਸਤਾਨ ਲਈ ਜੂਝ ਰਿਹਾ
ਸ੍ਰ.ਸਿਮਰਨਜੀਤ ਸਿੰਘ ਮਾਨ